PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!
Tel: 020 8571 6680
India:+91-181 5086389

17th - 24th July 2025 • Issue No. 3089 Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

# ਗੁਰਦੁਆਰਾ ਏਡ ਵੱਲੋਂ ਬਰਤਾਨਵੀ ਪਾਰਲੀਮੈਂਟ ਵਿਖੇ 'ਦਾ ਗੁਰਦੁਆਰਾ ਹੈਂਡ ਬੁੱਕ' ਜਾਰੀ ਕੀਤੀ ਗਈ





ਬੀਤੇ ਸੋਮਵਾਰ 14 ਜੁਲਾਈ 2025 ਨੂੰ ਬਰਤਾਨਵੀ ਸੰਸਦ ਲੰਡਨ ਵਿਖੇ ਗੁਰਦੁਆਰਾ ਏਡ ਵੱਲੋਂ ਯੂ ਕੇ ਦੇ ਗੁਰਦੁਆਰਿਆਂ ਲਈ ਬੜੀ ਮਿਹਨਤ ਨਾਲ ਤਿਆਰ ਕਰਕੇ ਪ੍ਰਕਾਸ਼ਿਤ ਕੀਤੀ ਗਈ ਕਿਤਾਬ 'ਦਾ ਗੁਰਦੁਆਰਾ ਹੈਂਡ ਬੁੱਕ' ਸੰਸਦ ਮੈਂਬਰਾਂ ਦੀ ਹਾਜ਼ਰੀ ਵਿੱਚ ਰਿਲੀਜ਼ ਕੀਤੀ ਗਈ। ਇਸ ਮੌਕੇ ਯੂ ਕੇ ਭਰ ਤੋਂ 70 ਦੇ ਕਰੀਬ ਗੁਰਦੁਆਰੇ ਅਤੇ ਸੰਸਥਾਵਾਂ ਨੇ ਸ਼ਾਮਿਲ ਹੋ ਕੇ ਗੁਰਦੁਆਰਾ ਏਡ ਵੱਲੋਂ ਕੀਤੇ ਇਸ ਕਾਰਜ ਦੀ ਭਰਪੂਰ ਸ਼ਲਾਘਾ ਕੀਤੀ। ਇਸ ਦੌਰਾਨ ਫੇਥ ਮਨਿਸਟਰ ਲੌਰਡ ਖਾਨ, ਸੰਸਦ ਮੈਂਬਰ ਸ: ਤਨਮਨਜੀਤ ਸਿੰਘ ਢੇਸੀ, ਐਮ ਪੀ ਸ: ਗੁਰਿੰਦਰ ਸਿੰਘ ਜੋਸਨ, ਸਤਿਕਾਰਯੋਗ ਪੈਟ ਮੈਕਫੈਡਨ ਐਮ ਪੀ, ਮਾਈਕ ਵੁੱਡ ਐਮ ਪੀ, ਸ੍ਰੀਮਾਨ ਜੈਰਮੀ ਰਾਈਟ (ਕੇ ਸੀ), ਮਹਾਰਾਜਾ ਚਾਰਲਸ ਦੇ ਲੰਡਨ ਵਿੱਚ ਪ੍ਰਤੀਨਿੱਧ ਹਾਈ ਸ਼ਰਿਫ਼ ਆਫ਼ ਗ੍ਰੇਟਰ ਲੰਡਨ ਮਿ: ਜੌਹਨ ਗਾਰਬੁੱਟ ਨੇ ਸ੍ਰੋਤਿਆਂ ਨੂੰ ਸੰਬੋਧਨ ਕੀਤਾ। ਉਹਨਾਂ ਗੁਰਦੁਆਰਾ ਏਡ ਦੇ ਸੇਵਾਦਾਰਾਂ, ਜਗਤਾਰ ਸਿੰਘ ਗਿੱਲ, ਹਰਵਿੰਦਰ ਸਿੰਘ ਰਾਏ, ਮਨਦੀਪ ਸਿੰਘ ਅਤੇ ਪ੍ਰਮਜੀਤ ਕੌਰ ਮਥਾਰੂ ਦੇ ਇਸ ਕੰਮ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਯੂ ਕੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਵਾਸਤੇ ਇਹ ਕਿਤਾਬ ਬਹੁਤ ਲਾਹੇਵੰਦ ਹੋਵੇਗੀ। ਗੁਰ-ਦੁਆਰਾ ਏਡ ਵੱਲੋਂ ਕਿਤਾਬ ਰਿਲੀਜ਼ ਕਰਨ ਲਈ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ ਸੀ, ਉਹਨਾਂ ਇਸ ਸਮਾਗਮ ਵਿੱਚ ਸ਼ਾਮਿਲ ਹੋਏ ਸਾਰੇ ਆਗੂਆਂ ਤੇ ਮਹਿਮਾਨਾਂ ਦਾ ਹਾਰਦਿਕ ਧੰਨਵਾਦ ਕੀਤਾ ਅਤੇ ਕਿਤਾਬਾਂ ਭੇਟ ਕੀਤੀਆਂ ਗਈਆਂ।

ਹੋਰ ਤਸਵੀਰਾਂ ਅਤੇ ਖ਼ਬਰ ਅੰਦਰ ਦੇਖੋ:

## ਪ੍ਰਸਿੱਧ ਮੈਰਾਥਨ ਦੌੜਾਕ ਬਾਬਾ ਫੌਜਾ ਸਿੰਘ ਨਹੀਂ ਰਹੇ



ਬਜ਼ੁਰਗ ਸਿੱਖ ਦੌੜਾਕ ਬਾਬਾ ਫੌਜਾ ਸਿੰਘ ਦੇ ਇੱਕ ਕਾਰ ਦੁਰਘਟਨਾ ਵਿੱਚ ਜਲੰਧਰ ਵਿਖੇ ਸੁਰਗਵਾਸ ਹੋਣ ਤੇ ਦੁਨੀਆ ਭਰ ਦੇ ਸਿੱਖ ਭਾਈਚਾਰੇ ਵੱਲੋਂ ਅਫ਼ਸੋਸ ਮਨਾਇਆ ਗਿਆ ਹੈ। ਅੰਤਰਰਾਸ਼ਟਰੀ ਪੱਧਰ ਦੇ ਕਈ ਅਖਬਾਰਾਂ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਨੇ ਵੀ ਉਹਨਾਂ ਦੇ ਚਲਾਣੇ 'ਤੇ ਸਿੱਖ ਭਾਈਚਾਰੇ ਨਾਲ ਦੁੱਖ ਪ੍ਰਗਟ ਕੀਤਾ ਹੈ। ਬਾਬਾ ਫੌਜਾ ਸਿੰਘ ਨਾਲ ਸ: ਰਾਜਿੰਦਰ ਸਿੰਘ ਪੁਰੇਵਾਲ ਹੁਣਾ ਦਾ ਬੜਾ ਪਿਆਰ ਸੀ। ਸਭ ਨੂੰ ਚਾਅ ਹੁੰਦਾ ਸੀ ਕਿ ਉਹਨਾਂ ਦੇ ਨਾਲ ਤਸਵੀਰ ਖਿਚਵਾਈ ਜਾਵੇ। ਇਸੇ ਤਰ੍ਹਾਂ ਸ: ਰਾਜਿੰਦਰ ਸਿੰਘ ਪੁਰੇਵਾਲ ਦੀ ਪੋਤਰੀ ਨਿਮਰਤ ਕੌਰ ਦੀ ਬਾਬਾ ਫੌਜਾ ਸਿੰਘ ਨਾਲ ਇੱਕ ਯਾਦਗਾਰੀ ਤਸਵੀਰ। ਸ: ਪੁਰੇਵਾਲ ਨੇ ਉਹਨਾਂ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਕਿਹਾ ਕਿ ਉਹਨਾਂ ਦੇ ਜੀਵਨ ਤੋਂ ਸਾਨੂੰ ਸਾਰਿਆਂ ਨੂੰ ਸੇਧ ਲੈਣੀ ਚਾਹੀਦੀ ਹੈ। ਹਮੇਸ਼ਾਂ ਆਪਣੀ ਚੰਗੀ ਸਿਹਤ ਅਤੇ ਤੰਦਰੁਸਤੀ ਦਾ ਖਿਆਲ ਰੱਖੋ ਤੇ ਸੋਹਣਾ ਜੀਵਨ ਜੀਓ।

# ਸ਼ਹੀਦ ਊਧਮ ਸਿੰਘ ਯਾਦਗਰੀ ਕਵੈਂਟਰੀ ਕਬੱਡੀ ਟੂਰਨਾਮੈਂਟ 2025 ਕੱਪ ਸੰਦੀਪ ਨੰਗਲ ਅੰਬੀਆਂ ਟੈਲਫੋਰਡ ਨੇ ਜਿੱਤਿਆ ਅਤੇ ਗ੍ਰੇਵਜ਼ੈਂਡ/ਬਾਰਕਿੰਗ ਉੱਪ ਜੇਤੂ ਰਹੀ








ਮਨਪ੍ਰੀਤ ਸਿੰਘ ਬੱਧਨੀ ਕਲਾਂ ਦੀ ਰਿਪੋਰਟ ਅੰਦਰ ਅਤੇ ਹੋਰ ਤਸਵੀਰਾਂ ਆਖਰੀ ਪੰਨੇ 'ਤੇ:




# ਗੁਰਦੁਆਰਾ ਏਡ ਵੱਲੋਂ ਬਰਤਾਨਵੀ ਪਾਰਲੀਮੈਂਟ ਵਿਖੇ 'ਦਾ ਗੁਰਦੁਆਰਾ ਹੈਂਡ ਬੁੱਕ' ਜਾਰੀ ਕੀਤੀ ਗਈ




ਇਸ ਮੌਕੇ ਫੇਥ ਮਨਿਸਟਰ ਲੌਰਡ ਖਾਨ, ਸੰਸਦ ਮੈਂਬਰ ਸ: ਤਨਮਨਜੀਤ ਸਿੰਘ ਢੇਸੀ, ਐਮ ਪੀ ਸ: ਗੁਰਿੰਦਰ ਸਿੰਘ ਜੋਸਨ, ਸਤਿਕਾਰਯੋਗ ਪੈਟ ਮੈਕਸਫਰਸਨ ਐਮ ਪੀ, ਮਾਈਕ ਵੁੱਡ ਐਮ ਪੀ, ਸ੍ਰੀਮਾਨ ਜੈਰਮੀ ਰਾਈਟ (ਕੇ ਸੀ), ਮਹਾਰਾਜਾ ਚਾਰਲਸ ਦੇ ਲੰਡਨ ਵਿੱਚ ਪ੍ਰਤੀਨਿੱਧ ਹਾਈ ਸ਼ਰਿਫ਼ ਆਫ਼ ਗ੍ਰੇਟਰ ਲੰਡਨ ਮਿ: ਜੋਹਨ ਗਾਰਬੁੱਟ ਵੱਲੋਂ ਗੁਰਦੁਆਰਾ ਏਡ ਨੂੰ ਵਧਾਈ































ਜਾਰੀ ਕਰਤਾ: ਗੁਰਦੁਆਰਾ ਏਡ — (ਹੋਰ ਤਸਵੀਰਾਂ 51 ਸਫ਼ੇ ਤੇ ਦੇਖੋ)

# ਅਕਾਲ ਤਖ਼ਤ ਤੇ ਪਟਨਾ ਸਾਹਿਬ ਵਿਚਕਾਰ ਵਿਵਾਦ ਸਮਾਪਤ, ਪੰਥਕ ਇਕਜੁੱਟਤਾ ਮਜ਼ਬੂਤ

## ✪ ਤਖਤ ਪਟਨਾ ਸਾਹਿਬ ਵਲੋਂ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਪ੍ਰਵਾਨ, ਦੋਹਾਂ ਤਖਤਾਂ ਵਲੋਂ ਫ਼ੈਸਲੇ ਵਾਪਸ

## ✪ ਜਥੇਦਾਰ ਦੇ ਉਦਮ ਕਾਰਨ ਵਿਵਾਦ ਸੁਲਝਿਆ, ਸਾਬਕਾ ਜਥੇਦਾਰ ਗੌਹਰ ਨੂੰ ਅਦਾਲਤੀ ਕੇਸ ਵਾਪਸ ਲੈਣ ਦੀ ਹਦਾਇਤ



ਅੰਮ੍ਰਿਤਸਰ-ਸਿੱਖ ਪੰਥ ਦੇ ਦੋ ਪਵਿੱਤਰ ਤਖ਼ਤ ਸਾਹਿਬਾਨ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਚਕਾਰ ਚੱਲ ਰਿਹਾ ਵਿਵਾਦ ਖ਼ਤਮ ਹੋ ਗਿਆ। ਦੋਹਾਂ ਤਖ਼ਤਾਂ ਦੇ ਸਿੰਘ ਸਾਹਿਬਾਨ ਨੇ ਆਪਣੇ-ਆਪਣੇ ਫ਼ੈਸਲੇ ਵਾਪਸ ਲੈ ਲਏ ਅਤੇ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਦੀ ਸਰਬਉੱਚਤਾ ਨੂੰ ਪ੍ਰਵਾਨ ਕਰਦਿਆਂ ਸਮਰਪਣ ਦਾ ਲਿਖਤੀ ਭਰੋਸਾ ਦਿੱਤਾ। ਇਸ ਨਾਲ ਪੰਥਕ ਇਕਜੁੱਟਤਾ ਨੂੰ ਵੱਡੀ ਮਜ਼ਬੂਤੀ ਮਿਲੀ ਹੈ।

### ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ: ਵਿਵਾਦ ਦਾ ਹੱਲ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਹੇਠ ਪੰਜ ਸਿੰਘ ਸਾਹਿਬਾਨ ਦੀ ਹੰਗਾਮੀ ਇਕੱਤਰਤਾ ਹੋਈ। ਇਸ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਾਹਿਬਾਨ ਗਿਆਨੀ ਰਾਜਦੀਪ ਸਿੰਘ, ਗਿਆਨੀ ਸੁਲਤਾਨ ਸਿੰਘ, ਗਿਆਨੀ ਕੇਵਲ ਸਿੰਘ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਸ਼ਾਮਲ ਸਨ। ਇਕੱਤਰਤਾ ਵਿੱਚ ਪਟਨਾ ਸਾਹਿਬ ਨਾਲ ਜੁੜੇ ਮਸਲਿਆਂ 'ਤੇ ਵਿਚਾਰ ਹੋਇਆ ਅਤੇ ਆਪਸੀ ਸਹਿਮਤੀ ਨਾਲ ਮਾਮਲਾ ਹੱਲ ਕੀਤਾ ਗਿਆ। ਜਥੇਦਾਰ ਗੜਗੱਜ ਨੇ ਦੱਸਿਆ ਕਿ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ 12 ਜੁਲਾਈ ਦੇ ਪੱਤਰ ਵਿੱਚ ਅਕਾਲ ਤਖ਼ਤ ਦੀ ਸਰਬਉੱਚਤਾ ਮੰਨਣ ਦਾ ਵਾਅਦਾ ਕੀਤਾ ਗਿਆ, ਜਿਸ 'ਤੇ ਵਿਚਾਰ ਕਰਕੇ 21 ਮਈ ਅਤੇ 5 ਜੁਲਾਈ 2025 ਦੇ ਮਤਿਆਂ ਵਿਚ ਸੋਧ ਕਰਕੇ ਉਹ ਵਾਪਸ ਲਏ ਗਏ।

ਸੂਤਰਾਂ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਇਕੱਤਰਤਾ ਵਿੱਚ ਪੰਜ ਸਿੰਘ ਸਾਹਿਬਾਨ ਨੇ ਮਤਾ ਪਾਸ ਕੀਤਾ ਕਿ ਸਿੱਖਾਂ ਦੇ ਪੰਜੇ ਤਖ਼ਤ ਸਾਹਿਬਾਨ ਵਿੱਚੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸਥਾਪਤ ਸ੍ਰੀ ਅਕਾਲ ਤਖ਼ਤ ਸਾਹਿਬ ਸਰਬਉੱਚ ਤਖ਼ਤ ਹੈ ਅਤੇ ਖ਼ਾਲਸਾ ਪੰਥ ਦੇ ਵਾਲੀ ਸਰਬੰਸਦਾਨੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਅਸਥਾਨ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਵੀ ਅਤਿ ਸਤਿਕਾਰਤ ਤਖ਼ਤ ਹੈ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਗਜੋਤ ਸਿੰਘ ਅਤੇ ਜਨਰਲ ਸਕੱਤਰ ਸ. ਇੰਦਰਜੀਤ ਸਿੰਘ ਵੱਲੋਂ ਪੁੱਜੇ ਪੱਤਰ ਵਿੱਚ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੁੰਦਿਆਂ ਬੀਤੇ ਸਮੇਂ ਇੱਥੋਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਨਾਲ ਸਬੰਧਤ ਕੀਤੇ ਗਏ ਫ਼ੈਸਲਿਆਂ ਉੱਤੇ ਮੁੜ ਵਿਚਾਰ ਲਈ ਬੇਨਤੀ ਕੀਤੀ ਹੈ। ਬੇਨਤੀ ਪ੍ਰਵਾਨ ਕਰਦਿਆਂ - ਖ਼ਾਲਸਾ ਪੰਥ ਦੇ ਵਡੇਰੇ ਹਿੱਤਾਂ, ਪੰਥਕ ਇਕਜੁੱਟਤਾ, ਦੇਸ਼ ਵਿਦੇਸ਼ ਵਿੱਚ ਵੱਸਦੀ ਸਿੱਖ ਸੰਗਤ ਦੀਆਂ ਭਾਵਨਾਵਾਂ ਅਤੇ ਦੋਵੇਂ ਤਖ਼ਤ ਸਾਹਿਬਾਨ ਦੇ ਮਾਣ-ਸਨਮਾਨ ਦੇ ਮੱਦੇਨਜ਼ਰ ਜੋ ਮਿਤੀ ੨੧ ਮਈ ੨੦੨੫ ਦੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਮਤਾ ਨੰ: ੦੩ ਰਾਹੀਂ ਸਿੰਘ ਸਾਹਿਬ ਜਥੇਦਾਰ ਹੈੱਡ ਗ੍ਰੰਥੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਭਾਈ ਬਲਦੇਵ ਸਿੰਘ ਅਤੇ ਐਡੀਸ਼ਨਲ ਹੈੱਡ ਗ੍ਰੰਥੀ ਭਾਈ ਗੁਰਦਿਆਲ ਸਿੰਘ ਦੀਆਂ ਪੰਥਕ ਸੇਵਾਵਾਂ ਉੱਪਰ ਰੋਕ ਲਗਾਈ ਗਈ ਸੀ ਉਹ ਪੂਰਨ ਰੂਪ ਵਿੱਚ ਖ਼ਤਮ ਕੀਤੀ ਜਾਂਦੀ ਹੈ।



ਮਿਤੀ ੨੧ ਮਈ ੨੦੨੫ ਦੀ ਇਕੱਤਰਤਾ ਦੇ ਮਤਾ ਨੰ: ੦੪ ਦੇ ਵਿੱਚ ਇਹ ਫੈਸਲਾ ਹੋਰ ਜੋੜਦਿਆਂ ਗਿਆਨੀ ਰਣਜੀਤ ਸਿੰਘ ਗੌਹਰ ਨੂੰ ਆਦੇਸ਼ ਕੀਤਾ ਜਾਂਦਾ ਹੈ ਕਿ ਇਹ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਮਾਣ ਸਤਿਕਾਰ, ਕੌਮੀ ਇਕਜੁੱਟਤਾ ਦੀ ਭਾਵਨਾ ਅਤੇ ਇੱਕ ਜਥੇਦਾਰ ਦੀ ਸਤਿਕਾਰਤ ਪਦਵੀ ਦੇ ਮਾਣ ਸਤਿਕਾਰ ਦੇ ਮੱਦੇਨਜ਼ਰ ਜਿਹੜਾ ਕੇਸ ਪ੍ਰਬੰਧਕ ਕਮੇਟੀ ਦੇ ਵਿਰੁੱਧ ਅਦਾਲਤ ਵਿੱਚ ਪਾਇਆ ਹੋਇਆ ਹੈ ਉਹ ਕੇਸ ਤੁਰੰਤ ਵਾਪਸ ਲੈਣਗੇ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਨੂੰ ਆਦੇਸ਼ ਹੈ ਕਿ ਉਹ ਗਿਆਨੀ ਰਣਜੀਤ ਸਿੰਘ ਗੌਹਰ ਨਾਲ ਮਿਲ ਬੈਠ ਕੇ ਉਨ੍ਹਾਂ ਵੱਲੋਂ ਨਿਭਾਈਆਂ ਸੇਵਾਵਾਂ ਦੇ ਬਕਾਇਆ ਸੇਵਾਫਲ/ਫੰਡ ਦੀ ਨਿਯਮਾਂ ਅਨੁਸਾਰ ਅਦਾਇਗੀ ਕਰਨ। ਇਸ ਸਮੁੱਚੇ ਮਾਮਲੇ ਵਿੱਚ ਗਿਆਨੀ ਰਣਜੀਤ ਸਿੰਘ ਗੌਹਰ ਸਮੇਤ ਕੋਈ ਵੀ ਸਬੰਧਤ ਸ਼ਖ਼ਸੀਅਤ ਮੀਡੀਆ/ਸੋਸ਼ਲ ਮੀਡੀਆ ਵਿੱਚ ਕਿਸੇ ਤਰ੍ਹਾਂ ਦੀ ਬਿਆਨਬਾਜ਼ੀ ਨਾ ਕਰੇ।

ਮਤੇ ਵਿੱਚ ਅੱਗੇ ਫੈਸਲਾ ਕੀਤਾ ਗਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮਿਤੀ ੦੫ ਜੁਲਾਈ ੨੦੨੫ ਦੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੇ ਮਤਾ ਨੰ: ੦੧ ਅਨੁਸਾਰ ਜੋ ਮਤਾ ਪਾਸ ਕੀਤਾ ਗਿਆ ਸੀ ਉਸ ਸਬੰਧੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਪ੍ਰਵਾਨ ਕਰਦਿਆਂ ਪੁੱਜੇ ਬੇਨਤੀ ਪੱਤਰ ਅਤੇ ਕੀਤੀ ਗਈ ਖਿਮਾ ਜਾਚਨਾ ਨੂੰ ਪ੍ਰਵਾਨ ਕਰਦਿਆਂ ਤਖ਼ਤ ਸਾਹਿਬਾਨ ਦੀ ਏਕਤਾ, ਖ਼ਾਲਸਾ ਪੰਥ ਦੇ ਵਡੇਰੇ ਹਿੱਤਾਂ, ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਇਸ ਮਤੇ ਨੂੰ ਵਾਪਸ ਲਿਆ ਜਾਂਦਾ ਹੈ।

### ਵਿਵਾਦ ਸੁਲਝਾਉਣ ਵਿੱਚ ਪ੍ਰਵਾਸੀ ਖਾਲਸਾ ਜੀ ਤੇ ਜਥੇਦਾਰ ਦੀ ਭੂਮਿਕਾ

ਇਸ ਵਿਵਾਦ ਨੂੰ ਸੁਲਝਾਉਣ ਵਿੱਚ ਸਿੱਖ ਪੰਥ ਦੀਆਂ ਭਾਵਨਾਵਾਂ ਅਤੇ ਕੌਮਾਂਤਰੀ ਪੱਧਰ 'ਤੇ ਅਕਾਲ ਤਖ਼ਤ ਦੀ ਸਰਬਉੱਚਤਾ ਦੀ ਮਾਨਤਾ ਮੁੱਖ ਕਾਰਨ ਰਹੀ। ਜਥੇਦਾਰ ਗੜਗੱਜ ਨੇ ਦੱਸਿਆ ਕਿ ਉਹ ਖੁਦ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ ਨਾਲ ਸੰਪਰਕ ਵਿੱਚ ਸਨ। ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਵਿਵਾਦ ਦੇ ਹੱਲ ਦਾ ਸਵਾਗਤ ਕੀਤਾ।

ਇਸ ਹੱਲ ਨਾਲ ਸਿੱਖ ਪੰਥ ਵਿੱਚ ਇਕਜੁੱਟਤਾ ਅਤੇ ਸਦਭਾਵਨਾ ਨੂੰ ਹੁਲਾਰਾ ਮਿਲਿਆ ਹੈ, ਜਿਸ ਨਾਲ ਦੇਸ਼-ਵਿਦੇਸ਼ ਦੀ ਸਿੱਖ ਸੰਗਤ ਵਿੱਚ ਖੁਸ਼ੀ ਦੀ ਲਹਿਰ ਹੈ।

## ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com



# ਬਜ਼ੁਰਗ ਦੌੜਾਕ ਫੌਜਾ ਸਿੰਘ ਦੀ ਸੜਕ ਹਾਦਸੇ ਵਿਚ ਮੌਤ

## ✪ ਪ੍ਰਧਾਨ ਮੰਤਰੀ ਮੋਦੀ, ਮੁੱਖ ਮੰਤਰੀ ਮਾਨ, ਜਥੇਦਾਰ ਗੜਗੱਜ ਨੇ ਅਫਸੋਸ ਪ੍ਰਗਟਾਇਆ







ਚੰਡੀਗੜ੍ਹ-ਵਿਸ਼ਵ ਪ੍ਰਸਿੱਧ ਮੈਰਾਥਨ ਦੌੜਾਕ ਅਤੇ ਬਜ਼ੁਰਗ ਸਿੱਖ ਸ਼ਖਸੀਅਤ ਫੌਜਾ ਸਿੰਘ ਦੀ ਬੀਤੇ ਦਿਨੀਂ ਜਲੰਧਰ ਜ਼ਿਲ੍ਹੇ ਦੇ ਪਿੰਡ ਬਿਆਸ ਵਿਖੇ ਸੜਕ ਹਾਦਸੇ 'ਚ ਮੌਤ ਹੋ ਗਈ। 114 ਸਾਲ ਦੀ ਉਮਰ 'ਚ ਵੀ ਆਪਣੀ ਤੰਦਰੁਸਤੀ ਅਤੇ ਜੋਸ਼ ਨਾਲ ਦੁਨੀਆਂ ਨੂੰ ਹੈਰਾਨ ਕਰਨ ਵਾਲੇ ਫੌਜਾ ਸਿੰਘ ਆਪਣੇ ਜੱਦੀ ਘਰ ਦੇ ਬਾਹਰ ਸੈਰ ਕਰਦੇ ਸਮੇਂ ਇੱਕ ਵਾਹਨ ਦੀ ਟੱਕਰ ਦਾ ਸ਼ਿਕਾਰ ਹੋ ਗਏ। ਉਨ੍ਹਾਂ ਨੂੰ ਤੁਰੰਤ ਨੇੜਲੇ ਹਸਪਤਾਲ ਲਿਜਾਇਆ ਗਿਆ, ਪਰ ਇਲਾਜ ਦੌਰਾਨ ਉਨ੍ਹਾਂ ਨੇ ਆਖਰੀ ਸਾਹ ਲਿਆ। ਉਨ੍ਹਾਂ ਦੀ ਮੌਤ ਦੀ ਪੁਸ਼ਟੀ ਉਨ੍ਹਾਂ ਦੇ ਪੁੱਤਰ ਹਰਵਿੰਦਰ ਸਿੰਘ ਨੇ ਕੀਤੀ। ਫੌਜਾ ਸਿੰਘ ਦੀ ਅਦਭੁਤ ਜਿੰਦਗੀ ਫੌਜਾ ਸਿੰਘ ਨੇ ਆਪਣੀ ਜ਼ਿੰਦਗੀ 'ਚ ਅਜਿਹੇ ਕਾਰਨਾਮੇ ਕੀਤੇ, ਜੋ ਦੁਨੀਆਂ ਲਈ ਮਿਸਾਲ ਬਣੇ। 1911 'ਚ ਜਨਮੇ ਫੌਜਾ ਸਿੰਘ ਨੇ ਦੋ ਵਿਸ਼ਵ ਜੰਗਾਂ ਅਤੇ ਭਾਰਤ-ਪਾਕਿਸਤਾਨ ਵੰਡ ਵਰਗੀਆਂ ਵੱਡੀਆਂ ਘਟਨਾਵਾਂ ਨੂੰ ਨੇੜਿਓਂ ਦੇਖਿਆ। ਉਹ ਸ਼ਾਕਾਹਾਰੀ ਸਨ ਅਤੇ ਅਲਸੀ ਦੀਆਂ ਪਿੰਨੀਆਂ ਨੂੰ ਆਪਣੀ ਖੁਰਾਕ ਦਾ ਅਹਿਮ ਹਿੱਸਾ ਮੰਨਦੇ ਸਨ। ਉਨ੍ਹਾਂ ਦੀ ਮਜਬੂਤੀ ਅਤੇ ਅਨੁਸ਼ਾਸਨ ਨੇ ਉਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਪਛਾਣ ਦਿਵਾਈ। ਉਨ੍ਹਾਂ ਦੀ ਜ਼ਿੰਦਗੀ ਦਾ ਮੰਤਰ ਸੀ, "ਸਰੀਰ ਨੂੰ ਮਜਬੂਤ ਰੱਖਣ ਲਈ ਹਰ ਰੋਜ਼ ਸੈਰ ਜਰੂਰੀ ਹੈ।" ਮੈਰਾਥਨ 'ਚ ਇਤਿਹਾਸ ਰਚਿਆ

ਫੌਜਾ ਸਿੰਘ ਨੇ 89 ਸਾਲ ਦੀ ਉਮਰ 'ਚ 2000 ਵਿੱਚ ਲੰਡਨ ਮੈਰਾਥਨ 'ਚ ਹਿੱਸਾ ਲੈ ਕੇ ਆਪਣੀ ਦੌੜ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ 6 ਘੰਟੇ 54 ਮਿੰਟ 'ਚ ਇਹ ਦੌੜ ਪੂਰੀ ਕੀਤੀ। 100 ਸਾਲ ਦੀ ਉਮਰ 'ਚ 2011 'ਚ ਟੋਰਾਂਟੋ ਵਾਟਰਫਰੰਟ ਮੈਰਾਥਨ 8 ਘੰਟੇ, 25 ਮਿੰਟ ਅਤੇ 17 ਸਕਿੰਟ 'ਚ ਪੂਰੀ ਕਰਕੇ ਵਿਸ਼ਵ ਰਿਕਾਰਡ ਬਣਾਇਆ। 2012 'ਚ ਲੰਡਨ ਓਲੰਪਿਕ ਦੌਰਾਨ ਮਸ਼ਾਲ ਮੈਰਾਥਨ 'ਚ ਹਿੱਸਾ ਲਿਆ ਅਤੇ 2013 'ਚ ਹਾਂਗਕਾਂਗ 'ਚ 10 ਕਿਲੋਮੀਟਰ ਦੀ ਦੌੜ 1 ਘੰਟੇ, 32 ਮਿੰਟ ਅਤੇ 28 ਸਕਿੰਟ 'ਚ ਪੂਰੀ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਮੈਰਾਥਨ ਨੂੰ ਅਲਵਿਦਾ ਕਹਿ ਦਿੱਤਾ।

### ਵਿਸ਼ਵ ਪੱਧਰ 'ਤੇ ਪਛਾਣ

2004 'ਚ ਫੌਜਾ ਸਿੰਘ ਨੇ ਇੱਕ ਕੌਮਾਂਤਰੀ ਕੰਪਨੀ ਦੇ ਇਸ਼ਤਿਹਾਰ 'ਚ ਫੁੱਟਬਾਲਰ ਡੇਵਿਡ ਬੇਖਮ ਅਤੇ ਮੁੱਕੇਬਾਜ ਮੁਹੰਮਦ ਅਲੀ ਨਾਲ ਨਜ਼ਰ ਆਉਣ ਨਾਲ ਸੁਰਖੀਆਂ ਬਟੋਰੀਆਂ। 2010 'ਚ ਉਹ ਇਸੇ ਕੰਪਨੀ ਦੇ ਪੋਸਟਰ ਬੁਆਏ ਬਣੇ। ਉਨ੍ਹਾਂ ਨੇ ਮਹਾਰਾਣੀ ਐਲਿਜਾਬੈਥ II ਨਾਲ ਤਿੰਨ ਵਾਰ ਮੁਲਾਕਾਤ ਕੀਤੀ ਅਤੇ ਬਕਿੰਘਮ ਪੈਲੇਸ 'ਚ ਵੀ ਗਏ। ਉਨ੍ਹਾਂ ਦੇ ਘਰ ਦੀ ਕੰਧ 'ਤੇ ਰਾਣੀ ਨਾਲ ਖਿੱਚੀ ਫੋਟੋ ਉਨ੍ਹਾਂ ਦੀਆਂ ਅਦਭੁਤ ਯਾਦਾਂ ਦੀ ਨਿਸ਼ਾਨੀ ਸੀ। ਸਿੱਖ ਸੱਭਿਆਚਾਰ ਦੀ ਰਾਖੀ

ਫੌਜਾ ਸਿੰਘ ਨੇ ਮੈਰਾਥਨ 'ਚ ਪੱਗ ਬੰਨ੍ਹਣ ਦੀ ਇਜਾਜ਼ਤ ਲਈ ਵੀ ਸੰਘਰਸ਼ ਕੀਤਾ। ਜਦੋਂ ਅਧਿਕਾਰੀਆਂ ਨੇ ਪੱਗ 'ਤੇ ਇਤਰਾਜ਼ ਉਠਾਇਆ, ਤਾਂ ਉਨ੍ਹਾਂ ਨੇ ਦੌੜਨ ਤੋਂ ਇਨਕਾਰ ਕਰ ਦਿੱਤਾ। ਆਖਰਕਾਰ, ਉਨ੍ਹਾਂ ਦੀ ਜਿੱਦ ਸਾਹਮਣੇ ਅਧਿਕਾਰੀਆਂ ਨੂੰ ਝੁਕਣਾ ਪਿਆ, ਅਤੇ ਪੱਗ ਨੂੰ ਮਨਜ਼ੂਰੀ ਮਿਲੀ। ਇਸ ਨਾਲ ਸਿੱਖ ਦੌੜਾਕਾਂ ਲਈ ਪੱਗ ਬੰਨ੍ਹਣ ਦਾ ਰਾਹ ਖੁੱਲ੍ਹਿਆ।

### ਨਿੱਜੀ ਜੀਵਨ ਦੇ ਸਦਮੇ

ਫੌਜਾ ਸਿੰਘ ਦੀ ਜ਼ਿੰਦਗੀ ਵੀ ਦੁੱਖਾਂ ਤੋਂ ਖਾਲੀ ਨਹੀਂ ਸੀ। 1990 ਦੇ ਦਹਾਕੇ 'ਚ ਉਨ੍ਹਾਂ ਦੀ ਪਤਨੀ ਗਿਆਨ ਕੌਰ ਦੀ ਮੌਤ ਅਤੇ ਛੋਟੇ ਪੁੱਤਰ ਕੁਲਦੀਪ ਦੀ ਹਾਦਸੇ 'ਚ ਮੌਤ ਨੇ ਉਨ੍ਹਾਂ ਨੂੰ ਤੋੜ ਦਿੱਤਾ ਸੀ। ਇਸ ਸਦਮੇ ਤੋਂ ਉਭਰਨ ਲਈ ਉਨ੍ਹਾਂ ਨੇ ਦੌੜ ਵੱਲ ਰੁੱਖ ਕੀਤਾ। ਲੰਡਨ 'ਚ ਕੋਚ ਹਰਮੰਦਰ ਸਿੰਘ ਦੀ ਸਲਾਹ ਅਤੇ ਸਾਥ ਨਾਲ ਉਹ ਮੈਰਾਥਨ ਦੀ ਦੁਨੀਆਂ 'ਚ ਚਮਕੇ।

### ਆਖਰੀ ਇੱਛਾ

ਫੌਜਾ ਸਿੰਘ ਆਪਣੇ ਛੋਟੇ ਪੁੱਤਰ ਹਰਵਿੰਦਰ ਨਾਲ ਪਿੰਡ ਬਿਆਸ ਵਿਚ ਰਹਿ ਰਹੇ ਸਨ। ਉਨ੍ਹਾਂ ਦੀ ਆਖਰੀ ਇੱਛਾ ਸੀ ਕਿ ਉਹ ਆਪਣੇ ਵੱਡੇ ਪੁੱਤਰ ਸੁਖਜਿੰਦਰ ਅਤੇ ਕੋਚ ਹਰਮੰਦਰ ਨੂੰ ਮਿਲਣ ਲਈ ਲੰਡਨ ਜਾਣ। ਪਰ ਇਹ ਇੱਛਾ ਅਧੂਰੀ ਹੀ ਰਹਿ ਗਈ। ਫੌਜਾ ਸਿੰਘ ਦੀ ਮੌਤ ਨਾਲ ਨਾ ਸਿਰਫ ਪੰਜਾਬ, ਸਗੋਂ ਪੂਰੀ ਦੁਨੀਆਂ ਨੇ ਇੱਕ ਅਜਿਹੀ ਸ਼ਖਸੀਅਤ ਗੁਆ ਦਿੱਤੀ, ਜਿਸ ਨੇ ਉਮਰ ਦੀਆਂ ਸੀਮਾਵਾਂ ਨੂੰ ਤੋੜਦਿਆਂ ਅਨੁਸ਼ਾਸਨ, ਜੋਸ਼ ਅਤੇ ਸਿੱਖ ਸੱਭਿਆਚਾਰ ਦੀ ਮਿਸਾਲ ਕਾਇਮ ਕੀਤੀ।

### ਪ੍ਰਧਾਨ ਮੰਤਰੀ, ਮੁੱਖ ਮੰਤਰੀ ਤੇ ਜਥੇਦਾਰ ਵਲੋਂ ਅਫਸੋਸ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਸ਼ਲ ਮੀਡੀਆ ਅਕਾਉਂਟ ਐਕਸ ਉੱਤੇ ਫੌਜਾ ਸਿੰਘ ਦੀ ਮੌਤ 'ਤੇ ਸੰਵੇਦਨਾ ਪ੍ਰਗਟ ਕਰਦਿਆਂ ਇੱਕ ਪੋਸਟ ਸਾਂਝੀ ਵਿਚ ਲਿਖਿਆ, "ਫੌਜਾ ਸਿੰਘ ਜੀ ਆਪਣੇ ਵਿਲੱਖਣ ਵਿਅਕਤੀਤਵ ਅਤੇ ਭਾਰਤ ਦੇ ਨੌਜਵਾਨਾਂ ਨੂੰ ਤੰਦਰੁਸਤੀ ਦੇ ਇੱਕ ਬਹੁਤ ਅਹਿਮ ਵਿਸ਼ੇ 'ਤੇ ਪ੍ਰੇਰਿਤ ਕਰਨ ਦੇ ਆਪਣੇ ਤਰੀਕੇ ਕਾਰਨ ਅਸਾਧਾਰਨ ਵਿਅਕਤੀਤਵ ਦੇ ਮਾਲਕ ਸਨ।

ਉਹ ਇੱਕ ਬੇਮਿਸਾਲ ਐਥਲੀਟ ਸੀ, ਜੋ ਬੇਹੱਦ ਦ੍ਰਿੜ ਇਰਾਦੇ ਦਾ ਮਾਲਕ ਸੀ। ਉਨ੍ਹਾਂ ਦੇ ਅਕਾਲ ਚਲਾਣੇ ਤੋਂ ਦੁਖੀ ਹਾਂ। ਮੇਰੀਆਂ ਸੰਵੇਦਨਾਵਾਂ ਉਨ੍ਹਾਂ ਦੇ ਪਰਿਵਾਰ ਅਤੇ ਦੁਨੀਆ ਭਰ 'ਚ ਵਸਦੇ ਉਨ੍ਹਾਂ ਦੇ ਅਣਗਿਣਤ ਪ੍ਰਸ਼ੰਸਕਾਂ ਨਾਲ ਹਨ।"

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨੇ ਫੌਜਾ ਸਿੰਘ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਐਕਸ ਉਪਰ ਲਿਖਿਆ, "ਉੱਘੇ ਪੰਜਾਬੀ ਸਿੱਖ ਦੌੜਾਕ ਫੌਜਾ ਸਿੰਘ ਜੀ ਦੇ ਅਕਾਲ ਚਲਾਣੇ ਦੀ ਖ਼ਬਰ ਸੁਣ ਕੇ ਬੇਹੱਦ ਦੁੱਖ ਹੋਇਆ।" ਆਪਣੀਆਂ ਲੰਬੀਆਂ ਦੌੜਾਂ ਦੀ ਬਦੌਲਤ ਪੂਰੀ ਦੁਨੀਆ ਵਿੱਚ ਸਿੱਖ ਕੌਮ ਦਾ ਨਾਮ ਰੌਸ਼ਨ ਕਰਨ ਵਾਲੇ ਵਿਸ਼ਵ ਦੇ ਸਭ ਤੋਂ ਵੱਡੀ ਉਮਰ ਦੇ ਦੌੜਾਕ ਫੌਜਾ ਸਿੰਘ ਹਮੇਸ਼ਾ ਸਾਡੇ ਦਿਲਾਂ ਅਤੇ ਚੇਤਿਆਂ 'ਚ ਜਿਉਂਦੇ ਰਹਿਣਗੇ।

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਇੱਕ ਸਦੀ ਦੇ ਮਹਾਨ ਸਿੱਖ ਦੌੜਾਕ ਸ. ਫੌਜਾ ਸਿੰਘ ਦੇ ਦੁਰਘਟਨਾ ਵਿੱਚ ਹੋਏ ਅਕਾਲ ਚਲਾਣੇ ਨਾਲ ਮਨ ਨੂੰ ਗਹਿਰਾ ਦੁੱਖ ਪੁੱਜਾ ਹੈ। ਸ. ਫੌਜਾ ਸਿੰਘ 114 ਸਾਲਾਂ ਦੀ ਉਮਰ ਵਿੱਚ ਵੀ ਪੂਰੀ ਚੜ੍ਹਦੀ ਕਲਾ ਵਾਲੇ ਸਿੱਖ ਸਨ ਜਿਨ੍ਹਾਂ ਨੇ ਵਿਸ਼ਵ ਅੰਦਰ ਸਿੱਖ ਪਛਾਣ ਅਤੇ ਦਸਤਾਰ ਦਾ ਨਾਮ ਉੱਚਾ ਕੀਤਾ। ਸ. ਫੌਜਾ ਸਿੰਘ ਨੇ ਗੁਰਬਾਣੀ ਦੇ ਸਿਧਾਂਤ ਅਨੁਸਾਰ ਹਮੇਸ਼ਾ ਅਗਾਂਹ ਨੂੰ ਹੀ ਕਦਮ ਪੁੱਟੇ ਜੋ ਕੇ ਸਮੁੱਚੇ ਸਿੱਖ ਜਗਤ ਅਤੇ ਖ਼ਾਸਕਰ ਨੌਜਵਾਨਾਂ ਲਈ ਪ੍ਰੇਰਣਾ ਸਰੋਤ ਹੈ।

## ਫੌਜਾ ਸਿੰਘ ਨੂੰ ਟੱਕਰ ਮਾਰਨ ਵਾਲਾ ਫਾਰਚੂਨਰ ਸਣੇ ਫੜਿਆ

ਪੁਲੀਸ ਨੇ ਮੈਰਾਥਨ ਦੌੜਾਕ ਫੌਜਾ ਸਿੰਘ ਨੂੰ ਟੱਕਰ ਮਾਰਨ ਵਾਲੇ ਵਿਅਕਤੀ ਨੂੰ ਫਾਰਚੂਨਰ ਗੱਡੀ ਸਣੇ ਕਾਬੂ ਕਰ ਲਿਆ ਹੈ। ਫੌਜਾ ਸਿੰਘ ਦੀ ਲੰਘੇ ਦਿਨ ਸੜਕ ਹਾਦਸੇ ਵਿਚ ਮੌਤ ਹੋ ਗਈ ਸੀ। ਐੱਸਐੱਸਪੀ ਜਲੰਧਰ ਦਿਹਾਤੀ ਹਰਵਿੰਦਰ ਐੱਸ. ਵਿਰਕ ਨੇ ਕਾਰ ਦੇ ਹਿੱਟ ਐਂਡ ਰਨ ਕੇਸ 'ਚ ਸ਼ਾਮਲ ਹੋਣ ਦੀ ਪੁਸ਼ਟੀ 'ਤੇ ਕਿਹਾ ਕਿ ਚਾਲਕ ਅੰਮ੍ਰਿਤਪਾਲ ਸਿੰਘ ਵਾਸੀ ਦਾਸੂਪੁਰ ਨੂੰ ਉਸ ਦੇ ਘਰੋਂ ਵਾਹਨ ਸਣੇ ਕਾਬੂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਕਾਰ ਦੀ ਪਛਾਣ ਹਾਦਸੇ ਵਾਲੀ ਥਾਂ ਡਿੱਗੀ ਹੈੱਡਲਾਈਟ ਤੇ ਬੰਪਰ ਦੇ ਹਿੱਸੇ ਸਣੇ ਇਸ ਦੇ ਗੁੰਮ ਹੋਏ ਹਿੱਸਿਆਂ ਤੋਂ ਹੋਈ ਸੀ। ਉਨ੍ਹਾਂ ਦੱਸਿਆ ਕਿ ਹਾਦਸੇ ਵਾਲੀ ਥਾਂ 'ਤੇ ਕੋਈ ਸੀਸੀਟੀਵੀ ਨਹੀਂ ਸੀ, ਜਿਸ ਕਰਕੇ ਪੁਲੀਸ ਟੀਮਾਂ ਨੂੰ ਘਟਨਾ ਸਥਾਨ ਦੇ ਨੇੜਲੀਆਂ ਥਾਵਾਂ ਤੋਂ ਸੀਸੀਟੀਵੀ ਫੁਟੇਜ ਇਕੱਠੀ ਕਰਨ 'ਚ ਕਾਫੀ ਸਮਾਂ ਲੱਗਾ।

# ਕੀ ਬੇਅਦਬੀ ਬਾਰੇ ਸਰਕਾਰ ਇਨਸਾਫ ਕਰੇਗੀ, ਸਿਰਸਾ ਡੇਰੇ ਦੀ ਜਾਂਚ ਬਾਰੇ ਚੁਪ ਕਿਉਂ ?

**✪ ਪੰਜਾਬ ਵਿਧਾਨ ਸਭਾ ਵਿੱਚ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਬਿੱਲ 'ਤੇ ਤਿੱਖੀ ਬਹਿਸ ਛਿੜੀ ✪ ਸਰਕਾਰ ਨੇ ਖਰੜੇ ਨੂੰ ਸਿਲੈਕਟ ਕਮੇਟੀ ਦੇ ਹਵਾਲੇ ਕਰਕੇ ਛੇ ਮਹੀਨਿਆਂ ਦੀ ਮੋਹਲਤ ਮੰਗੀ ✪ ਪਰਗਟ ਸਿੰਘ ਨੇ ਮੋੜ ਬੰਬ ਧਮਾਕੇ ਬਾਰੇ ਸਰਕਾਰ ਦੀ ਚੁੱਪੀ ਬਾਰੇ ਸਵਾਲ ਖੜੇ ਕੀਤੇ, ਡੇਰਾ ਸਿਰਸਾ ਲਪੇਟੇ ਵਿਚ ਲਿਆ ✪ ਨਕੋਦਰ ਬੇਅਦਬੀ ਕਾਂਡ ਬਾਰੇ ਗੁੰਮ ਰਿਪੋਰਟ ਲਈ ਸਦਨ ਵਿਚ ਕਮੇਟੀ ਬਣੀ**



## ਬਿੱਲ ਪਾਸ ਕਿਉਂ ਨਹੀਂ ਹੋਇਆ ?

ਇਹ ਬਿੱਲ ਪੰਜਾਬ ਵਿਧਾਨ ਸਭਾ 'ਚ ਪਾਸ ਨਾ ਹੋ ਸਕਣ ਦਾ ਮੁੱਖ ਕਾਰਨ ਸੀ ਸਰਕਾਰ ਦਾ ਇਸ ਨੂੰ ਸਿਲੈਕਟ ਕਮੇਟੀ ਹਵਾਲੇ ਕਰਨ ਦਾ ਫ਼ੈਸਲਾ। ਸਰਕਾਰ ਨੇ ਤਰਕ ਦਿੱਤਾ ਕਿ ਕਾਨੂੰਨ ਬਣਾਉਣ ਤੋਂ ਪਹਿਲਾਂ ਲੋਕਾਂ ਦੀ ਰਾਇ ਲੈਣੀ ਜ਼ਰੂਰੀ ਹੈ, ਜਿਸ ਲਈ ਛੇ ਮਹੀਨਿਆਂ ਦਾ ਸਮਾਂ ਮੰਗਿਆ ਗਿਆ। ਪਰ ਵਿਰੋਧੀ ਧਿਰ ਨੇ ਇਸ ਨੂੰ ਸਮੇਂ ਦੀ ਬਰਬਾਦੀ ਕਰਾਰ ਦਿੱਤਾ। ਪਹਿਲਾਂ ਵੀ 2016 ਤੇ 2018 ਵਿਚ ਅਜਿਹੇ ਬਿੱਲ ਕੇਂਦਰ ਨੇ ਵਾਪਸ ਕਰ ਦਿੱਤੇ ਸਨ, ਕਿਉਂਕਿ ਉਹ ਸੰਵਿਧਾਨ ਦੀ ਧਰਮ ਨਿਰਪੱਖਤਾ ਦੇ ਸਿਧਾਂਤ ਨਾਲ ਮੇਲ ਨਹੀਂ ਖਾਂਦੇ ਸਨ। ਅਕਾਲੀ ਸਰਕਾਰ ਦੇ 2016 ਦੇ ਬਿੱਲ ਵਿਚ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ 'ਤੇ ਜ਼ੋਰ ਸੀ, ਜਿਸ ਨੂੰ ਕੇਂਦਰ ਨੇ ਸਾਰੇ ਧਰਮਾਂ ਨੂੰ ਸ਼ਾਮਲ ਕਰਨ ਦੀ ਸਲਾਹ ਦਿੱਤੀ। 2018 ਵਿਚ ਕਾਂਗਰਸ ਸਰਕਾਰ ਦੇ ਬਿੱਲ 'ਚ ਸਾਰੇ ਧਰਮਾਂ ਨੂੰ ਸ਼ਾਮਲ ਕੀਤਾ ਗਿਆ, ਪਰ ਰਾਸ਼ਟਰਪਤੀ ਦੀ ਮਨਜ਼ੂਰੀ ਨਹੀਂ ਮਿਲੀ, ਕਿਉਂਕਿ ਇਹ ਭਾਰਤੀ ਦੰਡ ਸੰਹਿਤਾ (ਆਈ.ਪੀ.ਸੀ) ਦੀਆਂ ਧਾਰਾਵਾਂ ਨਾਲ ਮੇਲ ਨਹੀਂ ਖਾਂਦਾ ਸੀ। ਹੁਣ, ਭਾਰਤੀ ਨਿਆਂ ਸੰਹਿਤਾ (ਬੀਐੱਨਐੱਸ) ਲਾਗੂ ਹੋਣ ਕਾਰਨ, ਨਵੇਂ ਸਿਰੇ ਤੋਂ ਬਿੱਲ ਤਿਆਰ ਕਰਨ ਦੀ ਲੋੜ ਹੈ, ਜੋ ਕੇਂਦਰ ਦੀ ਪ੍ਰਵਾਨਗੀ ਵੀ ਪਾ ਸਕੇ। ਅਸਲ ਵਿਚ ਇਹ ਮਸਲਾ ਸਿਰਫ਼ ਕਾਨੂੰਨ ਦਾ ਨਹੀਂ, ਸਗੋਂ ਸਿੱਖ ਪੰਥ ਦੀਆਂ ਭਾਵਨਾਵਾਂ ਦਾ ਹੈ, ਜਿਸ ਦਾ ਹੱਲ ਸਰਕਾਰ ਨੂੰ ਜਲਦ ਲਭਣਾ ਹੋਵੇਗਾ।

**ਵਿਸ਼ੇਸ਼ ਰਿਪੋਟ**

ਪੰਜਾਬ ਦੀ ਰਾਜਨੀਤੀ ਦੇ ਗਲਿਆਰਿਆਂ ਵਿੱਚ ਇੱਕ ਵਾਰ ਫਿਰ ਬੇਅਦਬੀ ਦੇ ਮੁੱਦੇ ਨੇ ਤੂਫ਼ਾਨ ਖੜ੍ਹਾ ਕਰ ਦਿੱਤਾ। 14 ਜੁਲਾਈ 2025 ਨੂੰ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੇ ਚੌਥੇ ਦਿਨ, ਜਦੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਖ਼ਿਲਾਫ਼ ਬਿੱਲ ਪੇਸ਼ ਕੀਤਾ, ਤਾਂ ਸਦਨ ਵਿਚ ਤਿੱਖੀ ਬਹਿਸ ਛਿੜੀ। ਅਖੀਰ ਸਰਕਾਰ ਨੇ ਇਸ ਨੂੰ ਸਿਲੈਕਟ ਕਮੇਟੀ ਦੇ ਹਵਾਲੇ ਕਰਕੇ ਛੇ ਮਹੀਨਿਆਂ ਦੀ ਮੋਹਲਤ ਮੰਗ ਲਈ, ਪਰ ਵਿਰੋਧੀ ਧਿਰ ਨੇ ਇਸ ਨੂੰ ਸਿਆਸੀ ਖੇਡ ਦਾ ਹਿੱਸਾ ਕਰਾਰ ਦਿੱਤਾ।

### ਕੀ ਹੈ ਖਰੜੇ ਵਿਚ

ਬਿੱਲ ਦੇ ਖਰੜੇ ਮੁਤਾਬਕ, 'ਪਵਿੱਤਰ ਗ੍ਰੰਥ' ਦੀ ਪਰਿਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀਮਦ ਭਗਵਦ ਗੀਤਾ, ਕੁਰਾਨ ਸ਼ਰੀਫ਼ ਤੇ ਪਵਿੱਤਰ ਬਾਈਬਲ ਵਰਗੇ ਧਾਰਮਿਕ ਗ੍ਰੰਥ ਸਮੇਤ ਉਹ ਸਾਰੇ ਗ੍ਰੰਥ ਸ਼ਾਮਲ ਹਨ, ਜਿਨ੍ਹਾਂ ਨੂੰ ਕਿਸੇ ਵੀ ਧਰਮ ਦੇ ਲੋਕ ਪਵਿੱਤਰ ਮੰਨਦੇ ਹਨ। ਇਸ ਬਿੱਲ ਵਿਚ ਸਖ਼ਤ ਸਜ਼ਾਵਾਂ ਦਾ ਪ੍ਰਬੰਧ ਹੈ - ਘੱਟੋ-ਘੱਟ 10 ਸਾਲ ਦੀ ਕੈਦ, ਜੋ ਉਮਰ ਕੈਦ ਤੱਕ ਜਾ ਸਕਦੀ ਹੈ, ਨਾਲ ਹੀ 5 ਤੋਂ 10 ਲੱਖ ਰੁਪਏ ਦਾ ਜੁਰਮਾਨਾ ਹੈ। ਜੇ ਕੋਈ ਵਿਅਕਤੀ ਬੇਅਦਬੀ ਲਈ ਉਕਸਾਵੇ ਜਾਂ ਸਹਾਇਤਾ ਕਰਦਾ ਹੈ, ਤਾਂ ਉਸ ਲਈ ਵੀ 3 ਤੋਂ 5 ਸਾਲ ਦੀ ਸਜ਼ਾ ਤੇ 3 ਲੱਖ ਰੁਪਏ ਤੱਕ ਜੁਰਮਾਨੇ ਦੀ ਤਜਵੀਜ਼ ਹੈ। ਅਪਰਾਧ ਨੂੰ ਗ਼ੈਰ-ਜ਼ਮਾਨਤੀ ਅਤੇ ਗ਼ੈਰ-ਸਮਝੌਤਾ ਯੋਗ ਮੰਨਿਆ ਗਿਆ, ਜਿਸ ਦੀ ਸੁਣਵਾਈ ਸੈਸ਼ਨ ਅਦਾਲਤ ਵਿਚ ਹੋਵੇਗੀ। ਜਾਂਚ ਦੀ ਜ਼ਿੰਮੇਵਾਰੀ ਡੀਐੱਸਪੀ ਜਾਂ ਇਸ ਤੋਂ ਉੱਪਰ ਦੇ ਅਧਿਕਾਰੀ ਨੂੰ ਸੌਂਪੀ ਜਾਵੇਗੀ।

### ਵਿਰੋਧੀ ਧਿਰ ਵਲੋਂ 'ਆਪ' ਸਰਕਾਰ 'ਤੇ ਸਿਆਸੀ ਖੇਡ ਦਾ ਦੋਸ਼

ਕਾਂਗਰਸ ਦੇ ਵਿਰੋਧੀ ਧਿਰ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸਰਕਾਰ ਨੂੰ ਘੇਰਦਿਆਂ ਕਿਹਾ ਕਿ "ਕੇਜਰੀਵਾਲ ਤੇ ਭਗਵੰਤ ਮਾਨ ਨੇ ਚੋਣਾਂ ਵੇਲੇ 24 ਘੰਟਿਆਂ ਵਿਚ ਇਨਸਾਫ਼ ਦੇਣ ਦਾ ਵਾਅਦਾ ਕੀਤਾ ਸੀ, ਪਰ ਅੱਜ 1144 ਦਿਨ ਬੀਤ ਚੁੱਕੇ ਹਨ, ਤੇ ਕੋਈ ਕਾਰਵਾਈ ਨਹੀਂ ਹੋਈ।" ਬਾਜਵਾ ਨੇ ਸਰਕਾਰ 'ਤੇ ਸ਼੍ਰੋਮਣੀ ਅਕਾਲੀ ਦਲ ਨਾਲ ਸਮਝੌਤੇ ਦਾ ਦੋਸ਼ ਲਾਇਆ, ਕਿਹਾ ਕਿ "ਫ਼ਰੀਦਕੋਟ ਦੇ ਕੇਸ ਚੰਡੀਗੜ੍ਹ ਸ਼ਿਫਟ ਹੋ ਗਏ, ਤੇ ਬਹਿਬਲ ਕੇਸ ਵਿਚ ਚਲਾਨ ਵਿਚ ਬਾਦਲਾਂ ਦਾ ਨਾਮ ਹੀ ਗਾਇਬ ਕਰ ਦਿੱਤਾ।" ਉਨ੍ਹਾਂ ਨੇ ਸੁਝਾਅ ਵੀ ਦਿੱਤਾ ਕਿ ਜਾਂਚ ਸਮਾਂ-ਬੱਧ ਹੋਣੀ ਚਾਹੀਦੀ ਹੈ, ਅਤੇ ਧਾਰਮਿਕ ਸੰਘਰਸ਼ਾਂ ਦੌਰਾਨ ਗੋਲੀ ਨਾ ਚਲਾਈ ਜਾਵੇ।

ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਵੀ ਸਰਕਾਰ ਨੂੰ ਘੇਰਿਆ। ਉਨ੍ਹਾਂ ਕਿਹਾ ਕਿ 2007 ਵਿਚ ਜਦੋਂ ਗੁਰੂ ਸਾਹਿਬ ਦਾ ਸਵਾਂਗ ਰਚਿਆ ਗਿਆ, ਤਾਂ ਅਕਾਲੀ ਸਰਕਾਰ ਸੰਭਾਲਣ ਵਿਚ ਹੀ ਰੁੱਝੀ ਰਹੀ। ਕਾਂਗਰਸ ਸਰਕਾਰ ਨੇ ਜਾਂਚ ਕੀਤੀ, ਪਰ ਮੈਂ ਉਸ ਤੋਂ ਵੀ ਸੰਤੁਸ਼ਟ ਨਹੀਂ ਸੀ। ਪਰਗਟ ਸਿੰਘ ਕਿਹਾ ਕਿ ਆਪ ਪਾਰਟੀ ਦੀ ਸਰਕਾਰ 2022 ਵਿੱਚ ਸੱਤਾ ਵਿੱਚ ਆਈ ਕੇ ਪੋਸਟਰ ਬੁਆਏ ਕੁੰਵਰ ਵਿਜੇ ਪ੍ਰਤਾਪ ਨੂੰ ਲਿਆਂਦਾ ਗਿਆ। ਭਰੋਸਾ ਦਿੱਤਾ ਕਿ 24 ਘੰਟਿਆਂ ਦੇ ਅੰਦਰ ਇਨਸਾਫ਼ ਦਿੱਤਾ ਜਾਵੇਗਾ, ਪਰ ਕੁਝ ਨਹੀਂ ਹੋਇਆ। ਮੁੱਖ ਮੰਤਰੀ ਨੇ ਟਵੀਟ ਕੀਤਾ ਕਿ ਦੋਸ਼ੀਆਂ ਨੂੰ ਸਜ਼ਾ ਮਿਲੇਗੀ, ਪਰ ਕੀ ਕਾਰਨ ਹੈ ਕਿ ਢਾਈ ਸਾਲਾਂ ਵਿੱਚ ਕੇਸ ਅੱਗੇ ਵਧਾਉਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਉਨ੍ਹਾਂ ਨੇ ਮੋੜ ਬੰਬ ਧਮਾਕੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਦੀਆਂ ਤਾਰਾਂ ਡੇਰਾ ਸਿਰਸਾ ਨਾਲ ਜੁੜੀਆਂ ਹਨ, ਪਰ ਸਰਕਾਰ ਚੁੱਪ ਹੈ। ਢਾਈ ਸਾਲ 'ਚ ਕੇਸ ਅੱਗੇ ਕਿਉਂ ਨਹੀਂ ਵਧਿਆ?"

ਸਰਕਾਰ ਨੇ ਇਸ 'ਤੇ ਸਪੱਸ਼ਟ ਜਵਾਬ ਨਹੀਂ ਦਿੱਤਾ, ਜਿਸ ਨੇ ਕਾਂਗਰਸ ਵਲੋਂ ਆਪ ਤੇ ਸੌਦਾ ਸਾਧ ਦੇ ਗੁਪਤ ਸਿਆਸੀ ਸਿਆਸੀ ਸਮਝੌਤੇ ਦੇ ਇਲਜ਼ਾਮਾਂ ਨੂੰ ਹੋਰ ਹਵਾ ਦਿੱਤੀ।

ਪਰਗਟ ਸਿੰਘ ਨੇ ਸਵੀਕਾਰ ਕੀਤਾ ਕਿ ਮੋੜ ਬੰਬ ਧਮਾਕੇ ਬਾਰੇ ਕਾਂਗਰਸ ਵਿਚ ਦੋ ਧੜੇ ਬਣੇ ਸਨ - ਇੱਕ ਸਜ਼ਾ ਦੇ ਹੱਕ ਵਿਚ ਹੈ, ਦੂਜਾ ਇਸ ਦੇ ਖ਼ਿਲਾਫ਼।

ਇਸ 'ਤੇ 'ਆਪ' ਵਿਧਾਇਕ ਸੁਖਾਨੰਦ ਨੇ ਕਿਹਾ ਕਿ ਜੋ ਲੋਕ ਸਜ਼ਾ ਰੋਕਣ ਦੇ ਹੱਕ ਵਿੱਚ ਸਨ, ਉਨ੍ਹਾਂ ਦੇ ਨਾਮ ਦੱਸੋ। ਪਰਗਟ ਨੇ ਜਵਾਬ ਦਿੱਤਾ ਕਿ ਬਹੁਤ ਸਾਰੇ ਲੋਕਾਂ ਨੇ ਰਾਜਨੀਤੀ ਕੀਤੀ ਤੇ ਅਜੇ ਵੀ ਕਰ ਰਹੇ ਹਨ। ਸਾਢੇ ਤਿੰਨ ਸਾਲ ਬੀਤ ਗਏ ਹਨ, ਪਰ ਅਜੇ ਤੱਕ ਕੁਝ ਨਹੀਂ ਮਿਲਿਆ। 2018 ਵਿੱਚ ਵੀ ਇੱਕ ਕਾਨੂੰਨ ਬਣਾਇਆ ਗਿਆ ਸੀ ਤੇ ਕੇਂਦਰ ਨੂੰ ਭੇਜਿਆ ਗਿਆ ਸੀ, ਪਰ ਕੁਝ ਨਹੀਂ ਹੋਇਆ। ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਵਿਚਕਾਰ ਹੋਈ ਮੁਲਾਕਾਤ ਬਾਰੇ ਦੱਸਿਆ ਗਿਆ ਹੈ। ਇੱਕ ਪੁਲਿਸ ਅਧਿਕਾਰੀ ਖਟੜਾ ਸੀ, ਜਿਸ ਨੇ ਆਪਣੀ ਡਿਊਟੀ ਨਿਭਾਈ। ਦੂਜੇ ਗਗਨ ਪ੍ਰਦੀਪ ਬਲ ਨੇ ਜਿਨ੍ਹਾਂ ਕੇਸ ਲੜਿਆ। ਅੱਜ ਵੀ ਉਹ ਲੋਕ ਇੱਥੇ ਹਨ। ਉਨ੍ਹਾਂ ਨੂੰ ਬੁਲਾਓ ਤੇ ਪੁੱਛੋ ਕਿ ਕੀ ਹੋਇਆ।

ਬਾਕੀ ਹਿਸਾ ਸਫ਼ਾ 48 ਤੇ ਪੜ੍ਹੋ

## ਬੇਅਦਬੀ ਬਾਰੇ ਡੇਰਾ ਸੌਦਾ ਤੇ ਉਸ ਦੇ ਮੁਖੀ ਖਿਲਾਫ ਕਾਰਵਾਈ ਕਿਉਂ ਨਹੀਂ ?

2015 ਵਿਚ ਬਰਗਾੜੀ ਤੇ ਬਹਿਬਲ ਕਲਾਂ ਵਾਲੇ ਮੋੜ ਬੰਬ ਧਮਾਕੇ ਦੀਆਂ ਘਟਨਾਵਾਂ ਨੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ ਸੀ। ਜਾਂਚ ਵਿਚ ਸਿਰਸਾ ਡੇਰੇ ਦੀ ਅਪਰਾਧੀ ਸਾਜਿਸ਼ ਸਾਹਮਣੇ ਆਈ ਸੀ, ਜਿਸ ਵਿਚ ਡੇਰੇ ਦੇ ਮੁਖੀ ਤੇ ਹੋਰ ਮੈਂਬਰਾਂ 'ਤੇ ਬੇਅਦਬੀ ਦੀਆਂ ਘਟਨਾਵਾਂ ਨੂੰ ਭੜਕਾਉਣ ਦੇ ਦੋਸ਼ ਲੱਗੇ। ਸੀਬੀਆਈ ਤੇ ਐਸਆਈਟੀ ਦੀਆਂ ਰਿਪੋਰਟਾਂ ਵਿਚ ਵੀ ਸਬੂਤ ਸਨ ਕਿ ਡੇਰੇ ਦੇ ਕੁਝ ਅਨੁਯਾਈਆਂ ਨੇ ਇਹਨਾਂ ਘਟਨਾਵਾਂ ਵਿਚ ਹਿੱਸਾ ਲਿਆ। ਕਈ ਗ੍ਰਿਫ਼ਤਾਰੀਆਂ ਹੋਈਆਂ, ਪਰ ਮੁੱਖ ਦੋਸ਼ੀਆਂ 'ਤੇ ਹੱਥ ਨਹੀਂ ਪਿਆ। ਲੋਕ ਸਵਾਲ ਉਠਾਉਂਦੇ ਹਨ ਕਿ ਜੇ ਸਬੂਤ ਹਨ, ਤਾਂ ਸਰਕਾਰ ਡੇਰੇ ਦੇ ਮੁਖੀ ਵਿਰੁੱਧ ਸਖ਼ਤ ਕਾਰਵਾਈ ਕਿਉਂ ਨਹੀਂ ਕਰਦੀ?



ਇਸ ਦੀਆਂ ਕਈ ਵਜ੍ਹਾਵਾਂ ਸਿਆਸੀ ਗਲਿਆਰਿਆਂ ਵਿਚ ਚਰਚਾ ਦਾ ਵਿਸ਼ਾ ਬਣੀਆਂ ਹਨ। ਪਹਿਲੀ ਵਜ੍ਹਾ ਸਿਆਸੀ ਮਜਬੂਰੀ ਹੈ। ਸਿਰਸਾ ਡੇਰਾ ਪੰਜਾਬ ਤੇ ਹਰਿਆਣਾ ਵਿਚ ਵੱਡੀ ਗਿਣਤੀ ਵਿਚ ਅਨੁਯਾਈਆਂ ਦੀ ਸਮਰਥਕ ਸਿਆਸੀ ਤਾਕਤ ਰੱਖਦਾ ਹੈ। ਕੋਈ ਵੀ ਸਰਕਾਰ, ਚਾਹੇ ਕਾਂਗਰਸ ਹੋਵੇ ਜਾਂ 'ਆਪ', ਇਸ ਵੋਟ ਬੈਂਕ ਨੂੰ ਨਾਰਾਜ਼ ਕਰਨ ਤੋਂ ਡਰਦੀ ਹੈ। ਦੂਜਾ, ਜਾਂਚ 'ਚ ਦੇਰੀ ਤੇ ਸਬੂਤਾਂ ਦੀ ਕਮੀ ਦਾ ਬਹਾਨਾ ਵੀ ਸਰਕਾਰ ਦੀ ਮਦਦ ਕਰਦਾ ਹੈ। ਸੀਬੀਆਈ ਦੀ ਜਾਂਚ ਵਿਚ ਸਬੂਤ ਸਾਹਮਣੇ ਆਉਣ ਦੇ ਬਾਵਜੂਦ, ਕਾਨੂੰਨੀ ਪੇਚੀਦਗੀਆਂ ਕਾਰਨ ਮੁੱਖ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿਚ ਅਸਫਲਤਾ ਮਿਲੀ ਹੈ। ਤੀਜਾ, ਪੰਜਾਬ ਵਿਚ ਪੁਲਿਸ ਤੇ ਪ੍ਰਸ਼ਾਸਨ 'ਤੇ ਸਿਆਸੀ ਦਬਾਅ ਵੀ ਇੱਕ ਵੱਡੀ ਰੁਕਾਵਟ ਹੈ। ਸ਼੍ਰੋਮਣੀ ਕਮੇਟੀ ਤੇ ਪੰਥਕ ਜਥੇਬੰਦੀਆਂ ਨੇ ਸਰਕਾਰ ਦੀ ਇਸ ਨਰਮੀ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਉਹਨਾਂ ਦਾ ਕਹਿਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਰਗੇ ਸੰਵੇਦਨਸ਼ੀਲ ਮਸਲੇ 'ਤੇ ਸਰਕਾਰ ਦੀ ਚੁੱਪੀ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜਨਤਾ ਵਿਚ ਵੀ ਗੁੱਸਾ ਹੈ ਕਿ ਸਰਕਾਰ ਸਿਆਸੀ ਲਾਭ ਲਈ ਇਨਸਾਫ਼ ਨੂੰ ਦਾਅ 'ਤੇ ਲਾ ਰਹੀ ਹੈ। ਜੇ ਸਰਕਾਰ ਜਲਦ ਸਖ਼ਤ ਕਦਮ ਨਾ ਚੁੱਕੇ, ਤਾਂ ਇਹ ਮਸਲਾ ਸਮਾਜਿਕ ਤਣਾਅ ਦਾ ਕਾਰਨ ਬਣ ਸਕਦਾ ਹੈ।

# ਸੱਚਖੰਡ ਸ੍ਰੀ ਦਰਬਾਰ ਸਾਹਿਬ ਨੂੰ ਲਗਾਤਾਰ ਤੀਜੀ ਵਾਰ ਬੰਬ ਨਾਲ ਉਡਾਉਣ ਦੀ ਧਮਕੀ: ਸੁਰੱਖਿਆ ਵਧਾਈ, ਸੰਗਤ ਵਿਚ ਚਿੰਤਾ *ਸ਼੍ਰੋਮਣੀ ਕਮੇਟੀ ਨੇ ਲਿਆ ਸਖ਼ਤ ਨੋਟਿਸ



ਅੰਮ੍ਰਿਤਸਰ: ਸਿੱਖ ਧਰਮ ਦੇ ਪਵਿੱਤਰ ਅਸਥਾਨ ਸੱਚਖੰਡ ਸ੍ਰੀ ਦਰਬਾਰ ਸਾਹਿਬ ਨੂੰ ਲਗਾਤਾਰ ਤੀਜੇ ਦਿਨ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਇਹ ਧਮਕੀ ਸ਼੍ਰੋਮਣੀ ਕਮੇਟੀ ਦੀ ਅਧਿਕਾਰਤ ਈਮੇਲ 'ਤੇ ਆਈ ਹੈ। ਈਮੇਲ ਵਿਚ ਦਾਅਵਾ ਕੀਤਾ ਗਿਆ ਹੈ ਕਿ ਪਾਈਪਾਂ ਵਿਚ ਆਰਡੀਐਕਸ ਭਰਿਆ ਹੋਇਆ ਹੈ ਅਤੇ ਧਮਾਕੇ ਕੀਤੇ ਜਾਣਗੇ। ਸੁਰੱਖਿਆ ਕਾਰਨਾਂ ਕਰਕੇ ਈਮੇਲ ਦੇ ਸ਼ਬਦਾਂ ਨੂੰ ਜਨਤਕ ਨਹੀਂ ਕੀਤਾ ਗਿਆ, ਪਰ ਮਾਮਲੇ ਦੀ ਗੰਭੀਰਤਾ ਨੂੰ ਵੇਖਦਿਆਂ ਪੁਲਿਸ, ਸੀਆਰਪੀਐਫ, ਅਤੇ ਬੀਐਸਐਫ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ। ਸ੍ਰੀ ਦਰਬਾਰ ਸਾਹਿਬ ਦੀ ਸੁਰੱਖਿਆ ਲਈ ਵਾਧੂ ਜਵਾਨ ਤਾਇਨਾਤ ਕੀਤੇ ਗਏ ਹਨ, ਅਤੇ ਹਰ ਆਉਣ-ਜਾਣ ਵਾਲੇ ਸ਼ਰਧਾਲੂ 'ਤੇ ਸਖਤ ਨਿਗਰਾਨੀ ਰੱਖੀ ਜਾ ਰਹੀ ਹੈ। ਇਸ ਤੋਂ ਪਹਿਲਾਂ ਸੋਮਵਾਰ (14 ਜੁਲਾਈ) ਅਤੇ ਮੰਗਲਵਾਰ (15 ਜੁਲਾਈ) ਨੂੰ ਵੀ ਸਮਾਨ ਧਮਕੀਆਂ ਵਾਲੀਆਂ ਈਮੇਲਾਂ ਮਿਲੀਆਂ ਸਨ, ਜਿਸ ਨਾਲ ਸੰਗਤ ਵਿਚ ਚਿੰਤਾ ਦਾ ਮਾਹੌਲ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਮਸਲੇ 'ਤੇ ਪ੍ਰੈਸ ਕਾਨਫਰੰਸ 'ਚ ਗੰਭੀਰ ਚਿੰਤਾ ਜਤਾਈ ਅਤੇ ਸਰਕਾਰ 'ਤੇ ਸੁਰੱਖਿਆ ਪ੍ਰਬੰਧਾਂ ਵਿਚ ਨਰਮੀ ਦੇ ਦੋਸ਼ ਲਗਾਏ। ਉਨ੍ਹਾਂ ਨੇ ਸ਼ੱਕ ਜਤਾਇਆ ਕਿ ਇਹ ਸੰਗਤ ਦੀ ਆਮਦ ਘਟਾਉਣ ਅਤੇ ਸਿੱਖ ਧਰਮ ਦੇ ਮੁੱਖ ਅਸਥਾਨ ਨੂੰ ਨਿਸ਼ਾਨਾ ਬਣਾਉਣ ਦੀ ਸਾਜਿਸ਼ ਹੋ ਸਕਦੀ ਹੈ।

14 ਜੁਲਾਈ ਤੋਂ ਸ਼ੁਰੂ ਹੋਈ ਈਮੇਲਾਂ ਦੀ ਲੜੀਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 14 ਜੁਲਾਈ ਤੋਂ ਲਗਾਤਾਰ ਧਮਕੀਆਂ ਵਾਲੀਆਂ ਈਮੇਲਾਂ ਮਿਲ ਰਹੀਆਂ ਹਨ। ਪਹਿਲੀ ਈਮੇਲ 14 ਜੁਲਾਈ ਨੂੰ ਆਈ, ਜਿਸ 'ਚ ਸ੍ਰੀ ਦਰਬਾਰ ਸਾਹਿਬ ਅਤੇ ਇਸ ਦੇ ਲੰਗਰ ਹਾਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ। ਦੂਜੀ ਈਮੇਲ 15 ਜੁਲਾਈ ਨੂੰ ਆਈ, ਜੋ ਕੇਰਲ ਦੇ ਮੁੱਖ ਮੰਤਰੀ ਅਤੇ ਸਾਬਕਾ ਚੀਫ ਜਸਟਿਸ ਦੀ ਜਾਅਲੀ ਆਈਡੀ ਤੋਂ ਭੇਜੀ ਗਈ ਸੀ। ਤੀਜੀ ਈਮੇਲ 16 ਜੁਲਾਈ ਦੀ ਸਵੇਰ ਨੂੰ ਆਈ, ਜਿਸ ਵਿਚ ਆਸਿਫ ਕਪੂਰ ਨਾਮ ਦੀ ਆਈਡੀ ਦੀ ਵਰਤੋਂ ਕੀਤੀ ਗਈ। ਇਹ ਈਮੇਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਅੰਮ੍ਰਿਤਸਰ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੂੰ ਵੀ ਭੇਜੀ ਗਈ। ਹਰਜਿੰਦਰ ਸਿੰਘ ਧਾਮੀ ਨੇ ਪ੍ਰੈਸ ਕਾਨਫਰੰਸ ਵਿਚ ਕਿਹਾ, "ਇਹ ਈਮੇਲਾਂ ਜਾਅਲੀ ਆਈਡੀਆਂ ਤੋਂ ਭੇਜੀਆਂ ਜਾ ਰਹੀਆਂ ਹਨ, ਪਰ ਇਸ ਦੇ ਪਿੱਛੇ ਕੋਈ ਨਾ ਕੋਈ ਸਾਜਿਸ਼ ਜ਼ਰੂਰ ਹੈ। ਸਰਕਾਰ ਅਤੇ ਸੁਰੱਖਿਆ ਏਜੰਸੀਆਂ ਨੂੰ ਇਸ ਦੀ ਡੂੰਘਾਈ ਨਾਲ ਜਾਂਚ ਕਰਕੇ ਦੋਸ਼ੀਆਂ ਨੂੰ ਬੇਨਕਾਬ ਕਰਨਾ ਚਾਹੀਦਾ।" ਉਨ੍ਹਾਂ ਨੇ ਸਵਾਲ ਉਠਾਇਆ ਕਿ ਜੇਕਰ ਮੁੱਖ ਮੰਤਰੀ ਅਤੇ ਸੰਸਦ ਮੈਂਬਰ ਨੂੰ ਵੀ ਇਹ ਈਮੇਲ ਮਿਲੀ ਸੀ, ਤਾਂ ਉਨ੍ਹਾਂ ਨੇ ਇਸ 'ਤੇ ਕੋਈ ਕਾਰਵਾਈ ਕਿਉਂ ਨਹੀਂ ਕੀਤੀ?

ਐਸਜੀਪੀਸੀ ਨੇ ਪੁਲਿਸ ਨੂੰ ਸੂਚਿਤ ਕਰ ਦਿੱਤਾ ਹੈ, ਅਤੇ ਸਾਈਬਰ ਸੈੱਲ ਨੂੰ ਇਹਨਾਂ ਈਮੇਲਾਂ ਦੀ ਜਾਂਚ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਪੁਲਿਸ ਨੇ ਇਸ ਮਾਮਲੇ ਵਿਚ ਸ਼ਿਕਾਇਤ ਦਰਜ ਕਰ ਲਈ ਹੈ ਅਤੇ ਸਾਈਬਰ ਸੈੱਲ ਦੀ ਮਦਦ ਨਾਲ ਈਮੇਲਾਂ ਦੀ ਸਰੋਤ ਲੱਭਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

### ਸੁਰੱਖਿਆ ਵਿਚ ਵਾਧਾ: ਬੀਐਸਐਫ ਅਤੇ ਪੁਲਿਸ ਕਮਾਂਡੋ ਤਾਇਨਾਤ

ਧਮਕੀਆਂ ਦੇ ਮੱਦੇਨਜ਼ਰ ਸ੍ਰੀ ਦਰਬਾਰ ਸਾਹਿਬ ਦੀ ਸੁਰੱਖਿਆ ਨੂੰ ਹੋਰ ਸਖਤ ਕਰ ਦਿੱਤਾ ਗਿਆ ਹੈ। ਐਸਜੀਪੀਸੀ ਦੀ ਟਾਸਕ ਫੋਰਸ, ਪੰਜਾਬ ਪੁਲਿਸ, ਅਤੇ ਬਾਰਡਰ ਸਿਕਿਉਰਿਟੀ ਫੋਰਸ (ਬੀਐਸਐਫ) ਦੇ ਜਵਾਨਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਚਾਰੇ ਪਾਸੇ ਤਾਇਨਾਤ ਕੀਤਾ ਗਿਆ ਹੈ। ਬੀਐਸਐਫ ਨੇ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਅਤੇ ਬਾਹਰ ਤਲਾਸ਼ੀ ਮੁਹਿੰਮ ਵੀ ਸ਼ੁਰੂ ਕੀਤੀ ਹੈ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਸੰਗਤ ਦੀ ਸੁਰੱਖਿਆ ਲਈ ਹਰ ਸੰਭਵ ਕਦਮ ਚੁੱਕੇ ਜਾ ਰਹੇ ਹਨ। "ਅਸੀਂ ਸੰਗਤ ਨੂੰ ਅਪੀਲ ਕਰਦੇ ਹਾਂ ਕਿ ਉਹ ਡਰਨ ਦੀ ਬਜਾਏ ਸੁਚੇਤ ਰਹਿਣ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਸੂਚਨਾ ਤੁਰੰਤ ਸੁਰੱਖਿਆ ਅਧਿਕਾਰੀਆਂ ਨੂੰ ਦੇਣ," ਉਨ੍ਹਾਂ ਨੇ ਕਿਹਾ। ਚੱਪੇ-ਚੱਪੇ 'ਤੇ ਨਜ਼ਰ ਰੱਖਣ ਲਈ ਸੀਸੀਟੀਵੀ ਕੈਮਰਿਆਂ ਦੀ ਵਰਤੋਂ ਵਧਾਈ ਗਈ ਹੈ, ਅਤੇ ਸ਼ਰਧਾਲੂਆਂ ਦੇ ਸਮਾਨ ਦੀ ਸਖਤ ਜਾਂਚ ਕੀਤੀ ਜਾ ਰਹੀ ਹੈ। ਲੰਗਰ ਹਾਲ, ਸਰਾਵਾਂ, ਅਤੇ ਪਰਕਰਮਾ ਦੇ ਇਲਾਕਿਆਂ ਵਿਚ ਵੀ ਵਾਧੂ ਸੁਰੱਖਿਆ ਜਵਾਨ ਤਾਇਨਾਤ ਕੀਤੇ ਗਏ ਹਨ। ਸੰਗਤ ਨੂੰ ਸੁਰੱਖਿਆ ਜਾਂਚ 'ਚ ਸਹਿਯੋਗ ਕਰਨ ਦੀ ਅਪੀਲ ਕੀਤੀ ਗਈ ਹੈ।

### ਸਾਜਿਸ਼ ਦਾ ਸ਼ੱਕ: ਸੰਗਤ ਦੀ ਆਮਦ ਘਟਾਉਣ ਦੀ ਕੋਸ਼ਿਸ਼?

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਮਸਲੇ ਨੂੰ ਇਕ ਸਾਜਿਸ਼ ਦਾ ਹਿੱਸਾ ਕਰਾਰ ਦਿੱਤਾ। ਉਨ੍ਹਾਂ ਨੇ ਕਿਹਾ, "ਸ੍ਰੀ ਦਰਬਾਰ ਸਾਹਿਬ ਸਿੱਖਾਂ ਦੀ ਆਸਥਾ ਦਾ ਕੇਂਦਰ ਹੈ। 1984 ਵਿਚ ਵੀ ਇਸ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਅਤੇ ਅੱਜ ਵੀ ਕੁਝ ਅਨਸਰ ਸਿੱਖ ਧਰਮ ਦੀ ਸ਼ਕਤੀ ਅਤੇ ਗੁਰੂ ਸਾਹਿਬ ਦੇ ਉਪਦੇਸ਼ਾਂ ਨੂੰ ਸਹਿਣ ਨਹੀਂ ਕਰ ਸਕਦੇ।" ਧਾਮੀ ਨੇ ਸਰਕਾਰ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਸੁਰੱਖਿਆ ਪ੍ਰਬੰਧਾਂ 'ਚ ਕਮੀ ਕਿਉਂ ਹੈ? "ਜੇਕਰ ਮੁੱਖ ਮੰਤਰੀ ਅਤੇ ਸੰਸਦ ਮੈਂਬਰ ਨੂੰ ਵੀ ਇਹ ਈਮੇਲ ਮਿਲੀ ਸੀ, ਤਾਂ ਉਨ੍ਹਾਂ ਨੇ ਇਸ 'ਤੇ ਚੁੱਪ ਕਿਉਂ ਧਾਰੀ? ਕੀ ਸੰਗਤ ਦੀ ਆਮਦ ਘਟਾਉਣ ਦੀ ਸਾਜਿਸ਼ ਤਾਂ ਨਹੀਂ?" ਉਨ੍ਹਾਂ ਨੇ ਸਰਕਾਰ ਨੂੰ ਚੁਣੌਤੀ ਦਿੱਤੀ ਕਿ ਸਾਈਬਰ ਸੈੱਲ ਅਤੇ ਪੁਲਿਸ ਨੂੰ ਤੁਰੰਤ ਕਾਰਵਾਈ ਕਰਕੇ ਦੋਸ਼ੀਆਂ ਨੂੰ ਫੜ੍ਹਨਾ ਚਾਹੀਦਾ। ਉਨ੍ਹਾਂ ਨੇ ਇਹ ਵੀ ਸ਼ੱਕ ਜਤਾਇਆ ਕਿ ਇਹ ਧਮਕੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾਲ ਜੁੜੇ ਅਨਸਰਾਂ ਦੀ ਸਾਜਿਸ਼ ਹੋ ਸਕਦੀਆਂ ਹਨ। "ਜਿਹੜੇ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਵਾਉਣ ਦੀਆਂ ਕੋਸ਼ਿਸ਼ਾਂ ਕਰਦੇ ਸਨ, ਕੀ ਉਹੀ ਇਸ ਦੇ ਪਿੱਛੇ ਹਨ?" ਧਾਮੀ ਨੇ ਸਵਾਲ ਕੀਤਾ।

ਐਸਜੀਪੀਸੀ ਨੇ ਸਰਕਾਰ ਅਤੇ ਸੁਰੱਖਿਆ ਏਜੰਸੀਆਂ ਨੂੰ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਕੀਤੀ ਜਾਵੇ ਅਤੇ ਦੋਸ਼ੀਆਂ ਨੂੰ ਸਖਤ ਸਜ਼ਾ ਦਿੱਤੀ ਜਾਵੇ। ਸ੍ਰੀ ਦਰਬਾਰ ਸਾਹਿਬ 'ਚ ਨਤਮਸਤਕ ਹੋਣ ਵਾਲੇ ਸ਼ਰਧਾਲੂਆਂ ਦਾ ਕਹਿਣਾ ਹੈ ਕਿ ਅਜਿਹੀਆਂ ਧਮਕੀਆਂ ਸਿੱਖ ਧਰਮ ਦੀ ਸ਼ਾਂਤੀ ਅਤੇ ਸਦਭਾਵਨਾ ਦੇ ਸੁਨੇਹੇ ਨੂੰ ਕਮਜ਼ੋਰ ਨਹੀਂ ਕਰ ਸਕਦੀਆਂ। ਸਾਨੂੰ ਗੁਰੂ ਸਾਹਿਬ 'ਤੇ ਪੂਰਾ ਭਰੋਸਾ ਹੈ। ਸਰਕਾਰ ਨੂੰ ਅਜਿਹੇ ਅਨਸਰਾਂ 'ਤੇ ਸਖਤੀ ਕਰਨੀ ਚਾਹੀਦੀ।

## ਸੰਜੇ ਵਰਮਾ ਕਤਲ ਕਾਂਡ: ਪੁਲਿਸ ਮੁਕਾਬਲੇ 'ਤੇ ਸਵਾਲ ਖੜੇ ਹੋਏ

**✪ ਸੋਸ਼ਲ ਮੀਡੀਆ 'ਤੇ ਫਰਜ਼ੀ ਮੁਕਾਬਲੇ ਦੇ ਦੋਸ਼, ਸੀਬੀਆਈ ਜਾਂਚ ਦੀ ਮੰਗ**

ਫਾਜ਼ਿਲਕਾ-ਅਬੋਹਰ ਵਿਚ ਸੰਜੇ ਵਰਮਾ ਕਤਲ ਕਾਂਡ ਦੇ ਦੋ ਕਥਿਤ ਦੋਸ਼ੀਆਂ ਦੇ ਪੁਲਿਸ ਮੁਕਾਬਲੇ ਵਿਚ ਮਾਰੇ ਜਾਣ ਦੀ ਘਟਨਾ ਨੇ ਚਰਚਾ ਛੇੜ ਦਿੱਤੀ। 7 ਜੁਲਾਈ ਨੂੰ ਸੰਜੇ ਵਰਮਾ ਦਾ ਦੁਕਾਨ ਬਾਹਰ ਕਤਲ ਹੋਇਆ। 8 ਜੁਲਾਈ ਨੂੰ ਏ.ਡੀ.ਜੀ.ਪੀ. ਅਰਪਿਤ ਸ਼ੁਕਲਾ ਨੇ ਦੋ ਦੋਸ਼ੀਆਂ ਦੀ ਗ੍ਰਿਫਤਾਰੀ ਦਾ ਐਲਾਨ ਕੀਤਾ, ਪਰ ਕੁਝ ਘੰਟਿਆਂ 'ਚ ਹੀ ਮੁਕਾਬਲੇ ਵਿਚ ਉਨ੍ਹਾਂ ਦੇ ਮਾਰੇ ਜਾਣ ਦੀ ਖਬਰ ਆਈ। ਪੁਲਿਸ ਮੁਤਾਬਕ, ਹਥਿਆਰ ਬਰਾਮਦਗੀ ਲਈ ਲਿਜਾਉਂਦੇ ਸਮੇਂ ਹੋਰ ਦੋਸ਼ੀਆਂ ਨੇ ਗੋਲੀਬਾਰੀ ਕੀਤੀ, ਜਿਸ ਵਿਚ ਦੋ ਕਥਿਤ ਦੋਸ਼ੀ ਮਾਰੇ ਗਏ ਅਤੇ ਇਕ ਕਾਂਸਟੇਬਲ ਜ਼ਖਮੀ ਹੋਇਆ। ਸੋਸ਼ਲ ਮੀਡੀਆ 'ਤੇ ਮੁਕਾਬਲੇ ਨੂੰ ਫਰਜ਼ੀ ਦੱਸਿਆ ਜਾ ਰਿਹਾ ਹੈ। ਮਿਰਤਕਾਂ ਦੇ ਮਾਪਿਆਂ ਅਤੇ ਸੰਜੇ ਵਰਮਾ ਦੇ ਪਰਿਵਾਰ ਨੇ ਸਰਕਾਰ 'ਤੇ ਝੂਠੀ ਹਮਦਰਦੀ ਲੈਣ ਦਾ ਦੋਸ਼ ਲਾਇਆ। ਮੁਕਾਬਲੇ ਦੀਆਂ ਕਈ ਗੱਲਾਂ, ਜਿਵੇਂ ਦੋਸ਼ੀਆਂ ਦਾ ਪਹਿਲਾਂ ਪੁੱਜਣਾ ਅਤੇ ਹੋਰਨਾਂ ਦਾ ਭੱਜ ਜਾਣਾ, ਸ਼ੱਕੀ ਲੱਗ ਰਹੀਆਂ ਹਨ। ਪਰਿਵਾਰ ਨੇ ਸੀਬੀਆਈ ਜਾਂਚ ਦੀ ਮੰਗ ਕੀਤੀ।

# ਯਮਨ ਵਿਚ ਕੇਰਲਾ ਦੀ ਨਰਸ ਨਿਮਿਸ਼ਾ ਪ੍ਰਿਆ ਦੀ ਫਾਂਸੀ ਟਲੀ

## ✪ ਯਮਨੀ ਨਾਗਰਿਕ ਤਲਾਲ ਅਬਦੋ ਨੂੰ ਨਸ਼ੇ ਦੀ ਓਵਰਡੋਜ਼ ਦੇ ਕੇ ਮਾਰਨ ਦਾ ਦੋਸ਼



ਨਵੀਂ ਦਿੱਲੀ-ਯਮਨ ਵਿਚ ਕੇਰਲਾ ਦੀ ਨਰਸ ਨਿਮਿਸ਼ਾ ਪ੍ਰਿਆ ਦੀ 16 ਜੁਲਾਈ ਨੂੰ ਫਾਂਸੀ ਟਲ ਗਈ ਹੈ। ਸਰਕਾਰ ਨੇ ਯਮਨ ਤੋਂ ਕੁਝ ਹੋਰ ਦਿਨਾਂ ਦੀ ਮੰਗ ਕੀਤੀ ਸੀ, ਤਾਂ ਕਿ ਨਿਮਿਸ਼ਾ ਦਾ ਪਰਿਵਾਰ ਪੀੜਤ ਪਰਿਵਾਰ ਨੂੰ ਬਲੱਡ ਮਨੀ ਲਈ ਮਨਾ ਸਕੇ। ਪੀੜਤ ਪਰਿਵਾਰ ਨੂੰ 10,000 ਅਮਰੀਕੀ ਡਾਲਰ (8.5 ਕਰੋੜ ਰੁਪਏ) ਦੀ ਬਲੱਡ ਮਨੀ ਦੇਣ ਦੀ ਪੇਸ਼ਕਸ਼ ਕੀਤੀ ਗਈ ਹੈ। ਮੀਡੀਆ ਰਿਪੋਰਟਾਂ ਅਨੁਸਾਰ ਪ੍ਰਭਾਵਸ਼ਾਲੀ ਧਾਰਮਿਕ ਆਗੂਆਂ ਦੇ ਦਖਲ ਤੋਂ ਬਾਅਦ ਫਾਂਸੀ ਮੁਲਤਵੀ ਕੀਤੀ ਗਈ ਹੈ।

ਭਾਰਤ ਦੇ ਕੰਠਪੁਰਮ ਦੇ ਗ੍ਰੈਂਡ ਮੁਫਤੀ ਏ ਪੀ ਅਬੂਬਕਰ ਮੁਸਲੀਅਰ ਅਤੇ ਯਮਨ ਦੇ ਪ੍ਰਸਿੱਧ ਸੂਫੀ ਵਿਦਵਾਨ ਸ਼ੇਖ ਹਬੀਬ ਉਮਰ ਬਿਨ ਹਾਫਿਜ਼ ਇਸ ਮੁੱਦੇ 'ਤੇ ਚਰਚਾ ਕਰ ਰਹੇ ਹਨ। ਇਸ ਵਿੱਚ ਯਮਨ ਦੀ ਸੁਪਰੀਮ ਕੋਰਟ ਦਾ ਇੱਕ ਜੱਜ ਅਤੇ ਮ੍ਰਿਤਕ ਦਾ ਭਰਾ ਵੀ ਸ਼ਾਮਲ ਹੈ। ਮੁਫਤੀ ਮੁਸਲੀਅਰ ਨੇ ਯਮਨ ਦੇ ਸ਼ੇਖ ਹਬੀਬ ਨੂੰ ਗੱਲਬਾਤ ਲਈ ਮਨਾ ਲਿਆ। ਇਹ ਵੀ ਪਹਿਲੀ ਵਾਰ ਹੈ, ਜਦੋਂ ਪੀੜਤ ਪਰਿਵਾਰ ਦਾ ਕੋਈ ਨਜ਼ਦੀਕੀ ਮੈਂਬਰ ਗੱਲ ਕਰਨ ਲਈ ਸਹਿਮਤ ਹੋਇਆ ਹੈ। ਇਹ ਗੱਲਬਾਤ ਸ਼ਰੀਆ ਕਾਨੂੰਨ ਦੇ ਤਹਿਤ ਹੋ ਰਹੀ ਹੈ, ਜੋ ਪੀੜਤ ਪਰਿਵਾਰ ਨੂੰ ਬਿਨਾਂ ਕਿਸੇ ਸ਼ਰਤ ਦੇ ਜਾਂ ਬਲੱਡ ਮਨੀ ਦੇ ਬਦਲੇ ਦੋਸ਼ੀ ਨੂੰ ਮੁਆਫ ਕਰਨ ਦਾ ਕਾਨੂੰਨੀ ਅਧਿਕਾਰ ਦਿੰਦਾ ਹੈ। ਨਿਮਿਸ਼ਾ 2017 ਤੋਂ ਜੇਲ੍ਹ ਵਿੱਚ ਹੈ। ਉਸ 'ਤੇ ਯਮਨੀ ਨਾਗਰਿਕ ਤਲਾਲ ਅਬਦੋ ਮਹਿਦੀ ਨੂੰ ਨਸ਼ੇ ਦੀ ਓਵਰਡੋਜ਼ ਦੇ ਕੇ ਮਾਰਨ ਦਾ ਦੋਸ਼ ਹੈ। ਨਿਮਿਸ਼ਾ ਅਤੇ ਮਹਿਦੀ ਯਮਨ ਦੇ ਇੱਕ ਨਿੱਜੀ ਕਲੀਨਿਕ ਵਿੱਚ ਸਾਥੀ ਸਨ। ਦੋਸ਼ ਹੈ ਕਿ ਮਹਿਦੀ ਨੇ ਨਿਮਿਸ਼ਾ ਦਾ ਪਾਸਪੋਰਟ ਆਪਣੇ ਕੋਲ ਰੱਖਿਆ ਸੀ ਅਤੇ ਉਸ ਨੂੰ ਤਸੀਹੇ ਦਿੱਤੇ ਸਨ। ਜੁਲਾਈ 2017 ਵਿੱਚ ਮਹਿਦੀ ਤੋਂ ਪਾਸਪੋਰਟ ਲੈਣ ਲਈ, ਨਿਮਿਸ਼ਾ ਨੇ ਉਸ ਨੂੰ ਬੇਹੋਸ਼ ਕਰਨ ਲਈ ਇੱਕ ਟੀਕਾ ਲਗਾਇਆ ਅਤੇ ਫਿਰ ਨਿਮਿਸ਼ਾ ਨੇ ਮਹਿਦੀ ਨੂੰ ਓਵਰਡੋਜ਼ ਦੇ ਦਿੱਤੀ, ਜਿਸ ਦੇ ਨਤੀਜੇ ਵਜੋਂ ਉਸ ਦੀ ਮੌਤ ਹੋ ਗਈ। ਮੀਡੀਆ ਰਿਪੋਰਟਾਂ ਅਨੁਸਾਰ ਨਿਮਿਸ਼ਾ ਨੇ ਮਹਿਦੀ ਦੀ ਲਾਸ਼ ਦੇ ਟੁਕੜੇ ਕਰ ਦਿੱਤੇ ਅਤੇ ਪਾਣੀ ਦੀ ਟੈਂਕੀ ਵਿੱਚ ਸੁੱਟ ਦਿੱਤੇ। ਇਸ ਤੋਂ ਬਾਅਦ ਪੁਲਸ ਨੇ ਨਿਮਿਸ਼ਾ ਨੂੰ ਗ੍ਰਿਫਤਾਰ ਕਰ ਲਿਆ

## -ਮਾਮਲਾ 1984 ਸਿੱਖ ਵਿਰੋਧੀ ਕਤਲੇਆਮ ਪੁਲ ਬੰਗਸ਼ ਦਾ-

# ਹਰਪਾਲ ਕੌਰ ਦੀ ਗਵਾਹੀ: ਜਗਦੀਸ਼ ਟਾਈਟਲਰ 'ਤੇ ਗੰਭੀਰ ਦੋਸ਼

**ਵਿਸ਼ੇਸ਼ ਰਿਪੋਟ**

## ✪ ਸੀਬੀਆਈ ਦੀ ਜਾਂਚ,41 ਸਾਲਾਂ ਦੀ ਲਟਕਦੀ ਕਾਰਵਾਈ ਤੇ ਕਾਂਗਰਸ ਦੀ ਚੁੱਪ



1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਇਤਿਹਾਸਕ ਅਤੇ ਦੁਖਦਾਈ ਮਾਮਲੇ ਵਿੱਚ ਇੱਕ ਵਾਰ ਫਿਰ ਨਵਾਂ ਮੋੜ ਆਇਆ ਹੈ। ਉੱਤਰੀ ਦਿੱਲੀ ਦੇ ਗੁਰਦੁਆਰਾ ਪੁਲ ਬੰਗਸ਼ ਨਾਲ ਜੁੜੇ ਮਾਮਲੇ ਵਿੱਚ ਇੱਕ ਚਸ਼ਮਦੀਦ ਗਵਾਹ ਨੇ ਦਿੱਲੀ ਦੀ ਅਦਾਲਤ ਵਿੱਚ ਸਾਹਮਣੇ ਆ ਕੇ ਸਾਬਕਾ ਕਾਂਗਰਸੀ ਆਗੂ ਜਗਦੀਸ਼ ਟਾਈਟਲਰ 'ਤੇ ਗੰਭੀਰ ਦੋਸ਼ ਲਗਾਏ ਹਨ। 70 ਸਾਲਾ ਹਰਪਾਲ ਕੌਰ ਬੇਦੀ ਨੇ ਅਦਾਲਤ ਨੂੰ ਦੱਸਿਆ ਕਿ ਉਸ ਨੇ ਖੁਦ ਜਗਦੀਸ਼ ਟਾਈਟਲਰ ਨੂੰ 1 ਨਵੰਬਰ 1984 ਨੂੰ ਗੁਰਦੁਆਰਾ ਪੁਲ ਬੰਗਸ਼ ਦੇ ਸਾਹਮਣੇ ਭੀੜ ਨੂੰ ਸਿੱਖਾਂ ਨੂੰ ਲੁੱਟਣ ਅਤੇ ਮਾਰਨ ਲਈ ਉਕਸਾਉਂਦੇ ਹੋਏ ਦੇਖਿਆ ਸੀ। ਇਹ ਗਵਾਹੀ ਮਾਮਲੇ ਦੀ ਜਾਂਚ ਨੂੰ ਨਵੀਂ ਦਿਸ਼ਾ ਦੇ ਸਕਦੀ ਹੈ, ਪਰ ਇਸ ਦੇ ਨਾਲ ਹੀ ਸਵਾਲ ਉੱਠਦੇ ਹਨ ਕਿ ਇਹ ਮਾਮਲਾ ਪਿਛਲੇ 41 ਸਾਲਾਂ ਤੋਂ ਕਿਉਂ ਲਟਕ ਰਿਹਾ ਹੈ? ਸੀਬੀਆਈ ਦੀ ਭੂਮਿਕਾ ਕੀ ਰਹੀ? ਅਤੇ ਕਾਂਗਰਸ ਪਾਰਟੀ ਨੇ ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ ਵਰਗੇ ਨੇਤਾਵਾਂ ਨੂੰ ਪਾਰਟੀ ਵਿੱਚੋਂ ਬਾਹਰ ਕਿਉਂ ਨਹੀਂ ਕੱਢਿਆ?

### 1984 ਦੀ ਦੁਖਦਾਈ ਘਟਨਾ ਅਤੇ ਪੁਲ ਬੰਗਸ਼ ਮਾਮਲਾ

31 ਅਕਤੂਬਰ 1984 ਨੂੰ ਭਾਰਤ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਭਾਰਤ ਵਿੱਚ ਸਿੱਖਾਂ ਉਪਰ ਸਾਜਿਸ਼ ਤਹਿਤ ਸਿੱਖਾਂ ਉਪਰ ਹਿੰਸਕ ਹਮਲੇ ਕੀਤੇ ਗਏ। ਉੱਤਰੀ ਦਿੱਲੀ ਦੇ ਆਜ਼ਾਦ ਮਾਰਕੀਟ ਇਲਾਕੇ ਵਿੱਚ ਸਥਿਤ ਗੁਰਦੁਆਰਾ ਪੁਲ ਬੰਗਸ਼ ਵੀ ਇਸ ਹਿੰਸਾ ਦਾ ਸ਼ਿਕਾਰ ਬਣਿਆ। 1 ਨਵੰਬਰ 1984 ਨੂੰ ਇੱਕ ਹਿੰਸਕ ਭੀੜ ਨੇ ਗੁਰਦੁਆਰੇ ਨੂੰ ਅੱਗ ਲਗਾ ਦਿੱਤੀ ਅਤੇ ਤਿੰਨ ਸਿੱਖਾਂ - ਗੁਰਚਰਨ ਸਿੰਘ, ਸਰਦਾਰ ਠਾਕੁਰ ਸਿੰਘ ਅਤੇ ਬਾਦਲ ਸਿੰਘ ਨੂੰ ਜਿਉਂਦੇ ਸਾੜ ਦਿੱਤਾ। ਇਸ ਤੋਂ ਇਲਾਵਾ, ਨੇੜਲੇ ਬਾੜਾ ਹਿੰਦੂ ਰਾਓ ਇਲਾਕੇ ਵਿੱਚ ਵੀ ਅੱਗਜ਼ਨੀ ਅਤੇ ਲੁੱਟਮਾਰ ਦੀਆਂ ਘਟਨਾਵਾਂ ਵਾਪਰੀਆਂ। ਸੀਬੀਆਈ ਦੀ ਚਾਰਜਸ਼ੀਟ ਮੁਤਾਬਕ, ਜਗਦੀਸ਼ ਟਾਈਟਲਰ, ਜੋ ਉਸ ਸਮੇਂ ਕਾਂਗਰਸ ਦੇ ਪ੍ਰਮੁੱਖ ਨੇਤਾ ਅਤੇ ਸੰਸਦ ਮੈਂਬਰ ਸਨ, ਨੇ ਗੁਰਦੁਆਰਾ ਪੁਲ ਬੰਗਸ਼ ਦੇ ਸਾਹਮਣੇ ਇਕੱਠੀ ਹੋਈ ਭੀੜ ਨੂੰ ਭੜਕਾਇਆ, ਜਿਸ ਦੇ ਨਤੀਜੇ ਵਜੋਂ ਇਹ ਖੂਨੀ ਕਾਰਵਾਈ ਹੋਈ।

ਹਰਪਾਲ ਕੌਰ ਬੇਦੀ, ਜੋ 1984 ਵਿੱਚ ਘਟਨਾ ਸਮੇਂ ਗੁਰਦੁਆਰਾ ਪੁਲ ਬੰਗਸ਼ ਦੇ ਨੇੜੇ ਮੌਜੂਦ ਸੀ, ਨੇ ਵਿਸ਼ੇਸ਼ ਜੱਜ ਜਤਿੰਦਰ ਸਿੰਘ ਦੀ ਅਦਾਲਤ ਵਿੱਚ ਆਪਣੀ ਗਵਾਹੀ ਦੌਰਾਨ ਗੰਭੀਰ ਦੋਸ਼ ਲਗਾਏ। ਉਸ ਨੇ ਕਿਹਾ, "ਮੈਂ 1 ਨਵੰਬਰ 1984 ਨੂੰ ਗੁਰਦੁਆਰਾ ਪੁਲ ਬੰਗਸ਼ ਦੇ ਸਾਹਮਣੇ ਫੁੱਟਪਾਥ 'ਤੇ ਖੜ੍ਹੀ ਸੀ। ਮੈਂ ਖੁਦ ਜਗਦੀਸ਼ ਟਾਈਟਲਰ ਨੂੰ ਚਿੱਟੇ ਰੰਗ ਦੀ ਅੰਬੈਸਡਰ ਕਾਰ ਵਿੱਚ ਚੱਕਰ ਲਾਉਂਦੇ ਦੇਖਿਆ ਸੀ। ਬਾਅਦ ਵਿੱਚ ਉਹ ਗੁਰਦੁਆਰੇ ਦੇ ਸਾਹਮਣੇ ਰੁਕਿਆ। ਟਾਈਟਲਰ ਅਤੇ ਤਿੰਨ ਹੋਰ ਵਿਅਕਤੀ ਕਾਰ ਵਿੱਚੋਂ ਬਾਹਰ ਆਏ ਅਤੇ ਉਸ ਨੇ ਉੱਥੇ ਇਕੱਠੀ ਹੋਈ ਭੀੜ ਨੂੰ ਸਿੱਖਾਂ ਨੂੰ ਲੁੱਟਣ ਅਤੇ ਮਾਰਨ ਲਈ ਉਕਸਾਇਆ।"

ਹਰਪਾਲ ਕੌਰ ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਉਹ ਆਪਣੇ ਇਕਲੌਤੇ ਪੁੱਤ ਦੀ ਸੁਰੱਖਿਆ ਨੂੰ ਲੈ ਕੇ ਡਰਦੀ ਸੀ, ਜਿਸ ਕਾਰਨ ਉਸ ਨੇ ਲੰਬੇ ਸਮੇਂ ਤੱਕ ਚੁੱਪ ਵੱਟੀ ਰੱਖੀ। 2016 ਵਿੱਚ ਉਸ ਦੇ ਪੁੱਤਰ ਦੀ ਮੌਤ ਤੋਂ ਬਾਅਦ ਹੀ ਉਸ ਨੇ ਸੀਬੀਆਈ ਅੱਗੇ ਟਾਈਟਲਰ ਖ਼ਿਲਾਫ਼ ਬਿਆਨ ਦਿੱਤਾ। ਇਹ ਗਵਾਹੀ ਮਾਮਲੇ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਸਾਬਤ ਹੋ ਸਕਦੀ ਹੈ, ਪਰ ਸਵਾਲ ਇਹ ਹੈ ਕਿ ਇੰਨੇ ਸਾਲਾਂ ਬਾਅਦ ਇਹ ਗਵਾਹੀ ਕਿੰਨੀ ਪ੍ਰਭਾਵਸ਼ਾਲੀ ਸਾਬਤ ਹੋਵੇਗੀ?

### ਕਿਉਂ ਲਟਕ ਰਿਹਾ ਹੈ ਮਾਮਲਾ?

1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਮਾਮਲੇ ਪਿਛਲੇ ਚਾਰ ਦਹਾਕਿਆਂ ਤੋਂ ਅਦਾਲਤਾਂ ਵਿੱਚ ਲਟਕ ਰਹੇ ਹਨ। ਜਗਦੀਸ਼ ਟਾਈਟਲਰ ਨਾਲ ਜੁੜੇ ਇਸ ਮਾਮਲੇ ਦੀ ਜਾਂਚ ਸੀਬੀਆਈ ਨੇ 2005 ਵਿੱਚ ਸ਼ੁਰੂ ਕੀਤੀ ਸੀ, ਪਰ ਇਸ ਦੀ ਪ੍ਰਗਤੀ ਬਹੁਤ ਹੌਲੀ ਰਹੀ। ਮਾਮਲੇ ਦੀ ਟਾਈਮਲਾਈਨ ਇਸ ਪ੍ਰਕਾਰ ਹੈ:

2000: ਸਿੱਖ ਕਤਲੇਆਮ ਦੀ ਜਾਂਚ ਲਈ ਜਸਟਿਸ ਨਾਨਾਵਤੀ ਦੀ ਅਗਵਾਈ ਵਿੱਚ ਨਾਨਾਵਤੀ ਕਮਿਸ਼ਨ ਦਾ ਗਠਨ ਹੋਇਆ।

2005: ਸੀਬੀਆਈ ਨੇ ਟਾਈਟਲਰ ਖ਼ਿਲਾਫ਼ ਮਾਮਲਾ ਦਰਜ ਕੀਤਾ।

2007: ਸੀਬੀਆਈ ਨੇ ਸਬੂਤਾਂ ਦੀ ਕਮੀ ਦਾ ਹਵਾਲਾ ਦਿੰਦੇ ਹੋਏ ਮਾਮਲਾ ਬੰਦ ਕਰ ਦਿੱਤਾ ਸੀ।

ਦਸੰਬਰ 2007: ਦਿੱਲੀ ਦੀ ਅਦਾਲਤ ਨੇ ਸੀਬੀਆਈ ਨੂੰ ਮੁੜ ਜਾਂਚ ਦੇ ਹੁਕਮ ਦਿੱਤੇ।

2009: ਸੀਬੀਆਈ ਨੇ ਟਾਈਟਲਰ ਨੂੰ ਕਲੀਨ ਚਿੱਟ ਦੇ ਦਿੱਤੀ।

2013: ਅਦਾਲਤ ਨੇ ਸੀਬੀਆਈ ਦੀ ਰਿਪੋਰਟ ਰੱਦ ਕਰਕੇ ਜਾਂਚ ਜਾਰੀ ਰੱਖਣ ਦੇ ਹੁਕਮ ਦਿੱਤੇ।

2014: ਸੀਬੀਆਈ ਨੇ ਤੀਜੀ ਵਾਰ ਕਲੋਜ਼ਰ ਰਿਪੋਰਟ ਦਾਖਲ ਕੀਤੀ।

2015: ਅਦਾਲਤ ਨੇ ਫਿਰ ਜਾਂਚ ਜਾਰੀ ਰੱਖਣ ਦੇ ਹੁਕਮ ਦਿੱਤੇ।

2016: ਸੀਬੀਆਈ ਨੇ ਟਾਈਟਲਰ ਦੀ ਤਿੰਨ ਘੰਟਿਆਂ ਤੋਂ ਵੱਧ ਪੁੱਛਗਿੱਛ ਕੀਤੀ।

2023: ਸੀਬੀਆਈ ਨੇ ਰਾਊਜ਼ ਐਵੇਨਿਊ ਅਦਾਲਤ ਵਿੱਚ ਚਾਰਜਸ਼ੀਟ ਦਾਖਲ ਕੀਤੀ, ਜਿਸ ਵਿੱਚ ਟਾਈਟਲਰ 'ਤੇ ਭੀੜ ਨੂੰ ਭੜਕਾਉਣ ਦਾ ਦੋਸ਼ ਲਗਾਇਆ। ਇਸ ਟਾਈਮਲਾਈਨ ਤੋਂ ਸਪੱਸ਼ਟ ਹੈ ਕਿ ਸੀਬੀਆਈ ਨੇ ਕਈ ਵਾਰ ਮਾਮਲੇ ਨੂੰ ਬੰਦ ਕਰਨ ਦੀ ਕੋਸ਼ਿਸ਼ ਕੀਤੀ, ਪਰ ਅਦਾਲਤ ਨੇ ਹਰ ਵਾਰ ਜਾਂਚ ਜਾਰੀ ਰੱਖਣ ਦੇ ਹੁਕਮ ਦਿੱਤੇ। ਸੀਬੀਆਈ 'ਤੇ ਅਕਸਰ ਸਵਾਲ ਉੱਠਦੇ ਰਹੇ ਹਨ ਕਿ ਉਸ ਨੇ ਮਾਮਲੇ ਨੂੰ ਜਾਣਬੁੱਝ ਕੇ ਲਟਕਾਇਆ ਅਤੇ ਟਾਈਟਲਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਸੀਬੀਆਈ ਦੀਆਂ ਕਲੋਜ਼ਰ ਰਿਪੋਰਟਾਂ ਅਤੇ ਸਬੂਤਾਂ ਦੀ ਕਮੀ ਦੇ ਦਾਅਵਿਆਂ ਨੇ ਪੀੜਤ ਪਰਿਵਾਰਾਂ ਅਤੇ ਸਿੱਖ ਭਾਈਚਾਰੇ ਵਿੱਚ ਗੁੱਸੇ ਨੂੰ ਹੋਰ ਵਧਾਇਆ ਹੈ।


### ਅਦਾਲਤ ਵਿੱਚ ਦੇਰੀ ਦੇ ਕਾਰਨ

ਸੀਬੀਆਈ ਨੇ ਅਕਸਰ ਦਾਅਵਾ ਕੀਤਾ ਕਿ ਟਾਈਟਲਰ ਖ਼ਿਲਾਫ਼ ਪੁਖਤਾ ਸਬੂਤ ਨਹੀਂ ਮਿਲੇ। 1984 ਦੀ ਹਿੰਸਾ ਸਮੇਂ ਸਬੂਤ ਇਕੱਠੇ ਕਰਨ ਵਿੱਚ ਪੁਲਿਸ ਅਤੇ ਜਾਂਚ ਏਜੰਸੀਆਂ ਦੀ ਨਾਕਾਮੀ ਨੇ ਮਾਮਲਿਆਂ ਨੂੰ ਕਮਜ਼ੋਰ ਕੀਤਾ। ਹਰਪਾਲ ਕੌਰ ਵਾਂਗ ਕਈ ਗਵਾਹ ਡਰ ਦੇ ਮਾਰੇ ਸਾਹਮਣੇ ਨਹੀਂ ਆਏ। ਸਿਆਸੀ ਦਬਾਅ ਅਤੇ ਜਾਨ ਨੂੰ ਖਤਰੇ ਦੇ ਡਰ ਨੇ ਗਵਾਹੀਆਂ ਨੂੰ ਪ੍ਰਭਾਵਿਤ ਕੀਤਾ।

ਟਾਈਟਲਰ ਅਤੇ ਸੱਜਣ ਕੁਮਾਰ ਵਰਗੇ ਨੇਤਾਵਾਂ ਦੀ ਕਾਂਗਰਸ ਪਾਰਟੀ ਵਿੱਚ ਉੱਚੀ ਪਹੁੰਚ ਨੇ ਜਾਂਚ ਨੂੰ ਪ੍ਰਭਾਵਤ ਕੀਤਾ। ਸੀਬੀਆਈ 'ਤੇ ਸਿਆਸੀ ਦਬਾਅ ਦੇ ਦੋਸ਼ ਵੀ ਲੱਗਦੇ ਰਹੇ।

ਭਾਰਤੀ ਨਿਆਂ ਪ੍ਰਣਾਲੀ ਦੀ ਹੌਲੀ ਗਤੀ ਅਤੇ ਮਾਮਲਿਆਂ ਦੀ ਭਰਮਾਰ ਨੇ ਵੀ ਦੇਰੀ ਵਿੱਚ ਯੋਗਦਾਨ ਪਾਇਆ।





## ਕਾਂਗਰਸ ਨੇ ਟਾਈਟਲਰ ਅਤੇ ਸੱਜਣ ਕੁਮਾਰ ਨੂੰ ਕਿਉਂ ਨਹੀਂ ਕੱਢਿਆ?

ਕਾਂਗਰਸ ਪਾਰਟੀ 'ਤੇ ਸਿੱਖ ਵਿਰੋਧੀ ਕਤਲੇਆਮ ਦੇ ਦੋਸ਼ੀਆਂ ਨੂੰ ਸੁਰੱਖਿਆ ਦੇਣ ਦੇ ਇਲਜ਼ਾਮ ਲਗਦੇ ਰਹੇ ਹਨ। ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ, ਦੋਵੇਂ ਹੀ 1984 ਦੀ ਹਿੰਸਾ ਦੇ ਮੁੱਖ ਦੋਸ਼ੀਆਂ ਵਿੱਚ ਸ਼ੁਮਾਰ ਹਨ, ਪਰ ਕਾਂਗਰਸ ਨੇ ਉਨ੍ਹਾਂ ਨੂੰ ਪਾਰਟੀ ਵਿੱਚੋਂ ਬਾਹਰ ਕਰਨ ਦੀ ਬਜਾਏ ਅਹਿਮ ਅਹੁਦੇ ਦਿੱਤੇ 1984, 1991 ਅਤੇ 2004 ਵਿੱਚ ਟਾਈਟਲਰ ਸੰਸਦ ਮੈਂਬਰ ਚੁਣੇ ਗਏ। ਉਹ 1986 ਤੋਂ 1996 ਤੱਕ ਕੋਲਾ, ਸੈਰ-ਸਪਾਟਾ ਅਤੇ ਸਿਵਲ ਏਵੀਏਸ਼ਨ ਵਰਗੇ ਮੰਤਰਾਲਿਆਂ ਵਿੱਚ ਕੇਂਦਰੀ ਰਾਜ ਮੰਤਰੀ ਰਹੇ। 2009 ਵਿੱਚ ਵਿਵਾਦ ਕਾਰਨ ਉਸ ਦੀ ਲੋਕ ਸਭਾ ਟਿਕਟ ਵਾਪਸ ਲਈ ਗਈ, ਪਰ ਉਹ ਅਜੇ ਵੀ ਦਿੱਲੀ ਪ੍ਰਦੇਸ਼ ਕਾਂਗਰਸ ਕਮੇਟੀ ਦਾ ਸਥਾਈ ਮੈਂਬਰ ਹੈ। ਸੱਜਣ ਕੁਮਾਰ ਨੂੰ 2018 ਵਿੱਚ ਦਿੱਲੀ ਦੀ ਅਦਾਲਤ ਨੇ ਸਿੱਖ ਕਤਲੇਆਮ ਦੇ ਇੱਕ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਇਸ ਤੋਂ ਬਾਅਦ ਵੀ ਕਾਂਗਰਸ ਨੇ ਉਸ ਨੂੰ ਪਾਰਟੀ ਵਿੱਚੋਂ ਨਹੀਂ ਕੱਢਿਆ, ਹਾਲਾਂਕਿ ਉਸ ਦੀ ਸਿਆਸੀ ਸਰਗਰਮੀ ਘੱਟ ਹੋ ਗਈ।

ਸ਼੍ਰੋਮਣੀ ਅਕਾਲੀ ਦਲ ਅਤੇ ਹੋਰ ਸਿੱਖ ਸੰਗਠਨਾਂ ਨੇ ਕਾਂਗਰਸ 'ਤੇ ਦੋਸ਼ੀਆਂ ਨੂੰ ਸੁਰੱਖਿਆ ਦੇਣ ਦੇ ਇਲਜ਼ਾਮ ਲਗਾਏ, ਪਰ ਕਾਂਗਰਸ ਨੇ ਇਸ ਮੁੱਦੇ 'ਤੇ ਸਪੱਸ਼ਟ ਰੁਖ ਨਹੀਂ ਅਪਣਾਇਆ। ਪਾਰਟੀ ਦਾ ਤਰਕ ਰਿਹਾ ਹੈ ਕਿ ਨਿਆਂ ਪ੍ਰਕਿਰਿਆ ਨੂੰ ਆਪਣਾ ਕੰਮ ਕਰਨ ਦਿੱਤਾ ਜਾਵੇ, ਪਰ ਇਹ ਚੁੱਪੀ ਸਿੱਖ ਭਾਈਚਾਰੇ ਵਿੱਚ ਗੁੱਸੇ ਦਾ ਕਾਰਨ ਬਣੀ।

ਸ਼੍ਰੋਮਣੀ ਅਕਾਲੀ ਦਲ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸੰਗਠਨਾਂ ਨੇ ਕਾਂਗਰਸ ਅਤੇ ਸੀਬੀਆਈ 'ਤੇ ਮਾਮਲੇ ਨੂੰ ਦਬਾਉਣ ਦੇ ਦੋਸ਼ ਲਗਾਏ ਹਨ। ਪੀੜਤ ਪਰਿਵਾਰਾਂ ਦਾ ਕਹਿਣਾ ਹੈ ਕਿ ਜੇ ਸਰਕਾਰ ਅਤੇ ਜਾਂਚ ਏਜੰਸੀਆਂ ਨੇ ਸਮੇਂ ਸਿਰ ਕਾਰਵਾਈ ਕੀਤੀ ਹੁੰਦੀ, ਤਾਂ ਦੋਸ਼ੀਆਂ ਨੂੰ ਸਜ਼ਾ ਮਿਲ ਚੁੱਕੀ ਹੁੰਦੀ।

## ਸੰਪਾਦਕੀ

**ਵਿਚਾਰ :–** ਫੁੱਲ ਨੂੰ ਜੇਕਰ ਪਤਾ ਲੱਗ ਜਾਵੇ ਕਿ ਉਸ ਦੇ ਅੰਦਰ ਖੁਸ਼ਬੋ ਹੈ ਤਾਂ ਉਸ ਅੰਦਰ ਕਿਸੇ ਤਰਾਂ ਦੀ ਖਿੱਚ ਬਾਕੀ ਨਹੀਂ ਰਹੇਗੀ ।



ਰਜਿੰਦਰ ਸਿੰਘ ਪੁਰੇਵਾਲ

# ਕੀ 'ਆਪ' ਸਰਕਾਰ ਨਕੋਦਰ ਬੇਅਦਬੀ ਕਾਂਡ ਦਾ ਇਨਸਾਫ ਕਰੇਗੀ ?

1986 ਵਿੱਚ ਨਕੋਦਰ ਵਿੱਚ ਵਾਪਰਿਆ ਬੇਅਦਬੀ ਕਾਂਡ ਪੰਜਾਬ ਦੇ ਇਤਿਹਾਸ ਦਾ ਇੱਕ ਦੁਖਦਾਈ ਅਧਿਆਇ ਹੈ, ਜਿਸ ਦੀਆਂ ਚੀਸਾਂ ਅੱਜ ਵੀ ਸੁਣਾਈ ਦਿੰਦੀਆਂ ਹਨ। ਗੁਰਦੁਆਰਾ ਸਾਹਿਬ ਗੁਰੂ ਅਰਜਨ ਦੇਵ ਜੀ ਵਿੱਚ ਪੰਜ ਪਵਿੱਤਰ ਬੀੜਾਂ ਦੀ ਬੇਅਦਬੀ ਅਤੇ ਉਸ ਤੋਂ ਬਾਅਦ ਸ਼ਾਂਤਮਈ ਸਿੱਖ ਪ੍ਰਦਰਸ਼ਨਕਾਰੀਆਂ 'ਤੇ ਗੋਲੀਬਾਰੀ, ਜਿਸ ਵਿੱਚ ਚਾਰ ਨੌਜਵਾਨ ਰਵਿੰਦਰ ਸਿੰਘ ਲਿੱਤਰਾਂ, ਬਲਧੀਰ ਸਿੰਘ ਰਾਮਗੜ੍ਹ, ਝਿਰਮਲ ਸਿੰਘ ਗੁਰਸਿਆਣਾ ਅਤੇ ਹਰਮਿੰਦਰ ਸਿੰਘ ਸ਼ਹੀਦ ਹੋਏ ਸਨ, ਨੇ ਸਿੱਖ ਕੌਮ ਦੇ ਦਿਲਾਂ ਵਿੱਚ ਡੂੰਘੇ ਜ਼ਖ਼ਮ ਛੱਡੇ ਸਨ। ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਜਾਂਚ ਰਿਪੋਰਟ, ਜੋ 31 ਅਕਤੂਬਰ 1986 ਨੂੰ ਸਰਕਾਰ ਨੂੰ ਸੌਂਪੀ ਗਈ ਸੀ, ਅਤੇ ਉਸ ਦੀ ਐਕਸ਼ਨ ਟੇਕਨ ਰਿਪੋਰਟ ਦਾ ਗੁੰਮ ਹੋਣਾ, ਇਸ ਮਸਲੇ ਨੂੰ ਹੋਰ ਵੀ ਰਹੱਸਮਈ ਬਣਾਉਂਦਾ ਹੈ। 39 ਸਾਲ ਬਾਅਦ ਵਿਧਾਨ ਸਭਾ ਸਪੀਕਰ ਵੱਲੋਂ ਇਸ ਰਿਪੋਰਟ ਨੂੰ ਲੱਭਣ ਲਈ ਕਮੇਟੀ ਦਾ ਗਠਨ ਕਰਨਾ, ਸਵਾਲ ਖੜ੍ਹੇ ਕਰਦਾ ਹੈ: ਕੀ ਇਹ ਸੱਚਾਈ ਨੂੰ ਸਾਹਮਣੇ ਲਿਆਉਣ ਦੀ ਸੁਹਿਰਦ ਕੋਸ਼ਿਸ਼ ਹੈ, ਜਾਂ ਸਿਆਸੀ ਲਾਰੇਬਾਜ਼ੀ ਦਾ ਇੱਕ ਹੋਰ ਨਮੂਨਾ ਹੈ ?

ਇਸ ਕਾਂਡ ਦੀ ਜੜ੍ਹ ਵਿੱਚ 2 ਫਰਵਰੀ 1986 ਦੀ ਘਟਨਾ ਹੈ, ਜਦੋਂ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਾਲੀ ਅਕਾਲੀ ਸਰਕਾਰ ਦੌਰਾਨ ਰਾਜ ਗੁਰੂ ਗ੍ਰੰਥ ਸਾਹਿਬ ਦੀਆਂ ਪੰਜ ਬੀੜਾਂ ਅਗਨ ਭੇਂਟ ਕੀਤੀਆਂ ਗਈਆਂ ਸਨ। ਇਸ ਦੇ ਵਿਰੋਧ ਵਿੱਚ 4 ਫਰਵਰੀ ਨੂੰ ਸ਼ਾਂਤੀਪੂਰਣ ਪ੍ਰਦਰਸ਼ਨ ਕਰ ਰਹੇ ਸਿਖ ਨੌਜਵਾਨਾਂ 'ਤੇ ਪੁਲਿਸ ਨੇ ਗੋਲੀਆਂ ਚਲਾਈਆਂ ਸਨ, ਜਿਸ ਕਾਰਣ ਚਾਰ ਸਿੱਖ ਨੌਜਵਾਨ ਸ਼ਹੀਦ ਹੋਏ ਸਨ। ਇਸ ਦੁਖਦਾਈ ਘਟਨਾ ਦੀ ਜਾਂਚ ਲਈ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਵਿੱਚ ਕਮਿਸ਼ਨ ਬਣਾਇਆ ਗਿਆ, ਪਰ ਇਸ ਦੀ ਰਿਪੋਰਟ ਦਾ ਦੂਜਾ ਹਿੱਸਾ ਅਤੇ ਐਕਸ਼ਨ ਟੇਕਨ ਰਿਪੋਰਟ ਅੱਜ ਤੱਕ ਗੁੰਮ ਹਨ।

ਵਿੱਤ ਮੰਤਰੀ ਹਰਪਾਲ ਚੀਮਾ ਨੇ ਵਿਧਾਨ ਸਭਾ ਵਿੱਚ ਦਾਅਵਾ ਕੀਤਾ ਕਿ ਰਿਪੋਰਟ ਦੀ ਇੱਕ ਕਾਪੀ ਵਿਧਾਨ ਸਭਾ ਵਿੱਚ ਮੌਜੂਦ ਹੈ, ਪਰ ਏ.ਟੀ.ਆਰ. ਰਹੱਸਮਈ ਢੰਗ ਨਾਲ ਗਾਇਬ ਹੋ ਗਈ ਸੀ। ਸਵਾਲ ਇਹ ਹੈ ਕਿ ਇਹ ਰਿਪੋਰਟ ਕਦੋਂ ਅਤੇ ਕਿਵੇਂ ਗੁੰਮ ਹੋਈ ? ਕੀ ਇਸ ਨੂੰ ਜਾਣਬੁੱਝ ਕੇ ਗੁੰਮ ਕੀਤਾ ਗਿਆ, ਤਾਂ ਜੋ ਦੋਸ਼ੀਆਂ ਨੂੰ ਬਚਾਇਆ ਜਾ ਸਕੇ ?

ਉਸ ਸਮੇਂ ਅਕਾਲੀ ਦਲ ਦੀ ਸਰਕਾਰ ਸੱਤਾ ਵਿੱਚ ਸੀ। ਸੁਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ, ਕੰਵਲਜੀਤ ਸਿੰਘ ਗ੍ਰਹਿ ਮੰਤਰੀ ਅਤੇ ਸੁਖਜਿੰਦਰ ਸਿੰਘ ਖਹਿਰਾ ਸਿੱਖਿਆ ਮੰਤਰੀ ਸਨ। ਇਸ ਸਰਕਾਰ ਨੇ ਨਾ ਤਾਂ ਬੇਅਦਬੀ ਦੇ ਦੋਸ਼ੀਆਂ ਖ਼ਿਲਾਫ਼ ਕੋਈ ਐਫ.ਆਈ.ਆਰ. ਦਰਜ ਕੀਤੀ ਅਤੇ ਨਾ ਹੀ ਕੋਈ ਸਖ਼ਤ ਕਾਰਵਾਈ ਕੀਤੀ। ਇਸ ਦੀ ਥਾਂ, ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਨੂੰ ਠੰਢੇ ਬਸਤੇ ਵਿੱਚ ਪਾ ਦਿੱਤਾ ਗਿਆ। ਅਕਾਲੀ ਸਰਕਾਰ ਦੀ ਇਸ ਅਪਰਾਧ ਨੇ ਸਿੱਖ ਕੌਮ ਵਿੱਚ ਰੋਸ ਪੈਦਾ ਕੀਤਾ, ਜੋ ਅੱਜ ਵੀ ਜਾਰੀ ਹੈ। ਇਸ ਤੋਂ ਬਾਅਦ ਆਈਆਂ ਕਾਂਗਰਸ ਸਰਕਾਰਾਂ ਨੇ ਵੀ ਇਸ ਮਸਲੇ 'ਤੇ ਕੋਈ ਠੋਸ ਕਦਮ ਨਹੀਂ ਚੁੱਕਿਆ। 2015 ਵਿੱਚ ਵੀ ਬਰਗਾੜੀ ਬੇਅਦਬੀ ਕਾਂਡ ਵਾਪਰਿਆ, ਪਰ ਕਾਂਗਰਸ ਸਰਕਾਰ ਨੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿੱਚ ਅਸਫਲਤਾ ਹੀ ਦਿਖਾਈ। ਹੁਣ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਨੇ 39 ਸਾਲ ਬਾਅਦ ਕਮੇਟੀ ਬਣਾਈ ਹੈ, ਪਰ ਸਵਾਲ ਉੱਠਦਾ ਹੈ ਕਿ ਕੀ ਇਹ ਕਮੇਟੀ ਸੱਚਾਈ ਨੂੰ ਸਾਹਮਣੇ ਲਿਆਏਗੀ, ਜਾਂ ਇਹ ਵੀ ਪਿਛਲੀਆਂ ਸਰਕਾਰਾਂ ਵਾਂਗ ਸਿਆਸੀ ਨਾਟਕਬਾਜ਼ੀ ਹੀ ਕਰੇਗੀ ?

ਨਕੋਦਰ ਕਾਂਡ ਦੇ ਦੋਸ਼ੀਆਂ ਦੀ ਪਛਾਣ ਅਤੇ ਸਜ਼ਾ ਦਾ ਮਸਲਾ ਅੱਜ ਵੀ ਹੱਲ ਨਹੀਂ ਹੋਇਆ। ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਦਾ ਦੂਜਾ ਹਿੱਸਾ, ਜਿਸ ਵਿੱਚ ਦੋਸ਼ੀਆਂ ਦੀ ਜਾਂਚ ਪੜਤਾਲ ਸ਼ਾਮਲ ਸੀ, ਗੁੰਮ ਹੋਣ ਦੀ ਗੱਲ ਸਰਕਾਰੀ ਅਧਿਕਾਰੀਆਂ ਦੀ ਸ਼ੱਕੀ ਭੂਮਿਕਾ ਵੱਲ ਇਸ਼ਾਰਾ ਕਰਦੀ ਹੈ। ਸਵਾਲ ਇਹ ਵੀ ਹੈ ਕਿ ਜੇ ਏ.ਟੀ.ਆਰ. ਕਦੇ ਹੋਂਦ ਵਿੱਚ ਸੀ ਹੀ ਨਹੀਂ, ਤਾਂ ਇਸ ਨੂੰ ਲੱਭਣ ਦੀ ਗੱਲ ਕਰਨਾ ਕਿਸ ਗੱਲ ਦਾ ਸੰਕੇਤ ਹੈ ? ਕੀ ਸਰਕਾਰ ਸੱਚ ਨੂੰ ਲੁਕਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜਾਂ ਸਿਰਫ਼ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਰਹੀ ਹੈ ?ਆਮ ਆਦਮੀ ਪਾਰਟੀ ਸਰਕਾਰ, ਜੋ ਖੁਦ ਨੂੰ ਪਾਰਦਰਸ਼ੀ ਅਤੇ ਜਨਤਕ ਸਰਕਾਰ ਦੱਸਦੀ ਹੈ, ਸਾਹਮਣੇ ਇੱਕ ਵੱਡੀ ਚੁਣੌਤੀ ਹੈ। ਭਗਵੰਤ ਮਾਨ ਦੀ ਅਗਵਾਈ ਵਿੱਚ ਸਰਕਾਰ ਨੂੰ ਨਾ ਸਿਰਫ਼ ਗੁੰਮ ਰਿਪੋਰਟ ਲੱਭਣ ਦੀ ਜ਼ਰੂਰਤ ਹੈ, ਸਗੋਂ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਅਤੇ ਪੀੜਤ ਪਰਿਵਾਰਾਂ ਨੂੰ ਇਨਸਾਫ ਦੇਣ ਦੀ ਵੀ ਲੋੜ ਹੈ। ਪਰ ਪਿਛਲੇ 39 ਸਾਲਾਂ ਦਾ ਇਤਿਹਾਸ ਦੱਸਦਾ ਹੈ ਕਿ ਸਰਕਾਰਾਂ ਨੇ ਇਸ ਮਸਲੇ ਨੂੰ ਸਿਆਸੀ ਹਥਿਆਰ ਵਜੋਂ ਵਰਤਿਆ ਹੈ, ਨਾ ਕਿ ਇਨਸਾਫ ਦੀ ਗਾਰੰਟੀ ਦਿੱਤੀ।ਪੰਜਾਬ ਦੇ ਲੋਕਾਂ ਨੂੰ ਸੱਚ ਜਾਨਣ ਦਾ ਹੱਕ ਹੈ। ਨਕੋਦਰ ਕਾਂਡ ਦੀ ਸੱਚਾਈ, ਦੋਸ਼ੀਆਂ ਦੀ ਪਛਾਣ ਅਤੇ ਸਰਕਾਰੀ ਢਿਲ ਮਠ ਦੇ ਕਾਰਨਾਂ ਨੂੰ ਸਾਹਮਣੇ ਲਿਆਉਣਾ ਸਮੇਂ ਦੀ ਮੰਗ ਹੈ। ਜੇਕਰ 'ਆਪ' ਸਰਕਾਰ ਸੱਚਮੁੱਚ ਇਨਸਾਫ ਦੇਣਾ ਚਾਹੁੰਦੀ ਹੈ, ਤਾਂ ਉਸ ਨੂੰ ਸੀ.ਬੀ.ਆਈ. ਜਾਂਚ ਦੇ ਹੁਕਮ ਦੇਣੇ ਚਾਹੀਦੇ ਹਨ, ਨਾ ਕਿ ਸਿਰਫ਼ ਕਮੇਟੀਆਂ ਬਣਾ ਕੇ ਸਮਾਂ ਬਰਬਾਦ ਕਰਨਾ ਚਾਹੀਦਾ।

## ਪੂਰੇ ਦੇਸ਼ ਨਾਲੋਂ ਪੰਜਾਬ ਵਿਚ ਸਭ ਤੋਂ ਵੱਧ ਡੀਜੀਪੀ, ਉੱਚ ਅਧਿਕਾਰੀ ਕਿਉਂ ?

ਪੰਜਾਬ, ਜਿਹੜਾ 23 ਜ਼ਿਲ੍ਹਿਆਂ ਵਾਲਾ ਛੋਟਾ ਜਿਹਾ ਸੂਬਾ ਹੈ, ਵਿੱਚ ਪੁਲਿਸ ਵਿਭਾਗ ਦਾ ਢਾਂਚਾ ਚਿੰਤਾਜਨਕ ਵੀ ਬਣਦਾ ਜਾ ਰਿਹਾ ਹੈ। ਸੂਬੇ ਵਿੱਚ ਹੁਣ 20 ਡੀਜੀਪੀ ਰੈਂਕ ਦੇ ਅਧਿਕਾਰੀ ਹਨ, ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹੈ। ਇਹ ਗਿਣਤੀ ਉਦੋਂ ਹੋਰ ਹੈਰਾਨ ਕਰਦੀ ਹੈ ਜਦੋਂ ਅਸੀਂ ਵੇਖਦੇ ਹਾਂ ਕਿ ਕੇਂਦਰ ਸਰਕਾਰ ਦੇ ਅਮਲਾ ਵਿਭਾਗ ਨੇ ਪੰਜਾਬ ਲਈ ਸਿਰਫ਼ ਦੋ ਡੀਜੀਪੀ ਅਸਾਮੀਆਂ ਨੂੰ ਮਨਜ਼ੂਰੀ ਦਿੱਤੀ ਹੈ। (ਬਾਕੀ ਹਿਸਾ ਸਫਾ 9 ਤੇ ਪੜ੍ਹੋ) ⟶

## NEWS & VIEWS

# MPs WHO SEEK SIKH VOTES IN GURDWARAS BUT FAIL TO RAISE LEGITIMATE SIKH ISSUES IN PARLIAMENT



Gurmukh Singh OBE

Defence of the rights of minorities is a true measure of the success of true democracies. That also assumes loyalty to the national values and way of life by minority communities.

British Sikhs have never asked for more except that their rights as a legally distinct *ethnic* (qaumi) minority should be safeguarded. Otherwise, Sikhs have adjusted well to the British way of life.

When MPs visit Gurdwaras to seek Sikh votes, they are expected to show an understanding of the Sikh tradition, issues and concerns. They should make only those promises which they can deliver. For example, one such promise made by the Labour Party in opposition before the last general election was to hold a judge-led inquiry into the role of UK in 1984 Darbar Sahib attack by the Indian Army. Anti-Sikh measures by PM Margaret Thatcher at the time, need scrutiny. That promise has yet to be delivered by the Labour Government.

MPs of all parties need to be aware that they are dealing with well-educated British Sikh next generations who will make them account for the pre-election promises. Sikhs are not block voters. Depending on party manifestos, Sikhs join all parties and play their role as responsible citizens. This democratic approach by the Sikhs to vote according to own personal political choices can be misread by sitting MPs more inclined to please block-voting communities. They may assume that Sikhs can be safely ignored because they appear to be divided between parties. That can be a miscalculation.

As a distinct British community, Sikhs are well educated, self-reliant, prosperous net contributors to the UK economy. Regardless of their diverse political affiliations, they do share common values as members of the *Panth* also. That is a unique concept of a *religio-political entity* focused on honest living in God remembrance, sharing, service and justice akin to British values. That concept of the *Panth* does unite all Sikhs as often witnessed at major Sikh events. Sikhs can be much more influential in plural societies than their numbers or diverse political affiliations would suggest. To ignore just Sikh rights can be costly for politicians in the long run.

MPs cannot be selective between the majority community and British minorities when upholding the rights of British Citizens including those visiting abroad. Regrettably, that has been the case over the years and the most recent example is that of Jagtar Singh Johal awaiting justice in India.

The collective memory of every community is long. Sikh constituents remember MPs who have supported just Sikh needs and concerns over the last few decades during a time of changing race relations. For example, MP Sydney Bidwell of Ealing Southall is remembered for crucial role in *The Turban Victory**.

Generally, Sikh contribution to the British way of life, long history of Anglo-Sikh relations, Sikhs as loyal citizens and their massive net contribution to the UK economy are well set out in the successive Sikh Manifestos**. Most MPs, and especially those from constituencies with large Sikh populations, should make themselves conversant with these publications since 2015. They should attend APPG for Sikhs briefings.

By taking up issues of concern to minorities like the Sikhs, MPs place themselves in a stronger position as true guardians of democratic principles.

The Turban Victory by Sydney Bidwell MP (Ealing - Southall)

** See under Sikh Manifastos; Sikh Missionary Society (U.K.)

**Gurmukh Singh OBE**, Ret'd Principal Civil Servant (UK) sewauk2005@yahoo.co.uk

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀਆਂ ਵੋਟਾਂ ਬਣਾਉਣ ਦਾ ਸਮਾਂ ਬਦਲ ਕੇ 12 ਵਜੇ ਤੋਂ 8 ਵਜੇ ਤੱਕ ਦਾ ਕੀਤਾ

## ਕੀ ਸੰਗਤਾਂ ਮੈਂਬਰ ਬਣਨ ਲਈ ਬਹੁਤੀ ਦਿਲਚਸਪੀ ਨਹੀਂ ਵਿਖਾ ਰਹੀਆਂ ?

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਪ੍ਰਬੰਧਕ ਕਮੇਟੀ ਦੀ ਚੋਣ ਨੂੰ ਲੈ ਕੇ ਬਣ ਰਹੀਆਂ ਵੋਟਾਂ ਦਾ ਕੰਮ ਬਹੁਤ ਧੀਮੀ ਰਫ਼ਤਾਰ ਨਾਲ ਚੱਲ ਰਿਹਾ ਹੈ। ਸੰਵਿਧਾਨ ਦੇ ਨਿਯਮਾਂ ਮੁਤਾਬਿਕ ਈਲਿੰਗ, ਹੰਸਲੋ, ਹੈਰੋ ਅਤੇ ਹਾਰਲਿੰਗਟਨ ਕੌਂਸਲਾਂ ਵਿਚ ਵੱਸਦੇ ਅਤੇ ਯੂ ਕੇ ਵਿੱਚ ਪੱਕੇ ਤੌਰ ਤੇ ਵੱਸਦੇ ਸਿੱਖਾਂ ਨੂੰ ਮੈਂਬਰ ਬਣਨ ਦਾ ਅਧਿਕਾਰ ਹੈ। ਲੇਕਨ ਪਿਛਲੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਮੰਗ ਉੱਠਦੀ ਰਹੀ ਹੈ ਕਿ ਗੁਰਦੁਆਰਾ ਸਾਹਿਬ ਦੇ ਮੈਂਬਰ ਬਣਨ ਦਾ ਅਧਿਕਾਰ ਹਰ ਸਿੱਖ ਨੂੰ ਹੋਣਾ ਚਾਹੀਦਾ ਹੈ। ਖ਼ਾਸ ਤੌਰ ਤੇ ਜਿਹੜੇ ਲੋਕਾਂ ਨੂੰ ਯੂ ਕੇ ਦੀਆਂ ਆਮ ਚੋਣਾਂ ਵਿੱਚ ਵੋਟ ਪਾਉਣ ਦਾ ਅਧਿਕਾਰ ਹੈ ਉਨ੍ਹਾਂ ਨੂੰ ਜ਼ਰੂਰ ਮੌਕਾ ਮਿਲਣਾ ਚਾਹੀਦਾ ਹੈ। ਇਸ ਤਰ੍ਹਾਂ ਦਾ ਰੌਲਾ ਪਹਿਲਾਂ ਵੀ ਪਿਆ ਸੀ ਜਦੋਂ ਯੂਰਪ ਵਿੱਚੋਂ ਆ ਕੇ ਯੂ ਕੇ ਵੱਸਦੇ ਸਿੱਖਾਂ ਨੂੰ ਚੋਣ ਪ੍ਰਕਿਰਿਆ ਤੋਂ ਲਾਂਭੇ ਰੱਖਿਆ ਗਿਆ ਸੀ। ਸੰਵਿਧਾਨ ਵਿੱਚ ਬੀਤੇ ਸਮੇਂ ਵਿੱਚ ਮੌਜੂਦਾ ਪ੍ਰਬੰਧਕ ਕਮੇਟੀ ਨੇ ਕਈ ਤਬਦੀਲੀਆਂ ਕੀਤੀਆਂ ਜਿਸ ਵਿੱਚ ਨਵੇਂ ਟਰੱਸਟੀਆਂ ਦੀ ਚੋਣ ਅਤੇ ਉਨ੍ਹਾਂ ਟਰੱਸਟੀਆਂ ਨੂੰ ਹੀ ਚੋਣ ਕਰਵਾਉਣ ਦਾ ਅਧਿਕਾਰ ਦਿੱਤਾ ਗਿਆ। ਲੇਕਨ ਇਸ ਮੌਕੇ ਵੋਟ ਬਣਾਉਣ ਲਈ ਬੀਤੇ ਇੱਕ ਦਹਾਕੇ ਤੋਂ ਵੱਧ ਜਿਸ ਮੰਗ ਨੂੰ ਲੈ ਕੇ ਵਾਦ ਵਿਵਾਦ ਚੱਲਦਾ ਹੈ ਉਸ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਲੰਮੇ ਸਮੇਂ ਤੋਂ ਸਿੱਖ ਸੰਗਤਾਂ ਇਸ ਗੱਲ ਦੀ ਹਾਮੀ ਭਰਦੀਆਂ ਹਨ ਕਿ ਜਿਹੜੇ ਲੋਕ ਸਥਾਈ ਤੌਰ ਤੇ ਯੂ ਕੇ ਰਹਿਣ ਲਈ ਆਪਣਾ ਜੀਵਨ ਸ਼ੁਰੂ ਕਰ ਰਹੇ ਹਨ ਉਨ੍ਹਾਂ ਨੂੰ ਵੋਟ ਪਾਉਣ ਦਾ ਅਧਿਕਾਰ ਜਰੂਰ ਹੋਣਾ ਚਾਹੀਦਾ ਹੈ। ਕਈ ਲੋਕ ਵਿਆਹ ਕਰਵਾ ਕੇ ਆਏ ਹਨ ਅਤੇ ਉਨ੍ਹਾਂ ਕੋਲ ਢਾਈ ਸਾਲ ਦਾ ਵੀਜ਼ਾ ਹੈ, ਜੋ ਨਿਯਮਾਂ ਅਨੁਸਾਰ ਅੱਗੇ ਵਧੇਗਾ, ਕਈ ਬੱਚਿਆਂ ਵਾਲੇ ਨਿਯਮ ਅਨੁਸਾਰ ਪੱਕੇ ਹੋਣ ਦਾ ਹੱਕ ਰੱਖਦੇ ਹਨ ਜਾਣੀ ਪੰਜ ਸਾਲ ਅਤੇ ਹੁਣ ਸੱਤ ਸਾਲ ਵਾਲੇ ਨਿਯਮ ਤਹਿਤ ਪੱਕੇ ਹੋਣ ਦੀ ਪ੍ਰਕਿਰਿਆ ਵਿੱਚ ਹਨ। ਉਹਨਾਂ ਲੋਕਾਂ ਨੂੰ ਕੌਂਸਲ ਅਤੇ ਸਰਕਾਰ ਚੁਣਨ ਲਈ ਵੋਟ ਪਾਉਣ ਦਾ ਅਧਿਕਾਰ ਹੈ, ਫਿਰ ਗੁਰਦੁਆਰਾ ਸਾਹਿਬ ਦੀ ਚੋਣ ਤੋਂ ਅਜੇਹੇ ਸਿੱਖਾਂ ਨੂੰ ਲਾਂਭੇ ਕਿਉਂ ਰੱਖਿਆ ਜਾ ਰਿਹਾ ਹੈ। ਸੰਵਿਧਾਨ ਵਿੱਚ ਸੋਧ ਕਰਨ ਮੌਕੇ ਵੀ ਇਸ ਮੁੱਦੇ ਨੂੰ ਤਵੱਜੋਂ ਨਹੀਂ ਦਿੱਤੀ ਗਈ।




ਸਾਬਕਾ ਪ੍ਰਧਾਨ ਸ: ਗੁਰਮੇਲ ਸਿੰਘ ਮੱਲੀ ਦੀ ਅਗਵਾਈ ਵਿੱਚ ਚੱਲ ਸ਼ੇਰ ਗਰੁੱਪ ਵੱਲੋਂ ਸਭ ਨੂੰ ਵੋਟ ਬਣਾਉਣ ਦਾ ਅਧਿਕਾਰ ਦੇਣ ਦੀ ਖੁੱਲ ਕੇ ਹਮਾਇਤ ਕਰ ਰਹੇ ਹਨ। ਪਰ ਦੂਜੇ ਪਾਸੇ ਮੌਜੂਦਾ ਪ੍ਰਬੰਧਕ ਕਮੇਟੀ ਇਸ ਮਾਮਲੇ ਵਿੱਚ ਚੁੱਪ ਹੈ ਜਾਂ ਉਸ ਵੱਲੋਂ ਇਸ ਮੰਗ ਦੀ ਹਮਾਇਤ ਨਹੀਂ ਕੀਤੀ ਜਾ ਰਹੀ।

ਸੰਗਤਾਂ ਵਿੱਚ ਉਤਸ਼ਾਹ ਨਾ ਵੇਖਦਿਆਂ ਮੈਂਬਰਸ਼ਿਪ ਬਣਾਉਣ ਦੇ ਸਮੇਂ ਵਿੱਚ ਤਬਦੀਲੀ ਕੀਤੀ ਗਈ ਹੈ, ਪਹਿਲਾਂ ਇਹ ਸਮਾਂ ਸਵੇਰੇ 10 ਵਜੇ ਤੋਂ ਸ਼ਾਮੀ 6 ਵਜੇ ਤੱਕ ਸੀ, ਜਿਸ ਨੂੰ ਹੁਣ ਬਦਲ ਕੇ 12 ਵਜੇ ਤੋਂ ਸ਼ਾਮੀ 8 ਵਜੇ ਤੱਕ ਕਰ ਦਿੱਤਾ ਗਿਆ ਹੈ, ਜਦੋਂ ਇਸ ਸਬੰਧੀ ਚੋਣ ਕਮੇਟੀ ਦੇ ਚੇਅਰਮੈਨ ਸ: ਮਨਜੀਤ ਸਿੰਘ ਬੁੱਟਰ ਨੂੰ ਪੁਛਿਆ ਗਿਆ ਤਾਂ ਉਹਨਾਂ ਦੱਸਿਆ ਕਿ ਸਮੇਂ ਵਿੱਚ ਤਬਦੀਲੀ ਸੰਗਤਾਂ ਦੀ ਮੰਗ ਤੇ ਕੀਤੀ ਗਈ ਹੈ ਕਿਉਂਕਿ ਬਹੁਤ ਸਾਰੀਆਂ ਸੰਗਤਾਂ ਨੂੰ ਕੰਮਾਂ ਤੋਂ ਆਉਣ ਜਾਣ ਕਰਕੇ ਅਤੇ ਸਾਊਥਾਲ ਵਿੱਚ ਭਾਰੀ ਟਰੈਫਿਕ ਹੋਣ ਕਰਕੇ ਮੁਸ਼ਕਿਲ ਹੋ ਰਹੀ ਸੀ। ਹੁਣ ਤੱਕ ਬਣੀਆਂ ਵੋਟਾਂ ਦੀ ਗਿਣਤੀ ਬਾਰੇ ਸਵਾਲ ਦਾ ਜਵਾਬ ਦਿੰਦਿਆਂ ਸ: ਬੁਟਰ ਨੇ ਕਿਹਾ ਕਿ ਉਹ ਬਾਹਰ ਹੋਣ ਕਰਕੇ ਉਪਲੱਬਦ ਨਹੀਂ ਕਰਵਾ ਸਕਦੇ ਪਰ, 12 ਜੁਲਾਈ 2025 ਨਾਲੋਂ ਹੁਣ ਹੁੰਗਾਰਾ ਜਿਆਦਾ ਮਿਲ ਰਿਹਾ ਹੈ।

ਹੁਣ ਵੇਖਣਾ ਇਹ ਹੋਵੇਗਾ ਕਿ ਚਾਰ ਬਾਰੋ ਵਿੱਚ ਅੰਦਾਜਨ 1 ਲੱਖ ਤੋਂ ਵੱਧ ਵੱਸਦੇ ਸਿੱਖਾਂ ਵਿੱਚੋਂ ਕਿੰਨੇ ਸਿੱਖ ਵੋਟਾਂ ਬਣਾਉਣਗੇ। ਲਈ ਅੱਗੇ ਆਉਣਗੇ। ਸਮਾਂ ਬਦਲਣ ਨਾਲ ਕੀ ਵੋਟਾਂ ਬਣਾਉਣ ਵਿੱਚ ਉਤਸ਼ਾਹ ਪੈਦਾ ਹੋਵੇਗਾ ਜਾਂ ਨਹੀਂ। ਲੇਕਨ ਬਹੁ ਗਿਣਤੀ ਸਿੱਖ ਚਾਹੁੰਦੇ ਹਨ ਕਿ ਚਾਰੇ ਕੌਂਸਲਾਂ ਵਿੱਚ ਵੱਸਦੇ ਹਰ ਸਿੱਖ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦਾ ਮੈਂਬਰ ਬਣਨ ਦਾ ਅਧਿਕਾਰ ਦਿੱਤਾ ਜਾਣਾ ਚਾਹੀਦਾ ਹੈ। ਤਾਂ ਕਿ ਸਿੱਖਾਂ ਦੀ ਇਸ ਵੱਡੀ ਸੰਸਥਾ ਨਾਲ ਵੱਧ ਤੋਂ ਵੱਧ ਸਿੱਖ ਭਾਈਚਾਰਾ ਜੁੜਿਆ ਰਹੇ। ਹੁਣ ਸਮਾਂ ਹੀ ਦੱਸੇਗਾ ਕਿ ਸਭਾ ਦੇ ਪ੍ਰਬੰਧ ਨੂੰ ਲੈ ਕੇ ਕਿੰਨੇ ਕੁ ਸਿੱਖ ਮੈਂਬਰ ਬਣ ਕੇ ਅੱਗੇ ਆਉਂਦੇ ਹਨ।

## ਸੰਪਾਦਕੀ-ਵੱਧ ਡੀਜੀਪੀ, ਉੱਚ ਅਧਿਕਾਰੀ ਕਿਉਂ ?

8 ਸਫ਼ੇ ਦਾ ਬਾਕੀ ਹਿੱਸਾ

ਬਾਕੀ ਅਸਥਾਈ ਅਹੁਦਿਆਂ ਦੀ ਸਿਰਜਣਾ ਕੇਂਦਰ ਸਰਕਾਰ ਦੇ ਨਿਯਮਾਂ ਅਨੁਸਾਰ ਸਿਰਫ਼ ਦੋ ਸਾਲਾਂ ਲਈ ਹੋ ਸਕਦੀ ਹੈ। ਪਰ ਸਵਾਲ ਇਹ ਹੈ ਕਿ ਇੰਨੇ ਸਾਰੇ ਉੱਚ ਅਧਿਕਾਰੀਆਂ ਦੀ ਕੀ ਲੋੜ ਹੈ, ਜਦੋਂ ਕਿ ਜ਼ਿਆਦਾਤਰ ਡੀਜੀਪੀਆਂ ਕੋਲ ਕੋਈ ਠੋਸ ਜ਼ਿੰਮੇਵਾਰੀ ਹੀ ਨਹੀਂ ?

ਪੰਜਾਬ ਪੁਲਿਸ ਵਿੱਚ 47 ਅਧਿਕਾਰੀ ਆਈਜੀ (ਇੰਸਪੈਕਟਰ ਜਨਰਲ) ਤੋਂ ਉੱਪਰ ਦੇ ਰੈਂਕ 'ਤੇ ਹਨ, ਜਿਨ੍ਹਾਂ ਵਿੱਚ 16 ਏਡੀਜੀਪੀ ਅਤੇ 11 ਆਈਜੀ ਸ਼ਾਮਲ ਹਨ। ਪਰ ਦੂਜੇ ਪਾਸੇ, ਦਰਮਿਆਨੇ ਪੱਧਰ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ, ਜਿਸ ਕਾਰਨ ਕਾਨੂੰਨੀ ਵਿਵਸਥਾ 'ਤੇ ਅਸਰ ਪੈ ਰਿਹਾ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਵੀ ਇਸ ਮਸਲੇ 'ਤੇ ਚਿੰਤਾ ਜ਼ਾਹਰ ਕਰਦਿਆਂ ਸਰਕਾਰ ਨੂੰ ਖਾਲੀ ਅਤੇ ਭਰੇ ਅਹੁਦਿਆਂ ਦੀ ਸੂਚੀ ਪੇਸ਼ ਕਰਨ ਦਾ ਹੁਕਮ ਦਿੱਤਾ ਹੈ। ਸੁਪਰੀਮ ਕੋਰਟ ਦੇ 2019 ਦੇ ਆਦੇਸ਼ਾਂ ਦੀ ਪਾਲਣਾ ਕਰਦਿਆਂ ਹਾਈ ਕੋਰਟ ਨੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਨੂੰ ਨੋਟਿਸ ਜਾਰੀ ਕਰਕੇ ਖਾਲੀ ਅਹੁਦਿਆਂ ਦੀ ਭਰਤੀ ਸਬੰਧੀ ਜਵਾਬ ਮੰਗਿਆ ਹੈ। ਇਹ ਸਥਿਤੀ ਸਪੱਸ਼ਟ ਕਰਦੀ ਹੈ ਕਿ ਪੰਜਾਬ ਪੁਲਿਸ ਦਾ ਢਾਂਚਾ ਡੀਜੀਪੀ ਅਹੁਦਿਆਂ ਦਾ ਵਿਸ਼ਾਲ ਹੋ ਗਿਆ ਹੈ। ਜਦੋਂ ਵੱਡੇ ਸੂਬਿਆਂ ਵਰਗੇ ਉੱਤਰ ਪ੍ਰਦੇਸ਼ (19 ਡੀਜੀਪੀ) ਅਤੇ ਮਹਾਰਾਸ਼ਟਰ (3 ਡੀਜੀਪੀ) ਵਿੱਚ ਘੱਟ ਡੀਜੀਪੀ ਹਨ, ਤਾਂ ਪੰਜਾਬ ਵਿੱਚ 20 ਡੀਜੀਪੀ ਦੀ ਗਿਣਤੀ ਸਵਾਲ ਖੜ੍ਹੇ ਕਰਦੀ ਹੈ। ਇਸ ਨਾਲ ਸੂਬੇ ਦੇ ਖਜ਼ਾਨੇ 'ਤੇ ਵੀ ਬੋਝ ਪੈ ਰਿਹਾ ਹੈ। ਉੱਚ ਅਧਿਕਾਰੀਆਂ ਦੀ ਇੰਨੀ ਵੱਡੀ ਗਿਣਤੀ ਦੇ ਬਾਵਜੂਦ, ਪੰਜਾਬ ਵਿੱਚ ਹੁਣ ਤੱਕ ਕੋਈ ਨਿਯਮਿਤ ਡੀਜੀਪੀ ਨਹੀਂ ਨਿਯੁਕਤ ਹੋਇਆ, ਅਤੇ ਗੌਰਵ ਯਾਦਵ 2023 ਤੋਂ ਕਾਰਜਕਾਰੀ ਡੀਜੀਪੀ ਦੇ ਤੌਰ 'ਤੇ ਕੰਮ ਕਰ ਰਹੇ ਹਨ। ਖਾਲੀ ਅਹੁਦਿਆਂ ਦੀ ਸਮੱਸਿਆ ਨੂੰ ਹੱਲ ਕਰਨ ਦੀ ਜ਼ਿੰਮੇਵਾਰੀ ਕੇਂਦਰ ਅਤੇ ਪੰਜਾਬ ਸਰਕਾਰ ਦੋਵਾਂ 'ਤੇ ਹੈ। ਸੂਬਾ ਸਰਕਾਰ ਨੂੰ ਵੀ ਤੁਰੰਤ ਭਰਤੀ ਪ੍ਰਕਿਰਿਆ ਸ਼ੁਰੂ ਕਰਕੇ ਦਰਮਿਆਨੇ ਪੱਧਰ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਅਸਾਮੀਆਂ ਭਰਨੀਆਂ ਚਾਹੀਦੀਆਂ ਹਨ। ਪੰਜਾਬ ਪੁਲਿਸ ਵਿੱਚ 80,000 ਦੇ ਕਰੀਬ ਕਰਮਚਾਰੀਆਂ ਦੇ ਅਹੁਦੇ ਮਨਜ਼ੂਰ ਹਨ, ਪਰ ਖਾਲੀ ਅਸਾਮੀਆਂ ਕਾਰਨ ਜ਼ਮੀਨੀ ਪੱਧਰ 'ਤੇ ਪੁਲਿਸਿੰਗ ਪ੍ਰਭਾਵਿਤ ਹੋ ਰਹੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਅਸੰਤੁਲਨ ਨੂੰ ਠੀਕ ਕਰੇ ਅਤੇ ਜ਼ਮੀਨੀ ਪੱਧਰ 'ਤੇ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕਰਨ ਲਈ ਭਰਤੀ 'ਤੇ ਜ਼ੋਰ ਦੇਵੇ। ਅਦਾਲਤਾਂ ਦੇ ਸਖ਼ਤ ਰੁਖ ਨੂੰ ਵੇਖਦਿਆਂ, ਸਰਕਾਰ ਨੂੰ ਜਲਦੀ ਤੋਂ ਜਲਦੀ ਇਸ ਦਿਸ਼ਾ ਵਿੱਚ ਕਦਮ ਚੁੱਕਣੇ ਪੈਣਗੇ। ਪੰਜਾਬ ਨੂੰ 'ਪੁਲਿਸੀਆ ਸੂਬਾ' ਬਣਾਉਣ ਦੀ ਬਜਾਏ, ਸਮਾਜ ਦੀ ਸੁਰੱਖਿਆ ਅਤੇ ਕਾਨੂੰਨ ਦੇ ਰਾਜ ਨੂੰ ਯਕੀਨੀ ਬਣਾਉਣ ਲਈ ਸਰਕਾਰ ਨੂੰ ਸਮਝਦਾਰੀ ਨਾਲ ਕੰਮ ਕਰਨਾ ਚਾਹੀਦਾ।

-ਰਜਿੰਦਰ ਸਿੰਘ ਪੁਰੇਵਾਲ

## ਸਿੱਖ ਹੈਲਪ ਲਾਈਨ ਵੱਲੋਂ 350 ਮੀਲ ਦੀ ਸਾਈਕਲ ਯਾਤਰਾ ਗਲਾਸਗੋ ਤੋਂ ਬ੍ਰਮਿੰਘਮ ਤੱਕ 31 ਜੁਲਾਈ ਨੂੰ



ਸ: ਸੁਖਦੇਵ ਸਿੰਘ ਦੇ ਨਾਲ, ਸ: ਰਾਜਿੰਦਰ ਸਿੰਘ ਪੁਰੇਵਾਲ, ਕਿਰਨ ਕੌਰ, ਈਸ਼ਰ ਸਿੰਘ ਅਤੇ ਹਰਜਿੰਦਰ ਸਿੰਘ ਮੰਡੇਰ।

ਲੰਡਨ (ਪੰਜਾਬ ਟਾਈਮਜ਼) – ਬੀਤੇ ਐਤਵਾਰ ਨੂੰ ਸਿੱਖ ਹੈਲਪ ਲਾਈਨ ਦੇ ਸੇਵਾਦਾਰ ਸ: ਸੁਖਦੇਵ ਸਿੰਘ ਲੰਡਨ ਬਰਤਾਨਵੀ ਸੰਸਦ ਵਿਖੇ ਗੁਰਦੁਆਰਾ ਏਡ ਦੇ ਸਮਾਗਮ ਵਿੱਚ ਸ਼ਾਮਿਲ ਹੋਏ। ਜਿੱਥੇ ਉਹਨਾਂ ਦੱਸਿਆ ਕਿ 31 ਜੁਲਾਈ ਨੂੰ ਉਹਨਾਂ ਦੀ ਸੰਸਥਾ ਸਿੱਖ ਹੈਲਪ ਲਾਈਨ ਵੱਲੋਂ ਸਾਈਕਲ ਯਾਤਰਾ ਕੀਤੀ ਜਾ ਰਹੀ ਹੈ। ਇਸ ਦੌਰਾਨ ਉਹਨਾਂ ਦਾ ਜਥਾ ਸਾਈਕਲਾਂ ਤੇ ਸਵਾਰ ਹੋ ਕੇ ਗਲਾਸਗੋ ਤੋਂ ਬ੍ਰਮਿੰਘਮ ਤੱਕ 350 ਮੀਲ ਦੀ ਯਾਤਰਾ ਕਰੇਗਾ। ਇਸ ਦੌਰਾਨ ਉਹ ਲੀਡਜ਼, ਨਿਊਕੈਸਲ ਅਤੇ ਡਰਬੀ ਵਿਖੇ ਰੁਕਣਗੇ। ਤਿੰਨਾਂ ਦਿਨਾਂ ਵਿੱਚ ਇਹ ਯਾਤਰਾ ਪੂਰੀ ਹੋਵੇਗੀ।



# ਬਾਬਾ ਫੌਜਾ ਸਿੰਘ ਨੂੰ ਇੰਗਲੈਂਡ ਦੀਆਂ ਵੱਖ ਵੱਖ ਸੰਸਥਾਵਾਂ ਅਤੇ ਸਖਸ਼ੀਅਤਾਂ ਵੱਲੋਂ ਸ਼ਰਧਾਂਜ਼ਲੀ ਇੰਗਲੈਂਡ ਕਬੱਡੀ ਫੈਡਰੇਸ਼ਨ ਵੱਲੋਂ ਬਾਬਾ ਫੌਜਾ ਸਿੰਘ ਦੇ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਵਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਾਬਾ ਫੌਜਾ ਸਿੰਘ ਦੇ ਅਕਾਲ ਚਲਾਣੇ ਤੇ ਇੰਗਲੈਂਡ ਕਬੱਡੀ ਫੈਡਰੇਸ਼ਨ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪ੍ਰਧਾਨ ਕਰਮਜੀਤ ਸਿੰਘ ਔਜਲਾ, ਚੇਅਰਮੈਨ ਬਲਵਿੰਦਰ ਸਿੰਘ ਚੱਠਾ, ਸਤਨਾਮ ਸਿੰਘ ਸੱਤਾ ਮੁਠੱਡਾ, ਸਤਿੰਦਰ ਸਿੰਘ ਗੋਲਡੀ, ਸ਼ੀਰਾ ਸਿੰਘ ਔਲਖ, ਕੁਲਵੰਤ ਸਿੰਘ ਸੰਘਾ, ਜਸਜੀਤ ਸਿੰਘ ਰਾਣਾ ਪੱਡਾ, ਬਲਵਿੰਦਰ ਸਿੰਘ ਦੂਲੇ ਸਮੇਤ ਸਮੂਹ ਕਲੱਬਾਂ ਨੇ ਕਿਹਾ ਕਿ ਬਾਬਾ ਫੌਜਾ ਸਿੰਘ ਹਰ ਉਮਰ ਦੇ ਲੋਕਾਂ ਲਈ ਪ੍ਰੇਰਣਾ ਸਰੋਤ ਸਨ। ਜਰਨੈਲ ਸਿੰਘ ਜ਼ੈਲਾ, ਕੁਲਵੀਰ ਸਿੰਘ ਸੁੱਖਾ, ਮਨਜੀਤ ਸਿੰਘ ਢੰਡਾ, ਬਲਜਿੰਦਰ ਸਿੰਘ ਭਿੰਡਰ, ਦਲਬੀਰ ਸਿੰਘ ਸੈਂਬੀ, ਤਰਲੋਚਨ ਸਿੰਘ, ਜੋਗਿੰਦਰ ਸਿੰਘ ਦੁਸਾਂਝ, ਰਸ਼ਪਾਲ ਸਿੰਘ ਅਟਵਾਲ, ਪਾਲਾ ਬਾਜਵਾ, ਸਤਨਾਮ ਸਿੰਘ ਗਿੱਲ, ਲਹਿੰਬਰ ਸਿੰਘ ਲੱਦੜ, ਸੁਰਿੰਦਰ ਸਿੰਘ ਮਾਣਕ, ਹਰਨੇਕ ਸਿੰਘ ਨੇਕਾ, ਕੇਵਲ ਸਿੰਘ ਰਣਦੇਵਾ, ਪਿਆਰਾ ਸਿੰਘ ਰੰਧਾਵਾ, ਰਸ਼ਪਾਲ ਸਿੰਘ ਸਹੋਤਾ ਅਤੇ ਕੁਲਵਿੰਦਰ ਸਿੰਘ ਛੋਕਰ ਸਮੇਤ ਸਮੂਹ ਕਲੱਬਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪੰਜਾਬ ਟਾਈਮਜ਼ ਨਾਲ ਗੱਲ ਕਰਦਿਆਂ ਸਤਨਾਮ ਸਿੰਘ ਸੱਤਾ ਮੁਠੱਡਾ ਨੇ ਕਿਹਾ ਕਿ ਬਾਬਾ ਫੌਜਾ ਸਿੰਘ ਇੰਗਲੈਂਡ ਦੇ ਕਬੱਡੀ ਕੱਪਾਂ ਦਾ ਸਿਤਾਰਾ ਸੀ। ਜਿਸ ਨੂੰ ਕਬੱਡੀ ਦਾ ਸ਼ੌਂਕ ਸੀ ਅਤੇ ਉਹ ਕੁਝ ਵਰ੍ਹੇ ਪਹਿਲਾਂ ਤੱਕ ਕਬੱਡੀ ਟੂਰਨਾਮੈਂਟਾਂ ਵਿੱਚ ਪਹੁੰਚਿਆ ਕਰਦੇ ਸਨ।

## ਪਿੰਗਲਵਾੜਾ ਸੁਸਾਇਟੀ ਯੂ ਕੇ ਵੱਲੋਂ ਦੁੱਖ ਦਾ ਪ੍ਰਗਟਾਵਾ

ਪਿੰਗਲਵਾੜਾ ਸੁਸਾਇਟੀ ਯੂ ਕੇ ਦੇ ਪ੍ਰਧਾਨ ਜਗਰਾਜ ਸਿੰਘ ਸਰਾਂ ਨੇ ਕਿਹਾ ਕਿ ਬਾਬਾ ਫੌਜਾ ਸਿੰਘ ਆਪਣੇ ਆਪ ਵਿੱਚ ਵੱਡੀ ਸਮਾਜ ਸੇਵੀ ਸੰਸਥਾ ਸਨ, ਜਿਹਨਾਂ ਨੇ ਦੇਸ਼ ਵਿਦੇਸ਼ ਵਿੱਚ ਸਿੱਖਾਂ ਦਾ ਨਾਮ ਰੌਸ਼ਣ ਕੀਤਾ ਅਤੇ ਸਮਾਜ ਦੀ ਸੇਵਾ ਕਰਨ ਦਾ ਢੰਗ ਸਿਖਾਇਆ। ਉਹਨਾਂ



ਕਿਹਾ ਕਿ ਬਾਬਾ ਫੌਜਾ ਸਿੰਘ ਨੇ ਉਸ ਉਮਰ ਵਿੱਚ ਦੌੜਨਾ ਸ਼ੁਰੂ ਕੀਤਾ ਜਿਸ ਉਮਰ ਵਿੱਚ ਆਮ ਵਿਅਕਤੀ ਹੌਂਸਲਾ ਢਾਅ ਕੇ ਮੰਜੇ ਤੇ ਬੈਠ ਜਾਂਦਾ ਹੈ, ਬਾਬਾ ਫੌਜਾ ਸਿੰਘ ਦੇ ਜੀਵਨ ਤੋਂ ਸੇਧ ਲੈ ਕੇ ਹਰ ਮਨੁੱਖ ਤੰਦਰੁਸਤ ਲੰਮੀ ਉਮਰ ਭੋਗ ਸਕਦਾ ਹੈ।

## ਸ: ਗੁਰਮੇਲ ਸਿੰਘ ਮੱਲੀ, ਦਲਜੀਤ ਸਿੰਘ ਸਹੋਤਾ ਅਤੇ ਹੋਰਾਂ ਵੱਲੋਂ ਦੁੱਖ ਦਾ ਪ੍ਰਗਟਾਵਾ

ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਸਾਬਕਾ ਪ੍ਰਧਾਨ ਸ: ਗੁਰਮੇਲ ਸਿੰਘ ਮੱਲੀ, ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਦੇ ਸਾਬਕਾ ਪ੍ਰਧਾਨ ਦਲਜੀਤ ਸਿੰਘ ਸਹੋਤਾ, ਹੰਸਲੋ ਦੇ ਸਾਬਕਾ ਮੇਅਰ ਰਘਵਿੰਦਰ ਸਿੰਘ ਸਿੱਧੂ, ਹਰਜੀਤ ਸਿੰਘ ਸਰਪੰਚ, ਬਲਵਿੰਦਰ ਸਿੰਘ ਬਿੱਲਾ ਗਿੱਲ ਦੀਨੇਵਾਲੀਆ ਨੇ ਬਾਬਾ ਫੌਜਾ ਸਿੰਘ ਦੇ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਬਾਬਾ ਫੌਜਾ ਸਿੰਘ ਦੇ ਚਲੇ ਜਾਣ ਨਾਲ ਸਮੁੱਚੀ ਸਿੱਖ ਕੌਮ ਨੂੰ ਵੱਡਾ ਘਾਟਾ ਪਿਆ ਹੈ। ਬਾਬਾ ਫੌਜਾ ਸਿੰਘ ਨੇ ਦੇਸ਼ ਵਿਦੇਸ਼ ਵਿੱਚ ਦਸਤਾਰ ਬੰਨ ਕੇ ਜੋ ਇਤਿਹਾਸ ਰਚਿਆ ਹੈ, ਉਸ ਨੂੰ ਅਗਲੀਆਂ ਪੀੜੀਆ ਯਾਦ ਰੱਖਣਗੀਆਂ।

# ਕੈਨੇਡਾ ਛੱਡਣ ਵਾਲਿਆਂ ਦੀ ਗਿਣਤੀ ਵਧੀ, ਪੰਜਾਬ ਦੇ ਲੋਕਾਂ ਦਾ ਵੀ ਹੋਇਆ ਮੋਹ ਭੰਗ

**ਚੰਡੀਗੜ੍ਹ :** ਕੈਨੇਡਾ ਛੱਡਣ ਵਾਲਿਆਂ ਦੀ ਗਿਣਤੀ ਵਧ ਰਹੀ ਹੈ। ਪੰਜਾਬੀ ਮੂਲ ਦੇ ਲੋਕਾਂ ਦਾ ਵੀ ਕੈਨੇਡਾ ਤੋਂ ਮੋਹ ਭੰਗ ਹੋ ਰਿਹਾ ਹੈ। ਕੈਨੇਡਾ ਦੇ ਅੰਕੜਾ ਵਿਭਾਗ ਦੇ ਅਨੁਸਾਰ, ਕੈਨੇਡਾ ਛੱਡਣ ਵਾਲਿਆਂ ਦੀ ਗਿਣਤੀ ਵਧ ਰਹੀ ਹੈ, ਕਿਉਂਕਿ ਇਸ ਸਾਲ ਜਨਵਰੀ ਤੋਂ ਮਾਰਚ ਤਕ 27,086 ਨਾਗਰਿਕ ਅਤੇ ਸਥਾਈ ਨਿਵਾਸੀ ਕੈਨੇਡਾ ਛੱਡ ਚੁੱਕੇ ਹਨ। ਇਹ 2017 ਤੋਂ ਬਾਅਦ ਦੂਜੀ ਸੱਭ ਤੋਂ ਵੱਡੀ ਪਹਿਲੀ ਤਿਮਾਹੀ ਹੈ, ਜਦੋਂ 27,115 ਲੋਕ ਦੇਸ਼ ਛੱਡ ਕੇ ਗਏ ਸਨ। ਇਸ ਵਿਚ ਪੰਜਾਬੀ ਭਾਈਚਾਰੇ ਦੇ ਵੱਡੀ ਗਿਣਤੀ ਵਿਚ ਲੋਕ ਵੀ ਸ਼ਾਮਲ ਹਨ ਜੋ ਸਥਾਈ ਨਾਗਰਿਕਤਾ ਪ੍ਰਾਪਤ ਕਰਨ ਤੋਂ ਬਾਅਦ ਕੈਨੇਡਾ ਛੱਡ ਕੇ ਯੂਰਪ ਅਤੇ ਦੁਬਈ ਵਿਚ ਕਾਰੋਬਾਰ ਸ਼ਿਫਟ ਕਰ ਰਹੇ ਹਨ।ਕੈਨੇਡਾ ਵਿਚ ਪੰਜਾਬੀ ਭਾਈਚਾਰੇ ਦੇ ਇਕ ਜਾਣੇ-ਪਛਾਣੇ ਚਿੰਤਕ ਜਸਵਿੰਦਰ ਸਿੰਘ ਓਟਾਵਾ ਦਾ ਕਹਿਣਾ ਹੈ ਕਿ 2025 ਦੀ ਪਹਿਲੀ ਤਿਮਾਹੀ ਵਿਚ ਕੈਨੇਡਾ ਛੱਡਣ ਵਾਲਿਆਂ ਦੀ ਰਿਕਾਰਡ ਗਿਣਤੀ ਸ਼ਾਇਦ ਸਿਰਫ਼ ਸ਼ੁਰੂਆਤ ਹੈ, ਕਿਉਂਕਿ ਹਰ ਸਾਲ ਕੈਨੇਡਾ ਛੱਡਣ ਵਾਲਿਆਂ ਦੀ ਗਿਣਤੀ ਤੀਜੀ ਤਿਮਾਹੀ ਵਿਚ ਸਿਖਰ 'ਤੇ ਹੁੰਦੀ ਹੈ ਅਤੇ ਚੌਥੀ ਤਿਮਾਹੀ ਵਿਚ ਥੋੜ੍ਹੀ ਘੱਟ ਜਾਂਦੀ ਹੈ। ਦੇਸ਼ ਛੱਡਣ ਵਾਲੇ ਲੋਕਾਂ ਦੀ ਇਹ ਗਿਣਤੀ ਹੋਰ ਵਧਣ ਦੀ ਸੰਭਾਵਨਾ ਹੈ।ਮਈ ਵਿਚ, ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਲਿਬਰਲ ਸਰਕਾਰ ਦੀ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਅਸਥਾਈ ਵਿਦੇਸ਼ੀ ਕਾਮਿਆਂ ਦੀ ਗਿਣਤੀ ਨੂੰ ਹੋਰ ਸੀਮਤ ਕਰਨ ਦੀ ਯੋਜਨਾ ਦਾ ਐਲਾਨ ਕੀਤਾ ਸੀ, ਜਿਸ ਦਾ ਬਹੁਤ ਵੱਡਾ ਪ੍ਰਭਾਵ ਪੈ ਰਿਹਾ ਹੈ। ।

# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**


**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ।**
**4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

**PANJAB TIMES, Bridle Gate Lane, Alvaston, Derby, DE24 0QW, U.K.**
**Email:panjabtimes@gmail.com, www.panjabtimes.uk**
**WhatsApp No. 07966 388 388**

## ਆਓ ਪੰਜਵੀਂ ਪੰਗਤੀ ਦੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...



## -ਮਾਮਲਾ ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪ ਲਾਪਤਾ ਦਾ-

# ਡੱਲੇਵਾਲ ਤੇ ਵਡਾਲਾ ਦਾ ਸਰਕਾਰ ਨੂੰ ਅਲਟੀਮੇਟਮ: 15 ਦਿਨ ਵਿਚ ਕਾਰਵਾਈ ਦੀ ਮੰਗ

ਵਿਸ਼ੇਸ਼ ਰਿਪੋਰਟ

### ✪ ਸ਼੍ਰੋਮਣੀ ਕਮੇਟੀ 'ਤੇ ਸਵਾਲ: ਸਰੂਪਾਂ ਦੀ ਸੰਭਾਲ ਵਿਚ ਲਾਪਰਵਾਹੀ ਦੇ ਦੋਸ਼ ✪ ਅਕਾਲ ਤਖ਼ਤ ਸਾਹਿਬ ਦੀ ਰਿਪੋਰਟ ਬਾਰੇ ਸੰਗਤ ਦੀ ਨਾਰਾਜ਼ਗੀ: ਬਰਾਮਦਗੀ ਅਜੇ ਵੀ ਅਧੂਰੀ

ਸਿੱਖ ਧਰਮ ਦੇ ਸਰਵਉੱਚ ਅਤੇ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਲਾਪਤਾ ਹੋਣ ਦਾ ਮੁੱਦਾ ਸਿੱਖ ਸੰਗਤ ਵਿੱਚ ਗੰਭੀਰ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਮਾਮਲੇ ਨੂੰ ਲੈ ਕੇ ਸਿੱਖ ਸਦਭਾਵਨਾ ਦਲ ਦੇ ਮੁਖੀ ਬਲਦੇਵ ਸਿੰਘ ਵਡਾਲਾ ਅਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 15 ਦਿਨਾਂ ਦਾ ਸਮਾਂ ਦਿੱਤਾ ਹੈ ਕਿ ਇਸ ਮਾਮਲੇ ਵਿੱਚ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰਵਾਏ ਜਾਣ, ਨਹੀਂ ਤਾਂ ਵੱਡੇ ਪੱਧਰ 'ਤੇ ਸੰਗਤ ਦਾ ਇਕੱਠ ਕਰਕੇ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।

ਇਥੇ ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਲਾਪਤਾ ਹੋਣ ਦੀ ਖ਼ਬਰ ਨੇ ਸਿੱਖ ਪੰਥ ਵਿੱਚ ਹਲਚਲ ਮਚਾ ਦਿੱਤੀ ਸੀ। ਇਹ ਮੁੱਦਾ ਪਹਿਲੀ ਵਾਰ 2015 ਵਿੱਚ ਉਦੋਂ ਸਾਹਮਣੇ ਆਇਆ ਜਦੋਂ ਪੰਜਾਬ ਦੇ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਸੀ। ਇਸ ਘਟਨਾ ਨੇ ਸਿੱਖ ਸੰਗਤ ਵਿੱਚ ਭਾਰੀ ਰੋਸ ਪੈਦਾ ਕੀਤਾ ਸੀ ਅਤੇ ਪੰਥਕ ਜਥੇਬੰਦੀਆਂ ਨੇ ਇਸ ਮੁੱਦੇ ਨੂੰ ਗੰਭੀਰਤਾ ਨਾਲ ਉਠਾਇਆ ਸੀ।

ਬਾਅਦ ਵਿੱਚ, ਸਿੱਖ ਸਦਭਾਵਨਾ ਦਲ ਦੀ ਅਗਵਾਈ ਵਿੱਚ ਬਲਦੇਵ ਸਿੰਘ ਵਡਾਲਾ ਨੇ ਦਾਅਵਾ ਕੀਤਾ ਸੀ ਕਿ ਸ਼੍ਰੋਮਣੀ ਕਮੇਟੀ ਦੀ ਨਿਗਰਾਨੀ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪ ਲਾਪਤਾ ਹਨ। ਇਸ ਮਾਮਲੇ ਨੇ ਸਿੱਖ ਸੰਗਤ ਵਿੱਚ ਗੁੱਸੇ ਅਤੇ ਨਿਰਾਸ਼ਾ ਦੀ ਲਹਿਰ ਪੈਦਾ ਕਰ ਦਿੱਤੀ ਸੀ, ਕਿਉਂਕਿ ਇਹ ਸਿੱਖ ਧਰਮ ਦੇ ਸਭ ਤੋਂ ਪਵਿੱਤਰ ਗ੍ਰੰਥ ਨਾਲ ਸਬੰਧਤ ਮੁੱਦਾ ਹੈ।

ਬੀਤੇ ਦਿਨੀਂ ਜਗਜੀਤ ਸਿੰਘ ਡੱਲੇਵਾਲ, ਜੋ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਦੇ ਪ੍ਰਮੁੱਖ ਆਗੂ ਹਨ, ਅਤੇ ਬਲਦੇਵ ਸਿੰਘ ਵਡਾਲਾ, ਸਿੱਖ ਸਦਭਾਵਨਾ ਦਲ ਦੇ ਮੁਖੀ, ਨੇ ਅੰਮ੍ਰਿਤਸਰ ਦੀ ਹੈਰੀਟੇਜ ਸਟਰੀਟ ਵਿੱਚ ਸਾਂਝੇ ਤੌਰ 'ਤੇ ਇਸ ਮੁੱਦੇ ਨੂੰ ਉਠਾਇਆ ਸੀ। ਉਨ੍ਹਾਂ ਨੇ ਸਰਕਾਰ ਅਤੇ ਸ਼੍ਰੋਮਣੀ ਕਮੇਟੀ 'ਤੇ ਦੋਸ਼ ਲਾਇਆ ਕਿ ਉਹ ਇਸ ਮਾਮਲੇ ਵਿੱਚ ਗੰਭੀਰਤਾ ਨਹੀਂ ਵਿਖਾਉਂਦੇ ਅਤੇ ਜ਼ਿੰਮੇਵਾਰ ਵਿਅਕਤੀਆਂ ਨੂੰ ਸਜ਼ਾ ਦੇਣ ਵਿੱਚ ਨਾਕਾਮ ਰਹੇ ਹਨ। ਜਗਜੀਤ ਸਿੰਘ ਡੱਲੇਵਾਲ ਨੇ ਆਪਣੇ ਕਿਹਾ ਕਿ "ਜਦੋਂ ਕਿਸਾਨ ਸੰਘਰਸ਼ ਕਰ ਰਹੇ ਸਨ, ਸਿੱਖ ਸਦਭਾਵਨਾ ਦਲ ਨੇ ਸਾਡਾ ਸਮਰਥਨ ਕੀਤਾ ਸੀ। ਹੁਣ ਸਾਡੀ ਵਾਰੀ ਹੈ ਕਿ ਅਸੀਂ ਸਿੱਖ ਸੰਗਤ ਦੇ ਇਸ ਅਹਿਮ ਮੁੱਦੇ 'ਤੇ ਉਨ੍ਹਾਂ ਨਾਲ ਖੜ੍ਹੀਏ। ਅਸੀਂ ਸਰਕਾਰ ਨੂੰ 15 ਦਿਨ ਦਾ ਸਮਾਂ ਦਿੰਦੇ ਹਾਂ ਕਿ ਜ਼ਿੰਮੇਵਾਰ ਲੋਕਾਂ 'ਤੇ ਕੇਸ ਦਰਜ ਕੀਤੇ ਜਾਣ। ਜੇ ਅਜਿਹਾ ਨਾ ਹੋਇਆ, ਤਾਂ ਅਸੀਂ ਵੱਡਾ ਇਕੱਠ ਸੱਦਾਂਗੇ ਅਤੇ ਅਗਲੇ ਸੰਘਰਸ਼ ਦਾ ਐਲਾਨ ਕਰਾਂਗੇ।"



ਬਲਦੇਵ ਸਿੰਘ ਵਡਾਲਾ, ਜੋ ਪਿਛਲੇ 57 ਮਹੀਨਿਆਂ ਤੋਂ ਅੰਮ੍ਰਿਤਸਰ ਦੀ ਹੈਰੀਟੇਜ ਸਟਰੀਟ 'ਤੇ ਧਰਨੇ 'ਤੇ ਬੈਠੇ ਹਨ, ਨੇ ਸਰਕਾਰ 'ਤੇ ਸਖ਼ਤ ਤੰਜ ਕੱਸਦਿਆਂ ਕਿਹਾ ਕਿ "ਪੰਜਾਬ ਸਰਕਾਰ ਸ਼੍ਰੋਮਣੀ ਕਮੇਟੀ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਅਸੀਂ 57 ਮਹੀਨਿਆਂ ਤੋਂ ਇੱਥੇ ਸੰਘਰਸ਼ ਕਰ ਰਹੇ ਹਾਂ, ਪਰ ਨਾ ਸਰਕਾਰ ਨੇ ਕੋਈ ਕਾਰਵਾਈ ਕੀਤੀ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਨੇ ਇਸ ਮੁੱਦੇ 'ਤੇ ਜ਼ਿੰਮੇਵਾਰੀ ਲਈ। ਪਰ ਅਸੀਂ ਸੰਗਤ ਦੀ ਭਾਵਨਾ ਨਾਲ ਖਿਲਵਾੜ ਨਹੀਂ ਹੋਣ ਦੇਵਾਂਗੇ।"

ਵਡਾਲਾ ਅਤੇ ਡੱਲੇਵਾਲ ਦਾ ਮੰਨਣਾ ਹੈ ਕਿ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੇ ਇਸ ਮੁੱਦੇ ਨੂੰ ਜਾਣਬੁੱਝ ਕੇ ਅਣਗੌਲਿਆ ਕੀਤਾ ਹੈ, ਜਿਸ ਕਾਰਨ ਸੰਗਤ ਵਿੱਚ ਰੋਸ ਵਧ ਰਿਹਾ ਹੈ। ਸਿੱਖ ਸਦਭਾਵਨਾ ਦਲ ਦੇ ਮੁਖੀ ਬਲਦੇਵ ਸਿੰਘ ਵਡਾਲਾ ਨੇ ਸ਼੍ਰੋਮਣੀ ਕਮੇਟੀ 'ਤੇ ਸਿੱਧੇ ਤੌਰ 'ਤੇ ਦੋਸ਼ ਲਾਇਆ ਹੈ ਕਿ ਸ਼੍ਰੋਮਣੀ ਕਮੇਟੀ ਨੇ ਸਰੂਪਾਂ ਦੀ ਸਹੀ ਰਿਕਾਰਡ-ਕੀਪਿੰਗ ਨਹੀਂ ਕੀਤੀ ਅਤੇ ਨਾ ਹੀ ਇਸ ਮਾਮਲੇ ਵਿੱਚ ਕੋਈ ਠੋਸ ਕਾਰਵਾਈ ਕੀਤੀ ਹੈ। ਵਡਾਲਾ ਨੇ ਇਹ ਵੀ ਆਖਿਆ ਕਿ ਸ਼੍ਰੋਮਣੀ ਕਮੇਟੀ ਦੀ ਨਾਕਾਮੀ ਕਾਰਨ ਹੀ ਇਹ ਸਰੂਪ ਲਾਪਤਾ ਹੋਏ ਹਨ, ਅਤੇ ਸਰਕਾਰ ਦੀ ਮਿਲੀਭੁਗਤ ਨਾਲ ਇਸ ਮੁੱਦੇ ਨੂੰ ਦਬਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਨੇ ਇਸ ਮੁੱਦੇ 'ਤੇ ਅਜੇ ਤੱਕ ਕੋਈ ਸਪੱਸ਼ਟ ਜਵਾਬ ਨਹੀਂ ਦਿੱਤਾ। ਸਿੱਖ ਸੰਗਤ ਵਿੱਚ ਇਹ ਧਾਰਨਾ ਬਣ ਰਹੀ ਹੈ ਕਿ ਸ਼੍ਰੋਮਣੀ ਕਮੇਟੀ ਇਸ ਮਾਮਲੇ ਵਿੱਚ ਪਾਰਦਰਸ਼ਤਾ ਨਹੀਂ ਵਿਖਾ ਰਹੀ।


ਅਕਾਲ ਤਖ਼ਤ ਸਾਹਿਬ ਨੇ ਇਸ ਮੁੱਦੇ 'ਤੇ ਜਾਂਚ ਕਰਨ ਲਈ ਇੱਕ ਕਮੇਟੀ ਦਾ ਗਠਨ ਕੀਤਾ ਸੀ। ਅਕਾਲ ਤਖ਼ਤ ਦੀ ਰਿਪੋਰਟ ਅਨੁਸਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪਾਂ ਦੇ ਲਾਪਤਾ ਹੋਣ ਦੀ ਜ਼ਿੰਮੇਵਾਰੀ ਮੁੱਖ ਤੌਰ 'ਤੇ ਸ਼੍ਰੋਮਣੀ ਕਮੇਟੀ ਦੀ ਹੈ, ਕਿਉਂਕਿ ਇਹ ਸਰੂਪ ਉਸ ਦੀ ਨਿਗਰਾਨੀ ਹੇਠ ਸਨ।

ਰਿਪੋਰਟ ਵਿੱਚ ਇਹ ਵੀ ਸਾਹਮਣੇ ਆਇਆ ਕਿ ਸਰੂਪਾਂ ਦੀ ਵੰਡ ਅਤੇ ਸੰਭਾਲ ਦੀ ਪ੍ਰਕਿਰਿਆ ਵਿੱਚ ਗੰਭੀਰ ਖਾਮੀਆਂ ਸਨ।ਅਕਾਲ ਤਖ਼ਤ ਦੀ ਜਾਂਚ ਵਿੱਚ ਸਾਹਮਣੇ ਆਇਆ ਕਿ ਕਈ ਸਰੂਪ ਵੱਖ-ਵੱਖ ਗੁਰਦੁਆਰਿਆਂ, ਸੰਸਥਾਵਾਂ, ਅਤੇ ਵਿਅਕਤੀਆਂ ਨੂੰ ਸੌਂਪੇ ਗਏ ਸਨ, ਪਰ ਉਨ੍ਹਾਂ ਦਾ ਸਹੀ ਰਿਕਾਰਡ ਨਹੀਂ ਰੱਖਿਆ ਗਿਆ। ਕੁਝ ਮਾਮਲਿਆਂ ਵਿੱਚ, ਸਰੂਪਾਂ ਦੀ ਬੇਅਦਬੀ ਦੀਆਂ ਘਟਨਾਵਾਂ ਵੀ ਸਾਹਮਣੇ ਆਈਆਂ, ਜਿਸ ਨੇ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਹੋਰ ਠੇਸ ਪਹੁੰਚਾਈ। ਰਿਪੋਰਟ ਵਿੱਚ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਅਤੇ ਸੰਬੰਧਿਤ ਵਿਅਕਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ, ਪਰ ਕੋਈ ਵੀ ਦਫਤਰੀ ਤੇ ਕਨੂੰਨੀ ਕਾਰਵਾਈ ਦੀ ਸਿਫਾਰਸ਼ ਨਹੀਂ ਕੀਤੀ ਗਈ।

ਸਿੱਖ ਸੰਗਤ ਵਿੱਚ ਅਕਾਲ ਤਖ਼ਤ ਦੀ ਰਿਪੋਰਟ ਅਤੇ ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ ਨੂੰ ਲੈ ਕੇ ਭਾਰੀ ਨਿਰਾਸ਼ਾ ਹੈ। ਕਈ ਸਿੱਖ ਜਥੇਬੰਦੀਆਂ ਅਤੇ ਸੰਗਤ ਨੇ ਅਕਾਲ ਤਖ਼ਤ ਸਾਹਿਬ ਦੀ ਰਿਪੋਰਟ ਨੂੰ ਅਧੂਰਾ ਅਤੇ ਗੁੰਝਲਦਾਰ ਮੰਨਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਰਿਪੋਰਟ ਵਿੱਚ ਜ਼ਿੰਮੇਵਾਰ ਵਿਅਕਤੀਆਂ ਦੇ ਨਾਂ ਸਪੱਸ਼ਟ ਨਹੀਂ ਕੀਤੇ ਗਏ ਅਤੇ ਨਾ ਹੀ ਕੋਈ ਸਖ਼ਤ ਕਾਰਵਾਈ ਦੀ ਸਿਫਾਰਸ਼ ਕੀਤੀ ਗਈ। ਸਿੱਖ ਸੰਗਤ ਦਾ ਮੰਨਣਾ ਹੈ ਕਿ ਸ਼੍ਰੋਮਣੀ ਕਮੇਟੀ ਨੇ ਇਸ ਮੁੱਦੇ 'ਤੇ ਚੁੱਪ ਵੱਟੀ ਹੋਈ ਹੈ ਅਤੇ ਸਰਕਾਰ ਦੀ ਮਿਲੀਭੁਗਤ ਨਾਲ ਜ਼ਿੰਮੇਵਾਰੀ ਤੋਂ ਬਚਣ ਦੀ ਕੋਸ਼ਿਸ਼ ਕਰ ਰਹੀ ਹੈ। ਸਿੱਖ ਸਦਭਾਵਨਾ ਦਲ ਅਤੇ ਹੋਰ ਜਥੇਬੰਦੀਆਂ ਨੇ ਅਕਾਲ ਤਖ਼ਤ ਦੀ ਰਿਪੋਰਟ 'ਤੇ ਸਵਾਲ ਉਠਾਉਂਦਿਆਂ ਕਿਹਾ ਹੈ ਕਿ ਜਦੋਂ ਤੱਕ ਜ਼ਿੰਮੇਵਾਰ ਵਿਅਕਤੀਆਂ ਨੂੰ ਸਜ਼ਾ ਨਹੀਂ ਮਿਲਦੀ ਅਤੇ ਸਰੂਪਾਂ ਦੀ ਬਰਾਮਦਗੀ ਨਹੀਂ ਹੁੰਦੀ, ਉਦੋਂ ਤੱਕ ਸੰਗਤ ਸੰਤੁਸ਼ਟ ਨਹੀਂ ਹੋਵੇਗੀ। ਸੰਗਤ ਵਿੱਚ ਇਹ ਭਾਵਨਾ ਵੀ ਵੇਖੀ ਜਾ ਰਹੀ ਹੈ ਕਿ ਅਕਾਲ ਤਖ਼ਤ ਨੂੰ ਸ਼੍ਰੋਮਣੀ ਕਮੇਟੀ 'ਤੇ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਸਰੂਪਾਂ ਦੀ ਸੰਭਾਲ ਲਈ ਪਾਰਦਰਸ਼ੀ ਪ੍ਰਣਾਲੀ ਬਣਾਈ ਜਾਣੀ ਚਾਹੀਦੀ। ਅਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਲਾਪਤਾ ਸਰੂਪਾਂ ਵਿੱਚੋਂ ਕੋਈ ਵੀ ਸਰੂਪ ਬਰਾਮਦ ਨਹੀਂ ਹੋਇਆ।

## ਫ਼ਤਿਹਗੜ੍ਹ ਸਾਹਿਬ ਦੇ ਲਖਣਪੁਰ ਪਿੰਡ ਨੇ ਭਈਆਂ ਨੂੰ ਪਿੰਡ ਛੱਡਣ ਦਾ ਦਿੱਤਾ ਅਲਟੀਮੇਟਮ

### ✪ ਭਈਏ ਕਰਦੇ ਨੇ ਨਸ਼ਾ ਔਰਤਾਂ ਨੂੰ ਕਰਦੇ ਨੇ ਤੰਗ



ਫਤਿਹਗੜ੍ਹ-ਪੰਜਾਬ ਦੇ ਇਕ ਹੋਰ ਪਿੰਡ ਨੇ ਭਈਆਂ ਵਿਰੁੱਧ ਮਤਾ ਪਾਇਆ ਹੈ। ਇਹ ਮਾਮਲਾ ਫ਼ਤਿਹਗੜ੍ਹ ਸਾਹਿਬ ਦੇ ਪਿੰਡ ਲਖਣਪੁਰ ਗਰਚਾ ਪੱਤੀ ਤੋਂ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਲਖਣਪੁਰ ਗਰਚਾ ਪੱਤੀ ਦੀ ਪੰਚਾਇਤ ਨੇ ਸਰਪੰਚ ਬਰਿੰਦਰ ਸਿੰਘ ਦੀ ਅਗਵਾਈ ਵਿਚ ਮਤਾ ਪਾਇਆ ਹੈ ਤੇ ਬਿਨਾਂ ਪਛਾਣ ਵਾਲੇ ਪ੍ਰਵਾਸੀਆਂ ਨੂੰ ਪਿੰਡ ਛੱਡਣ ਦੇ ਹੁਕਮ ਦੇ ਦਿਤੇ ਹਨ। ਦੱਸ ਦਈਏ ਕਿ ਪਿੰਡ ਦੀ ਪੰਚਾਇਤ ਨੇ ਪ੍ਰਵਾਸੀਆਂ ਨੂੰ ਇਕ ਹਫ਼ਤੇ ਦਾ ਸਮਾਂ ਦਿਤਾ ਹੈ। ਜ਼ਿਕਰਯੋਗ ਹੈ ਕਿ ਪੰਚਾਇਤ ਨੇ ਪਿੰਡ ਦੇ ਰਜਵਾਹੇ ਤੋਂ ਪ੍ਰਵਾਸੀਆਂ ਨੂੰ ਉਠਾਉਣ ਦਾ ਮਤਾ ਪਾਇਆ ਹੈ ਕਿਉਂਕਿ ਇਲਜ਼ਾਮ ਨੇ ਕਿ ਇਹ ਪ੍ਰਵਾਸੀ ਉੱਥੇ ਨਸ਼ਾ ਕਰਦੇ ਹਨ ਤੇ ਪਿੰਡ ਦੇ ਲੋਕਾਂ ਔਰਤਾਂ ਤੇ ਬੱਚਿਆਂ ਨੂੰ ਤੰਗ-ਪ੍ਰੇਸ਼ਾਨ ਕਰਦੇ ਹਨ। ਇਸ ਦੇ ਤਹਿਤ ਕਿਸਾਨਾਂ ਨੂੰ ਮੋਟਰਾਂ 'ਤੇ ਰਹਿਣ ਵਾਲੇ ਪ੍ਰਵਾਸੀਆਂ ਦੇ ਆਧਾਰ ਕਾਰਡ ਦੇ ਵੇਰਵੇ ਰੱਖਣ ਦਾ ਅਪੀਲ ਵੀ ਕੀਤੀ ਹੈ।

# ਬਰਤਾਨੀਆਂ ਦੇ ਮਹਾਰਾਜਾ ਚਾਰਲਸ ਨੇ ਭਾਰਤੀ ਮਹਿਲਾ ਅਤੇ ਪੁਰਸ਼ ਕ੍ਰਿਕਟ ਟੀਮ ਦੇ ਖਿਡਾਰੀਆਂ ਨੂੰ ਦਿੱਤੀ ਦਾਅਵਤ

## ਆਖਰੀ ਬੱਲੇਬਾਜ਼ ਦੇ ਆਊਟ ਹੋਣ ਤੋਂ ਬਾਅਦ ਤੁਹਾਨੂੰ ਕਿਵੇਂ ਮਹਿਸੂਸ ਹੋਇਆ? ਭਾਰਤੀ ਕਪਤਾਨ ਗਿੱਲ ਨੂੰ ਮਹਾਰਾਜਾ ਚਾਰਲਸ ਨੇ ਪੁੱਛਿਆ





ਮਹਾਰਾਜਾ ਚਾਰਲਸ ਨਾਲ ਭਾਰਤੀ ਮਹਿਲਾਂ ਅਤੇ ਪੁਰਸ਼ ਟੀਮਾਂ ਦੇ ਖਿਡਾਰੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮਹਾਰਾਜਾ ਚਾਰਲਸ ਤੀਜੇ ਅੱਜ ਭਾਰਤੀ ਮਹਿਲਾ ਅਤੇ ਪੁਰਸ਼ ਕ੍ਰਿਕਟ ਟੀਮ ਦੇ ਖਿਡਾਰੀਆਂ ਨੂੰ ਆਪਣੇ ਕਲੇਰੈਂਸ ਪੈਲਿਸ ਵਿੱਚ ਦਾਅਵਤ ਦਿੱਤੀ। ਇਸ ਮੌਕੇ ਭਾਰਤੀ ਹਾਈਕਮਿਸ਼ਨਰ ਲੰਡਨ ਵਿਕਰਮ ਦੁਰਾਇਸਵਾਮੀ ਵੀ ਭਾਰਤੀ ਖਿਡਾਰੀਆਂ ਨਾਲ ਦਾਅਵਤ ਵਿੱਚ ਸ਼ਾਮਿਲ ਹੋਏ। ਕ੍ਰਿਕਟ ਦੀ ਖੇਡ ਵਿੱਚ ਮਹਾਰਾਜਾ ਕਿੰਨੀ ਦਿਲਚਸਪੀ ਰੱਖਦੇ ਹਨ ਇਸ ਬਾਰੇ ਉਹਨਾਂ ਵੱਲੋਂ ਮੁਹੰਮਦ ਸਿਰਾਜ ਦੇ ਆਊਟ ਹੋਣ ਬਾਰੇ ਭਾਰਤੀ ਕਪਤਾਨ ਸ਼ੁਭਮਨ ਗਿੱਲ ਤੋਂ ਪੁਛਿਆ ਕਿ ਉਹ ਕਿਵੇਂ ਮਹਿਸੂਸ ਕਰ ਰਹੇ ਸੀ? ਮਹਾਰਾਜਾ ਚਾਰਲਸ ਨੇ ਕ੍ਰਿਕਟ ਖਿਡਾਰੀਆਂ ਨਾਲ ਕ੍ਰਿਕਟ ਬਾਰੇ ਚਰਚਾ ਕੀਤੀ ਅਤੇ ਉਹਨਾਂ ਨਾਲ ਕਾਫ਼ੀ ਸਮਾਂ ਬਿਤਾਇਆ। ਭਾਰਤੀ ਕਪਤਾਨ ਗਿੱਲ ਇਸ ਮੁਲਾਕਾਤ ਨੂੰ "ਸ਼ਾਨਦਾਰ" ਕਿਹਾ। ਉਹਨਾਂ ਕਿਹਾ ਕਿ ਮਹਾਰਾਜਾ ਚਾਰਲਸ ਬਹੁਤ ਦਿਆਲੂ ਅਤੇ ਉਦਾਰ ਹਨ। ਸਾਡੀਆਂ ਉਹਨਾਂ ਨਾਲ ਸੱਚਮੁੱਚ ਚੰਗੀਆਂ ਗੱਲਬਾਤਾਂ ਹੋਈਆਂ।

ਯੂ ਕੇ ਵਿੱਚ ਭਾਰਤੀ ਹਾਈ ਕਮਿਸ਼ਨਰ ਵਿਕਰਮ ਦੋਰਾਇਸਵਾਮੀ ਅਤੇ ਡਿਪਟੀ ਹਾਈ ਕਮਿਸ਼ਨਰ ਸੁਜੀਤ ਘੋਸ਼ ਦੇ ਨਾਲ-ਨਾਲ ਕਾਂਗਰਸ ਰਾਜ ਸਭਾ ਮੈਂਬਰ ਅਤੇ ਬੀ. ਸੀ. ਸੀ. ਆਈ. ਦੇ ਉਪ-ਪ੍ਰਧਾਨ ਰਾਜੀਵ ਸ਼ੁਕਲਾ ਅਤੇ ਸਕੱਤਰ ਦੇਵਜੀਤ ਸੈਕੀਆ ਵੀ ਮੌਜੂਦ ਸਨ।

ਬੀਤੇ ਕੱਲ ਸੋਮਵਾਰ ਨੂੰ ਭਾਰਤ ਸਿਰਫ 22 ਦੌੜਾਂ ਨਾਲ ਟੈਸਟ ਮੈਚ ਹਾਰ ਗਿਆ, ਜਿਸ ਵਿੱਚ ਆਖਰੀ ਬੱਲੇਬਾਜ਼ ਮੁਹੰਮਦ ਸਿਰਾਜ ਇੰਗਲੈਂਡ ਦੇ ਆਫ ਸਪਿਨਰ ਸ਼ੋਏਬ ਬਸ਼ੀਰ ਦੀ ਗੇਂਦ 'ਤੇ ਬੋਲਡ ਹੋ ਗਿਆ। ਮਹਾਰਾਜਾ ਚਾਰਲਸ ਨੇ ਕਿਹਾ ਕਿ ਜਿਸ ਤਰ੍ਹਾਂ ਆਖਰੀ ਬੱਲੇਬਾਜ਼ ਆਊਟ ਹੋਇਆ ਉਹ ਕਾਫ਼ੀ ਮੰਦਭਾਗਾ ਸੀ, ਗੇਂਦ ਸਟੰਪਾਂ 'ਤੇ ਘੁੰਮ ਰਹੀ ਸੀ। ਅਤੇ ਉਹਨਾਂ ਇਸ ਬਾਰੇ ਬਕਾਇਦਾ ਜਿਕਰ ਕਰਦਿਆਂ ਪੁੱਛਿਆ ਕਿ ਉਹ ਉਸ ਤੋਂ ਬਾਅਦ ਕਿਵੇਂ ਮਹਿਸੂਸ ਕਰਦੇ ਸਨ?' ਗਿੱਲ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਜਦੋਂ ਵੀ ਭਾਰਤੀ ਟੀਮ ਯੂਨਾਈਟਿਡ ਕਿੰਗਡਮ ਵਿੱਚ ਖੇਡਦੀ ਉਹਨਾਂ ਨੂੰ ਪ੍ਰਵਾਸੀਆਂ ਤੋਂ ਵੱਡਾ ਸਮਰਥਨ ਮਿਲਦਾ ਹੈ। ਅਸੀਂ ਜਿੱਥੇ ਵੀ ਜਾਂਦੇ ਹਾਂ, ਸਾਨੂੰ ਹਮੇਸ਼ਾ ਚੰਗਾ ਹੁੰਗਾਰਾ ਮਿਲਦਾ ਹੈ। ਹਾਲਾਂਕਿ ਪਹਿਲੇ ਦੋ ਦਿਨਾਂ ਵਿੱਚ, ਲਾਰਡਜ਼ ਵਿੱਚ ਇੰਗਲੈਂਡ ਦੇ ਸਮਰਥਕ ਸਨ ਪਰ ਮੈਨੂੰ ਲੱਗਦਾ ਹੈ ਕਿ ਪਿਛਲੇ ਤਿੰਨ ਦਿਨਾਂ ਵਿੱਚ ਸਾਨੂੰ ਬਹੁਤ ਵਧੀਆ ਸਮਰਥਨ ਮਿਲਿਆ ਹੈ।" ਗਿੱਲ ਦਾ ਮੰਨਣਾ ਹੈ ਕਿ ਪਹਿਲੇ ਤਿੰਨ ਟੈਸਟਾਂ ਵਿੱਚ ਕ੍ਰਿਕਟ ਦੀ ਪ੍ਰਤੀ ਦਿਲਚਸਪੀ ਦਾ ਪੱਧਰ ਵਧਿਆ ਹੈ।

ਭਾਰਤੀ ਮਹਿਲਾ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਨੇ ਵੀ ਮਹਾਰਾਜਾ ਨਾਲ ਮਿਲਣ 'ਤੇ ਆਪਣੀ ਟੀਮ ਦੇ ਉਤਸ਼ਾਹ ਦਾ ਪ੍ਰਗਟਾਵਾ ਕੀਤਾ। ਉਹਨਾਂ ਕਿਹਾ ਕਿ ਇਹ ਇੱਕ ਸੱਚਮੁੱਚ ਵਧੀਆ ਅਨੁਭਵ ਸੀ। ਅਸੀਂ ਬਹੁਤ ਵਾਰ ਇੰਗਲੈਂਡ ਆਏ ਹਾਂ ਪਰ ਮਹਾਰਾਜਾ ਚਾਰਲਸ ਨੂੰ ਮਿਲਣ ਦਾ ਇਹ ਪਹਿਲਾ ਮੌਕਾ ਸੀ। ਉਹ ਬਹੁਤ ਮਿਲਾਪੜੇ ਸਨ ਅਤੇ ਮਹਾਰਜਾ ਨੇ ਸਾਡੇ ਤੋਂ ਪੁੱਛਿਆ ਕਿ ਇੱਥੇ ਸਾਡੀ ਯਾਤਰਾ ਕਿਵੇਂ ਰਹੀ।

ਕ੍ਰਿਕਟ ਸਮਾਗਮ ਦੀ ਮੇਜ਼ਬਾਨੀ ਬ੍ਰਿਟਿਸ਼ ਏਸ਼ੀਅਨ ਟਰੱਸਟ ਦੁਆਰਾ ਕੀਤੀ ਗਈ ਸੀ, ਜੋ ਕਿ ਰਾਜਾ ਚਾਰਲਸ ਤੀਜੇ ਦੁਆਰਾ ਦੱਖਣੀ ਏਸ਼ੀਆ ਵਿੱਚ ਗਰੀਬੀ, ਅਸਮਾਨਤਾ ਅਤੇ ਬੇਇਨਸਾਫ਼ੀ ਨਾਲ ਨਜਿੱਠਣ ਲਈ ਸਥਾਪਿਤ ਇੱਕ ਸਮਾਜ ਸੇਵੀ ਸੰਸਥਾ ਹੈ।

# ਖਾਲਿਸਤਾਨ ਦੇ ਸੰਘਰਸ਼ ਨਾਲ ਫਿਰੌਤੀਆਂ, ਨਸ਼ਾ ਤਸਕਰੀ, ਗੈਂਗਵਾਰ ਦਾ ਸਬੰਧ ਨਹੀਂ- ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼

## "ਦੇਸ਼ ਵਿਦੇਸ਼ ਵਿੱਚ ਸੰਘਰਸ਼ ਨੂੰ ਢਾਹ ਲਾਊ ਘਟਨਾਵਾਂ ਬਾਰੇ ਸਿੱਖ ਜਥੇਬੰਦੀਆਂ ਦਾ ਖਾਸ ਸਪੱਸ਼ਟੀਕਰਨ



ਲੰਡਨ - ਦੇਸ਼ ਵਿਦੇਸ਼ ਵਿੱਚ ਵਾਪਰ ਰਹੀਆਂ ਘਟਨਾਵਾਂ ਜਿਹਨਾਂ ਦਾ ਅਧਾਰ ਫਿਰੌਤੀਆਂ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਗੈਂਗਵਾਰ, ਨਿੱਜੀ ਵੈਰ ਵਿਰੋਧ ਸਮੇਤ ਧਾਰਮਕ ਅਤੇ ਸਮਾਜਿਕ ਕਦਰਾਂ ਕੀਮਤਾਂ ਦੇ ਵਿਪਰੀਤ ਹੈ,ਉਹਨਾਂ ਨੂੰ ਸਿੱਖ ਦੁਸ਼ਮਣ ਧਿਰ ਵਲੋਂ ਜਾਣ ਬੁੱਝ ਕੇ ਖਾਲਿਸਤਾਨ ਦੇ ਸੰਘਰਸ਼ ਨਾਲ ਜੋੜਿਆ ਜਾ ਰਿਹਾ ਹੈ । ਜੋ ਕਿ ਬਿਲਕੁਲ ਨਿਰਮੂਲ, ਬੁਨਿਆਦ ਅਤੇ ਬੇਤੁਕੀ ਗੱਲ ਹੈ । ਪੰਜਾਬ ਵਿੱਚ ਜਦੋਂ ਖਾਲਿਸਤਾਨ ਦਾ ਸੰਘਰਸ਼ ਜੋਬਨ ਤੇ ਸੀ ਤਾਂ ਸਮਾਜ ਵਿਰੋਧੀ ਅਨਸਰਾਂ ਵਲੋਂ ਖਾੜਕੂ ਜਥੇਬੰਦੀਆਂ ਦੇ ਜਾਅਲੀ ਲੈਟਰਹੈੱਡ ਤਿਆਰ ਕੀਤੇ ਗਏ, ਉਹਨਾ ਤੇ ਚਿੱਠੀਆਂ ਪਾ ਕੇ ਆਮ ਲੋਕਾਂ ਤੋਂ ਫਿਰੌਤੀਆਂ ਮੰਗੀਆਂ ਗਈਆਂ । ਜਦਕਿ ਖਾੜਕੂਆਂ ਅਤੇ ਖਾੜਕੂ ਜਥੇਬੰਦੀਆਂ ਦਾ ਇਹ ਨਾਲ ਕੋਈ ਸਬੰਧ ਨਹੀ ਹੀ ਸੀ ।ਬਹੁਤ ਸਾਰੇ ਅਜਿਹੇ ਅਨਸਰਾਂ ਨੂੰ ਸੋਧਿਆ ਵੀ ਗਿਆ ਅਤੇ ਵਾਰ ਵਾਰ ਸਿੱਖ ਸੰਗਤਾਂ ਨੂੰ ਸੁਚੇਤ ਵੀ ਕੀਤਾ ਜਾਂਦਾ ਰਿਹਾ। ਅਜਿਹਾ ਵਰਤਾਰਾ ਅੱਜ ਕਲ ਵੱਡੀ ਪੱਧਰ ਤੇ ਫੇਰ ਵਾਪਰ ਰਿਹਾ ਹੈ । ਬਰਤਾਨੀਆ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਵਲੋਂ ਇੱਕ ਖਾਸ ਸਪੱਸ਼ਟੀਕਰਨ ਜਾਰੀ ਕੀਤਾ ਗਿਆ ਹੈ ਜੋ ਕਿ ਉਹਨਾਂ ਸੰਘਰਸ਼ਸ਼ੀਲ ਜਥੇਬਦੀਆਂ ਵਲੋਂ ਵੀ ਹੈ ਜਿਹਨਾਂ ਨੂੰ ਭਾਰਤੀ ਮੀਡੀਆ ਦੇਸ਼ ਵਿਦੇਸ਼ ਵਿੱਚ ਵਾਪਰ ਰਹੀਆਂ ਸਿੱਖ ਧਰਮ ਅਤੇ ਸਮਾਜ ਵਿਰੋਧੀ ਘਟਨਾਵਾਂ ਦਾ ਜਿੰਮੇਵਾਰ ਠਹਿਰਾ ਰਿਹਾ ਹੈ । ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ਨਜ਼ ਯੂ,ਕੇ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਨੇ ਜਾਰੀ ਪ੍ਰੈੱਸ ਬਿਆਨ ਵਿੱਚ ਆਖਿਆ ਹੈ ਕਿ ਖਾਲਿਸਤਾਨ ਦਾ ਸੰਘਰਸ਼ ਹੱਕ, ਸੱਚ, ਇਨਸਾਫ ਅਤੇ ਧਰਮ ਤੇ ਅਧਾਰਿਤ ਹੈ । ਜਿਸ ਵਿੱਚ ਯੋਗਦਾਨ ਪਾਉਂਦੇ ਹੋਏ ਅਣਗਿਣਤ ਸਿੰਘ, ਸਿੰਘਣੀਆਂ, ਬੱਚੇ, ਬਜੁਰਗ ਸ਼ਹੀਦ ਹੋ ਚੁੱਕੇ ਹਨ । ਖਾਲਿਸਤਾਨ ਦੇ ਸੰਘਰਸ਼ ਦੌਰਾਨ ਸਾਲ 1987 ਵਿੱਚ ਸਮਾਜ ਸੁਧਾਰ ਲਹਿਰ ਦਾ ਆਗਾਜ਼ ਕਰਦਿਆਂ ਇਸ ਨੂੰ ਅਮਲੀ ਜਾਮਾ ਪਹਿਨਾਇਆ ਗਿਆ ਸੀ । ਖਾਲਿਸਤਾਨ ਦੇ ਸੰਘਰਸ਼ ਦੇ ਪਾਂਧੀ ਕਿਸੇ ਤੋਂ ਫਿਰੌਤੀ ਲੈਣ, ਕਿਸੇ ਨੂੰ ਵਿਆਕਤੀਗਤ ਤੌਰ ਤੇ ਲੁੱਟਣ, ਨਸ਼ਿਆਂ ਦੇ ਕਾਰੋਬਾਰ, ਨਸ਼ਿਆਂ ਦੀ ਤਸਕਰੀ ਆਦਿ ਕਰਨ ਬਾਰੇ ਸੋਚ ਵੀ ਨਹੀਂ ਸਕਦੇ। ਜਿਹੜੇ ਅਜਿਹਾ ਕਰਦੇ ਹੋਣਗੇ ਉਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਪ੍ਰਗਟ ਕੀਤੇ ਹੋਏ ਖਾਲਸਾ ਪੰਥ ਦੇ ਸੁਨਿਹਰੀ ਅਸੂਲਾਂ ਦੇ ਵੈਰੀ ਹੀ ਹੋ ਸਕਦੇ ਨਾ ਕਿ ਸਿੱਖ ਕੌਮ ਜਾਂ ਸਿੱਖ ਸੰਘਰਸ਼ ਦੇ ਖੈਰ ਖਵਾਹ । ਖਾਲਿਸਤਾਨ ਦੇ ਚੱਲ ਰਹੇ ਸੰਘਰਸ਼ ਨੂੰ ਢਾਹ ਲਗਾਉਣ ਅਤੇ ਬਦਨਾਮ ਕਰਨ ਵਾਸਤੇ ਸਰਕਾਰੀ ਏਜੰਸੀਆਂ ਨੇ ਕਈ ਕਿਸਮਾਂ ਦੀਆਂ ਚਾਲਾਂ ਚੱਲੀਆਂ ਸਨ ਅਤੇ ਇਸੇ ਹੀ ਵਰਤਾਰੇ ਨੂੰ ਅੱਜ ਤੱਕ ਜਾਰੀ ਰੱਖਿਆ ਹੋਇਆ ਹੈ । ਦੇਸ਼ ਵਿਦੇਸ਼ ਵਿੱਚ ਜਿਹੜੇ ਵਿਅਕਤੀ ਗੈਂਗਵਾਰ, ਨਿੱਜੀ ਵੈਰ ਵਿਰੋਧ, ਧਰਮ ਅਤੇ ਸਮਾਜ ਵਿਰੋਧੀ ਕਾਰਵਾਈਆਂ ਕਰਕੇ ਸੰਘਰਸ਼ਸ਼ੀਲ ਜਥੇਬੰਦੀਆਂ ਦਾ ਨਾਮ ਵਰਤ ਰਹੇ ਹਨ ਜਦਕਿ ਉਹਨਾਂ ਜਥੇਬੰਦੀਆਂ ਦਾ ਇਹੋ ਜਿਹੀਆਂ ਕਾਰਵਾਈਆਂ ਨਾਲ ਕੋਈ ਸਬੰਧ ਨਹੀ ਹੈ ।

ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਵਲੋਂ ਸਿੱਖ ਸੰਗਤਾਂ ਨੂੰ ਭਾਰਤ ਸਰਕਾਰ ਪੱਖੀ ਮੀਡੀਏ ਦੇ ਖਾਲਿਸਤਾਨ ਦੇ ਸੰਘਰਸ਼ ਦੇ ਸੰਘਰਸ਼ ਨੂੰ ਢਾਹ ਲਾਉਣ ਵਾਲੇ ਅਜਿਹੇ ਝੂਠੇ ਅਤੇ ਬੇਤੁਕੇ ਪ੍ਰਚਾਰ ਤੋਂ ਸੁਚੇਤ ਰਹਿਣ ਦੀ ਸਨਿਮਰ ਅਪੀਲ ਕੀਤੀ ਗਈ ਹੈ । ਖਾਲਿਸਤਾਨ ਦੀ ਜੰਗੇ ਅਜਾਦੀ ਦੇ ਸ਼ਹੀਦਾਂ ਦੀ ਅਸਿੱਧੇ ਢੰਗ ਨਾਲ ਨਾਸਤਿਕ ਅਤੇ ਸਰਕਾਰੀ ਧਿਰ ਦੇ ਲੇਖਕਾਂ ਵਲੋਂ ਆਪਣੀਆਂ ਕਿਤਾਬਾਂ ਵਿੱਚ ਕੂੜ ਕਬਾੜ ਲਿਖਕੇ ਉਹਨਾਂ ਦੀ ਕਿਰਦਾਰਕੁਸ਼ੀ ਕਰਨ ਦਾ ਰੁਝਾਨ ਵੀ ਸਾਹਮਣੇ ਆ ਰਿਹਾ ਹੈ । ਜਿਸਦਾ ਸਿੱਖ ਸੰਘਰਸ਼ ਪੱਖੀ ਕਲਮਾਂ ਨੰ ਢੁੱਕਵਾਂ ਜਵਾਬ ਦੇਣ ਦੀ ਜਰੂਰਤ ਹੈ। ਇਹ ਲੋਕ ਆਪਣੀਆਂ ਕਿਤਾਬਾਂ ਜਾਂ ਆਪਣੇ ਚੈਨਲਾਂ ਦੀ ਲੋਕਾਂ ਵਿੱਚ ਉਤਸੁਕਤਾ ਪੈਦਾ ਕਰਨ ਲਈ ਅਜਿਹੇ ਕੋਝੇ ਹੱਥਕੰਡੇ ਵਰਤ ਰਹੇ ਹਨ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਵਲੋਂ ਬਜੁਰਗ ਦੌੜਾਕ ਸ੍ਰ, ਫੌਜਾ ਸਿੰਘ ਦੀ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ।

# ਛੋਟੇ ਜਹਾਜ ਦੀ ਜ਼ਬਰਦਸਤੀ ਲੈਂਡਿੰਗ ਮਗਰੋਂ ਵੈਨਕੂਵਰ ਕੌਮਾਤਰੀ ਹਵਾਈ ਅੱਡੇ ਤੇ ਮਚਿਆ ਹੜਕੰਪ !

***ਗਿਫਤਾਰ ਕੀਤੇ ਚਾਲਕ ਤੋਂ ਪੁੱਛ-ਗਿੱਛ ਜਾਰੀ***

ਵੈਨਕੂਵਰ-(ਮਲਕੀਤ ਸਿੰਘ)-ਵੈਨਕੂਵਰ ਕੌਮਾਤਰੀ ਹਵਾਈ ਅੱਡੇ ਤੇ ਉਸ ਵੇਲੇ ਹੜਕੰਪ ਮੱਚ ਗਿਆ ਜਦੋਂ ਬਿਨਾਂ ਅਗਾਉ ਜਾਣਕਾਰੀ ਦਿੱਤਿਆਂ ਇੱਕ ਛੋਟੇ ਹਵਾਈ ਜਹਾਜ ਦੇ ਚਾਲਕ ਵੱਲੋਂ ਜ਼ਬਰਦਸਤੀ ਹਵਾਈ ਅੱਡੇ ਦੇ ਰਨਵੇਅ ਤੇ ਜਹਾਜ਼ ਉਤਾਰ ਲਿਆ ਗਿਆ ਜਿਸ ਮਗਰੋ ਸਥਿਤੀ ਇਕਦਮ ਗੰਭੀਰ ਬਣ ਗਈ। ਜਿਸ ਕਾਰਨ ਕਿਸੇ ਤਰ੍ਹਾਂ ਦੀ ਸੰਭਾਵੀ ਖਤਰਨਾਕ ਸਥਿਤੀ ਨੂੰ ਟਾਲਣ ਲਈ ਸਾਰੀਆਂ ਉਡਾਣਾਂ ਨੂੰ ਕੁਝ ਸਮੇਂ ਲਈ ਰੋਕਣਾ ਪਿਆ। ਪ੍ਰਾਪਤ ਵੇਰਵਿਆਂ ਮੁਤਾਬਿਕ ਅੱਜ ਸਵੇਰੇ ਵੈਨਕੂਵਰ ਕੌਮਾਤਰੀ ਹਵਾਈ ਅੱਡੇ ਵਾਈ. ਵੀ. ਆਰ .ਤੇ ਅਚਾਨਕ ਇੱਕ ਅਗਿਆਤ ਹਵਾਈ ਜਹਾਜ ਚਾਲਕ ਵੱਲੋਂ ਇੱਕ ਛੋਟਾ ਹਵਾਈ ਜਹਾਜ ਜਬਰਦਸਤੀ ਹਵਾਈ ਅੱਡੇ ਦੇ ਰਨਵੇਅ ਤੇ ਉਤਾਰ ਦਿੱਤਾ ਗਿਆ ਜਿਸ ਮਗਰੋਂ ਏਅਰਪੋਰਟ ਅਧਿਕਾਰੀਆਂ ਅਤੇ ਸਥਾਨਕ ਪੁਲਿਸ ਵੱਲੋਂ ਉਕਤ ਜਹਾਜ ਨੂੰ ਘੇਰਾ ਪਾ ਕੇ ਉਸਦੇ ਚਾਲਕ ਨੂੰ ਬਾਹਰ ਕੱਢਣ ਮਗਰੋਂ ਗ੍ਰਿਫਤਾਰ ਕਰ ਲਿਆ ਗਿਆ ਦੇਰ ਸ਼ਾਮ ਤੀਕ ਪ੍ਰਾਪਤ ਵੇਰਵਿਆਂ ਮੁਤਾਬਕ ਇਸ ਸਾਰੇ ਮਾਮਲੇ ਦੀ ਬਰੀਕੀ ਨਾਲ ਜਾਂਚ ਆਰੰਭ ਕਰ ਦਿੱਤੀ ਗਈ ਹੈ।

# ਸੀ ਬੀ ਆਈ ਦੇ ਯਤਨਾਂ ਸਦਕਾ 4 ਲੱਖ ਪੌਂਡ ਦੇ ਕਰੀਬ ਲੋਕਾਂ ਨਾਲ ਧੋਖਾਧੜੀ ਕਰਨ ਵਾਲੇ ਗਰੋਹ ਦਾ ਪਰਦਾ ਫਾਸ਼

## ਬਰਤਾਨੀਆਂ ਦੀ ਰਾਸ਼ਟਰੀ ਅਪਰਾਧ ਏਜੰਸੀ ਵੱਲੋਂ ਸੀ ਬੀ ਆਈ ਦੇ ਰੋਲ ਦੀ ਸ਼ਲਾਘਾ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਰਾਸ਼ਟਰੀ ਅਪਰਾਧ ਏਜੰਸੀ (ਐਨ ਸੀ ਏ) ਨੇ ਨੋਇਡਾ ਤੋਂ ਚੱਲ ਰਹੇ ਇੱਕ ਕਾਲ ਸੈਂਟਰ ਅਤੇ ਧੋਖਾਧੜੀ ਦਾ ਪਰਦਾਫਾਸ਼ ਕਰਨ ਲਈ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਅਤੇ ਕਈ ਅਮਰੀਕੀ ਟੀਮਾਂ ਨਾਲ ਕੀਤੇ ਗਏ 'ਸ਼ਾਨਦਾਰ ਸਹਿਯੋਗ' ਦੇ ਵੇਰਵੇ ਸਾਂਝੇ ਕੀਤੇ ਹਨ। ਇਸ ਕਾਲ ਸੈਂਟਰ ਦੁਆਰਾ ਕੀਤੇ ਗਏ ਘੁਟਾਲੇ ਵਿੱਚ 100 ਦੇ ਕਰੀਬ ਪੀੜਤ ਬਰਤਾਨਵੀ ਲੋਕ ਸ਼ਾਮਲ ਸਨ। ਐਨ ਸੀ ਏ ਮੁਤਾਬਿਕ ਅੰਤਰਰਾਸ਼ਟਰੀ ਜਾਂਚ ਪਿਛਲੇ ਸਾਲ ਦੇ ਸ਼ੁਰੂ ਵਿੱਚ ਸ਼ੁਰੂ ਹੋਈ ਸੀ ਜਦੋਂ ਅਮਰੀਕਾ ਵਿੱਚ ਇਸਦੇ ਅੰਤਰਰਾਸ਼ਟਰੀ ਸੰਪਰਕ ਅਧਿਕਾਰੀਆਂ ਨੂੰ ਮਾਈਕ੍ਰੋਸਾਫਟ ਤੋਂ ਜਾਣਕਾਰੀ ਮਿਲੀ ਸੀ।***


ਐਨ ਸੀ ਏ ਅਤੇ ਯੂ ਐਸ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐਫ ਆਈ ਬੀ) ਦੇ ਅਧਿਕਾਰੀਆਂ ਨੇ ਸੀ ਬੀ ਆਈ ਨਾਲ ਆਪਣੀ ਖੁਫੀਆ ਜਾਣਕਾਰੀ ਸਾਂਝੀ ਕੀਤੀ, ਜਿਸ ਦੇ ਨਤੀਜੇ ਵਜੋਂ ਤੁਰੰਤ ਕਾਰਵਾਈ ਕਰਦਿਆਂ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ, ਇਕੱਲੇ ਯੂ ਕੇ ਵਿੱਚ ਪੀੜਤਾਂ ਨੂੰ ਲੱਗਭੱਗ 4 ਲੱਖ ਪੌਂਡ ਤੋਂ ਵੱਧ ਦਾ ਨੁਕਸਾਨ ਹੋਇਆ।

ਘੁਟਾਲੇ ਵਿੱਚ ਸ਼ਾਮਲ ਲੋਕਾਂ ਨੇ ਮਾਈਕ੍ਰੋਸਾਫਟ ਦੇ ਕਰਮਚਾਰੀ ਹੋਣ ਦਾ ਦਿਖਾਵਾ ਕਰਕੇ 100 ਤੋਂ ਵੱਧ ਬਰਤਾਨਵੀ ਨਾਗਰਿਕਾਂ ਨੂੰ ਸਾਫਟਵੇਅਰ ਸਮੱਸਿਆਵਾਂ ਦੇ ਹੱਲ ਦੀ ਪੇਸ਼ਕਸ਼ ਕੀਤੀ ਸੀ। ਉਹੀ ਕਾਲ ਸੈਂਟਰ ਅਮਰੀਕੀ ਨਾਗਰਿਕਾਂ ਨੂੰ ਵੀ ਨਿਸ਼ਾਨਾ ਬਣਾ ਰਿਹਾ ਸੀ। ਜਾਂਚ ਤੋਂ ਪਤਾ ਲੱਗਾ ਕਿ ਘੁਟਾਲੇ ਵਿੱਚ ਸ਼ਾਮਲ ਅਪਰਾਧੀ ਕਈ ਦੇਸ਼ਾਂ ਦੇ ਸਰਵਰਾਂ ਰਾਹੀਂ ਜਾਅਲੀ ਫੋਨ ਨੰਬਰਾਂ ਦੀ ਵਰਤੋਂ ਕਰਦੇ ਸਨ।

ਨੈਸ਼ਨਲ ਇਕਨਾਮਿਕ ਕ੍ਰਾਈਮ ਸੈਂਟਰ ਦੇ ਡਿਪਟੀ ਡਾਇਰੈਕਟਰ ਨਿੱਕ ਸ਼ਾਰਪ ਨੇ ਕਿਹਾ ਕਿ ਇਹ ਮਾਮਲਾ ਵੱਡੀ ਸਫਲਤਾ ਦੀ ਕਹਾਣੀ ਪੇਸ਼ ਕਰਦਾ ਹੈ, ਇਹ ਦਰਸਾਉਂਦਾ ਹੈ ਕਿ ਜਨਤਕ ਅਤੇ ਨਿੱਜੀ ਖੇਤਰਾਂ ਦੀ ਮੁਹਾਰਤ ਦੀ ਵਰਤੋਂ ਕਰਕੇ ਵਿਦੇਸ਼ੀ ਭਾਈਵਾਲਾਂ ਨਾਲ ਮਿਲ ਕੇ ਵਿਸ਼ਵ ਦੇ ਹਰ ਕੋਨੇ ਵਿੱਚ ਘੁਟਾਲੇਬਾਜ਼ਾਂ ਨੂੰ ਦਬੋਚਿਆ ਜਾ ਸਕਦਾ ਹੈ। ਇਹ ਪਿਛਲੇ ਸਾਲ ਯੂ ਕੇ ਅਤੇ ਅਮਰੀਕਾ ਵਿਚਕਾਰ ਕਾਲ ਸੈਂਟਰ ਧੋਖਾਧੜੀ ਨਾਲ ਨਜਿੱਠਣ ਲਈ ਹੋਏ ਸਮਝੌਤੇ ਦੀ ਮਹੱਤਤਾ ਦੀ ਇੱਕ ਸ਼ਾਨਦਾਰ ਉਦਾਹਰਣ ਹੈ। 'ਐਨ ਸੀ ਏ, ਐਫਬੀਆਈ ਅਤੇ ਮਾਈਕ੍ਰੋਸਾਫਟ ਨੇ ਲੰਡਨ ਪੁਲਿਸ ਦੇ ਸਹਿਯੋਗ ਨਾਲ ਭਾਰਤ ਸਥਿਤ ਕਈ ਸ਼ੱਕੀਆਂ ਦੀ ਪਛਾਣ ਕੀਤੀ ਅਤੇ ਪੀੜਤਾਂ ਦੀਆਂ ਗਵਾਹੀਆਂ ਸਮੇਤ ਸਬੂਤਾਂ ਦਾ ਸੰਗ੍ਰਹਿ ਤਿਆਰ ਕੀਤਾ। ਯੂ ਕੇ ਦੇ ਸੀਨੀਅਰ ਮੰਤਰੀ ਲਾਰਡ ਡੇਵਿਡ ਹੈਨਸਨ ਨੇ ਕਿਹਾ ਕਿ ਧੋਖਾਧੜੀ ਨਾਲ ਨਜਿੱਠਣ ਲਈ ਵਿਸ਼ਵਵਿਆਪੀ ਕਾਰਵਾਈ ਦੀ ਲੋੜ ਹੈ।

## ਵਿੰਬਲਡਨ ਟੈਨਿਸ ਟੂਰਨਾਮੈਂਟ ਦੇ ਫਾਈਨਲ ਦੀਆਂ ਟਿਕਟਾਂ ਦੀ ਕੀਮਤ 35000 ਪੌਂਡ ਤੋਂ ਵੀ ਵੱਧ







**ਵਿੰਬਲਡਨ ਟੈਨਿਸ ਕੋਰਟ ਵਿੱਚ ਬਰਤਾਨੀਆਂ ਦੀ ਰਾਜਕੁਮਾਰੀ ਕੇਟ ਮਿਡਲਟਨ ਨਾਲ ਗੱਲਬਾਤ ਕਰਦੇ ਹੋਏ ਰਾਜਿੰਦਰ ਸਿੰਘ ਅਤੇ ਵਿਰਾਟ ਕੋਹਲੀ ਅਤੇ ਅਨੁਸ਼ਕਾ ਸ਼ਰਮਾਂ ਮੈਚ ਦਾ ਅਨੰਦ ਮਾਣਦੇ ਹੋਏ**

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵਿੰਬਲਡਨ ਟੈਨਿਸ ਟੂਰਨਾਮੈਂਟ ਦੇ 13 ਜੁਲਾਈ ਨੂੰ ਹੋ ਰਹੇ ਫਾਈਨਲ ਨੂੰ ਵੇਖਣ ਲਈ ਟਿਕਟਾਂ ਦੀਆਂ ਕੀਮਤਾਂ ਨੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਇਹ ਟਿਕਟਾਂ 35000 ਪੌਂਡ ਤੋਂ ਵੱਧ ਦੀਆਂ ਵਿਕ ਰਹੀਆਂ ਹਨ। ਚੱਲ ਰਹੇ ਟੈਨਿਸ ਟੂਰਨਾਮੈਂਟ ਦੌਰਾਨ ਕਈ ਭਾਰਤ ਦੇ ਸੀਨੀਅਰ ਕ੍ਰਿਕਟ ਖਿਡਾਰੀ ਸਚਿਨ ਤੇਂਦੁਲਕਰ, ਵਿਰਾਟ ਕੋਹਲੀ, ਫਿਲਮੀ ਅਦਾਕਾਰਾ ਅਨੁਸ਼ਕਾ ਸ਼ਰਮਾਂ, ਭਾਰਤੀ ਵਿਕਟ ਕੀਪਰ ਰਿਸ਼ਭ ਪੰਤ, ਅਦਾਕਾਰਾ ਪ੍ਰਿਯੰਕਾ ਚੋਪੜਾ ਅਤੇ ਉਸਦੇ ਪਤੀ ਨਿਕ ਜੋਨਸ ਆਦਿ ਨੇ ਰੋਇਲ ਬਾਕਸ ਵਿੱਚ ਟੂਰਨਾਮੈਂਟ ਦਾ ਅਨੰਦ ਮਾਣਿਆ ਹੈ। ਇਥੇ ਹੀ ਬੱਸ ਨਹੀਂ ਵਿੱਚ ਬਰਤਾਨੀਆਂ ਦੇ ਤਿੰਨ ਦਸਤਾਰਧਾਰੀ ਸਿੱਖ ਵੀ ਰੋਇਲ ਬਾਕਸ ਵਿੱਚ ਬੈਠ ਕੇ ਟੂਰਨਾਮੈਂਟ ਦਾ ਅਨੰਦ ਲੈ ਚੁੱਕੇ ਹਨ ਜਿਹਨਾਂ ਵਿੱਚ ਸਿਟੀ ਸਿੱਖ ਦੇ ਜਸਬੀਰ ਸਿੰਘ, ਸੇਵਾ ਟਰੱਸਟ ਯੂ ਕੇ ਦੇ ਚੇਅਰਮੈਨ ਚਰਨਕੰਵਲ ਸਿੰਘ ਸੇਖੋਂ ਅਤੇ 'ਸਕਿੱਪਿੰਗ ਸਿੱਖ' ਵਜੋਂ ਜਾਣੇ ਜਾਂਦੇ ਰਜਿੰਦਰ ਸਿੰਘ ਸ਼ਾਮਲ ਸਨ। ਜਿਕਰਯੋਗ ਹੈ ਕਿ ਵਿੰਬਲਡਨ ਟੈਨਿਸ ਟੂਰਨਾਮੈਂਟ ਲਗਭਗ 20 ਕੋਰਟਾਂ ਵਿੱਚ ਖੇਡਿਆ ਜਾਂਦਾ ਹੈ, ਵਿੰਬਲਡਨ ਦਾ ਮੁੱਖ ਕੋਰਟ ਜਿਸਨੂੰ ਸੈਂਟਰ ਕੋਰਟ ਕਿਹਾ ਜਾਂਦਾ ਹੈ, ਇਸ ਵਿੱਚ 15000 ਸੀਟਾਂ ਹਨ, ਜਿਨ੍ਹਾਂ ਵਿੱਚੋਂ 80 ਸੀਟਾਂ ਰੋਇਲ ਬਾਕਸ ਦਾ ਹਿੱਸਾ ਹਨ ਜੋ ਯੂ ਕੇ ਦੇ ਸ਼ਾਹੀ ਪਰਿਵਾਰ ਅਤੇ ਉਨ੍ਹਾਂ ਦੇ ਸੱਦੇ ਗਏ ਮਹਿਮਾਨਾਂ ਲਈ ਰਾਖਵੀਆਂ ਹਨ। ਜਿਸ ਵਿੱਚ ਉਕਤ ਸਖਸ਼ੀਅਤਾਂ ਨੂੰ ਸੱਦਾ ਦਿੱਤਾ ਗਿਆ ਸੀ।

1922 ਤੋਂ ਰੋਇਲ ਬਾਕਸ ਦੀ ਵਰਤੋਂ ਬ੍ਰਿਟਿਸ਼ ਅਤੇ ਵਿਦੇਸ਼ੀ ਸ਼ਾਹੀ ਪਰਿਵਾਰਾਂ ਦੇ ਮੈਂਬਰਾਂ ਦੇ ਨਾਲ ਨਾਲ ਸਰਕਾਰ ਦੇ ਮੁਖੀਆਂ, ਵਿਸ਼ਵ ਪ੍ਰਸਿੱਧ ਖਿਡਾਰੀਆਂ, ਪ੍ਰਮੁੱਖ ਸ਼ਖਸੀਅਤਾਂ ਨੂੰ ਸੱਦਾ ਦੇਣ ਲਈ ਕੀਤੀ ਜਾਂਦੀ ਹੈ ਜਿਨ੍ਹਾਂ ਨੇ ਬ੍ਰਿਟੇਨ ਜਾਂ ਦੁਨੀਆ ਭਰ ਵਿੱਚ ਵੱਖ-ਵੱਖ ਖੇਤਰਾਂ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਹੋਵੇ। ਲੇਕਨ ਫਾਈਨਲ ਮੈਚ ਲਈ ਟਿਕਟ ਦਾ 35000 ਪੌਂਡ (40 ਲੱਖ ਰੁਪਏ ਪ੍ਰਤੀ ਟਿਕਟ) ਤੱਕ ਜਾਣਾ ਆਪਣੇ ਆਪ ਵਿੱਚ ਇੱਕ ਰਿਕਾਰਡ ਹੈ, ਭਾਵੇਂ ਕਿ ਇਸ ਕਾਲੀ ਬਜ਼ਾਰੀ ਨੂੰ ਰੋਕਣ ਲਈ ਸੰਸਥਾਵਾਂ ਪਿਛਲੇ ਕਾਫੀ ਸਮੇਂ ਤੋਂ ਯਤਨ ਕਰ ਰਹੀਆਂ ਹਨ, ਪਰ ਇਸ ਦੇ ਬਾਵਜੂਦ ਕੁਝ ਲੋਕ ਨਵੇਂ ਰਾਹ ਲੱਭ ਲੈਂਦੇ ਹਨ।

## ਆਪ ਆਗੂ ਪਰਮਿੰਦਰ ਸਿੰਘ ਪੰਡੋਰੀ ਦਾ ਕਵੈਂਟਰੀ ਵਿਖੇ ਨਿੱਘਾ ਸਵਾਗਤ



**ਪਰਮਿੰਦਰ ਸਿੰਘ ਪੰਡੋਰੀ ਦਾ ਸਵਾਗਤ ਕਰਦੇ ਹੋਏ ਰਵੀ ਢਿੱਲੋਂ ਦੇਤਵਾਲੀਆ, ਭੁਪਿੰਦਰ ਸਿੰਘ ਦੀਨਾ ਸਾਹਿਬ ਅਤੇ ਹੋਰ**

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਆਮ ਆਦਮੀ ਪਾਰਟੀ ਦੇ ਹਲਕਾ ਸ਼ਾਹਕੋਟ ਦੇ ਇੰਚਾਰਜ ਪਰਮਿੰਦਰ ਸਿੰਘ ਪੰਡੋਰੀ ਦਾ ਇੰਗਲੈਂਡ ਦੇ ਸ਼ਹਿਰ ਕਵੈਂਟਰੀ ਵਿਖੇ ਮਰਸੀਆ ਵੈਨਿਊ ਵਿਖੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਉੱਘੇ ਕਾਰੋਬਾਰੀ ਰਵੀ ਢਿੱਲੋਂ ਦੇਤਵਾਲੀਆ, ਭੁਪਿੰਦਰ ਸਿੰਘ ਦੀਨਾ ਸਾਹਿਬ, ਅਮਰਜੀਤ ਸਿੰਘ ਲੱਡੂ ਆਦਿ ਸਮੇਤ ਭਾਈਚਾਰੇ ਦੀਆਂ ਉੱਘੀਆਂ ਸ਼ਖਸੀਅਤਾਂ ਹਾਜ਼ਰ ਸਨ। ਇਸ ਮੌਕੇ ਰਵੀ ਢਿੱਲੋਂ ਦੇਤਵਾਲੀਆ ਅਤੇ ਭੁਪਿੰਦਰ ਸਿੰਘ ਨੇ ਕਿਹਾ ਕਿ ਪਰਮਿੰਦਰ ਸਿੰਘ ਪੰਡੋਰੀ ਨੇ ਜਿੱਥੇ ਵਧੀਆ ਕਬੱਡੀ ਖੇਡ ਕੇ ਦੇਸ਼ ਵਿਦੇਸ਼ ਵਿੱਚ ਹਲਕੇ ਦਾ ਨਾਮ ਰੌਸ਼ਨ ਕੀਤਾ ਅੱਜ ਉਸੇ ਇਲਾਕੇ ਵਿੱਚ ਲੋਕ ਸੇਵਾ ਕਰ ਰਿਹਾ ਹੈ। ਪੱਤਰਕਾਰ ਨਾਲ ਗੱਲਬਾਤ ਕਰਦਿਆਂ ਪਰਮਿੰਦਰ ਸਿੰਘ ਪੰਡੋਰੀ ਨੇ ਕਿਹਾ ਕਿ ਉਨ੍ਹਾਂ ਨੂੰ ਆਮ ਆਦਮੀ ਪਾਰਟੀ ਵੱਲੋਂ ਹਲਕੇ ਦੀ ਬਿਹਤਰੀ ਲਈ ਸੇਵਾਵਾਂ ਦਿੱਤੀਆਂ ਹਨ ਅਤੇ ਉਹ ਇਨ੍ਹਾਂ ਸੇਵਾਵਾਂ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਲਈ ਵਚਨਬੱਧ ਹੈ।

## ਭਾਰਤੀ ਕ੍ਰਿਕਟ ਟੀਮ ਨੂੰ ਬਰਤਾਨਵੀ ਮਹਾਰਾਜਾ ਚਾਰਲਸ ਦੇਣਗੇ ਦਾਅਵਤ



***ਸ਼ੁਭਮਨ ਗਿੱਲ ਅਤੇ ਮਹਾਰਾਜਾ ਚਾਰਲਸ***

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਵਿੱਚ ਟੈਸਟ ਮੈਚ ਖੇਡ ਰਹੀ ਭਾਰਤੀ ਟੀਮ ਨੂੰ ਬਰਤਾਨੀਆਂ ਮਹਾਰਾਜਾ ਚਾਰਲਸ ਤੀਜੇ ਵੱਲੋਂ 15 ਜੁਲਾਈ ਨੂੰ ਦਾਅਵਤ ਦਿੱਤੀ ਜਾ ਰਹੀ ਹੈ। ਸ਼ਾਹੀ ਮਹੱਲ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਲੰਡਨ ਦੇ ਲਾਰਡਜ਼ ਸਟੇਡੀਅਮ ਵਿੱਚ ਟੈਸਟ ਮੈਚ ਦੀ ਸਮਾਪਤੀ ਉਪਰੰਤ ਸ਼ਾਹੀ ਮਹੱਲ ਕਲੇਰੈਂਸ ਪੈਲੇਸ ਦੇ ਬਗੀਚੇ ਵਿੱਚ ਭਾਰਤੀ ਟੀਮ ਨੂੰ ਸੱਦਾ ਦਿੱਤਾ ਗਿਆ ਹੈ। ਇਸ ਮੌਕੇ ਹਾਜ਼ਰ ਮਹਿਮਾਨਾਂ ਦੀ ਰਾਸ਼ਟਰ ਮੰਡਲ ਦੇਸ਼ਾਂ ਦੇ ਮੁੱਖੀ ਦੇ ਤੌਰ ਤੇ ਮਹਾਰਾਜਾ ਚਾਰਲਸ ਅਗਵਾਈ ਕਰਨਗੇ।

# ਈਰਥ ਵੂਲਿਚ ਕਬੱਡੀ ਕਲੱਬ ਵੱਲੋਂ ਈਰਥ ਵੂਲਿਚ ਨਿਵਾਸੀਆਂ ਦੇ ਸਹਿਯੋਗ ਨਾਲ

## ਇੰਗਲੈਂਡ ਕਬੱਡੀ ਫੈਡਰੇਸ਼ਨ ਯੂ.ਕੇ. ਦੀ ਸਰਪ੍ਰਸਤੀ ਹੇਠ

# ਕਬੱਡੀ ਟੂਰਨਾਮੈਂਟ 2025

## 20 ਜੁਲਾਈ 2025 ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ

**ਗਰਾਊਂਡ ਦਾ ਪਤਾ: ਬੈਰਕਸ ਫੀਲਡ, ਹਾ-ਹਾ ਰੋਡ, ਵੂਲਿਚ, ਲੰਡਨ ਐਸ ਈ18 6ਐਕਸ ਐਚ**

**BARRACKS FIELD, HA-HA ROAD, WOOLWICH, LONDON, SE18 6XH**

ਪਿਆਰੇ ਦਰਸ਼ਕ ਵੀਰੋ ਤੇ ਖੇਡ ਪ੍ਰੇਮੀਓ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਈਰਥ ਵੂਲਿਚ ਕਬੱਡੀ ਕਲੱਬ ਵੱਲੋਂ ਸਥਾਨਕ ਸਮੂਹ ਈਰਥ ਵੂਲਿਚ ਵਾਸੀਆਂ ਦੇ ਸਹਿਯੋਗ ਨਾਲ ਕਬੱਡੀ ਟੂਰਨਾਮੈਂਟ ਦਿੱਤੇ ਹੋਏ ਸਮੇਂ ਅਨੁਸਾਰ ਕਰਵਾਇਆ ਜਾ ਰਿਹਾ ਹੈ । ਜਿਸ ਵਿੱਚ ਅਸੀਂ ਇੰਗਲੈਂਡ ਦੇ ਸਮੂਹ ਦਰਸ਼ਕਾਂ ਦਾ ਸਹਿਯੋਗ ਮੰਗਦੇ ਹਾਂ। ਉਹੀ ਟੂਰਨਾਮੈਂਟ ਕਾਮਯਾਬ ਹੋ ਸਕਦਾ ਹੈ, ਜਿਸ ਵਿੱਚ ਸਾਰੇ ਪ੍ਰਬੰਧਕ, ਖਿਡਾਰੀ ਤੇ ਦਰਸ਼ਕ ਸਹਿਯੋਗ ਦੇ ਕੇ ਖੁੱਲ੍ਹਦਿਲੀ ਤੇ ਇਮਾਨਦਾਰੀ ਦਾ ਸਬੂਤ ਦੇਣ। ਆਓ ! ਇਸ ਵਿੱਚ ਅਸੀਂ ਚੰਗੇ ਅਨੁਸਾਸ਼ਨ ਦਾ ਸਬੂਤ ਦੇਈਏ ਤਾਂ ਕਿ ਟੂਰਨਾਮੈਂਟ ਕਾਮਯਾਬੀ ਦੀ ਸਿਖਰ 'ਤੇ ਪਹੁੰਚਾਇਆ ਜਾ ਸਕੇ। ਇਸ ਟੂਰਨਾਮੈਂਟ ਵਿੱਚ ਕਬੱਡੀ ਦੇ ਪ੍ਰੇਮੀ ਆਪਣੇ ਪਸੰਦੀਦਾ ਧਰਤੀ ਧੱਕ ਖਿਡਾਰੀਆਂ ਨੂੰ ਜੱਫੇ, ਕੈਂਚੀਆਂ, ਪੁੱਠੀਆਂ, ਸਿੱਧੀਆਂ ਲਾਉਂਦੇ ਤੇ ਡੌਲਿਆਂ ਦੇ ਜ਼ੋਰ ਨਾਲ ਗੁੱਟ ਫੜਦੇ, ਛਡਾਅ ਕੇ ਔਹ ਗਿਆ! ਔਹ ਗਿਆ! ਕਰਦੇ, ਅਤੇ ਪੰਜਾਬ ਦੀ ਜਵਾਨੀ ਦੀਆਂ ਮੋਰ-ਪੈਲਾਂ ਵੇਖਣਗੇ। ਇਸ ਲਈ, ਕਬੱਡੀ ਸ਼ੌਕੀਨਾਂ ਨੂੰ ਰੁਝੇਵਿਆਂ ਭਰੇ ਜੀਵਨ ਨੂੰ ਸਾਹ ਦਿਵਾਉਣ ਵਾਸਤੇ, ਇਕ ਦਿਹਾੜਾ ਮਾਂ-ਖੇਡ ਕਬੱਡੀ ਦੇ ਲੇਖੇ ਲਾਉਣ ਦੀ ਬੇਨਤੀ ਕੀਤੀ ਜਾਂਦੀ ਹੈ! ਇਸ ਨਾਲ ਖਿਡਾਰੀਆਂ ਅਤੇ ਪ੍ਰਬੰਧਕਾਂ ਦੇ ਹੌਂਸਲੇ ਵਧਣਗੇ ਅਤੇ ਪੰਜਾਬੀਅਤ ਨੂੰ ਹੁਲਾਰਾ ਮਿਲੇਗਾ। ਅਸੀਂ ਆਪ ਸਭ ਦੇ ਅਤੀ ਧੰਨਵਾਦੀ ਹੋਵਾਂਗੇ ।


**ਜ਼ਰੂਰੀ ਸੂਚਨਾ :-**

* ਇੰਗਲੈਂਡ ਕਬੱਡੀ ਫ਼ੈਡਰੇਸ਼ਨ ਯੂ ਕੇ ਦੇ ਅਹੁਦੇਦਾਰ, ਕਲੱਬਾਂ ਦੇ ਅਹੁਦੇਦਾਰ ਅਤੇ ਖਿਡਾਰੀਆਂ ਨੂੰ ਬੇਨਤੀ ਹੈ ਕਿ ਸਮੇਂ ਸਿਰ ਗਰਾਊਂਡ ਵਿੱਚ ਪਹੁੰਚ ਕੇ ਸਵੇਰੇ 10 ਵਜੇ ਅਰਦਾਸ ਵਿੱਚ ਜ਼ਰੂਰ ਸ਼ਾਮਿਲ ਹੋਣ।
* ਇਹ ਟੂਰਨਾਮੈਂਟ ਇੰਗਲੈਂਡ ਕਬੱਡੀ ਫ਼ੈਡਰੇਸ਼ਨ ਯੂ ਕੇ ਦੇ ਨਿਯਮਾਂ ਅਨੁਸਾਰ ਉਹਨਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। * ਗਰਾਂਊਂਡ ਵਿੱਚ ਰੈਫਰੀ ਦਾ ਫੈਸਲਾ ਹੀ ਅਟੱਲ ਸਮਝਿਆ ਜਾਵੇਗਾ।
* ਕਿਸੇ ਵੀ ਤਰ੍ਹਾਂ ਦਾ ਨਸ਼ਾ ਲੈ ਕੇ ਜਾਂ ਵਰਤ ਕੇ ਗਰਾਊਂਡ ਵਿੱਚ ਆਉਣ ਦੀ ਆਗਿਆ ਨਹੀਂ ਹੈ।

**10 ਵਜੇ ਛੋਟੇ ਬੱਚਿਆਂ ਦਾ ਸਪੈਸ਼ਲ ਸ਼ੋਅ ਮੈਚ ਹੋਵੇਗਾ**

ਈਰਥ ਬਲਵੇਡੀਅਰ ਯੂਥ ਸੁਸਾਇਟੀ ਲੰਗਰ ਸੇਵਾ ਵੱਲੋਂ ਲੰਗਰਾਂ ਦੀ ਸੇਵਾ ਹੋਵੇਗੀ

**ਗਰਾਊਂਡ ਦੀ ਦਾਖਲਾ ਫੀਸ (£15) ਪੌਂਡ**




## ਟੂਰਨਾਮੈਂਟ ਦੇ ਸਹਿਯੋਗੀ ਤੇ ਸਮਰਥਕ ਸੱਜਣ

## Erith & Woolwich Kabaddi Club Supporters are:-

Rajbir Singh Manak MA (Hons.) (Stanmore)
Surinder Singh Manak LLB (Hons.) (Manak Solicitors)
Jasdeep Singh Jandu LLB (Hons.)
Guljinderpal Singh Kandola (Plumstead Garages)
Kashmir Singh Atwal, Sanjeev Singh Atwal (Atwal Corporation & Rosekey Ltd)
Jaswinder Singh Ghuman, Balbir Singh Ghuman & Ghuman Family (Euro Wines Cash & Carry)
Tarlok Singh Kallar and Family (Kallar view Homes)
Dhian Singh Gill

Jarnail Singh Jela
Kulvir Singh Sanghera Laala
Ranjit Singh Sidhu
Rajwinder Singh Raja, Santokh Singh Sokhi (Manveer Construction UK Ltd)
Mark Deveney CM of Erith Football Club
Gurpal Singh Bindra Pala Bricky, Manraj Singh Bindra (Bindra Brickwork Ltd)
Kuldeep Singh Kooner, Karanjit Singh Kooker
Gurdeep Singh (Top Granite Marble)
Kewal Singh Johal, Sanj Singh Johal
Jaswinder Singh Bassi Jagga

Jatinder Singh Sanghera Bilga
Gurpreet Singh
Lakhwiner Singh
Hira Singh
Happy
Mohit of AA Plumbing
Sunny of Construction
Shabba Sindhu
Talwinder Singh Gill
Harman Singh
Punjab Daily Fresh Store
Gurcharan Singh Vagha
Baljit Singh Bila
Jarnail Singh
Dilawar Singh Bitu (Apna Store)
Harnek Singh Kullar (Cameo Properties)

Cllr. Baljeet Singh Gill
Jitender Singh (Saby Construction)
Surinder Singh Chahal Bhau
Sabey Lubana
Gurdip Singh Dosanjh
Mehtaab Singh
Bablu Naugaja
Harjeet Singh
Surinder Singh Riyat (Raju Manak)
Bittu Manak
Balwinder Sonu
Charanjit Singh Manak
Inderpal Singh
Santokh Singh Sandhu
Inderjit Singh

**ਜਾਰੀ ਕਰਤਾ: ਈਰਥ ਵੂਲਿਚ ਕਬੱਡੀ ਕਲੱਬ ਦੇ ਸਮੂਹ ਕਲੱਬ ਮੈਂਬਰ ਤੇ ਸਹਿਯੋਗੀ**

FOR MORE INFORMATION: Surinder Singh Manak +44 7966 153505, Jarnail Singh Jela +44 7855 443385, Kulvir Singh Sanghera Laala +44 7894 074097

# ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ 17 ਤੋਂ 19 ਸਤੰਬਰ ਤੱਕ ਬਰਤਾਨੀਆ ਦੌਰਾ ਕਰਨਗੇ

## ਮਹਾਰਾਜਾ ਚਾਰਲਸ 'ਵਿੰਡਸਰ ਕੈਸਲ' ਵਿਖੇ ਦੇਣਗੇ ਦਾਅਵਤ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ 17 ਤੋਂ 19 ਸਤੰਬਰ ਤੱਕ ਬਰਤਾਨੀਆ ਦਾ ਦੌਰਾ ਕਰਨਗੇ ਅਤੇ ਇਸ ਦੌਰਾਨ ਮਹਾਰਾਜਾ ਚਾਰਲਸ ਤੀਜੇ ਅਤੇ ਰਾਣੀ ਕੈਮਿਲਾ 'ਵਿੰਡਸਰ ਕਾਸਲ' ਵਿਖੇ ਉਨ੍ਹਾਂ ਦੀ ਮੇਜ਼ਬਾਨੀ ਕਰਨਗੇ। 'ਬਕਿੰਘਮ ਪੈਲੇਸ' ਨੇ ਇਸ ਦੀ ਪੁਸ਼ਟੀ ਕੀਤੀ ਹੈ । ਤਿੰਨ ਦਿਨਾਂ ਦੇ ਦੌਰੇ ਦੌਰਾਨ ਟਰੰਪ ਦੇ ਨਾਲ ਉਨ੍ਹਾਂ ਦੀ ਪਤਨੀ ਮੇਲਾਨੀਆ ਟਰੰਪ ਵੀ ਹੋਣਗੇ।*

ਟਰੰਪ ਨੇ ਇਸ ਤੋਂ ਪਹਿਲਾਂ 2019 ਵਿੱਚ ਆਪਣੇ ਪਹਿਲੇ ਕਾਰਜਕਾਲ ਦੌਰਾਨ ਬਰਤਾਨੀਆ ਦਾ ਰਾਜਸੀ ਦੌਰਾ ਕੀਤਾ ਸੀ। ਇਹ ਪਹਿਲਾ ਮੌਕਾ ਹੈ ਜਦੋਂ ਕਿਸੇ ਅਮਰੀਕੀ ਰਾਸ਼ਟਰਪਤੀ ਨੂੰ ਦੂਜੀ ਰਾਜ ਫੇਰੀ ਲਈ ਸੱਦਾ ਦਿੱਤਾ ਗਿਆ ਹੈ।



ਮਹਾਰਾਜਾ ਚਾਰਲਸ ਅਤੇ ਡੋਨਲਡ ਟਰੰਪ

ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਫਰਵਰੀ ਵਿੱਚ 'ਵ੍ਹਾਈਟ ਹਾਊਸ' ਵਿਖੇ ਹੋਈ ਇੱਕ ਮੀਟਿੰਗ ਦੌਰਾਨ ਮਹਾਰਾਜਾ ਵੱਲੋਂ ਦੂਜੀ ਰਾਜ ਫੇਰੀ ਲਈ ਸੱਦਾ ਸੌਂਪਿਆ ਸੀ। ਕੀਰ ਸਟਾਰਮਰ ਟਰੰਪ ਨਾਲ ਸਬੰਧਾਂ ਨੂੰ ਮਜ਼ਬੂਤ ਕਰਨਾ ਅਤੇ ਬਰਤਾਨੀਆ 'ਤੇ ਉਨ੍ਹਾਂ ਦੀਆਂ ਕੁਝ ਨੀਤੀਆਂ ਦੇ ਪ੍ਰਭਾਵ ਨੂੰ ਘਟਾਉਣਾ ਚਾਹੁੰਦੇ ਹਨ, ਇਸ ਲਈ ਮੰਨਿਆ ਜਾ ਰਿਹਾ ਹੈ ਕਿ ਟਰੰਪ ਦਾ ਦੌਰਾ ਉਨ੍ਹਾਂ ਯਤਨਾਂ ਦਾ ਹਿੱਸਾ ਹੈ।

ਪਹਿਲਾਂ ਵੀ ਟਰੰਪ ਅਤੇ ਸਟਾਰਮਰ ਵਿਚਕਾਰ ਸਬੰਧ ਚੰਗੇ ਜਾਪਦੇ ਹਨ ਅਤੇ ਸ਼ਾਇਦ ਇਹੀ ਕਾਰਨ ਹੈ ਕਿ ਬਰਤਾਨੀਆ ਨੂੰ ਦੂਜੇ ਦੇਸ਼ਾਂ 'ਤੇ ਲਗਾਏ ਜਾ ਰਹੇ ਵੱਡੇ ਅਮਰੀਕੀ ਟੈਰਿਫਾਂ ਦਾ ਸਾਹਮਣਾ ਨਹੀਂ ਕਰਨਾ ਪਿਆ ਹੈ। ਹਾਲਾਂਕਿ ਮਹਾਰਾਜਾ ਚਾਰਲਸ ਲਈ ਕੁਝ ਚੁਣੌਤੀਆਂ ਹਨ ਕਿਉਂਕਿ ਉਹ ਬਰਤਾਨੀਆ ਅਤੇ ਕੈਨੇਡਾ ਦੋਵਾਂ ਦੇਸ਼ਾਂ ਦੇ ਮੁਖੀ ਹਨ ਅਤੇ ਟਰੰਪ ਨੇ ਸੁਝਾਅ ਦਿੱਤਾ ਸੀ ਕਿ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਇਆ ਜਾਣਾ ਚਾਹੀਦਾ ਹੈ। ਮਈ ਵਿੱਚ ਕੈਨੇਡੀਅਨ ਸੰਸਦ ਨੂੰ ਸੰਬੋਧਨ ਕਰਦੇ ਹੋਏ ਮਹਾਰਾਜਾ ਨੇ ਕੈਨੇਡਾ ਦੀ "ਵੱਖਰੀ ਪਛਾਣ" ਅਤੇ "ਪ੍ਰਭੂਸੱਤਾ" ਨੂੰ ਪ੍ਰਮੁੱਖਤਾ ਨਾਲ ਰੇਖਾਂਕਿਤ ਕੀਤਾ ਸੀ।

# ਗੁਰਦਾਸ ਮਾਨ ਅਤੇ ਦਲਜੀਤ ਦੁਸਾਂਝ ਦਾ ਵਿਰੋਧ ਠੀਕ ਨਹੀਂ – ਚੀਮਾਂ, ਬੱਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਗਾਇਕ ਗੁਰਦਾਸ ਮਾਨ ਅਤੇ ਦਲਜੀਤ ਦੁਸਾਂਝ ਦਾ ਕੁਝ ਲੋਕਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ, ਜੋ ਬਿਲਕੁੱਲ ਠੀਕ ਨਹੀਂ ਹੈ। ਯਮਲਾ ਜੱਟ ਟਰੱਸਟ ਯੂ ਕੇ ਦੇ ਚੇਅਰਮੈਨ ਕਰਨੈਲ ਸਿੰਘ ਚੀਮਾ ਅਤੇ ਸਰਪ੍ਰਸਤ ਨਿਰਮਲ ਸਿੰਘ ਬੱਲ ਨੇ ਕਿਹਾ ਕਿ ਦੋਵਾਂ ਗਾਇਕਾਂ ਦੀ ਪੰਜਾਬੀ ਬੋਲੀ ਅਤੇ ਪੰਜਾਬੀ ਪਹਿਚਾਣ ਨੂੰ ਲੈ ਕੇ ਵੱਡਾ ਯੋਗਦਾਨ ਹੈ। ਦੇਸ਼ਾਂ ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਦੀ ਨਵੀਂ ਪੀੜੀ ਨੂੰ ਪੰਜਾਬੀ ਨਾਲ ਜੋੜੀ ਰੱਖਣ ਵਿੱਚ ਪੰਜਾਬੀ ਗੀਤ ਸੰਗੀਤ ਦਾ ਵੱਡਾ ਯੋਗਦਾਨ ਹੈ ਅਤੇ ਅੱਜ ਵੀ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀ ਇਸ ਗੱਲ ਦੇ ਗਵਾਹ ਹਨ।

ਸ: ਚੀਮਾ ਨੇ ਕਿਹਾ ਕਿ ਦਲਜੀਤ ਸਿੰਘ ਦੁਸਾਂਝ ਅੱਜ ਪਾਲੀਵੁੱਡ ਅਤੇ ਬਾਲੀਵੁੱਡ ਦਾ ਚਮਕਦਾ ਸਿਤਾਰਾ ਹੈ, ਕੁਝ ਲੋਕਾਂ ਵੱਲੋਂ ਉਸ ਨੂੰ ਗਲਤ ਢੰਗ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਲੇਕਨ ਵਿਰੋਧ ਦੇ ਬਾਵਜੂਦ ਦਲਜੀਤ ਦੇ ਚਾਹਵਾਨਾਂ ਵਿੱਚ ਕੋਈ ਕਮੀ ਨਹੀਂ ਆਈ।



ਕਰਨੈਲ ਸਿੰਘ ਚੀਮਾ ਅਤੇ ਨਿਰਮਲ ਸਿੰਘ ਬੱਲ

# ਲੰਡਨ ਸਾਊਥਐਂਡ ਹਵਾਈ ਅੱਡੇ 'ਤੇ ਜਹਾਜ਼ ਹਾਦਸੇ ਵਿੱਚ ਚਾਰ ਲੋਕਾਂ ਦੀ ਮੌਤ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਕੱਲ ਐਤਵਾਰ ਸ਼ਾਮ ਨੂੰ ਲਗਭਗ 4 ਵਜੇ (ਸਥਾਨਕ ਸਮੇਂ) ਲੰਡਨ ਦੇ ਸਾਊਥਐਂਡ ਹਵਾਈ ਅੱਡੇ 'ਤੇ ਇੱਕ ਕਾਰੋਬਾਰੀ ਜੈੱਟ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਹੀ ਹਾਦਸਾਗ੍ਰਸਤ ਹੋ ਗਿਆ। ਚਸ਼ਮਦੀਦਾਂ ਦੇ ਅਨੁਸਾਰ, ਮੌਕੇ ਤੋਂ ਇੱਕ ਵੱਡਾ ਅੱਗ ਦਾ ਗੋਲਾ ਅਤੇ ਸੰਘਣਾ ਕਾਲਾ ਧੂੰਆਂ ਉੱਠਦਾ ਦੇਖਿਆ ਗਿਆ।

ਫਲਾਈਟ ਟਰੈਕਿੰਗ ਵੈੱਬਸਾਈਟ ਫਲਾਈਟਰਾਡਾਰ ਦੇ ਅਨੁਸਾਰ, ਜਹਾਜ਼ 'ਬੀਚ ਬੀ200 ਸੁਪਰ ਕਿੰਗ ਏਅਰ' ਸੀ, ਜੋ ਕਿ ਸਾਊਥਐਂਡ ਤੋਂ ਨੀਦਰਲੈਂਡ ਦੇ ਲੇਲੀਸਟੈਡ ਲਈ ਰਵਾਨਾ ਹੋ ਰਿਹਾ ਸੀ। ਇਹ ਹਾਦਸਾ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਹੋਇਆ।

ਹਾਦਸੇ ਤੋਂ ਬਾਅਦ, ਪੁਲਿਸ ਨੇ ਕਿਹਾ ਕਿ ਉਨ੍ਹਾਂ ਨੂੰ ਸ਼ਾਮ 4 ਵਜੇ ਤੋਂ ਥੋੜ੍ਹੀ ਦੇਰ ਪਹਿਲਾਂ 12 ਮੀਟਰ ਲੰਬੇ ਜਹਾਜ਼ ਹਾਦਸੇ ਦੀ ਸੂਚਨਾ ਮਿਲੀ ਸੀ। "ਅਸੀਂ ਘਟਨਾ ਸਥਾਨ 'ਤੇ ਸਾਰੀਆਂ ਐਮਰਜੈਂਸੀ ਸੇਵਾਵਾਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ ਅਤੇ ਇਹ ਪ੍ਰਕਿਰਿਆ ਕਈ ਘੰਟਿਆਂ ਤੱਕ ਚੱਲੀ। ਸਾਵਧਾਨੀ ਵਜੋਂ, ਨੇੜਲੇ ਰੌਚਫੋਰਡ ਹੰਡਰੇਡ ਗੋਲਫ ਕਲੱਬ ਅਤੇ ਵੈਸਟਕਲਿਫ ਰਗਬੀ ਕਲੱਬ ਨੂੰ ਖਾਲੀ ਕਰਵਾਉਣਾ ਪਿਆ।

ਹਾਦਸੇ ਨੂੰ ਦੇਖਣ ਵਾਲੇ ਇੱਕ ਵਿਅਕਤੀ ਨੇ ਕਿਹਾ, "ਮੈਂ ਆਪਣੀ ਖਿੜਕੀ ਵਿੱਚੋਂ ਵੱਡੀਆਂ ਅੱਗ ਦੀਆਂ ਲਪਟਾਂ ਦੇਖੀਆਂ। ਮੈਂ ਪਹਿਲਾਂ ਕਦੇ ਅਜਿਹਾ ਕੁਝ ਨਹੀਂ ਦੇਖਿਆ। ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।


## VACANCIES
## JSR CONTRACTS LTD.

**ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# 7/7 ਲੰਡਨ ਅੱਤਵਾਦੀ ਹਮਲੇ ਦੀ 20ਵੀਂ ਵਰ੍ਹੇਗੰਢ ਮੌਕੇ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਲੋਂ ਹਰਮੀਤ ਸਿੰਘ ਗਿੱਲ ਨੇ ਸ਼ਮੂਲੀਅਤ ਕੀਤੀ

## ♦ *ਲੰਡਨ ਹਮਲੇ ਦੇ ਪੀੜਤਾਂ ਪ੍ਰਤੀ ਸਿੱਖ ਭਾਈਚਾਰੇ ਦੀਆਂ ਸੰਵੇਦਨਾਵਾਂ ਸਥਾਨਕ ਲੋਕਾਂ ਦੇ ਨਾਲ- ਹਰਮੀਤ ਸਿੰਘ ਗਿੱਲ*

ਲੰਡਨ-( ਮਨਪ੍ਰੀਤ ਸਿੰਘ ਬੱਧਨੀ ਕਲਾਂ) 7/7 ਲੰਡਨ ਬੰਬ ਧਮਾਕਿਆਂ ਨੂੰ 20 ਸਾਲ ਪੂਰੇ ਹੋਣ ‘ਤੇ ਸੇਂਟ ਪੌਲਜ਼ ਕੈਥੇਡ੍ਰਲ ‘ਚ ਯਾਦਗਾਰੀ ਸਮਾਰੋਹ ਹੋਇਆ। ਜਿਸ ਵਿੱਚ ਸਿੱਖ ਭਾਈਚਾਰੇ ਵਲੋਂ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਜਨਰਲ ਸਕੱਤਰ ਸ. ਹਰਮੀਤ ਸਿੰਘ ਗਿੱਲ ਨੇ ਹਾਜ਼ਰੀ ਭਰੀ। ਇਨ੍ਹਾਂ ਨਾਲ 7/7 ਲੰਡਨ ਧਮਾਕਿਆਂ ਦੌਰਾਨ ਬਚੇ ਹੋਏ ਲੋਕ, ਐਮਰਜੈਂਸੀ ਕਰਮਚਾਰੀ ਅਤੇ ਮਾਰੇ ਗਏ ਲੋਕਾਂ ਦੇ ਪਰਿਵਾਰਿਕ ਮੈਂਬਰ ਵੀ ਸ਼ਾਮਲ ਸਨ।

ਦੱਸਣਾ ਬਣਦਾ ਹੈ ਕਿ ਸਾਲ 2005 ਵਿੱਚ ਲੰਡਨ ਦੀਆਂ ਤਿੰਨ ਟਿਊਬ ਟ੍ਰੇਨਾਂ ਤੇ ਇੱਕ ਡਬਲ ਡੈਕਰ ਬੱਸ ਵਿਚ ਚਾਰ ਲੜੀਵਾਰ ਬੰਬ ਧਮਾਕਿਆਂ ਦੌਰਾਨ 52 ਲੋਕ ਮਾਰੇ ਗਏ ਸਨ ਅਤੇ ਸੈਂਕੜੇ ਜ਼ਖਮੀ ਹੋਏ ਸਨ। ਇਹ ਬ੍ਰਿਟੇਨ ਦੀ ਧਰਤੀ ‘ਤੇ ਸਭ ਤੋਂ ਭਿਆਨਕ ਅੱਤਵਾਦੀ ਹਮਲਾ ਸੀ।

ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਜਨਰਲ ਸਕੱਤਰ ਸ. ਹਰਮੀਤ ਸਿੰਘ ਗਿੱਲ ਨੇ 7/7 ਲੰਡਨ ਅੱਤਵਾਦੀ ਹਮਲੇ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਅੱਤਵਾਦ ਮਨੁੱਖਤਾ ਲਈ ਵੱਡਾ ਗ੍ਰਹਿਣ ਹੈ, ਜੋ ਦੁਨੀਆ ਵਿਚ ਹਰ ਸਾਲ ਲੱਖਾਂ ਬੇਕਸੂਰ ਲੋਕਾਂ ਦੀਆਂ ਜਾਨਾਂ ਲੈ ਲੈਂਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਇਨਸਾਫਪਸੰਦ, ਸ਼ਾਂਤੀਪਸੰਦ ਅਤੇ ਮਨੁੱਖਤਾ ਨੂੰ ਪਿਆਰ ਕਰਨ ਵਾਲਾ ਧਰਮ ਹੈ


ਵੱਖ-ਵੱਖ ਧਰਮਾਂ ਦੇ ਨੁਮਾਇੰਦੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ

ਅਤੇ 7/7 ਅੱਤਵਾਦੀ ਹਮਲੇ ਦੇ ਮ੍ਰਿਤਕਾਂ ਅਤੇ ਪੀੜਤਾਂ ਪ੍ਰਤੀ ਲੰਡਨ ਵਿਚ ਰਹਿਣ ਵਾਲੇ ਸਿੱਖ ਭਾਈਚਾਰੇ ਦੀਆਂ ਸੰਵੇਦਨਾਵਾਂ ਪੂਰੀ ਤਰ੍ਹਾਂ ਇਨ੍ਹਾਂ ਲੋਕਾਂ ਦੇ ਨਾਲ ਹਨ। ਉਨ੍ਹਾਂ ਕਿਹਾ ਕਿ ਬੇਸ਼ੱਕ ਮਨੁੱਖਤਾ ਦਾ ਘਾਣ ਕਰਨ ਵਾਲੇ ਲੋਕ ਦੁਨੀਆ ਦੀ ਕਿਸੇ ਅਦਾਲਤ ਦੀ ਸਜ਼ਾ ਤੋਂ ਬਚ ਵੀ ਜਾਣ ਪਰ ਪਰਮਾਤਮਾ ਦੀ ਦਰਗਾਹ ਵਿਚ ਇਨਸਾਫ ਜ਼ਰੂਰ ਹੁੰਦਾ ਹੈ।

ਐਲੀ ਪੈਟਸਾਲੋਸ, ਜਿਸ ਦੇ ਪਤੀ ਧਮਾਕੇ ‘ਚ ਇੱਕ ਲੱਤ ਗੁਆ ਬੈਠੇ, ਉਸ ਨੇ ਕਿਹਾ ਕਿ ਇੱਥੇ ਲੋਕ ਸੱਚ ਦੀ ਖੋਜ ਕਰਦੇ ਹਨ, ਜੋ ਅਗਿਆਨਤਾ ਨੂੰ ਦੂਰ ਕਰਕੇ ਸਾਡੀ ਦੁਨੀਆਂ ’ਚ ਚਾਨਣ ਕਰਦੀ ਹੈ।

ਬ੍ਰਿਟਿਸ਼ ਟ੍ਰਾਂਸਪੋਰਟ ਪੁਲਿਸ ਦੇ ਟੋਨੀ ਸਿਲਵੇਸਟ੍ਰੋ, ਜੋ ਹਮਲੇ ਦੌਰਾਨ ਲੋਕਾਂ ਦੀ ਮਦਦ ਕਰ ਰਹੇ ਸਨ, ਨੇ ਇਮੀਗ੍ਰੇਂਟ ਭਾਈਚਾਰਿਆਂ ਦੀ ਗੱਲ ਕੀਤੀ, ਜੋ ਇਸ ਇਲਾਕੇ ’ਚ ਵਸੇ। ਉਨ੍ਹਾਂ ਕਿਹਾ, ਹੁਣ ਇਹ ਇੱਕ ਵਪਾਰ ਦਾ ਵੱਡਾ ਕੇਂਦਰ ਹੈ, ਜਿੱਥੇ ਹਰ ਧਰਮ ਦੇ ਲੋਕ ਇਕੱਠੇ ਕਾਰੋਬਾਰ ਕਰਦੇ ਹਨ।

ਜਾਰਜ ਸਸਾਰਦਾਕਿਸ, ਜੋ 2005 ਵਿੱਚ ਬੰਬ ਨਾਲ ਉਡਾਈ ਗਈ ਬੱਸ ਦੇ ਡਰਾਈਵਰ ਸਨ, ਉਨ੍ਹਾਂ ਨੇ ਟੈਵਿਸਟੌਕ ਸਕੁਏਅਰ ਦੀਆਂ ਯਾਦਗਾਰਾਂ ਬਾਰੇ ਗੱਲ ਕੀਤੀ ਜੋ ਗਾਂਧੀ ਅਤੇ ਹੋਰ ਪੀੜਤਾਂ ਨੂੰ ਸਮਰਪਿਤ ਹਨ।

ਗ੍ਰਾਹਮ ਫੌਲਕਸ, ਜਿਨ੍ਹਾਂ ਦੇ ਪੁੱਤਰ ਡੇਵਿਡ ਫੌਲਕਸ ਦੀ ਐਡਗਵੇਅਰ ਰੋਡ ਸਟੇਸ਼ਨ ‘ਤੇ ਮੌਤ ਹੋਈ ਸੀ, ਉਨ੍ਹਾਂ ਨੇ ਕਿਹਾ ਕਿ ਲੰਡਨ ਵੰਨ-ਸੁਵੰਨਤਾ, ਸਹਿਣਸ਼ੀਲਤਾ ਅਤੇ ਨਵੀਆਂ ਸੰਭਾਵਨਾਵਾਂ ਨਾਲ ਭਰਿਆ ਸ਼ਹਿਰ ਹੈ। ਉਨ੍ਹਾਂ ਕਿਹਾ ਕਿ ਜਦੋਂ 7 ਜੁਲਾਈ 2005 ਨੂੰ ਚਾਰ ਬੰਬ ਧਮਾਕੇ ਹੋਏ ਤਾਂ ਇੱਥੇ ਬਹੁਤ ਕੁਝ ਤਬਾਹ ਹੋਇਆ। ਪਰ ਫਿਰ ਵੀ, ਲੋਕਾਂ ਦੀ ਹਿੰਮਤ ਅਤੇ ਉਮੀਦ ਨਾ ਕਦੇ ਖਤਮ ਹੋਈ ਤੇ ਨਾ ਹੀ ਨਫ਼ਰਤ ਨੇ ਇਸ ਨੂੰ ਪ੍ਰਭਾਵਿਤ ਕੀਤਾ।

## ਬਾਬਾ ਫੌਜਾ ਸਿੰਘ ਦੇ ਅਕਾਲ ਚਲਾਣੇ ਤੇ ਇੰਗਲੈਂਡ ਵਿੱਚ ਸੋਗ ਦੀ ਲਹਿਰ




ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵਿਸ਼ਵ ਦੇ ਸਭ ਤੋਂ ਵੱਡੀ ਉਮਰ ਦੇ ਮੈਰਾਥਨ ਦੌੜਾਕ ਬਾਬਾ ਫੌਜਾ ਸਿੰਘ ਦੀ ਮੌਤ ਦੀ ਖ਼ਬਰ ਨਾਲ ਇੰਗਲੈਂਡ ਭਰ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਬਾਬਾ ਫੌਜਾ ਸਿੰਘ ਨੇ ਇੰਗਲੈਂਡ ਦੇ ਇਲਫੋਰਡ (ਲੰਡਨ) ਸ਼ਹਿਰ ਵਿੱਚ ਰਹਿੰਦੇ ਸਨ, ਜਦ ਕਿ ਬੀਤੇ ਕੁਝ ਸਮੇਂ ਤੋਂ ਉਹ ਪੰਜਾਬ ਵਿੱਚ ਰਹਿ ਰਹੇ ਸਨ। ਬਾਬਾ ਫੌਜਾ ਸਿੰਘ ਨੇ ਲੰਡਨ ਦੇ ਬਾਰਕਿੰਗ ਕਬੱਡੀ ਟੂਰਨਾਮੈਂਟ ਤੋਂ ਸ਼ੌਂਕ ਵਜੋਂ ਦੌੜਨਾ ਸ਼ੁਰੂ ਕੀਤਾ ਸੀ, ਲੇਕਨ ਬਾਅਦ ਵਿੱਚ ਉਹਨਾਂ ਨੇ ਵਿਸ਼ਵ ਦੇ ਵੱਖ ਵੱਖ ਸ਼ਹਿਰਾਂ ਵਿੱਚ ਮੈਰਾਥਨ ਦੌੜੀਆਂ ਅਤੇ ਕਈ ਰਿਕਾਰਡ ਆਪਣੇ ਨਾਮ ਦਰਜ਼ ਕੀਤੇ। ਸਿੰਘ ਸਭਾ ਲੰਡਨ ਈਸਟ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਤਨਾਮ ਸਿੰਘ ਸੰਧੂ, ਮੀਤ ਪ੍ਰਧਾਨ ਗੁਰਦੀਪ ਸਿੰਘ ਹੁੰਦਲ, ਐਮ ਪੀ ਜਸਬੀਰ ਸਿੰਘ ਅਠਵਾਲ, ਕੋਚ ਹਰਮੰਦਰ ਸਿੰਘ, ਲਹਿੰਬਰ ਸਿੰਘ ਲੱਧੜ, ਐਮ ਪੀ ਤਨਮਨਜੀਤ ਸਿੰਘ ਢੇਸੀ, ਸਾਬਕਾ ਐਮ ਪੀ ਵਰਿੰਦਰ ਸ਼ਰਮਾਂ, ਮੈਰਾਥਨ ਦੌੜਾਕ ਜਗਜੀਤ ਸਿੰਘ, ਬਲਜਿੰਦਰ ਸਿੰਘ, ਕੌਂਸਲਰ ਰਾਜੂ ਸੰਸਾਰਪੁਰੀ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਸ. ਫੌਜਾ ਸਿੰਘ ਦੇ ਅਕਾਲ ਚਲਾਣੇ ’ਤੇ ਸਮੈਦਿਕ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਤਿੰਦਰ ਸਿੰਘ ਵੱਲੋਂ ਦੁੱਖ ਪ੍ਰਗਟ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਤਿੰਦਰ ਸਿੰਘ ਨੇ 114 ਸਾਲਾ ਪੰਜਾਬੀ ਸਿੱਖ ਮੈਰਾਥਨ ਦੌੜਾਕ ਸ. ਫੌਜਾ ਸਿੰਘ ਦੇ ਅਕਾਲ ਚਲਾਣਾ ਕਰ ਜਾਣ ’ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਜਤਿੰਦਰ ਸਿੰਘ ਨੇ ਕਿਹਾ ਕਿ ਸ. ਫੌਜਾ ਸਿੰਘ ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ ਸਨ। ਉਨ੍ਹਾਂ ਕਿਹਾ ਕਿ ਸ. ਫੌਜਾ ਸਿੰਘ ਦੇ ਅਕਾਲ ਚਲਾਣੇ ਨਾਲ ਉਨ੍ਹਾਂ ਦੇ ਪਰਿਵਾਰ ਦੇ ਨਾਲ-ਨਾਲ ਸਿੱਖ ਕੌਮ ਨੂੰ ਵੀ ਵੱਡਾ ਘਾਟਾ ਪਿਆ ਹੈ। ਜਤਿੰਦਰ ਸਿੰਘ ਨੇ ਸ. ਫੌਜਾ ਸਿੰਘ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਦੇਣ।ਇਸੇ ਦੌਰਾਨ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਪਰਮਜੀਤ ਸਿੰਘ ਢਿੱਲੋਂ ਅਤੇ ਖ਼ਜ਼ਾਨਚੀ ਭਾਈ ਤਰਸੇਮ ਸਿੰਘ ਛੋਕਰ ਨੇ ਵੀ ਸ. ਫੌਜਾ ਸਿੰਘ ਦੇ ਅਕਾਲ ਚਲਾਣਾ ਕਰ ਜਾਣ ’ਤੇ ਗਹਿਰੇ ਦੁੱਖ ਦਾ ਇਜ਼ਹਾਰ ਕਰਦਿਆਂ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ।

## ਸੇਵਾ ਟਰੱਸਟ ਯੂ ਕੇ ਵੱਲੋਂ ਬਾਬਾ ਫੌਜਾ ਸਿੰਘ ਨੂੰ ਸ਼ਰਧਾਂਜਲੀ


ਚਰਨ ਕੰਵਲ ਸਿੰਘ ਸੇਖੋਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸੇਵਾ ਟਰੱਸਟ ਯੂਕੇ ਦੇ ਸੰਸਥਾਪਕ ਚੇਅਰਮੈਨ ਕੌਂਸਲਰ ਚਰਨ ਕੰਵਲ ਸਿੰਘ ਸੇਖੋਂ ਨੇ ਬਾਬਾ ਫੌਜਾ ਸਿੰਘ ਦੇ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ਼ਰਧਾ ਦੇ ਫੁੱਲ ਭੇਂਟ ਕੀਤੇ। ਉਨ੍ਹਾਂ ਕਿਹਾ ਕਿ ਅਸੀਂ ਆਪਣੀ ਦਿਲੀ ਸੰਵੇਦਨਾ ਭੇਜਦੇ ਹਾਂ ਅਤੇ ਵਿਛੜੀ ਆਤਮਾ ਦੀ ਸ਼ਾਂਤੀ ਲਈ ਪ੍ਰਾਰਥਨਾ ਕਰਦੇ ਹਾਂ। ਸ ਸੇਖੋਂ ਨੇ ਕਿਹਾ ਕਿ ਬਾਬਾ ਫੌਜਾ ਸਿੰਘ 2017 ਵਿੱਚ ਸੇਵਾ ਟਰੱਸਟ ਯੂ ਕੇ ਦੇ ਸਥਾਪਨਾ ਸਮਾਰੋਹ ਮੌਕੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ ਸੀ। ਉਨ੍ਹਾਂ ਨੇ ਸੇਵਾ ਟਰੱਸਟ ਇੰਡੀਆ ਦੀ ਬੇਨਤੀ 'ਤੇ ਭਾਰਤ ਦੀ ਇੱਕ ਵਿਸ਼ੇਸ਼ ਯਾਤਰਾ ਕੀਤੀ। ਉਨ੍ਹਾਂ ਹਮੇਸ਼ਾਂ ਇੱਕ ਗੱਲ ਕਹੀ ਜਿਸ ਦਾ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਅਫ਼ਸੋਸ ਹੈ ਕਿ ਉਨ੍ਹਾਂ ਨੂੰ ਸਿੱਖਿਆ ਦਾ ਮੌਕਾ ਨਹੀਂ ਮਿਲਿਆ ਅਤੇ ਉਹ ਘੱਟ ਆਮਦਨ ਵਾਲੇ ਵਿਦਿਆਰਥੀਆਂ ਅਤੇ ਪਰਿਵਾਰਾਂ ਲਈ ਸਿੱਖਿਆ, ਸਿਹਤ, ਵਾਤਾਵਰਣ ਅਤੇ ਸਮਾਜ ਭਲਾਈ 'ਤੇ ਸੇਵਾ ਟਰੱਸਟ ਦੇ ਮਿਸ਼ਨ ਦਾ ਸਮਰਥਨ ਕਰਨ ਵਿੱਚ ਖੁਸ਼ੀ ਮਹਿਸੂਸ ਕਰਦੇ ਸਨ।

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੂਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. ‘ਚ ਲੱਡੂਆਂ ਦੇ ਸਭ ਤੋਂ ਮਾਹਿਰ


ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਮੋਦੀ ਦੀ ਥਾਂ ਕੌਣ ਲਵੇਗਾ ? ਸੰਘ ਦੇ ਬਿਆਨ ਮਗਰੋਂ ਜਾਨਸ਼ੀਨੀ ਦੀਆਂ ਅਟਕਲਾਂ ਤੇਜ਼

## ✪ ਭਾਜਪਾ ਨੇ ਸਪੱਸ਼ਟ ਕੀਤਾ ਹੈ ਕਿ ਮੋਦੀ ਜੀ ਦੀ ਸੇਵਾਮੁਕਤੀ ਦੀ ਕੋਈ ਯੋਜਨਾ ਨਹੀਂ

**ਦਰਪਣ ਝੂਠ ਨਹੀ ਬੋਲਦਾ**
**ਪੰਜਾਬ ਟਾਈਮਜ਼ ਮੀਡੀਆ**



ਆਰਐੱਸਐੱਸ ਦੇ ਮੁਖੀ ਮੋਹਨ ਭਾਗਵਤ ਦੇ ਇੱਕ ਬਿਆਨ ਨੇ ਭਾਰਤੀ ਸਿਆਸਤ ਵਿੱਚ ਭੂਚਾਲ ਲਿਆ ਦਿੱਤਾ ਹੈ। ਉਨ੍ਹਾਂ ਨੇ 75 ਸਾਲ ਦੀ ਉਮਰ ਤੋਂ ਬਾਅਦ ਸੇਵਾਮੁਕਤੀ ਦੀ ਗੱਲ ਕਹੀ, ਜਿਸ ਨੂੰ ਵਿਰੋਧੀ ਧਿਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਜੋੜ ਕੇ ਹੰਗਾਮਾ ਖੜ੍ਹਾ ਕਰ ਦਿੱਤਾ। ਮੋਦੀ ਜੀ, ਜੋ ਇਸ ਸਾਲ 17 ਸਤੰਬਰ 2025 ਨੂੰ 75 ਸਾਲ ਦੇ ਹੋ ਜਾਣਗੇ, ਨੂੰ ਵਿਰੋਧੀ ਪਾਰਟੀਆਂ ਨੇ ਸੰਘ ਦੇ ਇਸ ਬਿਆਨ ਦੇ ਬਹਾਨੇ ਘੇਰਨਾ ਸ਼ੁਰੂ ਕਰ ਦਿੱਤਾ ਹੈ। ਵਿਰੋਧੀ ਇਸ ਨੂੰ ਮੋਦੀ ਲਈ ਅਸਿੱਧਾ ਸੁਨੇਹਾ ਮੰਨ ਰਹੇ ਹਨ, ਜਦਕਿ ਭਾਜਪਾ ਨੇ ਸਪੱਸ਼ਟ ਕੀਤਾ ਹੈ ਕਿ ਮੋਦੀ ਜੀ ਦੀ ਸੇਵਾਮੁਕਤੀ ਦੀ ਕੋਈ ਯੋਜਨਾ ਨਹੀਂ।

ਇਥੇ ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਨਾਗਪੁਰ ਵਿੱਚ ਇੱਕ ਪੁਸਤਕ ਰਿਲੀਜ਼ ਸਮਾਗਮ ਦੌਰਾਨ ਮੋਹਨ ਭਾਗਵਤ ਨੇ ਕਿਹਾ, "ਜਦੋਂ ਤੁਸੀਂ 75 ਸਾਲ ਦੇ ਹੋ ਜਾਂਦੇ ਹੋ, ਤਾਂ ਇਸ ਦਾ ਮਤਲਬ ਹੈ ਕਿ ਹੁਣ ਤੁਹਾਨੂੰ ਰੁਕ ਜਾਣਾ ਚਾਹੀਦਾ। ਦੂਜਿਆਂ ਨੂੰ ਮੌਕਾ ਦੇਣਾ ਚਾਹੀਦਾ।" ਉਨ੍ਹਾਂ ਨੇ ਮਰਹੂਮ ਸੰਘ ਵਿਚਾਰਕ ਮੋਰੋਪੰਤ ਪਿੰਗਲੇ ਦੇ ਸ਼ਬਦਾਂ ਨੂੰ ਯਾਦ ਕਰਦਿਆਂ ਕਿਹਾ, "ਜੇ 75 ਸਾਲ ਦੀ ਉਮਰ ਮਗਰੋਂ ਤੁਹਾਨੂੰ ਸ਼ਾਲ ਪਹਿਨਾਈ ਜਾਂਦੀ ਹੈ, ਤਾਂ ਸਮਝੋ ਕਿ ਹੁਣ ਤੁਸੀਂ ਬੁੱਢੇ ਹੋ ਗਏ ਹੋ। ਇੱਕ ਪਾਸੇ ਹਟੋ ਤੇ ਨਵੀਂ ਪੀੜ੍ਹੀ ਨੂੰ ਅੱਗੇ ਆਉਣ ਦਿਓ।"

ਇਸ ਬਿਆਨ ਨੂੰ ਸੁਣਦਿਆਂ ਹੀ ਸਿਆਸੀ ਗਲਿਆਰਿਆਂ ਵਿੱਚ ਹਲਚਲ ਮਚ ਗਈ। ਕਾਰਨ ਸਾਫ ਸੀ - ਮੋਹਨ ਭਾਗਵਤ ਖੁਦ 11 ਸਤੰਬਰ 2025 ਨੂੰ 75 ਸਾਲ ਦੇ ਹੋਣਗੇ, ਅਤੇ ਪ੍ਰਧਾਨ ਮੰਤਰੀ ਮੋਦੀ ਵੀ 17 ਸਤੰਬਰ ਨੂੰ 75 ਸਾਲ ਦੇ ਹੋ ਜਾਣਗੇ।

ਵਿਰੋਧੀ ਪਾਰਟੀਆਂ ਨੇ ਇਸ ਬਿਆਨ ਨੂੰ ਮੋਦੀ ਜੀ ਦੇ ਖਿਲਾਫ ਹਥਿਆਰ ਵਜੋਂ ਵਰਤਣਾ ਸ਼ੁਰੂ ਕਰ ਦਿੱਤਾ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਸੋਸ਼ਲ ਮੀਡੀਆ ਪਲੈਟਫਾਰਮ ਐਕਸ 'ਤੇ ਤਨਜ਼ ਕਸਦਿਆਂ ਲਿਖਿਆ, "ਵਿਚਾਰਾ ਐਵਾਰਡ-ਜੀਵੀ ਪ੍ਰਧਾਨ ਮੰਤਰੀ! ਵਿਦੇਸ਼ ਤੋਂ ਮੁੜਦੇ ਹੀ ਸੰਘ ਸੰਚਾਲਕ ਨੇ ਯਾਦ ਦਿਵਾ ਦਿੱਤਾ ਕਿ 17 ਸਤੰਬਰ 2025 ਨੂੰ ਉਹ 75 ਸਾਲ ਦੇ ਹੋ ਜਾਣਗੇ। ਪਰ ਮੋਦੀ ਜੀ ਵੀ ਭਾਗਵਤ ਨੂੰ ਕਹਿ ਸਕਦੇ ਹਨ ਕਿ ਤੁਸੀਂ ਵੀ ਤਾਂ 11 ਸਤੰਬਰ ਨੂੰ 75 ਦੇ ਹੋ ਜਾਓਗੇ!"

ਸ਼ਿਵ ਸੈਨਾ (ਯੂਬੀਟੀ) ਦੇ ਆਗੂ ਸੰਜੇ ਰਾਊਤ ਨੇ ਕਿਹਾ, "ਮੋਦੀ ਜੀ ਨੇ 75 ਸਾਲ ਦੀ ਉਮਰ ਪੂਰੀ ਹੋਣ 'ਤੇ ਐੱਲਕੇ ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਤੇ ਜਸਵੰਤ ਸਿੰਘ ਵਰਗੇ ਵੱਡੇ ਆਗੂਆਂ ਨੂੰ ਸਿਆਸਤ ਤੋਂ ਬਾਹਰ ਕਰ ਦਿੱਤਾ ਸੀ। ਹੁਣ ਦੇਖੀਏ, ਕੀ ਉਹ ਇਹ ਨਿਯਮ ਆਪਣੇ 'ਤੇ ਵੀ ਲਾਗੂ ਕਰਦੇ ਹਨ?"

ਕਾਂਗਰਸ ਦੇ ਸੀਨੀਅਰ ਆਗੂ ਅਭਿਸ਼ੇਕ ਮਨੂ ਸਿੰਘਵੀ ਨੇ ਵੀ ਤੰਜ ਕਸਦਿਆਂ ਕਿਹਾ, "ਬਿਨਾਂ ਅਮਲ ਕੀਤੇ ਉਪਦੇਸ਼ ਦੇਣਾ ਹਮੇਸ਼ਾ ਖਤਰਨਾਕ ਹੁੰਦਾ ਹੈ।" ਮਾਰਗਦਰਸ਼ਕ ਮੰਡਲ ਦੀ 75 ਸਾਲ ਦੀ ਉਮਰ ਹੱਦ ਮੋਦੀ ਜੀ 'ਤੇ ਨਹੀਂ ਲੱਗੇਗੀ। ਸੰਘ ਦਾ ਸੰਕੇਤ ਸਪੱਸ਼ਟ ਹੈ, ਪਰ ਮੌਜੂਦਾ ਪ੍ਰਬੰਧ ਨੂੰ ਛੋਟ ਦਿੱਤੀ ਜਾਵੇਗੀ।

ਆਮ ਆਦਮੀ ਪਾਰਟੀ (ਆਪ) ਦੇ ਆਗੂ ਸੌਰਭ ਭਾਰਦਵਾਜ ਨੇ ਕਿਹਾ, "ਹੁਣ ਤਾਂ ਸੰਘ ਵੀ ਸੰਕੇਤ ਦੇ ਰਿਹਾ ਹੈ ਕਿ ਮੋਦੀ ਜੀ ਨੂੰ 75 ਸਾਲ ਦੀ ਉਮਰ ਮਗਰੋਂ ਪ੍ਰਧਾਨ ਮੰਤਰੀ ਦਾ ਅਹੁਦਾ ਛੱਡਣਾ ਚਾਹੀਦਾ।"

ਦੂਜੇ ਪਾਸੇ ਭਾਜਪਾ ਦਾ ਕਹਿਣਾ ਹੈ ਕਿ ਮੋਦੀ ਜੀ ਦੀ ਸੇਵਾਮੁਕਤੀ ਦੀ ਕੋਈ ਯੋਜਨਾ ਨਹੀਂ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮਈ 2023 ਵਿੱਚ ਹੀ ਸਾਫ ਕਰ ਦਿੱਤਾ ਸੀ, "ਮੋਦੀ ਜੀ 2029 ਤੱਕ ਸਰਕਾਰ ਦੀ ਅਗਵਾਈ ਕਰਦੇ ਰਹਿਣਗੇ। ਸੇਵਾਮੁਕਤੀ ਦੀਆਂ ਅਫਵਾਹਾਂ ਵਿੱਚ ਕੋਈ ਸੱਚਾਈ ਨਹੀਂ।" ਭਾਜਪਾ ਦਾ ਕਹਿਣਾ ਹੈ ਕਿ ਮੋਹਨ ਭਾਗਵਤ ਦਾ ਬਿਆਨ ਸਿਰਫ ਮੋਰੋਪੰਤ ਪਿੰਗਲੇ ਦੇ ਵਿਚਾਰਾਂ ਦਾ ਹਵਾਲਾ ਸੀ, ਨਾ ਕਿ ਕਿਸੇ ਵਿਅਕਤੀ ਵਿਸ਼ੇਸ਼ ਨੂੰ ਨਿਸ਼ਾਨਾ ਬਣਾਉਣ ਵਾਲਾ।

ਕੁਝ ਸਿਆਸੀ ਮਾਹਿਰ ਮੰਨਦੇ ਹਨ ਕਿ ਇਹ ਸਿਰਫ ਸੰਘ ਦੀ ਪੁਰਾਣੀ ਸੋਚ ਦਾ ਹਿੱਸਾ ਹੈ, ਜਿਸ ਵਿੱਚ ਨਵੀਂ ਪੀੜ੍ਹੀ ਨੂੰ ਮੌਕੇ ਦੇਣ ਦੀ ਗੱਲ ਕੀਤੀ ਜਾਂਦੀ ਹੈ। ਪਰ ਵਿਰੋਧੀ ਧਿਰ ਇਸ ਨੂੰ ਮੋਦੀ ਜੀ ਲਈ ਸੁਨੇਹੇ ਵਜੋਂ ਵੇਖ ਰਹੀ ਹੈ। ਦਿਲਚਸਪ ਗੱਲ ਇਹ ਹੈ ਕਿ ਸੰਘ ਮੁਖੀ ਭਾਗਵਤ ਖੁਦ ਵੀ 75 ਸਾਲ ਦੇ ਹੋਣ ਜਾ ਰਹੇ ਹਨ। ਇਸ ਲਈ ਸਵਾਲ ਉੱਠਦਾ ਹੈ ਕਿ ਕੀ ਉਹ ਆਪਣੇ 'ਤੇ ਵੀ ਇਹ ਨਿਯਮ ਲਾਗੂ ਕਰਨਗੇ?

ਭਾਜਪਾ ਅਤੇ ਸੰਘ ਦੇ ਸਰੋਤਾਂ ਮੁਤਾਬਕ, ਮੋਦੀ ਜੀ ਦੀ ਸੇਵਾਮੁਕਤੀ ਦੀ ਅਜੇ ਕੋਈ ਯੋਜਨਾ ਨਹੀਂ। ਉਹ ਤਿੰਨ ਵਾਰ ਪ੍ਰਧਾਨ ਮੰਤਰੀ ਅਤੇ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਚਾਰ ਵਾਰ ਸੇਵਾ ਨਿਭਾਅ ਚੁੱਕੇ ਹਨ। ਉਨ੍ਹਾਂ ਦੀ ਅਗਵਾਈ ਵਿੱਚ ਭਾਜਪਾ ਨੇ 2014, 2019 ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਜਿੱਤ ਹਾਸਲ ਕੀਤੀ। ਅਜਿਹੇ ਵਿੱਚ, ਮੋਦੀ ਦੀ ਸਿਆਸੀ ਯਾਤਰਾ ਅਜੇ ਜਾਰੀ ਰਹਿਣ ਦੀ ਸੰਭਾਵਨਾ ਹੈ।

ਮੋਦੀ ਦੀ ਸੇਵਾਮੁਕਤੀ ਦਾ ਸਵਾਲ ਅਜੇ ਅਫਵਾਹਾਂ ਦਾ ਹਿੱਸਾ ਹੈ, ਪਰ ਅਮਿਤ ਸ਼ਾਹ ਮੋਦੀ ਦੀ ਥਾਂ ਸਭ ਤੋਂ ਮਜ਼ਬੂਤ ਦਾਅਵੇਦਾਰ ਵਜੋਂ ਸਾਹਮਣੇ ਆ ਰਹੇ ਹਨ, ਜਿਨ੍ਹਾਂ ਨੂੰ ਸੰਘ ਅਤੇ ਪਾਰਟੀ ਦਾ ਮਜ਼ਬੂਤ ਸਮਰਥਨ ਹੈ। ਯੋਗੀ ਅਦਿਤਿਆਨਾਥ ਅਤੇ ਨਿਤਿਨ ਗਡਕਰੀ ਵੀ ਮੁਕਾਬਲੇ ਵਿੱਚ ਹਨ, ਪਰ ਉਨ੍ਹਾਂ ਦੀ ਸੰਭਾਵਨਾ ਸ਼ਾਹ ਨਾਲੋਂ ਘੱਟ ਹੈ। ਰਾਜਨਾਥ ਸਿੰਘ, ਸ਼ਿਵਰਾਜ ਸਿੰਘ ਚੌਹਾਨ, ਅਤੇ ਹਿਮੰਤਾ ਬਿਸਵਾ ਸਰਮਾ ਵਰਗੇ ਨੇਤਾ ਵੀ ਸੰਭਾਵੀ ਹਨ, ਪਰ ਉਨ੍ਹਾਂ ਦੀ ਸੰਭਾਵਨਾ ਮੁਕਾਬਲਤਨ ਘੱਟ ਹੈ। ਸੰਘ ਅਤੇ ਭਾਜਪਾ ਦੀ ਸਹਿਮਤੀ ਨਾਲ ਹੀ ਅੰਤਿਮ ਫੈਸਲਾ ਹੋਵੇਗਾ, ਅਤੇ ਅਜੇ ਮੋਦੀ ਦੀ ਅਗਵਾਈ 2029 ਤੱਕ ਜਾਰੀ ਰਹਿਣ ਦੀ ਸੰਭਾਵਨਾ ਹੈ।

# 1500 ਤੋਂ ਵੱਧ ਕੁੜੀਆਂ ਦਾ ਧਰਮ ਤਬਦੀਲ ਕਰ ਚੁੱਕਾ ਮੁਸਲਮਾਨ ਬਾਬਾ

## ✪ ਬਣਾ ਚੁੱਕੈ ਹਿੰਦੂ ਤੋਂ ਮੁਸਲਿਮ, ਮੁੰਬਈ-ਦੁਬਈ ਵਿਚ ਸੀ ਨੈੱਟਵਰਕ, ✪ ਵਿਦੇਸ਼ੀ ਸੰਗਠਨਾਂ ਤੋਂ ਫੰਡ ਲਿਆ



ਬਲਰਾਮਪੁਰ/ਲਖਨਊ-ਧਰਮ ਪਰਿਵਰਤਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤੇ ਗਏ ਛਾਂਗੁਰ ਬਾਬਾ ਉਰਫ਼ ਜਮਾਲੁਦੀਨ ਦਾ ਨੈੱਟਵਰਕ ਦਿਨੋ-ਦਿਨ ਵੱਡਾ ਹੁੰਦਾ ਜਾ ਰਿਹਾ ਹੈ। ਯੂ. ਪੀ. ਏ. ਟੀ. ਐੱਸ. ਦੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਉਸਨੇ ਹੁਣ ਤੱਕ 1500 ਤੋਂ ਜ਼ਿਆਦਾ ਕੁੜੀਆਂ ਸਮੇਤ ਹਜ਼ਾਰਾਂ ਹਿੰਦੂਆਂ ਨੂੰ ਇਸਲਾਮ ਵਿਚ ਧਰਮ ਪਰਿਵਰਤਨ ਕਰਵਾਇਆ ਹੈ।

ਜਾਂਚ ਏਜੰਸੀਆਂ ਨੂੰ ਇਸ ਰੈਕੇਟ ਦੇ ਮੁੰਬਈ ਤੋਂ ਲੈ ਕੇ ਦੁਬਈ ਤੱਕ ਫੈਲੇ ਨੈੱਟਵਰਕ ਦੇ ਠੋਸ ਸੁਰਾਗ ਮਿਲੇ ਹਨ। ਬਾਬਾ ਪਹਿਲਾਂ ਮੁੰਬਈ ਵਿਚ ਮੁੰਦਰੀਆਂ ਵੇਚਦਾ ਸੀ ਪਰ ਉੱਥੋਂ ਉਸਨੇ ਦਰਗਾਹਾਂ ਰਾਹੀਂ ਸੰਪਰਕ ਬਣਾ ਕੇ ਵਿਦੇਸ਼ੀ ਸੰਗਠਨਾਂ ਤੋਂ ਫੰਡ ਲੈਣਾ ਸ਼ੁਰੂ ਕਰ ਦਿੱਤਾ। ਬਾਅਦ ਵਿਚ ਉਹ ਬਲਰਾਮਪੁਰ ਆ ਗਿਆ ਤੇ ਦਰਗਾਹ ਅਤੇ ਉਰਸ ਸਮਾਗਮਾਂ ਦੀ ਆੜ ਵਿਚ ਇੱਥੇ ਧਰਮ ਪਰਿਵਰਤਨ ਦੀਆਂ ਗਤੀਵਿਧੀਆਂ ਸ਼ੁਰੂ ਕਰ ਦਿੱਤੀਆਂ। ਸੂਤਰਾਂ ਮੁਤਾਬਕ, ਉਹ ਖਾੜੀ ਦੇਸ਼ਾਂ ਦੀਆਂ ਕੱਟੜਪੰਥੀ ਸੰਗਠਨਾਂ ਨਾਲ ਜੁੜਿਆ ਹੋਇਆ ਸੀ ਅਤੇ ਐੱਨ. ਆਰ. ਈ.-ਐੱਨ. ਆਰ. ਓ. ਖਾਤਿਆਂ ਰਾਹੀਂ ਫੰਡ ਪ੍ਰਾਪਤ ਹੁੰਦੇ ਸਨ। ਬਾਬਾ ਅਤੇ ਉਸਦੀ ਸਹਿਯੋਗੀ ਨੀਤੂ ਰੋਹੜਾ ਨਸਰੀਨ ਨੂੰ ਅਦਾਲਤ ਨੇ 7 ਦਿਨਾਂ ਦੇ ਏ. ਟੀ. ਐੱਸ. ਰਿਮਾਂਡ 'ਤੇ ਭੇਜ ਦਿੱਤਾ ਹੈ।

ਇਸ ਮਾਮਲੇ ਦੀ ਜਾਂਚ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਬਾਬਾ ਨੇ ਦੁਬਈ ਵਿਚ ਇਕ ਨਾਬਾਲਗ ਕੁੜੀ ਦਾ ਧਰਮ ਪਰਿਵਰਤਨ ਵੀ ਕੀਤਾ ਸੀ ਅਤੇ ਇਸ ਦੇ ਬਾਵਜੂਦ, ਉਸਦਾ ਪਾਸਪੋਰਟ, ਆਧਾਰ ਅਤੇ ਬੈਂਕ ਖਾਤੇ ਅਜੇ ਵੀ ਹਿੰਦੂ ਨਾਵਾਂ 'ਤੇ ਹਨ। ਉਸਦਾ ਨਜ਼ਦੀਕੀ ਸਾਥੀ ਨਵੀਨ ਰੋਹੜਾ ਦੁਬਈ ਤੋਂ ਵਾਪਸ ਆਉਣ ਤੋਂ ਬਾਅਦ ਬਲਰਾਮਪੁਰ ਵਿਚ ਵੱਡੀ ਮਾਤਰਾ ਵਿਚ ਜ਼ਮੀਨ ਖਰੀਦ ਰਿਹਾ ਸੀ ਅਤੇ ਵਿਦੇਸ਼ਾਂ ਤੋਂ ਉਸਦੇ ਖਾਤਿਆਂ ਵਿਚ ਕਰੋੜਾਂ ਰੁਪਏ ਆਏ ਸਨ। ਅਧਿਕਾਰੀਆਂ ਨੂੰ ਸ਼ੱਕ ਹੈ ਕਿ ਉਸਦਾ ਸਵਿਸ ਬੈਂਕ ਵਿਚ ਵੀ ਖਾਤਾ ਹੈ। ਇਸ ਵਿਚਾਲੇ, ਬਲਰਾਮਪੁਰ ਵਿਚ ਛਾਂਗੁਰ ਬਾਬਾ ਦੀ ਇਕ ਏਕੜ ਵਿਚ ਫੈਲੀ ਆਲੀਸ਼ਾਨ ਕੋਠੀ ਅਤੇ ਗੈਰ-ਕਾਨੂੰਨੀ ਉਸਾਰੀ 'ਤੇ ਵੀ ਬੁਲਡੋਜ਼ਰ ਚੱਲਿਆ। ਪ੍ਰਸ਼ਾਸਨ ਨੇ ਪਹਿਲਾਂ ਨੋਟਿਸ ਜਾਰੀ ਕਰ ਕੇ ਸਮਾਂ ਦਿੱਤਾ ਸੀ, ਪਰ ਕੋਈ ਜਵਾਬ ਨਾ ਮਿਲਣ 'ਤੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ। ਹੁਣ ਤੱਕ 80 ਫ਼ੀਸਦੀ ਕਬਜ਼ੇ ਢਾਹ ਦਿੱਤੇ ਗਏ ਹਨ। ਹੁਣ ਤੱਕ ਇਸ ਕਾਂਡ ਵਿਚ 10 ਲੋਕਾਂ ਖ਼ਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਜਿਸ ਵਿਚ 4 ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

# ਪੰਜਾਬ ਸਰਕਾਰ ਦਾ ਦਾਆਵਾ ਕਿ ਰਾਸ਼ਟਰੀ ਸਰਵੇਖਣ ਵਿਚ ਪੰਜਾਬ ਨੇ ਸਿੱਖਿਆ ਦੇ ਖੇਤਰ ਵਿਚ ਮੱਲਿਆ ਪਹਿਲਾ ਸਥਾਨ


ਚੰਡੀਗੜ੍ਹ-ਆਮ ਆਦਮੀ ਪਾਰਟੀ (ਆਪ) ਦੇ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਪੱਤਰਕਾਰ ਸੰਮੇਲਨ ਦੌਰਾਨ ਕਿਹਾ ਕਿ ਅਧਿਆਪਕਾਂ ਦੀ ਕੀਤੀ ਸਖ਼ਤ ਮਿਹਨਤ ਸਦਕਾ ਭਾਰਤ ਸਰਕਾਰ ਦੇ ਰਾਸ਼ਟਰੀ ਸਰਵੇਖਣ ਵਿਚ ਪੰਜਾਬ ਨੇ ਸਿੱਖਿਆ ਦੇ ਖੇਤਰ ਵਿਚ ਪਹਿਲਾ ਸਥਾਨ ਹਾਸਿਲ ਕੀਤਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਪਿਛਲੇ ਸਾਢੇ ਤਿੰਨ ਸਾਲਾਂ ਵਿਚ ਸੂਬੇ ਦੀ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਵੱਲ ਇਤਿਹਾਸਕ ਕਦਮ ਚੁੱਕੇ ਹਨ। ਉਨ੍ਹਾਂ ਨੇ ਕਿਹਾ ਕਿ ਪਿਛਲੀਆਂ ਕਾਂਗਰਸ, ਅਕਾਲੀ-ਭਾਜਪਾ ਸਰਕਾਰਾਂ ਦੌਰਾਨ ਸਰਕਾਰੀ ਸਕੂਲਾਂ ਦੀ ਹਾਲਤ ਬਹੁਤ ਮਾੜੀ ਸੀ, ਪਰ 2022 'ਚ 'ਆਪ' ਸਰਕਾਰ ਬਣਨ ਤੋਂ ਬਾਅਦ ਅਸੀਂ ਸਰਕਾਰੀ ਸਕੂਲਾਂ ਨੂੰ ਸੁਧਾਰਿਆ। ਅਸੀਂ ਨਵੇਂ ਕਲਾਸ-ਰੂਮ ਬਣਾਏ, ਅਤਿ-ਆਧੁਨਿਕ ਪ੍ਰਯੋਗਸ਼ਾਲਾਵਾਂ, ਸੁਰੱਖਿਆ ਗਾਰਡ, ਕੈਂਪਸ ਮੈਨੇਜਰ, ਆਵਾਜਾਈ ਸੇਵਾਵਾਂ, ਵਰਦੀਆਂ ਅਤੇ ਕਿਤਾਬਾਂ ਦੀ ਸਮੇਂ ਸਿਰ ਸਪਲਾਈ ਸ਼ੁਰੂ ਕੀਤੀ ਅਤੇ ਸਕੂਲ ਆਫ਼ ਐਮੀਨੈਂਸ ਵਰਗੇ ਕਈ ਸੁਧਾਰ ਕੀਤੇ। ਅਧਿਆਪਕਾਂ ਨੂੰ ਵਿਸ਼ਵ ਪੱਧਰੀ ਸਿਖਲਾਈ ਲਈ ਵਿਦੇਸ਼ ਭੇਜਿਆ ਅਤੇ ਵਿਦਿਆਰਥੀਆਂ ਲਈ ਐਕਸਪੋਜ਼ਰ ਵਿਜ਼ਿਟ ਵਰਗੀਆਂ ਯੋਜਨਾਵਾਂ ਰਾਹੀਂ ਨਿਵੇਕਲੇ ਕਦਮ ਵੀ ਪੁੱਟੇ ਗਏ।



# ਸਿੱਧੂ ਮੂਸੇਵਾਲਾ ਕਤਲਕਾਂਡ ਦਾ ਦੋਸ਼ੀ ਸ਼ਾਹਬਾਜ਼ ਅੰਸਾਰੀ ਫ਼ਰਾਰ

ਦਿੱਲੀ-ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ ਵਿੱਚ ਹਥਿਆਰ ਸਪਲਾਈ ਕਰਨ ਦਾ ਦੋਸ਼ੀ ਸ਼ਾਹਬਾਜ਼ ਅੰਸਾਰੀ ਇੱਕ ਵਾਰ ਫਿਰ ਫਰਾਰ ਹੋ ਗਿਆ ਹੈ। ਦਸੰਬਰ 2022 ਵਿੱਚ ਉੱਤਰ ਪ੍ਰਦੇਸ਼ ਦੇ ਬੁਲੰਦਸ਼ਹਿਰ ਤੋਂ ਗ੍ਰਿਫ਼ਤਾਰ ਕੀਤੇ ਗਏ ਅੰਸਾਰੀ 'ਤੇ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਹਥਿਆਰ ਅਤੇ ਗੋਲਾ ਬਾਰੂਦ ਸਪਲਾਈ ਕਰਨ ਦਾ ਦੋਸ਼ ਹੈ। ਫਰਵਰੀ 2023 ਵਿੱਚ, ਅਦਾਲਤ ਨੇ ਉਸਨੂੰ ਉਸਦੀ ਪਤਨੀ ਦੀ ਗਰਭ ਅਵਸਥਾ ਦਾ ਹਵਾਲਾ ਦਿੰਦੇ ਹੋਏ 5 ਦਿਨਾਂ ਲਈ ਅੰਤਰਿਮ ਜ਼ਮਾਨਤ ਦੇ ਦਿੱਤੀ, ਪਰ ਉਸਨੇ ਸ਼ਰਤਾਂ ਦੀ ਉਲੰਘਣਾ ਕੀਤੀ ਅਤੇ ਅਦਾਲਤ ਵਿੱਚ ਪੇਸ਼ ਨਹੀਂ ਹੋਇਆ। ਬਾਅਦ ਵਿੱਚ, ਉਸਨੇ ਕਈ ਵਾਰ ਜ਼ਮਾਨਤ ਪਟੀਸ਼ਨਾਂ ਦਾਇਰ ਕੀਤੀਆਂ, ਪਰ ਐਨਆਈਏ ਦੇ ਇਤਰਾਜ਼ਾਂ ਕਾਰਨ ਉਹ ਰੱਦ ਹੁੰਦੀਆਂ ਰਹੀਆਂ।


ਪਿਛਲੇ ਮਹੀਨੇ, ਉਸਨੇ ਦੁਬਾਰਾ ਆਪਣੀ ਪਤਨੀ ਦੀ ਸਰਜਰੀ ਦਾ ਹਵਾਲਾ ਦਿੰਦੇ ਹੋਏ ਅੰਤਰਿਮ ਜ਼ਮਾਨਤ ਲਈ ਅਤੇ ਇਸ ਵਾਰ ਵੀ ਉਹ ਬਾਹਰ ਆਉਂਦੇ ਹੀ ਫਰਾਰ ਹੋ ਗਿਆ। ਐਨਆਈਏ ਨੇ ਅਦਾਲਤ ਨੂੰ ਦੱਸਿਆ ਕਿ ਉਹ ਹੁਣ ਗਾਜ਼ੀਆਬਾਦ ਦੇ ਉਸ ਪਤੇ 'ਤੇ ਨਹੀਂ ਰਹਿ ਰਿਹਾ ਹੈ ਜੋ ਉਸਨੇ ਅਦਾਲਤ ਵਿੱਚ ਦਿੱਤਾ ਸੀ। ਜਾਂਚ ਤੋਂ ਪਤਾ ਲੱਗਾ ਹੈ ਕਿ ਜਿਸ ਵਿਅਕਤੀ ਨੇ ਉਸਨੂੰ ਜ਼ਮਾਨਤ ਦਿੱਤੀ ਸੀ, ਉਹ ਪੈਸੇ ਦੇ ਬਦਲੇ ਆਪਣੀ ਗਰੰਟੀ ਦੇਣ ਲਈ ਵੀ ਸਹਿਮਤ ਹੋ ਗਿਆ ਸੀ।



ਇਸ ਸਮੇਂ, ਪੁਲਿਸ ਅਤੇ ਐਨਆਈਏ ਉਸਨੂੰ ਗ੍ਰਿਫ਼ਤਾਰ ਕਰਨ ਲਈ ਸੰਭਾਵਿਤ ਟਿਕਾਣਿਆਂ 'ਤੇ ਛਾਪੇਮਾਰੀ ਕਰ ਰਹੇ ਹਨ ਅਤੇ ਉਸਦੇ ਵਿਰੁੱਧ ਗੈਰ-ਜ਼ਮਾਨਤੀ ਵਾਰੰਟ ਜਾਰੀ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ।

# 'ਆਪ' ਆਗੂ ਦੇ ਕਰੀਬੀ ਰਿਸ਼ਤੇਦਾਰ ਹੈਰੋਇਨ ਸਣੇ ਗ੍ਰਿਫਤਾਰ

ਘਨੌਲੀ-ਇੱਥੋਂ ਦੀ ਪੁਲੀਸ ਵੱਲੋਂ ਦੋ ਵਿਅਕਤੀਆਂ ਨੂੰ 25 ਗਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ ਹੈ। ਕਾਬੂ ਕੀਤੇ ਗਏ ਦੋਵੇਂ ਸਕੇ ਭਰਾ ਹਨ ਜੋ ਆਨੰਦਪੁਰ ਸਾਹਿਬ ਦੇ ਇੱਕ ਆਪ ਆਗੂ ਦੇ ਕਰੀਬੀ ਰਿਸ਼ਤੇਦਾਰ ਦੱਸੇ ਜਾ ਰਹੇ ਹਨ। ਐਸ.ਐਚ.ਓ. ਸਦਰ ਰੂਪਨਗਰ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਪੁਲੀਸ ਚੌਕੀ ਘਨੌਲੀ ਦੇ ਇੰਚਾਰਜ ਸੋਹਣ ਸਿੰਘ ਵੱਲੋਂ ਦੁਪਹਿਰ ਗਸ਼ਤ ਕੀਤੀ ਜਾ ਰਹੀ ਸੀ, ਜਿਸ ਦੌਰਾਨ ਦਾਣਾ ਮੰਡੀ ਘਨੌਲੀ ਦੇ ਸ਼ੈਡ ਥੱਲੇ ਦੋ ਨੌਜਵਾਨ ਬੈਗ ਦੀ ਤਲਾਸ਼ੀ ਲਈ। ਤਲਾਸ਼ੀ ਲੈਣ 'ਤੇ ਇਸ ਵਿਚੋਂ ਹੈਰੋਇਨ ਬਰਾਮਦ ਹੋਈ। ਇਨ੍ਹਾਂ ਦੀ ਪਛਾਣ ਜਤਿੰਦਰ ਕੁਮਾਰ ਜਾਨੂੰ ਤੇ ਕਰਨਵੀਰ ਕਾਕੂ ਵਾਸੀ ਮੁਹੱਲਾ ਅਟਾਰੀ ਵਾਲਾ ਵਜੋਂ ਹੋਈ ਜਿਨ੍ਹਾਂ ਕੋਲੋਂ 25 ਗਰਾਮ ਹੈਰੋਇਨ ਬਰਾਮਦ ਹੋਈ।



# ਹਿੰਦੂ ਆਗੂਆਂ ਨੇ ਗਊ ਮਾਸ ਫੈਕਟਰੀ ਦਾ ਕੀਤਾ ਪਰਦਾਫਾਸ਼

## ✪ ਅੰਮ੍ਰਿਤਸਰ ਫੈਕਟਰੀ ਤੋਂ ਸੈਂਕੜੇ ਕਿੱਲੋ ਮਾਸ ਬਰਾਮਦ

ਅੰਮ੍ਰਿਤਸਰ-ਚਾਟੀਵਿੰਡ ਇਲਾਕੇ ਵਿਚ ਗਊ ਮਾਸ ਦੀ ਫੈਕਟਰੀ ਵਿਚੋਂ ਹਿੰਦੂ ਆਗੂਆਂ ਨੇ ਸੈਂਕੜੇ ਕਿੱਲੋ ਗਊ ਮਾਸ ਬਰਾਮਦ ਕੀਤਾ ਹੈ। ਮੁਲਜ਼ਮਾਂ ਨੇ ਇਹ ਮਾਸ ਡੱਬਿਆਂ 'ਚ ਪੈਕ ਕੀਤਾ ਹੋਇਆ ਸੀ। ਦੋਸ਼ ਹੈ ਕਿ ਇਸ ਫੈਕਟਰੀ 'ਚ ਗਊ ਹੱਤਿਆ ਵੀ ਕੀਤੀ ਜਾ ਰਹੀ ਸੀ। ਫਿਲਹਾਲ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਘਟਨਾ ਦਾ ਪਤਾ ਲੱਗਦੇ ਹੀ ਹਿੰਦੂ ਸੰਗਠਨ ਮੌਕੇ 'ਤੇ ਪੁੱਜ ਗਏ ਅਤੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਇਨਸਾਫ਼ ਦੀ ਮੰਗ ਕੀਤੀ। ਹਿੰਦੂ ਆਗੂਆਂ ਰਾਜਪੁਰਾ ਦੇ ਰਹਿਣ ਵਾਲੇ ਗਊ ਰਕਸ਼ਾ ਦਲ ਦੇ ਰਾਸ਼ਟਰੀ ਪ੍ਰਧਾਨ ਤੇ ਸ਼੍ਰੀ ਹਿੰਦੂ ਤਖ਼ਤ ਦੇ ਰਾਸ਼ਟਰੀ ਸੰਗਠਨ ਮੰਤਰੀ ਸਤੀਸ਼ ਕੁਮਾਰਨੇ ਦੋਸ਼ ਲਗਾਇਆ ਕਿ ਪ੍ਰਸ਼ਾਸਨ ਦੀ ਨੱਕ ਹੇਠ ਖੁੱਲ੍ਹੇਆਮ ਗਊ ਹੱਤਿਆ ਕੀਤੀ ਜਾ ਰਹੀ ਹੈ ਪਰ ਕਿਸੇ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ। ਜਾਂਚ ਤੋਂ ਬਾਅਦ ਪੁਲਿਸ ਨੇ ਯੂਪੀ ਦੇ ਕੁਸ਼ੀਨਗਰ ਦੇ ਰਹਿਣ ਵਾਲੇ ਨਸੀਮ ਅੰਸਾਰੀ, ਲਖਨਊ ਦੇ ਸਲਾਹਗੰਜ ਪਿੰਡ ਦੇ ਰਹਿਣ ਵਾਲੇ ਸ਼ਾਨੂ, ਮੇਰਠ ਦੇ ਸ਼ਿਆਮ ਨਗਰ ਦੇ ਰਹਿਣ ਵਾਲੇ ਇਮਰਾਨ, ਮੇਰਠ ਦੇ ਇਸਲਾਮ ਨਗਰ ਦੇ ਗੋਕੁਲਪੁਰ ਦੇ ਰਹਿਣ ਵਾਲੇ ਹਸੀਨ ਮੁਕੰਦ ਅਤੇ ਸ਼ਿਆਮ ਨਗਰ ਦੇ ਰਹਿਣ ਵਾਲੇ ਮੁਹੰਮਦ ਇਮਰਾਨ ਵਿਰੁੱਧ ਮਾਮਲਾ ਦਰਜ ਕੀਤਾ ਹੈ। ਇਨ੍ਹਾਂ ਵਿਚੋਂ ਮੁਹੰਮਦ ਇਮਰਾਨ ਕਾਰ ਵਿਚ ਸਵਾਰ ਹੋ ਕੇ ਭੱਜ ਗਿਆ। ਲੋਕਾਂ ਨੇ ਦੱਸਿਆ ਕਿ ਮੁਲਜ਼ਮ ਨਾਲ ਕਾਰ ਵਿਚ ਪੰਜ ਔਰਤਾਂ ਵੀ ਸਵਾਰ ਸਨ। ਚਾਟੀਵਿੰਡ ਪੁਲਿਸ ਸਟੇਸ਼ਨ ਦੀ ਇੰਚਾਰਜ ਹਰਸਿਮਰਨਪ੍ਰੀਤ ਕੌਰ ਨੇ ਦੱਸਿਆ ਕਿ ਫਿਲਹਾਲ ਫੈਕਟਰੀ ਨੂੰ ਸੀਲ ਕਰ ਦਿੱਤਾ ਗਿਆ ਹੈ। ਮਾਸ ਦੇ ਨਮੂਨੇ ਇਕੱਠੇ ਕੀਤੇ ਗਏ ਹਨ ਤੇ ਜਾਂਚ ਜਾਰੀ ਹੈ।



# ਅਧਿਆਪਕ ਵਿਦਿਆਰਥਣਾਂ ਦੇ ਸਰੀਰਕ ਸ਼ੋਸ਼ਣ ਦੇ ਦੋਸ਼ ਵਿਚ ਗ੍ਰਿਫ਼ਤਾਰ

ਗੁਰੂਹਰਸਹਾਏ-ਇੱਥੇ ਪੁਲੀਸ ਨੇ ਵਿਦਿਆਰਥਣਾਂ ਦੇ ਸਰੀਰਕ ਸ਼ੋਸ਼ਣ ਦੇ ਦੋਸ਼ ਹੇਠ ਕੇਸ ਦਰਜ ਕਰ ਕੇ ਸਕੂਲ ਆਫ ਐਮੀਨੈਂਸ ਦੇ ਅਧਿਆਪਕ ਰਾਜ ਕੁਮਾਰ ਚੁੱਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਡੀਐੱਸਪੀ ਸਤਨਾਮ ਸਿੰਘ ਨੇ ਦੱਸਿਆ ਕਿ ਬਾਕੀ ਮੁਲਜ਼ਮਾਂ ਵਿਰੁੱਧ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਹ ਮਾਮਲਾ ਮੀਡੀਆ 'ਚ ਆਉਣ ਤੋਂ ਬਾਅਦ ਸ਼ਹਿਰ ਵਾਸੀਆਂ ਅਤੇ ਸਮਾਜ ਸੇਵੀ ਜਥੇਬੰਦੀਆਂ ਨੇ ਮੁਲਜ਼ਮ ਅਧਿਆਪਕ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਸੀ।


## ਸ੍ਰੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ, ਮਾਨਚੈਸਟਰ ਵਿਖੇ 3 ਗ੍ਰੰਥੀ ਸਿੰਘਾਂ (ਰਾਗੀ ਜਥੇ) ਦੀ ਲੋੜ

**ਮੁੱਖ ਕੰਮ:–** ਸ਼੍ਰੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਐਜੂਕੇਸ਼ਨਲ ਐਂਡ ਕਲਚਰਲ ਸੈਂਟਰ ਮਾਨਚੈਸਟਰ ਵਿਖੇ ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ, ਸੁਖਮਨੀ ਸਾਹਿਬ ਦਾ ਪਾਠ ਅਤੇ ਅਖੰਡ ਪਾਠ ਅਤੇ ਮੁੱਖ ਗ੍ਰੰਥੀ ਦੇ ਨਾਲ ਗੁਰਦੁਆਰਾ ਸਾਹਿਬ ਵਿਖੇ ਲੋੜੀਂਦੀਆਂ ਸੇਵਾਵਾਂ ਵਿੱਚ ਮਦਦ ਕਰਨੀ।
**ਸਮਾਂ:–** ਛੇ ਮਹੀਨਿਆਂ ਤੋਂ ਲੈ ਕੇ ਇੱਕ ਸਾਲ ਲਈ ਕੰਮ, ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਚੰਗੀ ਤਨਖਾਹ ਅਤੇ ਗੁਰਦੁਆਰਾ ਸਾਹਿਬ ਵਿਖੇ ਰਿਹਾਇਸ਼ ਦਾ ਪ੍ਰਬੰਧ ਹੈ।
**ਸ਼ਰਤਾਂ:–** ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ, ਲੰਗਰ ਦੀਆਂ ਸੇਵਾਵਾਂ ਵੀ ਨਿਭਾਅ ਸਕਦਾ ਹੋਵੇ। ਪੰਜਾਬੀ ਜ਼ਰੂਰ ਪੜ੍ਹ ਅਤੇ ਬੋਲ ਸਕਦਾ ਹੋਵੇ। ਤਜ਼ਰਬਾ ਹੋਣਾ ਜ਼ਰੂਰੀ ਹੈ। ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਪੱਕਾ ਰਹਿੰਦਾ ਹੋਵੇ ਤਾਂ ਉਸ ਨੂੰ ਪਹਿਲ ਦਿੱਤੀ ਜਾਵੇਗੀ। ਯੂ ਕੇ ਵਿੱਚ ਕਾਨੂੰਨੀ ਤੌਰ 'ਤੇ ਕੰਮ ਕਰਨ ਦਾ ਅਧਿਕਾਰ ਹੋਣਾ ਜ਼ਰੂਰੀ ਹੈ।
**ਬੰਦ ਹੋਣ ਦੀ ਤਾਰੀਕ:–** ਬਿਨੈਕਾਰ ਆਪਣੀਆਂ ਅਰਜ਼ੀਆਂ 15 ਅਗਸਤ 2025 ਤੋਂ ਪਹਿਲਾਂ ਭੇਜਣ

## JOB TITLE: KEERTANI JATHA OF 3 REQUIRED at Sri Guru Gobind Singh Gurdwara Manchester, U.K.

Keertani Jatha of 3 people required to work in a busy and demanding Manchester Gurdwara Sahib with a minimum weekly congregation of up to 650 people.
**Duties:** Should be able to perform Kirtan and carry out other religious activities as listed in main duties, as; Parkash of Sri Guru Granth Sahib, Nitnem, Sukhmani Sahib, Sehaj Paath, Recite Katha Vichar in the morning and evening, Rehras Sahib, Sukhasan Sahib etc.
**Requirements:** Must have Previous experience is essential, Vast knowledge of Sri Guru Granth Sahib and Sikh history, fluent in writing, reading and speaking Punjabi. Must have clean character and able to provide references of previous experience.
**Duration:** Fixed term contract, 6 months to 1 year.
**Benefits:** Excellent salary, Accommodation will be provided and Access to Gurdwara Sahib's food pantry.

**Must have right to work in U.K.**

**Please contact: Parkash Singh on 07909 517494 or Tel: 0161 2267233**

**Closing Date : Please Apply before 15th August 2025**

**SRI GURU GOBIND SINGH GURDWARA Educational & Cultural Centre, 57 UPPER CHORLTON ROAD, WHALLEY RANGE, MANCHESTER, M16 7RQ.**

**www.manchestergurdwara.co.uk - Email:info@manchestergurdwara.co.uk**
Charity Registration No. 1104110

# ਦੁਨੀਆਂ ਦੀ ਹਥਿਆਰਾਂ ਦੀ ਦੌੜ: ਅਮਰੀਕੀ ਕਾਰਪੋਰੇਟ ਤੇ ਜੰਗ ਦੀ ਲਾਬੀ ਦਾ ਖ਼ੂਨੀ ਖੇਡ

## ✪ ਰੂਸੀ ਖਤਰੇ ਦਾ ਝੂਠਾ ਬਹਾਨਾ, ਨਾਟੋ ਨੇ ਹਥਿਆਰਾਂ ਦੀ ਦੌੜ ਵਧਾਈ, ਰੂਸ ਨਾਲ ਛੇੜਖਾਨੀ ਸ਼ੁਰੂ

## ✪ ਖਪਤਕਾਰੀ ਸਿਸਟਮ ਨੇ ਮੁਨਾਫ਼ਿਆਂ ਦੀ ਲਾਲਸਾ ਕਾਰਣ ਸੰਸਾਰ ਨੂੰ ਖਤਰਿਆਂ ਵਲ ਧਕੇਲਿਆ

**ਵਿਸ਼ੇਸ਼ ਰਿਪੋਟ**

ਸੰਸਾਰ ਦੇ ਫ਼ੌਜੀ ਖਰਚੇ ਅੱਜਕੱਲ੍ਹ ਅਸਮਾਨ ਨੂੰ ਛੂਹ ਰਹੇ ਨੇ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (ਸਿਪਰੀ) ਦੇ ਅੰਕੜਿਆਂ ਮੁਤਾਬਕ, 2024 ਵਿੱਚ ਗਲੋਬਲ ਫ਼ੌਜੀ ਖਰਚਾ 27.18 ਖਰਬ ਡਾਲਰ ਸੀ, ਜੋ ਪਿਛਲੇ ਸਾਲ ਦੇ ਮੁਕਾਬਲੇ 9.4 ਫੀਸਦੀ ਵਾਧੇ ਨਾਲ ਸ਼ੀਤ ਯੁੱਧ ਦੇ ਖਾਤਮੇ ਤੋਂ ਬਾਅਦ ਸਭ ਤੋਂ ਵੱਡਾ ਸਾਲਾਨਾ ਵਾਧਾ ਸੀ। ਇਸ ਦੌੜ ਦੀ ਅਗਵਾਈ ਯੂਰਪ ਕਰ ਰਿਹਾ ਹੈ, ਜਿੱਥੇ ਜਰਮਨੀ ਵਰਗੇ ਦੇਸ਼ ਨੇ ਆਪਣੇ ਫ਼ੌਜੀ ਖਰਚੇ ਵਿੱਚ 28 ਫੀਸਦੀ ਦਾ ਜ਼ਬਰਦਸਤ ਵਾਧਾ ਕੀਤਾ ਹੈ। ਇਸ ਦੌੜ ਦੇ ਪਿੱਛੇ ਦੋ ਵੱਡੇ ਕਾਰਨ ਨਜ਼ਰ ਆਉਂਦੇ ਨੇ। ਪਹਿਲਾ, ਅਮਰੀਕਾ ਦੀ ਅਗਵਾਈ ਵਾਲਾ ਸਾਮਰਾਜਵਾਦੀ ਢਾਂਚਾ, ਜੋ ਨਵ-ਉਦਾਰਵਾਦੀ ਪੂੰਜੀਵਾਦ ਦੇ ਸੰਕਟ ਨਾਲ ਜੂਝ ਰਿਹਾ ਹੈ। 2008 ਦੇ ਆਰਥਿਕ ਸੰਕਟ ਅਤੇ ਮਹਾਮਾਰੀ ਦੇ ਬਾਅਦ, ਕਈ ਦੇਸ਼ਾਂ ਦੀਆਂ ਅਰਥ-ਵਿਵਸਥਾਵਾਂ ਡੁੱਬਣ ਦੀ ਕਗਾਰ 'ਤੇ ਪਹੁੰਚ ਗਈਆਂ ਹਨ। ਇਸ ਸੰਕਟ ਨੇ ਸਾਮਰਾਜਵਾਦੀ ਵਿਵਸਥਾ ਨੂੰ ਹਿੱਲਾ ਕੇ ਰੱਖ ਦਿੱਤਾ ਹੈ। ਦੂਜਾ, ਅਮਰੀਕਾ ਹੁਣ ਇਸ ਸਾਮਰਾਜ ਦੇ ਫ਼ੌਜੀ ਖਰਚਿਆਂ ਦਾ ਪੂਰਾ ਬੋਝ ਚੁੱਕਣ ਨੂੰ ਤਿਆਰ ਨਹੀਂ। ਉਹ ਚਾਹੁੰਦਾ ਹੈ ਕਿ ਯੂਰਪੀਨ ਦੇਸ ਵੀ ਇਸ ਵਿਚ ਸਹਿਯੋਗੀ ਬਣਨ । ਨਤੀਜੇ ਵਜੋਂ, ਯੂਰਪੀ ਦੇਸ਼, ਜੋ ਪਹਿਲਾਂ ਅਮਰੀਕੀ ਫ਼ੌਜੀ ਛਤਰੀ ਹੇਠ ਸੁਰੱਖਿਅਤ ਮਹਿਸੂਸ ਕਰਦੇ ਸਨ, ਹੁਣ ਆਪਣੀ ਫ਼ੌਜੀ ਸ਼ਕਤੀ ਵਧਾਉਣ ਲਈ ਮਜਬੂਰ ਹਨ।

ਇਸ ਸਾਰੇ ਖੂਨੀ ਖੇਡ ਦੇ ਮੁੱਖ ਸੂਤਰਧਾਰ ਹਨ ਅਮਰੀਕੀ ਹਥਿਆਰ ਕੰਪਨੀਆਂ, ਜਿਹੜੀਆਂ ਮੁਨਾਫ਼ਿਆਂ ਦੀ ਲਾਲਸਾ ਵਿੱਚ ਸੰਸਾਰ ਨੂੰ ਜੰਗ ਦੀ ਭੱਠੀ ਵਿੱਚ ਝੋਕ ਰਹੀਆਂ ਨੇ। ਇਹਨਾਂ ਵਿੱਚ ਮੁੱਖ ਨਾਮ ਹਨ: ਲਾਕਹੀਡ ਮਾਰਟਿਨ, ਬੋਇੰਗ, ਰੇਥੀਓਨ ਟੈਕਨੋਲਾਜੀਜ਼, ਨੌਰਥਰੋਪ ਗਰਮਮੈਨ, ਅਤੇ ਜਨਰਲ ਡਾਇਨਾਮਿਕਸ। ਇਹ ਕਾਰਪੋਰੇਟ ਸਰਦਾਰ ਸਿਰਫ਼ ਹਥਿਆਰ ਹੀ ਨਹੀਂ ਵੇਚਦੇ, ਸਗੋਂ ਸਿਆਸੀ ਸ਼ਕਤੀਆਂ ਨੂੰ ਖਰੀਦਦੇ ਨੇ, ਜਿਸ ਨਾਲ ਅਮਰੀਕੀ ਸਰਕਾਰ ਦੀਆਂ ਨੀਤੀਆਂ ਨੂੰ ਆਪਣੇ ਹੱਕ ਵਿੱਚ ਮੋੜਿਆ ਜਾਂਦਾ ਹੈ।

ਸਿਪਰੀ ਦੇ ਅੰਕੜਿਆਂ ਮੁਤਾਬਕ, 2023 ਵਿੱਚ ਅਮਰੀਕੀ ਹਥਿਆਰ ਕੰਪਨੀਆਂ ਨੇ ਦੁਨੀਆਂ ਦੇ ਹਥਿਆਰਾਂ ਦੇ ਵਪਾਰ ਦਾ 41 ਫੀਸਦੀ ਹਿੱਸਾ ਸੰਭਾਲਿਆ ਸੀ। ਲਾਕਹੀਡ ਮਾਰਟਿਨ, ਜਿਹੜੀ ਐਫ-35 ਜਹਾਜ਼ਾਂ ਅਤੇ ਮਿਜ਼ਾਈਲ ਸਿਸਟਮ ਵਰਗੇ ਮਾਰੂ ਹਥਿਆਰ ਬਣਾਉਂਦੀ ਹੈ, ਨੇ 2023 ਵਿੱਚ 67.6 ਅਰਬ ਡਾਲਰ ਦੀ ਕਮਾਈ ਕੀਤੀ ਸੀ। ਬੋਇੰਗ, ਜੋ ਜੰਗੀ ਜਹਾਜ਼ਾਂ ਤੋਂ ਲੈ ਕੇ ਡਰੋਨ ਤੱਕ ਬਣਾਉਂਦੀ ਹੈ, ਨੇ 33.8 ਅਰਬ ਡਾਲਰ ਦੀ ਵਿਕਰੀ ਕੀਤੀ ਸੀ। ਇਹ ਕੰਪਨੀਆਂ ਸਿਰਫ਼ ਹਥਿਆਰ ਨਹੀਂ ਬਣਾਉਂਦੀਆਂ, ਸਗੋਂ ਸਿਆਸੀ ਲਾਬੀਆਂ ਰਾਹੀਂ ਸਰਕਾਰਾਂ 'ਤੇ ਦਬਾਅ



ਪਾਉਂਦੀਆਂ ਨੇ। ਅਮਰੀਕੀ ਸੰਸਦ ਵਿੱਚ ਇਹਨਾਂ ਦੀ ਪਹੁੰਚ ਇੰਨੀ ਡੂੰਘੀ ਹੈ ਕਿ ਕਈ ਸਿਆਸਤਦਾਨ ਇਹਨਾਂ ਦੇ ਹੱਥਾਂ ਦੀਆਂ ਕਠਪੁਤਲੀਆਂ ਬਣ ਜਾਂਦੇ ਨੇ। 2020 ਦੀ ਇੱਕ ਰਿਪੋਰਟ ਮੁਤਾਬਕ, ਇਹਨਾਂ ਕੰਪਨੀਆਂ ਨੇ ਸਿਰਫ਼ ਲਾਬੀਇੰਗ 'ਤੇ 250 ਮਿਲੀਅਨ ਡਾਲਰ ਖਰਚ ਕੀਤੇ ਸਨ, ਜਿਸ ਨਾਲ ਅਮਰੀਕੀ ਸਰਕਾਰ ਨੂੰ ਹਥਿਆਰਾਂ ਦੀ ਖਰੀਦ ਅਤੇ ਜੰਗੀ ਨੀਤੀਆਂ ਨੂੰ ਜਾਰੀ ਰੱਖਣ ਲਈ ਮਜਬੂਰ ਕੀਤਾ ਜਾਂਦਾ ਹੈ।

ਯੂਰਪੀ ਸਰਕਾਰਾਂ ਆਪਣੇ ਵਧ ਰਹੇ ਫ਼ੌਜੀ ਖਰਚੇ ਨੂੰ ਜਾਇਜ਼ ਠਹਿਰਾਉਣ ਲਈ "ਰੂਸੀ ਖਤਰੇ" ਦਾ ਰਾਗ ਅਲਾਪ ਰਹੀਆਂ ਨੇ। ਪਰ ਇਹ ਸਿਰਫ਼ ਇੱਕ ਝੂਠ ਦਾ ਪੁਲੰਦਾ ਹੈ। ਸੋਵੀਅਤ ਯੂਨੀਅਨ ਦੇ ਖਾਤਮੇ ਸਮੇਂ, ਅਮਰੀਕਾ ਨੇ ਵਾਅਦਾ ਕੀਤਾ ਸੀ ਕਿ ਨਾਟੋ ਦਾ ਪੂਰਬ ਵੱਲ ਵਿਸਥਾਰ ਨਹੀਂ ਹੋਵੇਗਾ। ਪਰ ਅੱਜ ਨਾਟੋ ਰੂਸ ਦੀਆਂ ਸਰਹੱਦਾਂ ਤੱਕ ਪਹੁੰਚ ਗਿਆ ਹੈ। ਯੂਕਰੇਨ ਵਿੱਚ 2014 ਵਿੱਚ ਅਮਰੀਕੀ ਸਮਰਥਨ ਨਾਲ ਤਖਤਾ ਪਲਟ ਕੇ ਇੱਕ ਫਾਸਿਸਟੀ ਸਰਕਾਰ ਬਿਠਾਈ ਗਈ, ਜਿਸ ਨੇ ਰੂਸੀ-ਭਾਸ਼ੀ ਲੋਕਾਂ 'ਤੇ ਜ਼ੁਲਮ ਢਾਹੇ ਅਤੇ ਨਾਟੋ ਦੀ ਮੈਂਬਰਸ਼ਿਪ ਦੀ ਮੰਗ ਕੀਤੀ। ਅਸਲ ਵਿੱਚ, ਰੂਸ ਨੂੰ ਹੀ ਖਤਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 2024 ਵਿੱਚ ਰੂਸ ਦਾ ਫ਼ੌਜੀ ਖਰਚਾ 149 ਅਰਬ ਡਾਲਰ ਸੀ, ਜਦਕਿ ਨਾਟੋ ਦੇ ਯੂਰਪੀ ਮੈਂਬਰਾਂ ਦਾ ਖਰਚਾ 454 ਅਰਬ ਡਾਲਰ ਸੀ-ਤਿੰਨ ਗੁਣਾ ਜ਼ਿਆਦਾ। ਫਿਰ ਵੀ, "ਰੂਸੀ ਖਤਰੇ" ਦਾ ਬਹਾਨਾ ਬਣਾਇਆ ਜਾ ਰਿਹਾ ਹੈ।

ਇਸ ਸਾਰੀ ਹਥਿਆਰਾਂ ਦੀ ਦੌੜ ਦਾ ਜੜ੍ਹ ਸਾਮਰਾਜਵਾਦੀ ਪੂੰਜੀਵਾਦੀ ਵਿਵਸਥਾ ਵਿੱਚ ਹੈ, ਜਿਸ ਦੀ ਭੁੱਖ ਸਿਰਫ਼ ਮੁਨਾਫ਼ਿਆਂ ਨਾਲ ਸੰਤੁਸ਼ਟ ਹੁੰਦੀ ਹੈ। ਇਹ ਸਿਸਟਮ ਖਪਤਕਾਰੀ ਹੈ-ਇਹ ਨਾ ਸਿਰਫ਼ ਕੁਦਰਤੀ ਸਰੋਤਾਂ ਨੂੰ ਖਾ ਜਾਂਦਾ ਹੈ, ਸਗੋਂ ਮਨੁੱਖੀ ਕਤਲੇਆਮ ਦਾ ਜ਼ਿੰਮੇਵਾਰ ਹੈ। ਜੰਗਾਂ ਦੀ ਅੱਗ ਨੂੰ ਹਵਾ ਦੇਣ ਵਿੱਚ ਹਥਿਆਰ ਲਾਬੀ ਦਾ ਵੱਡਾ ਹੱਥ ਹੈ, ਪਰ ਇਸ ਦੀਆਂ ਜੜ੍ਹਾਂ ਨਵ-ਉਦਾਰਵਾਦੀ ਪੂੰਜੀਵਾਦ ਦੀਆਂ ਨੀਤੀਆਂ ਵਿੱਚ ਹਨ, ਜਿਹੜੀਆਂ ਅਮੀਰਾਂ ਨੂੰ ਹੋਰ ਅਮੀਰ ਅਤੇ ਗਰੀਬਾਂ ਨੂੰ ਹੋਰ ਗਰੀਬ ਬਣਾਉਂਦੀਆਂ ਨੇ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ "ਬਿਗ ਬਿਊਟੀਫੁਲ ਬਿਲ" ਇਸ ਦੀ ਮਿਸਾਲ ਹੈ। ਇਸ ਬਿਲ ਅਨੁਸਾਰ, ਅਗਲੇ 10 ਸਾਲਾਂ ਵਿੱਚ 37.6 ਖਰਬ ਡਾਲਰ ਦੀਆਂ ਟੈਕਸ ਰਿਆਇਤਾਂ ਦਿੱਤੀਆਂ ਜਾਣਗੀਆਂ, ਜਦਕਿ 13 ਖਰਬ ਡਾਲਰ ਦੀਆਂ ਖਰਚੇ ਵਿੱਚ ਕਟੌਤੀਆਂ ਕੀਤੀਆਂ ਜਾਣਗੀਆਂ। ਇਸ ਦਾ ਸਭ ਤੋਂ ਵੱਡਾ ਫਾਇਦਾ ਅਮੀਰ ਵਰਗ ਨੂੰ ਹੋਵੇਗਾ, ਜਦਕਿ ਗਰੀਬਾਂ ਦੀ ਹਾਲਤ ਹੋਰ ਬਦਤਰ ਹੋਵੇਗੀ। ਮੈਡੀਕੇਡ ਅਤੇ ਸਿਹਤ ਬੀਮੇ ਦੀ ਪਹੁੰਚ ਘਟਣ ਨਾਲ ਸਭ ਤੋਂ ਹੇਠਲੇ 10 ਫੀਸਦੀ ਲੋਕਾਂ ਦੀ ਜ਼ਿੰਦਗੀ ਹੋਰ ਮੁਸ਼ਕਲ ਹੋ ਜਾਵੇਗੀ।

ਭਾਰਤ ਵੀ ਇਸ ਹਥਿਆਰਾਂ ਦੀ ਦੌੜ ਵਿੱਚ ਪਿੱਛੇ ਨਹੀਂ। 2024 ਵਿੱਚ ਭਾਰਤ ਦਾ ਫ਼ੌਜੀ ਖਰਚਾ 86.1 ਅਰਬ ਡਾਲਰ ਸੀ, ਜਿਸ ਨਾਲ ਇਹ ਦੁਨੀਆਂ ਦਾ ਪੰਜਵਾਂ ਸਭ ਤੋਂ ਵੱਡਾ ਫ਼ੌਜੀ ਖਰਚਾ ਕਰਨ ਵਾਲਾ ਦੇਸ਼ ਬਣਿਆ। ਅਮਰੀਕਾ, ਚੀਨ, ਰੂਸ ਅਤੇ ਜਰਮਨੀ ਤੋਂ ਬਾਅਦ ਭਾਰਤ ਦਾ ਨੰਬਰ ਆਉਂਦਾ ਹੈ। ਪਰ ਸਵਾਲ ਇਹ ਹੈ: ਇਹ ਖਰਚੇ ਕਿਸ ਦੀ ਕੀਮਤ 'ਤੇ ਹੋ ਰਹੇ ਨੇ? ਮਨਰੇਗਾ ਵਰਗੀਆਂ ਸਮਾਜਿਕ ਯੋਜਨਾਵਾਂ ਲਈ ਫੰਡਾਂ ਦੀ ਕਮੀ ਹੈ, ਪਰ ਫ਼ੌਜੀ ਖਰਚੇ ਵਧਾਉਣ ਵਿੱਚ ਮੋਦੀ ਸਰਕਾਰ ਕੋਈ ਕਸਰ ਨਹੀਂ ਛੱਡ ਰਹੀ।

ਇਸ ਹਥਿਆਰਾਂ ਦੀ ਦੌੜ ਅਤੇ ਸਾਮਰਾਜਵਾਦੀ ਖੇਡ ਦਾ ਅਸਲ ਸ਼ਿਕਾਰ ਕਿਰਤੀ ਜਨਤਾ ਹੈ। ਜਦੋਂ ਸਰਕਾਰਾਂ ਅਮੀਰਾਂ ਨੂੰ ਟੈਕਸ ਰਿਆਇਤਾਂ ਦਿੰਦੀਆਂ ਨੇ ਅਤੇ ਕਲਿਆਣਕਾਰੀ ਯੋਜਨਾਵਾਂ 'ਤੇ ਕੈਂਚੀ ਚਲਾਉਂਦੀਆਂ ਨੇ, ਤਾਂ ਗਰੀਬ ਦੀ ਰੋਟੀ 'ਤੇ ਡਾਕਾ ਪੈਂਦਾ ਹੈ। ਇਸ ਦੌੜ ਦੇ ਵਿਰੁੱਧ ਲੜਨ ਦੀ ਲੋੜ ਹੈ।

# ਅਹਾਤੇ ਵਿਚ ਸ਼ਰਾਬ ਪੀਣ ਦੌਰਾਨ ਹੋਈ ਹੱਤਿਆ

## ✪ ਪੁਲਿਸ ਨੂੰ ਮਿਲੀ ਭਈਏ ਦੀ ਲਾਸ਼, ਦੋਸ਼ੀ ਗ੍ਰਿਫ਼ਤਾਰ

ਜਲੰਧਰ-ਬੀਤੇ ਦਿਨੀਂ ਸੰਜੇ ਗਾਂਧੀ ਨਗਰ ਨਹਿਰ ਦੇ ਪੁਲ ਨੇੜੇ ਸ਼ਰਾਬ ਦੇ ਅਹਾਤੇ 'ਤੇ ਇੱਕ ਪ੍ਰਵਾਸੀ ਨੌਜਵਾਨ ਦੀ ਖੂਨ ਨਾਲ ਲੱਥਪੱਥ ਲਾਸ਼ ਮਿਲਣ 'ਤੇ ਪੂਰੇ ਇਲਾਕੇ ਵਿੱਚ ਸਨਸਨੀ ਫੈਲ ਗਈ। ਸੂਚਨਾ ਮਿਲਣ 'ਤੇ ਫੋਕਲ ਪੁਆਇੰਟ ਥਾਣੇ ਦੀ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਕੁਝ ਘੰਟਿਆਂ ਵਿੱਚ ਹੀ ਮਾਮਲੇ ਦਾ ਪਤਾ ਲਗਾ ਲਿਆ ਅਤੇ ਦੀਪਕ ਕੁਮਾਰ ਦੀਪੂ, ਵਾਸੀ ਕੈਨਾਲ ਰੋਡ, ਜੋ ਕਿ ਮੂਲ ਰੂਪ ਵਿੱਚ ਬਿਹਾਰ ਦਾ ਰਹਿਣ ਵਾਲਾ ਹੈ, ਨੂੰ ਗ੍ਰਿਫ਼ਤਾਰ ਕਰਕੇ ਉਸ ਵਿਰੁੱਧ ਕਤਲ ਦਾ ਮਾਮਲਾ ਦਰਜ ਕਰਕੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ। ਪ੍ਰਵਾਸੀ ਨੌਜਵਾਨ ਦੀ ਪਛਾਣ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਬੈਰਿਸਟਰ ਪ੍ਰਸਾਦ ਵਜੋਂ ਹੋਈ, ਜੋ ਕਿ ਕੈਨਾਲ ਰੋਡ ਫੋਕਲ ਪੁਆਇੰਟ ਦਾ ਰਹਿਣ ਵਾਲਾ ਸੀ। ਮੌਕੇ 'ਤੇ ਪਹੁੰਚ ਕੇ, ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਉਸਦੀ ਪਛਾਣ ਕੀਤੀ।

ਜਾਣਕਾਰੀ ਦਿੰਦੇ ਹੋਏ ਫੋਕਲ ਪੁਆਇੰਟ ਚੌਕੀ ਇੰਚਾਰਜ ਥਾਣੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਦੂਜੇ ਪਾਸੇ ਇੱਕ ਹੋਰ ਪੁਲਿਸ ਟੀਮ ਨੇ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਕਤਲ ਕਰਨ ਵਾਲੇ ਦੋਸ਼ੀ ਦੀਪਕ ਦੀਪੂ ਦੀ ਵੀ ਪਛਾਣ ਕਰ ਲਈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਕਾਤਲ ਦੀਪੂ ਉਨ੍ਹਾਂ ਦੇ ਘਰ ਰਹਿੰਦਾ ਸੀ ਅਤੇ ਵੀਰਵਾਰ ਰਾਤ ਨੂੰ ਉਹ ਸੰਜੇ ਗਾਂਧੀ ਨਗਰ ਨਹਿਰ ਪੁਲ ਦੇ ਨੇੜੇ ਸਥਿਤ ਸ਼ਰਾਬ ਦੀ ਦੁਕਾਨ 'ਤੇ ਬੈਰਿਸਟਰ ਨਾਲ ਸ਼ਰਾਬ ਪੀਣ ਗਿਆ ਸੀ।

ਸੂਚਨਾ ਮਿਲਣ 'ਤੇ ਪੁਲਿਸ ਨੇ ਕੁਝ ਘੰਟਿਆਂ ਦੇ ਅੰਦਰ ਹੀ ਦੀਪਕ ਉਰਫ਼ ਦੀਪੂ ਨੂੰ ਉਸਦੇ ਕੁਆਰਟਰ ਤੋਂ ਗ੍ਰਿਫ਼ਤਾਰ ਕਰ ਲਿਆ ਜਦੋਂ ਉਹ ਸ਼ਰਾਬ ਦੇ ਨਸ਼ੇ ਵਿੱਚ ਧੁੱਤ ਹੋ ਕੇ ਸੌਂ ਰਿਹਾ ਸੀ। ਜਦੋਂ ਪੁਲਿਸ ਨੇ ਦੋਸ਼ੀ ਤੋਂ ਪੁੱਛਗਿੱਛ ਕੀਤੀ ਤਾਂ ਉਸਨੇ ਕਬੂਲ ਕੀਤਾ ਕਿ ਉਹ ਬੀਤੇ ਦਿਨੀਂ ਬੈਰਿਸਟਰ ਨਾਲ ਸ਼ਰਾਬ ਪੀਣ ਗਿਆ ਸੀ ਪਰ ਇਸ ਦੌਰਾਨ ਉਨ੍ਹਾਂ ਦੀ ਕਿਸੇ ਗੱਲ 'ਤੇ ਬਹਿਸ ਹੋ ਗਈ ਅਤੇ ਉਸਨੇ ਉਸ ਨਾਲ ਬਦਸਲੂਕੀ ਕੀਤੀ। ਜਿਸ ਕਾਰਨ ਦੋਵਾਂ ਵਿਚਕਾਰ ਲੜਾਈ ਹੋ ਗਈ।

ਇਸ ਦੌਰਾਨ ਉਸਨੇ ਇੱਕ ਇੱਟ ਚੁੱਕੀ ਅਤੇ ਉਸਦੇ ਸਿਰ 'ਤੇ ਵਾਰ ਕੀਤਾ, ਜਿਸ ਕਾਰਨ ਉਹ ਖੂਨ ਨਾਲ ਲੱਥਪੱਥ ਹਾਲਤ ਵਿੱਚ ਉੱਥੇ ਡਿੱਗ ਪਿਆ। ਕਾਤਲ ਦੇ ਅਨੁਸਾਰ, ਉਸਨੂੰ ਨਹੀਂ ਪਤਾ ਸੀ ਕਿ ਬੈਰਿਸਟਰ ਦੀ ਮੌਤ ਹੋ ਗਈ ਹੈ। ਉਸਨੇ ਸੋਚਿਆ ਕਿ ਉਹ ਬੇਹੋਸ਼ ਹੈ ਅਤੇ ਆਪਣੇ ਘਰ ਜਾ ਕੇ ਸੌਂ ਗਿਆ। ਇਸ ਸਬੰਧੀ ਚੌਕੀ ਇੰਚਾਰਜ ਅਵਤਾਰ ਸਿੰਘ ਨੇ ਦੱਸਿਆ ਕਿ ਦੋਸ਼ੀ ਵਿਰੁੱਧ ਕਤਲ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

# ਭਾਰਤ ਅਮਰੀਕਾ ਤੋਂ ਹੋਰ ਹਥਿਆਰ ਖਰੀਦੇਗਾ !

## ✪ "ਆਪਰੇਸ਼ਨ ਸਿੰਦੂਰ" ਮਗਰੋਂ ਚੁੱਕਿਆ ਅਹਿਮ ਕਦਮ



ਨਵੀਂ ਦਿੱਲੀ-ਭਾਰਤ ਨੇ ਹਾਲ ਹੀ ਵਿੱਚ ਚਲਾਏ ਗਏ "ਆਪਰੇਸ਼ਨ ਸਿੰਦੂਰ" ਤੋਂ ਬਾਅਦ ਆਪਣੀ ਰਣਨੀਤਿਕ ਤਿਆਰੀ ਨੂੰ ਹੋਰ ਮਜ਼ਬੂਤ ਬਣਾਉਣ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਚੁੱਕਿਆ ਹੈ। ਇਸ ਕਾਰਵਾਈ ਦੌਰਾਨ ਭਾਰਤ ਨੇ ਜੀਪੀਐਸ-ਗਾਈਡਿਡ ਐਮੂਨੀਸ਼ਨ ਦੀ ਵਰਤੋਂ ਕਰ ਚੁਣੇ ਗਏ ਟਾਰਗੇਟਾਂ 'ਤੇ ਸਟੀਕਤਾ ਨਾਲ ਹਮਲੇ ਕੀਤੇ। ਹੁਣ ਭਾਰਤ ਨੇ ਤੁਰੰਤ ਹੋਰ ਹਥਿਆਰਾਂ ਦੀ ਲੋੜ ਨੂੰ ਪੂਰਾ ਕਰਨ ਲਈ ਅਮਰੀਕਾ ਵੱਲ ਰੁਖ ਕੀਤਾ ਹੈ।

ਭਾਰਤੀ ਰੱਖਿਆ ਵਿਭਾਗ ਨੇ ਅਮਰੀਕੀ ਸਰਕਾਰ ਨੂੰ ਐਕਸਕੈਲੀਬਰ ਮਿਊਨਿਸ਼ਨ, ਜੈਵਲਿਨ ਐਂਟੀ-ਟੈਂਕ ਮਿਸਾਈਲਾਂ ਅਤੇ ਹੋਰ ਤਕਨੀਕੀ ਹਥਿਆਰਾਂ ਦੀ ਤੁਰੰਤ ਸਪਲਾਈ ਲਈ ਅਡਵਾਂਸ ਦੇ ਦਿੱਤਾ ਹੈ। ਪੈਂਟਾਗਨ ਵੱਲੋਂ ਇਸ ਸਬੰਧੀ ਸਹਿਮਤੀ ਦੇ ਸੰਕੇਤ ਮਿਲੇ ਹਨ ਅਤੇ ਉਨ੍ਹਾਂ ਦੇ ਮੌਜੂਦਾ ਸਟਾਕ ਵਿੱਚੋਂ ਹੀ ਭਾਰਤ ਨੂੰ ਸਪਲਾਈ ਦਿੱਤੀ ਜਾ ਸਕਦੀ ਹੈ। ਇਹ ਹਥਿਆਰ ਭਾਰਤ ਦੀ ਰੱਖਿਆ ਪ੍ਰਣਾਲੀ ਨੂੰ ਹੋਰ ਵੀ ਤੀਬਰ ਬਣਾਉਣਗੇ।

ਇਸ ਸਾਰੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਭਾਰਤ ਸਰਕਾਰ ਨੇ ਰੱਖਿਆ ਬਲਾਂ ਨੂੰ 40,000 ਕਰੋੜ ਰੁਪਏ ਦੇ ਐਮਰਜੈਂਸੀ ਪ੍ਰੋਕਿਊਰਮੈਂਟ ਪਾਵਰ ਦਿੱਤੇ ਹਨ। ਇਹ ਅਧਿਕਾਰ ਉਨ੍ਹਾਂ ਨੂੰ ਬਿਨਾਂ ਲੰਬੀ ਟੈਂਡਰ ਪ੍ਰਕਿਰਿਆ ਤੋਂ ਲੰਘੇ ਜ਼ਰੂਰੀ ਹਥਿਆਰ ਖਰੀਦਣ ਦੀ ਆਜ਼ਾਦੀ ਦਿੰਦੇ ਹਨ। ਇਸ ਦਾ ਮਕਸਦ ਹੈ ਕਿ ਜੰਗ ਜਾਂ ਖਤਰੇ ਦੀ ਸਥਿਤੀ ਵਿੱਚ ਜ਼ਰੂਰੀ ਸਾਮਾਨ ਤੁਰੰਤ ਉਪਲਬਧ ਹੋ ਸਕੇ।

ਇਸ ਦੇ ਨਾਲ ਹੀ ਭਾਰਤ ਅਮਰੀਕਾ ਤੋਂ ਹੋਰ ਉੱਚ ਤਕਨੀਕੀ ਹਥਿਆਰ ਜਿਵੇਂ ਕਿ ਪੀ-8ਈ ਮੈਰੀਟਾਈਮ ਪੈਟਰੋਲ ਜਹਾਜ਼ਾਂ ਦੀ ਸਪਲਾਈ 'ਤੇ ਵੀ ਗੰਭੀਰਤਾ ਨਾਲ ਵਿਚਾਰ ਕਰ ਰਿਹਾ ਹੈ, ਭਾਵੇਂ ਇਨ੍ਹਾਂ ਦੀ ਕੀਮਤ ਵਿੱਚ ਵਾਧਾ ਹੋਇਆ ਹੈ। ਇਹ ਕਾਰਵਾਈ ਦੱਸਦੀ ਹੈ ਕਿ ਭਾਰਤ ਆਪਣੀ ਰਣਨੀਤਿਕ ਤਿਆਰੀ ਵਿੱਚ ਕੋਈ ਕਮੀ ਨਹੀਂ ਛੱਡਣਾ ਚਾਹੁੰਦਾ।

ਇਹ ਨਵਾਂ ਰੁਝਾਨ ਇਹ ਵੀ ਸਾਬਿਤ ਕਰਦਾ ਹੈ ਕਿ ਭਾਰਤ ਚੀਨ ਅਤੇ ਪਾਕਿਸਤਾਨ ਦੀ ਮਿਲੀ-ਭਗਤ ਦੇ ਖ਼ਤਰੇ ਨੂੰ ਗੰਭੀਰਤਾ ਨਾਲ ਲੈ ਰਿਹਾ ਹੈ। "ਆਪਰੇਸ਼ਨ ਸਿੰਦੂਰ" ਨੇ ਇਹ ਦਰਸਾ ਦਿੱਤਾ ਕਿ ਭਾਰਤ ਦੀ ਰਣਨੀਤਿਕ ਯੋਜਨਾ ਵਿੱਚ ਸਿਰਫ ਸਾਵਧਾਨੀ ਨਹੀਂ, ਸਗੋਂ ਤੁਰੰਤ ਕਾਰਵਾਈ ਦੀ ਸਮਰਥਾ ਵੀ ਸ਼ਾਮਲ ਹੋ ਚੁੱਕੀ ਹੈ।

# ਜ਼ਮੀਨੀ ਵਿਵਾਦ ਮਗਰੋਂ ਦਲਿਤ ਬੀਬੀ ਦੀ ਗਲ਼ਾ ਵੱਢ ਕੇ ਹੱਤਿਆ



ਫਿਰੋਜ਼ਪੁਰ-ਫਿਰੋਜ਼ਪੁਰ ਵਿਚ ਮਹਿਲਾ ਦੇ ਕਤਲ ਦਾ ਮਾਮਲਾ ਸਾਹਮਣੇ ਆਇਆ ਹੈ ਜਿੱਥੇ ਜਮੀਦਾਰਾਂ ਪਰਿਵਾਰਾਂ ਵੱਲੋਂ ਦਲਿਤ ਪਰਿਵਾਰ ਦੀ ਜ਼ਮੀਨ 'ਤੇ ਕਬਜ਼ੇ ਨੂੰ ਲੈ ਕੇ ਵਿਵਾਦ ਚੱਲ ਰਿਹਾ ਸੀ ਅਤੇ ਬੀਤੇ ਦਿਨੀਂ ਜਿਸ ਤਰ੍ਹਾਂ ਹੀ ਪਾਣੀ ਲਗਾਣ ਲਈ ਦਲਿਤ ਮਹਿਲਾਵਾਂ ਖੇਤਾਂ ਵਿਚ ਗਈਆਂ ਤਾਂ ਅੱਗੋਂ ਜਮੀਦਾਰਾਂ ਵੱਲੋਂ ਆਪਣੇ ਹੋਰ ਸਾਥੀ ਲਿਆ ਕੇ ਉਨ੍ਹਾਂ ਉੱਪਰ ਹਮਲਾ ਕਰ ਦਿੱਤਾ ਗਿਆ ਤੇ ਕੱਸੀ ਮਾਰ ਕੇ ਇੱਕ ਮਹਿਲਾ ਦੀ ਗਰਦਨ ਹੀ ਵੱਢ ਦਿੱਤੀ ਗਈ। ਇਸ ਦੌਰਾਨ ਮੌਕੇ 'ਤੇ ਹੀ ਮਹਿਲਾ ਦੀ ਮੌਤ ਹੋ ਗਈ। ਮ੍ਰਿਤਕ ਮਹਿਲਾ ਦਾ ਨਾਮ ਕਸ਼ਮੀਰੋ ਬਾਈ ਦੱਸਿਆ ਜਾ ਰਿਹਾ ਹੈ। ਜਦ ਕਿ ਦੋ ਹੋਰ ਮਹਿਲਾਵਾਂ ਨੂੰ ਵੀ ਗੰਭੀਰ ਸੱਟਾਂ ਆਈਆਂ ਹਨ। ਜਿਨ੍ਹਾਂ ਨੂੰ ਇਲਾਜ ਲਈ ਨਿਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਕਰੀਬ ਸਾਡੇ ਚਾਰ ਕਿਲ੍ਹੇ ਜ਼ਮੀਨ ਵਿਵਾਦ ਦੱਸਿਆ ਜਾ ਰਿਹਾ ਹੈ।

## 3 ਬੰਦਿਆਂ ਨੇ 16 ਸਾਲਾ ਮੁੰਡੇ ਨੂੰ ਹੋਟਲ ਵਿਚ ਲਿਜਾ ਕੇ ਕੀਤਾ ਕੁਕਰਮ

ਲੁਧਿਆਣਾ-ਲੁਧਿਆਣਾ ਵਿਚ ਇਕ 16 ਸਾਲਾ ਮੁੰਡੇ ਨਾਲ ਉਸ ਦੀ ਜਾਣ-ਪਛਾਣ ਦੇ 3 ਲੋਕਾਂ ਵੱਲੋਂ ਹੋਟਲ ਵਿਚ ਲਿਜਾ ਕੇ ਅਸ਼ਲੀਲ ਹਰਕਤਾਂ ਕੀਤੀਆਂ ਗਈਆਂ। ਜਾਣਕਾਰੀ ਮੁਤਾਬਕ ਜਗਰਾਓਂ ਦਾ ਰਹਿਣ ਵਾਲਾ 16 ਸਾਲਾ ਮੁੰਡਾ ਆਪਣੀ ਮਾਂ ਤੋਂ ਪੁੱਛ ਕੇ ਜਾਣ-ਪਛਾਣ ਵਾਲੇ 3 ਲੋਕਾਂ ਦੇ ਨਾਲ ਲੁਧਿਆਣਾ ਦੇ ਚੌੜਾ ਬਾਜ਼ਾਰ ਵਿਚ ਖਰੀਦਦਾਰੀ ਕਰਨ ਲਈ ਗਿਆ ਸੀ। ਉੱਥੇ ਦੇਰ ਰਾਤ ਹੋ ਜਾਣ ਕਾਰਨ ਉਹ ਬੱਸ ਸਟੈਂਡ ਨੇੜੇ ਇਕ ਹੋਟਲ ਵਿਚ ਰੁੱਕ ਗਏ, ਜਿੱਥੇ ਤਿੰਨਾਂ ਨੇ 16 ਸਾਲਾ ਬੱਚੇ ਨਾਲ ਅਸ਼ਲੀਲ ਹਰਕਤਾਂ ਕੀਤੀਆਂ। ਇਸ ਦੌਰਾਨ ਉਨ੍ਹਾਂ ਨੇ ਬੱਚੇ ਨੂੰ ਨੰਗਾ ਕਰ ਕੇ ਉਸ ਦੀ ਵੀਡੀਓ ਬਣਾਈ ਤੇ ਧਾਰਮਿਕ ਭਾਵਨਾਵਾਂ ਨੂੰ ਵੀ ਠੇਸ ਪਹੁੰਚਾਈ।

ਅਗਲੇ ਦਿਨ ਬੱਚੇ ਨੇ ਆਪਣੇ ਮਾਪਿਆਂ ਨੂੰ ਸਾਰੀ ਘਟਨਾ ਬਾਰੇ ਦੱਸਿਆ, ਜਿਸ ਮਗਰੋਂ ਉਨ੍ਹਾਂ ਨੇ ਥਾਣਾ ਡਵੀਜ਼ਨ ਨੰਬਰ 5 ਦੀ ਪੁਲਸ ਨੂੰ ਸ਼ਿਕਾਇਤ ਦਿੱਤੀ। ਪੁਲਸ ਨੇ ਮੁੰਡੇ ਦੇ ਪਿਤਾ ਦੇ ਬਿਆਨਾਂ ਦੇ ਅਧਾਰ 'ਤੇ ਅਭਿਜੀਤ ਰਾਏ, ਹੀਰਾ ਸਿੰਘ ਤੇ ਜੱਸੀ ਵਾਸੀ ਜਗਰਾਓਂ ਦੇ ਖ਼ਿਲਾਫ਼ ਵੱਖ-ਵੱਖ ਅਪਰਾਧਿਕ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ। ਜਾਂਚ ਅਧਿਕਾਰੀ ਸੁਖਦੇਵ ਸਿੰਘ ਨੇ ਦੱਸਿਆ ਕਿ ਪੁਲਸ ਨੇ ਮੁਲਜ਼ਮ ਅਭਿਜੀਤ ਰਾਏ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਬਾਕੀ 2 ਮੁਲਜ਼ਮ ਅਜੇ ਫ਼ਰਾਰ ਹਨ।

# ਪ੍ਰੇਮ ਸਬੰਧਾਂ ਕਾਰਨ ਤਿੰਨ ਬੱਚਿਆਂ ਦੇ ਪਿਓ ਨੇ ਕੀਤੀ ਖ਼ੁਦਕੁਸ਼ੀ

## ✪ ਦੋਸ਼ੀਆਂ ਖ਼ਿਲਾਫ਼ ਕੇਸ ਦਰਜ ਹੋਣ ਮਗਰੋਂ ਪਰਿਵਾਰ ਨੇ ਧਰਨਾ ਕੀਤਾ ਖ਼ਤਮ

ਤਪਾ ਮੰਡੀ-ਮੰਡੀ-ਢਿੱਲਵਾਂ ਰੋਡ ਸਥਿਤ ਤਿੰਨ ਬੱਚਿਆਂ ਦੇ ਪਿਓ ਨੇ ਸਲਫਾਸ ਖਾ ਕੇ ਆਤਮਹੱਤਿਆ ਕਰ ਲਈ। ਖੁਦਕਸ਼ੀ ਦਾ ਮੁੱਖ ਕਾਰਨ ਮ੍ਰਿਤਕ ਦੇ ਇਕ ਗੁਆਂਢਣ ਨਾਲ ਪ੍ਰੇਮ ਸਬੰਧਾਂ ਨੂੰ ਦੱਸਿਆ ਜਾਂਦਾ ਹੈ। ਮ੍ਰਿਤਕ ਦੀ ਮਾਂ ਸੰਤੋਸ਼ ਰਾਣੀ ਸਾਬਕਾ ਕੌਂਸਲਰ ਨੇ ਦੱਸਿਆ ਕਿ ਪੁਲਿਸ ਵੱਲੋਂ ਉਨ੍ਹਾਂ ਨੂੰ ਇਨਸਾਫ ਨਾ ਮਿਲਣ 'ਤੇ ਉਨ੍ਹਾਂ ਪੁਲਿਸ ਚੌਕੀ ਅੱਗੇ ਧਰਨਾ ਲਾ ਦਿੱਤਾ। ਸੰਤੋਸ਼ ਰਾਣੀ ਨੇ ਦੱਸਿਆ ਕਿ ਉਸ ਦੀ ਗੁਆਂਢਣ ਨੇ ਉਸ ਦੇ ਲੜਕੇ ਜੋਤ ਰਾਮ ਨਾਲ ਪ੍ਰੇਮ ਸਬੰਧ ਸਨ, ਜਿਸ ਦੇ ਪਰਿਵਾਰਕ ਮੈਂਬਰਾਂ ਨੇ ਸਾਡੇ ਘਰ ਆ ਕੇ ਉਸ ਦੇ ਪੁੱਤਰ ਦੀ ਕੁੱਟਮਾਰ ਕਰਨ ਤੋਂ ਇਲਾਵਾ ਘਰ ਪਏ ਸਾਮਾਨ ਦੀ ਭੰਨ੍ਹ-ਤੋੜ ਵੀ ਕੀਤੀ। ਇਹ ਮਾਮਲਾ ਕੁਝ ਦਿਨ ਪਹਿਲਾਂ ਵੀ ਥਾਣੇ ਪਹੁੰਚਿਆ ਸੀ ਪਰ




ਪਤਵੰਤਿਆਂ ਨੇ ਸਮਝੌਤਾ ਕਰਵਾ ਦਿੱਤਾ। ਪਰ ਗੁਆਂਢਣ ਨੇ ਉਸ ਦੇ ਲੜਕੇ ਦਾ ਫਿਰ ਵੀ ਖਹਿੜਾ ਨਾ ਛੱਡਿਆ ਤੇ ਉਸ ਦੇ ਪਰਿਵਾਰ ਨੇ ਉਸ ਨੂੰ ਪਿੰਡ ਹਠੂਰ (ਲੁਧਿਆਣਾ) ਵਿਖੇ ਉਸ ਦੇ ਪੇਕੇ ਘਰ ਭੇਜ ਦਿੱਤਾ। ਉਸ ਦੇ ਮੁੰਡੇ ਨੇ ਉਸ ਨੂੰ ਮੋਬਾਈਲ 'ਤੇ ਮਿਸ ਕਾਲ ਕੀਤੀ ਤਾਂ ਉਸ ਦੇ ਭਰਾ ਇਸ ਹਰਕਤ 'ਤੇ ਭੜਕ ਉਠੇ ਤੇ ਉਹ ਹੋਰ ਵਿਅਕਤੀਆਂ ਨਾਲ ਆਏ ਤੇ ਉਸ ਦੇ ਲੜਕੇ ਦੀ ਬਹੁਤ ਜ਼ਿਆਦਾ ਕੁੱਟਮਾਰ ਕੀਤੀ। ਇਸ ਨਮੋਸ਼ੀ ਨੂੰ ਨਾ ਸਹਾਰਦੇ ਹੋਏ ਉਸ ਦੇ ਪੁੱਤਰ ਨੇ ਸਲਫਾਸ ਖਾ ਕੇ ਆਤਮਹੱਤਿਆ ਕਰ ਲਈ। ਇਸ ਲਈ ਉਸ ਦੇ ਪੁੱਤਰ ਦੀ ਮੌਤ ਦੀ ਜਿੰਮੇਵਾਰ ਉਹ ਗੁਆਂਢਣ ਔਰਤ ਹੈ। ਇਸ ਦੀ ਸ਼ਿਕਾਇਤ ਅਸੀ ਪੁਲਿਸ ਚੌਕੀ ਤਪਾ ਵਿਖੇ ਕਰ ਦਿੱਤੀ ਹੈ। ਚੌਕੀ ਇੰਚਾਰਜ ਬਲਜੀਤ ਸਿੰਘ ਵਿੱਲੋਂ ਅਨੁਸਾਰ ਉਨ੍ਹਾਂ ਮ੍ਰਿਤਕ ਦੀ ਪਤਨੀ ਪੂਨਮ ਦੇ ਬਿਆਨਾਂ 'ਤੇ ਲਛਮੀ ਦੇਵੀ, ਸ਼ੰਕਰ ਰਾਮ (ਪਤੀ) ਤੇ ਦਿਓਰ ਰਾਹੁਲ ਕੁਮਾਰ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ। ਮਾਮਲਾ ਦਰਜ ਹੋਣ ਉਪਰੰਤ ਧਰਨਾ ਚੁਕਿਆ ਗਿਆ।

# ਦਿੱਲੀ ਪੁਲੀਸ ਵਲੋਂ ਮਸ਼ੂਕ ਨਾਲ ਅਫ਼ੀਮ ਤਸਕਰੀ ਦੇ ਦੋਸ਼ ਹੇਠ ਫ਼ੌਜੀ ਗ੍ਰਿਫ਼ਤਾਰ



ਨਵੀਂ ਦਿੱਲੀ-ਦਿੱਲੀ ਪੁਲੀਸ ਨੇ ਫੌਜੀ, ਉਸ ਦੀ ਪ੍ਰੇਮਿਕਾ ਅਤੇ ਉਸ ਦੇ ਇੱਕ ਹੋਰ ਸਾਥੀ ਨੂੰ ਅਫ਼ੀਮ ਤਸਕਰੀ ਦਾ ਗਰੋਹ ਚਲਾਉਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਉਹ ਮਨੀਪੁਰ ਤੋਂ ਅਫ਼ੀਮ ਲਿਆ ਕੇ ਰਾਜਸਥਾਨ ਤੱਕ ਪਹੁੰਚਾਉਂਦੇ ਸੀ। ਦਿੱਲੀ ਪੁਲੀਸ ਦੇ ਅਧਿਕਾਰੀ ਨੇ ਅੱਜ ਦੱਸਿਆ ਕਿ ਫੌਜ ਦੇ ਇਸ ਸਿਪਾਹੀ ਨੇ ਆਪਣੀਆਂ ਸਰਗਰਮੀਆਂ ਨੂੰ ਅੰਜਾਮ ਦੇਣ ਲਈ ਛੁੱਟੀ ਲਈ ਹੋਈ ਸੀ। ਉਹ ਆਪਣੀ ਪ੍ਰੇਮਿਕਾ ਅਤੇ ਇੱਕ ਹੋਰ ਸਾਥੀ ਦੇ ਨਾਲ ਮਿਲ ਕੇ ਇੱਕ ਕਾਰ ਵਿੱਚ ਸਫ਼ਰ ਕਰ ਰਿਹਾ ਸੀ। ਇਸ ਕਾਰ ਨੂੰ ਪੁਲੀਸ ਵੱਲੋਂ ਕਾਲਿੰਦੀ ਕੁੰਜ ਨੇੜੇ ਰੋਕਿਆ ਗਿਆ। ਅਧਿਕਾਰੀ ਨੇ ਦੱਸਿਆ ਕਿ ਪੂਰੀ ਤਲਾਸ਼ੀ ਲੈਣ ਤੋਂ ਬਾਅਦ ਗੱਡੀ ਦੇ ਫ਼ਰਸ਼ ਦੇ ਹੇਠਾਂ ਛੁਪਾਈ ਹੋਈ 18 ਪੈਕੇਟ ਅਫ਼ੀਮ ਬਰਾਮਦ ਕੀਤੀ ਗਈ। ਪੁਲੀਸ ਨੇ ਕਾਰ ਦੇ ਫਰਸ਼ ਹੇਠਾਂ ਛੁਪਾਈ ਹੋਈ ਫੌਜ ਵੱਲੋਂ ਮਿਲੀ ਲਾਇਸੈਂਸੀ ਪਿਸਤੌਲ ਵੀ ਕਬਜ਼ੇ ਵਿੱਚ ਲਈ ਹੈ।

# ਪੰਜਾਬ ਦੇ ਵਪਾਰੀਆਂ ਨਾਲ ਵਿਤਕਰਾ ਕਿਉਂ ?

## ✪ ਹੁਸੈਨੀਵਾਲਾ-ਬਾਘਾ ਬਾਰਡਰ ਬੰਦ, ਪਰ ਭਾਰਤ-ਪਾਕਿ ਵਪਾਰ ਤਿੰਨ ਸਾਲ ਦੇ ਸਿਖਰ 'ਤੇ ਕਿਉਂ ? ✪ ਭਾਰਤ -ਪਾਕਿ ਦਾ ਵਪਾਰ ਪੰਜਾਬ ਨੂੰ ਛੱਡ ਕੇ ਕਿਥੋਂ ਕਿਥੋਂ ਹੋ ਰਿਹਾ ਹੈ ਵਪਾਰ ?

ਸਟੇਟ ਬੈਂਕ ਆਫ ਪਾਕਿਸਤਾਨ (ਐੱਸ. ਬੀ. ਪੀ.) ਦੀ ਇੱਕ ਤਾਜ਼ਾ ਰਿਪੋਰਟ ਨੇ ਚੌਂਕਾਉਣ ਵਾਲਾ ਖੁਲਾਸਾ ਕੀਤਾ ਹੈ ਕਿ ਭਾਰਤ ਤੇ ਪਾਕਿਸਤਾਨ ਵਿਚਕਾਰ ਚੱਲ ਰਹੇ ਤਣਾਅ, ਫੌਜੀ ਟਕਰਾਅ ਅਤੇ ਸਰਹੱਦਾਂ ਦੇ ਬੰਦ ਹੋਣ ਦੇ ਬਾਵਜੂਦ ਵਪਾਰ ਨਾ ਸਿਰਫ ਜਾਰੀ ਹੈ, ਸਗੋਂ ਤਿੰਨ ਸਾਲਾਂ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਿਆ ਹੈ। ਪਰ ਸਵਾਲ ਇਹ ਉੱਠਦਾ ਹੈ ਕਿ ਜਦੋਂ ਵਪਾਰ ਇੰਨਾ ਵਧ ਰਿਹਾ ਹੈ, ਤਾਂ ਪੰਜਾਬ ਦੇ ਹੁਸੈਨੀਵਾਲਾ ਅਤੇ ਬਾਘਾ ਬਾਰਡਰ ਨੂੰ ਵਪਾਰ ਲਈ ਕਿਉਂ ਬੰਦ ਕਰ ਦਿੱਤਾ ਗਿਆ ? ਕੀ ਪੰਜਾਬ ਦੇ ਵਪਾਰੀਆਂ ਨਾਲ ਵਿਤਕਰਾ ਹੋ ਰਿਹਾ ਹੈ ?

ਐੱਸ.ਬੀ.ਪੀ. ਦੀ ਰਿਪੋਰਟ ਮੁਤਾਬਕ, ਵਿੱਤੀ ਸਾਲ 2025 ਦੇ ਪਹਿਲੇ 11 ਮਹੀਨਿਆਂ (ਜੁਲਾਈ 2024 ਤੋਂ ਮਈ 2025) 'ਚ ਭਾਰਤ ਤੋਂ ਪਾਕਿਸਤਾਨ ਨੇ 21 ਕਰੋੜ 15 ਲੱਖ ਡਾਲਰ ਦੀ ਦਰਾਮਦ ਕੀਤੀ, ਜੋ ਵਿੱਤੀ ਸਾਲ 2024 'ਚ 20 ਕਰੋੜ 70 ਲੱਖ ਡਾਲਰ ਅਤੇ 2023 ਵਿਚ 19 ਕਰੋੜ ਡਾਲਰ ਸੀ। ਮਈ 2025 ਵਿਚ, ਜਦੋਂ ਦੋਵੇਂ ਮੁਲਕਾਂ ਵਿਚਕਾਰ ਤਣਾਅ ਸਿਖਰ 'ਤੇ ਸੀ, ਤਾਂ ਵੀ ਪਾਕਿਸਤਾਨ ਨੇ ਭਾਰਤ ਤੋਂ 1.5 ਕਰੋੜ ਡਾਲਰ ਦਾ ਸਾਮਾਨ ਮੰਗਵਾਇਆ, ਜੋ ਪਿਛਲੇ ਸਾਲ ਦੇ ਮਈ ਮਹੀਨੇ ਦੇ 1.7 ਕਰੋੜ ਡਾਲਰ ਨਾਲੋਂ ਥੋੜ੍ਹਾ ਘੱਟ ਸੀ। ਇਸ ਦੇ ਉਲਟ, ਪਾਕਿਸਤਾਨ ਤੋਂ ਭਾਰਤ ਨੂੰ ਬਰਾਮਦ ਨਾਮਾਤਰ ਰਹੀ ਸੀ। ਮਈ ਵਿਚ ਸਿਰਫ 1,000 ਡਾਲਰ ਅਤੇ ਪੂਰੇ ਵਿੱਤੀ ਸਾਲ ਵਿਚ 5 ਲੱਖ ਡਾਲਰ ਦੀ ਬਰਾਮਦ ਹੋਈ।

ਭਾਰਤ ਆਧਾਰਿਤ ਗਲੋਬਲ ਟ੍ਰੇਡ ਰਿਸਰਚ ਇਨੀਸ਼ੀਏਟਿਵ ਦੀ ਰਿਪੋਰਟ ਮੁਤਾਬਕ, ਭਾਰਤ ਦੀ ਪਾਕਿਸਤਾਨ ਨੂੰ ਅਣ-ਅਧਿਕਾਰਤ ਬਰਾਮਦ ਸਾਲਾਨਾ 10 ਅਰਬ ਡਾਲਰ ਦੇ ਕਰੀਬ ਹੈ, ਜੋ ਜ਼ਿਆਦਾਤਰ ਦੁਬਈ, ਕੋਲੰਬੋ ਅਤੇ ਸਿੰਗਾਪੁਰ ਵਰਗੇ ਰਸਤਿਆਂ ਰਾਹੀਂ ਹੁੰਦੀ ਹੈ। ਰਿਲਾਇੰਸ ਇੰਡਸਟਰੀਜ਼ ਜਾਂ ਟਾਟਾ ਗਰੁੱਪ ਦੀਆਂ ਸਹਾਇਕ ਕੰਪਨੀਆਂ) ਦੁਆਰਾ ਉਤਪਾਦਾਂ ਨੂੰ ਪਹਿਲਾਂ ਤੀਜੇ ਦੇਸ਼ਾਂ ਵਿੱਚ ਭੇਜਿਆ ਜਾਂਦਾ ਹੈ ਅਤੇ ਫਿਰ ਪਾਕਿਸਤਾਨ ਨੂੰ ਨਿਰਯਾਤ ਕੀਤਾ ਜਾਂਦਾ ਹੈ। ਇਹ ਅਸਿੱਧਾ ਵਪਾਰ ਮੁੱਖ ਤੌਰ 'ਤੇ ਰਸਾਇਣਕ ਪਦਾਰਥ, ਟੈਕਸਟਾਈਲ, ਅਤੇ ਖੇਤੀ ਸਮਗਰੀ ਦੇ ਖੇਤਰ ਵਿੱਚ ਹੁੰਦਾ ਹੈ। ਸਨ ਫਾਰਮਾ, ਸਿਪਲਾ, ਡਾਕਟਰ ਰੈਡੀ ਯੂਏਈ, ਸਿੰਗਾਪੁਰ ਦੂਸਰੀ ਲੇਬਲਿੰਗ, ਰੀਪੈਕਿੰਗ ਕਰਕੇ ਪਾਕਿਸਤਾਨ ਵਿਚ ਮੈਡੀਕਲ ਡਿਸਟ੍ਰੀਬਿਊਟਰਾਂ ਰਾਹੀਂ ਵੇਚੀ ਜਾਂਦੀ ਹੈ। ਅਲ ਅਦਿਲ ਗਰੁਪ ਭਾਰਤ-ਮੂਲ ਦਾ ਹੈ, ਯੂਏਈ ਉਪਰ ਅਧਾਰਿਤ ਹੈ ਜੋ ਕਿ ਭਾਰਤੀ ਮਸਾਲੇ, ਰਾਈਸ, ਆਟਾ ਦੁਬਈ ਤੋਂ ਕਰਾਚੀ ਭੇਜਦਾ ਹੈ। ਭਾਰਤ ਤੋਂ ਭੇਜੇ ਗਏ ਸਮਾਨ ਨੂੰ ਯੂਏਈ ਵਿੱਚ ਰੀਪੈਕ ਕਰਕੇ ਭੇਜਿਆ ਜਾਂਦਾ ਹੈ

ਇਸ ਤੋਂ ਇਲਾਵਾ ਭਾਰਤ ਦੀਆਂ ਹੋਰ ਕਾਰਪੋਰੇਟ ਕੰਪਨੀਆਂ ਸਰਗਰਮ ਹਨ ਪਰ ਪੰਜਾਬ ਦੇ ਵਪਾਰੀਆਂ ਲਈ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਜਦੋਂ ਵਪਾਰ ਇੰਨੇ ਵੱਡੇ ਪੱਧਰ 'ਤੇ ਹੋ ਰਿਹਾ ਹੈ, ਤਾਂ ਹੁਸੈਨੀਵਾਲਾ ਅਤੇ ਬਾਘਾ ਬਾਰਡਰ ਵਰਗੇ ਸਰਹੱਦੀ ਰਸਤੇ ਵਪਾਰ ਲਈ ਕਿਉਂ ਬੰਦ ਹਨ ?

ਅੰਮ੍ਰਿਤਸਰ ਅਤੇ ਫਿਰੋਜ਼ਪੁਰ ਦੇ ਵਪਾਰੀਆਂ ਦਾ ਕਹਿਣਾ ਹੈ ਕਿ ਹੁਸੈਨੀਵਾਲਾ ਅਤੇ ਬਾਘਾ ਬਾਰਡਰ 'ਤੇ ਵਪਾਰ ਬੰਦ ਹੋਣ ਕਾਰਨ ਉਨ੍ਹਾਂ ਦਾ ਕਾਰੋਬਾਰ ਠੱਪ ਹੋ ਗਿਆ ਹੈ। ਇਹ ਬਾਰਡਰ ਪੰਜਾਬ ਦੇ ਵਪਾਰ ਦਾ ਮੁੱਖ ਰਸਤਾ ਸਨ, ਜਿੱਥੋਂ ਸਬਜ਼ੀਆਂ, ਫਲ, ਸੁੱਕੇ ਮੇਵੇ ਅਤੇ ਹੋਰ ਸਾਮਾਨ ਪਾਕਿਸਤਾਨ ਨੂੰ ਭੇਜਿਆ ਜਾਂਦਾ ਸੀ। ਪਰ ਪਿਛਲੇ ਕੁਝ ਸਾਲਾਂ ਤੋਂ, ਖਾਸ ਕਰਕੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ, ਭਾਰਤ ਸਰਕਾਰ ਨੇ ਇਨ੍ਹਾਂ ਰਸਤਿਆਂ 'ਤੇ ਸਖ਼ਤ ਪਾਬੰਦੀਆਂ ਲਗਾ ਦਿੱਤੀਆਂ। ਸਰਕਾਰ ਨੇ ਪਾਕਿਸਤਾਨ ਨਾਲ ਡਾਕ ਸੇਵਾਵਾਂ, ਹਵਾਈ ਅਤੇ ਜ਼ਮੀਨੀ ਮਾਰਗਾਂ ਰਾਹੀਂ ਵਪਾਰ ਨੂੰ ਮੁਅੱਤਲ ਕਰ ਦਿੱਤਾ, ਜਿਸ ਨਾਲ ਪੰਜਾਬ ਦੇ ਵਪਾਰੀਆਂ ਤੇ ਪੰਜਾਬ ਦੀ ਆਰਥਿਕਤਾ ਨੂੰ ਵੱਡਾ ਝਟਕਾ ਲੱਗਾ। ਇਸ ਦੇ ਨਾਲ ਹੀ, ਭਾਰਤ ਨੇ ਪਾਕਿਸਤਾਨੀ ਬੇੜਿਆਂ ਨੂੰ ਭਾਰਤੀ ਬੰਦਰਗਾਹਾਂ 'ਤੇ ਦਾਖਲ ਹੋਣ 'ਤੇ ਪਾਬੰਦੀ ਲਗਾਈ ਅਤੇ ਭਾਰਤੀ ਬੇੜਿਆਂ ਨੂੰ ਪਾਕਿਸਤਾਨੀ ਬੰਦਰਗਾਹਾਂ 'ਤੇ ਜਾਣ ਤੋਂ ਰੋਕ ਦਿੱਤਾ। ਪਾਕਿਸਤਾਨ ਨੇ ਵੀ ਜਵਾਬੀ ਕਾਰਵਾਈ ਵਿਚ ਭਾਰਤੀ ਝੰਡੇ ਵਾਲੇ ਬੇੜਿਆਂ ਲਈ ਆਪਣੀਆਂ ਬੰਦਰਗਾਹਾਂ ਬੰਦ ਕਰ ਦਿੱਤੀਆਂ। ਪਰ ਇਸ ਸਭ ਦੇ ਬਾਵਜੂਦ, ਵਪਾਰ ਤੀਜੇ ਮੁਲਕਾਂ ਰਾਹੀਂ ਜਾਰੀ ਹੈ, ਜਿਸ ਵਿਚ ਪੰਜਾਬ ਦਾ ਕੋਈ ਹਿੱਸਾ ਨਹੀਂ।

ਸਥਾਨਕ ਵਪਾਰੀਆਂ ਅਤੇ ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਸਰਹੱਦੀ ਇਲਾਕਿਆਂ ਨੂੰ ਵਪਾਰ ਤੋਂ ਵਾਂਝਾ ਕਰਕੇ ਸਰਕਾਰ ਨੇ ਇੱਥੋਂ ਦੀ ਅਰਥਵਿਵਸਥਾ ਨੂੰ ਨੁਕਸਾਨ ਪਹੁੰਚਾਇਆ ਹੈ। ਅੰਮ੍ਰਿਤਸਰ ਦੇ ਇੱਕ ਵਪਾਰੀ, ਸੁਰਿੰਦਰ ਸਿੰਘ ਨੇ ਕਿਹਾ, "ਸਾਡੇ ਲਈ ਬਾਰਡਰ ਬੰਦ ਹਨ, ਪਰ ਦੁਬਈ ਤੇ ਸਿੰਗਾਪੁਰ ਰਾਹੀਂ ਵਪਾਰ ਹੋ ਰਿਹਾ ਹੈ। ਇਹ ਸਾਡੇ ਨਾਲ ਨਾ-ਇਨਸਾਫੀ ਨਹੀਂ ਤਾਂ ਹੋਰ ਕੀ ਹੈ ?" ਮਾਹਿਰਾਂ ਦਾ ਕਹਿਣਾ ਹੈ ਕਿ ਸੁਰੱਖਿਆ ਕਾਰਨਾਂ ਕਰਕੇ ਸਰਹੱਦੀ ਵਪਾਰ 'ਤੇ ਪਾਬੰਦੀ ਲਗਾਈ ਗਈ ਹੈ, ਪਰ ਅਣ-ਅਧਿਕਾਰਤ ਵਪਾਰ ਦੇ ਅੰਕੜੇ ਦੱਸਦੇ ਹਨ ਕਿ ਸਰਕਾਰ ਦੀਆਂ ਨੀਤੀਆਂ 'ਚ ਕਿਤੇ ਨਾ ਕਿਤੇ ਖਾਮੀ ਹੈ।ਸਰਕਾਰ ਦਾ ਜਵਾਬ ਸਰਕਾਰੀ ਸੂਤਰਾਂ ਮੁਤਾਬਕ, ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਸੁਰੱਖਿਆ ਨੂੰ ਪਹਿਲ ਦਿੱਤੀ ਗਈ ਹੈ। 'ਆਪ੍ਰੇਸ਼ਨ ਸੰਧੂਰ' ਵਰਗੀਆਂ ਕਾਰਵਾਈਆਂ ਅਤੇ ਸਰਹੱਦੀ ਤਣਾਅ ਕਾਰਨ ਹੁਸੈਨੀਵਾਲਾ ਅਤੇ ਬਾਘਾ ਵਰਗੇ ਰਸਤਿਆਂ 'ਤੇ ਵਪਾਰ ਮੁਅੱਤਲ ਕਰਨਾ ਜ਼ਰੂਰੀ ਸੀ। ਪਰ ਵਪਾਰੀਆਂ ਦਾ ਸਵਾਲ ਹੈ ਕਿ ਜੇਕਰ ਵਪਾਰ ਤੀਜੇ ਮੁਲਕਾਂ ਰਾਹੀਂ ਜਾਰੀ ਹੈ, ਤਾਂ ਪੰਜਾਬ ਦੇ ਸਰਹੱਦੀ ਇਲਾਕਿਆਂ ਨੂੰ ਇਸ ਦਾ ਹਿੱਸਾ ਕਿਉਂ ਨਹੀਂ ਬਣਾਇਆ ਜਾ ਰਿਹਾ ?

ਪੰਜਾਬ ਦੇ ਵਪਾਰੀ ਅਤੇ ਸਥਾਨਕ ਲੋਕ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਹੁਸੈਨੀਵਾਲਾ ਅਤੇ ਬਾਘਾ ਬਾਰਡਰ ਨੂੰ ਮੁੜ ਖੋਲ੍ਹਿਆ ਜਾਵੇ, ਜਾਂ ਫਿਰ ਅਣ-ਅਧਿਕਾਰਤ ਵਪਾਰ 'ਤੇ ਪਾਬੰਦੀ ਲਗਾਈ ਜਾਵੇ। ਜੇਕਰ ਸਰਕਾਰ ਨੇ ਇਸ ਮੁੱਦੇ 'ਤੇ ਧਿਆਨ ਨਾ ਦਿੱਤਾ, ਤਾਂ ਪੰਜਾਬ ਦੀ ਅਰਥਵਿਵਸਥਾ ਨੂੰ ਹੋਰ ਨੁਕਸਾਨ ਹੋ ਸਕਦਾ ਹੈ। ਇਸ ਸਥਿਤੀ ਨੇ ਪੰਜਾਬ ਦੇ ਵਪਾਰੀਆਂ ਵਿਚ ਰੋਸ ਪੈਦਾ ਕਰ ਦਿੱਤਾ ਹੈ। ਪਰ ਵੱਡਾ ਸੁਆਲ ਇਹ ਹੈ ਕਿ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਤੇ ਪੰਜਾਬ ਸਰਕਾਰ ਚੁਪ ਕਿਉਂ ਹੈ ?

# ਸੀਆਈਐਸਐਫ ਤਾਇਨਾਤੀ ਮੁੱਦਾ : ਬੀਬੀਐੱਮਬੀ ਨੇ ਰੋਕੀ ਜਵਾਨਾਂ ਲਈ ਘਰਾਂ ਦੀ ਤਿਆਰੀ

## ✪ ਪੰਜਾਬ ਸਰਕਾਰ ਵਲੋਂ ਸਖ਼ਤ ਵਿਰੋਧ

ਨੰਗਲ-ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀਬੀਐੱਮਬੀ) ਨੇ ਨੰਗਲ ਟਾਊਨਸ਼ਿਪ ਵਿੱਚ ਸੀਆਈਐਸਐਫ ਜਵਾਨਾਂ ਲਈ ਘਰਾਂ ਦੀ ਮੁਰੰਮਤ ਅਤੇ ਅਲਾਟਮੈਂਟ ਦੀ ਪ੍ਰਕਿਰਿਆ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ ਹੈ। ਇਹ ਫੈਸਲਾ ਪੰਜਾਬ ਵਿਧਾਨ ਸਭਾ ਵੱਲੋਂ ਬੀਬੀਐੱਮਬੀ ਪ੍ਰੋਜੈਕਟਾਂ 'ਤੇ ਸੀਆਈਐਸਐਫ ਦੀ ਤਾਇਨਾਤੀ ਵਿਰੁੱਧ ਮਤਾ ਪਾਸ ਕਰਨ ਤੋਂ ਬਾਅਦ ਲਿਆ ਗਿਆ। ਪੰਜਾਬ ਸਰਕਾਰ ਦੇ ਸਖ਼ਤ ਵਿਰੋਧ ਅਤੇ ਬਜਟ ਨਾ ਦੇਣ ਦੇ ਫੈਸਲੇ ਨੇ ਇਸ ਮੁੱਦੇ ਨੂੰ ਹੋਰ ਗਰਮਾ ਦਿੱਤਾ ਹੈ।

ਸੀਆਈਐਸਐਫ ਦੀ ਤਾਇਨਾਤੀ ਦਾ ਮੁੱਦਾ ਭਾਖੜਾ ਅਤੇ ਬਿਆਸ ਡੈਮਾਂ ਦੀ ਸੁਰੱਖਿਆ ਨੂੰ ਲੈ ਕੇ ਸਾਹਮਣੇ ਆਇਆ ਸੀ। ਕੇਂਦਰ ਸਰਕਾਰ ਨੇ ਡੈਮ ਸੁਰੱਖਿਆ ਕਾਨੂੰਨ ਅਧੀਨ ਬੀਬੀਐੱਮਬੀ ਪ੍ਰੋਜੈਕਟਾਂ 'ਤੇ 296 ਸੀ ਆਈ ਐਸ ਐਫ ਜਵਾਨ ਤਾਇਨਾਤ ਕਰਨ ਦਾ ਫੈਸਲਾ ਕੀਤਾ ਸੀ, ਜਿਸ ਦੀ ਲਾਗਤ 7.5 ਕਰੋੜ ਰੁਪਏ ਸੀ। ਇਸ ਦੇ ਲਈ ਨੰਗਲ ਅਤੇ ਤਲਵਾੜਾ ਟਾਊਨਸ਼ਿਪ ਵਿੱਚ ਜਵਾਨਾਂ ਨੂੰ ਰਿਹਾਇਸ਼ ਦੇਣ ਦੀ ਯੋਜਨਾ ਸੀ। ਪਰ ਪੰਜਾਬ ਸਰਕਾਰ ਨੇ ਇਸ ਦਾ ਸਖ਼ਤ ਵਿਰੋਧ ਕੀਤਾ, ਕਹਿੰਦਿਆਂ ਕਿ ਪੰਜਾਬ ਪੁਲਿਸ ਡੈਮਾਂ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਸਮਰੱਥ ਹੈ ਅਤੇ ਸੀਆਈਐਸਐਫ ਦੀ ਤਾਇਨਾਤੀ ਨਾਲ ਸੂਬੇ 'ਤੇ ਵਾਧੂ ਵਿੱਤੀ ਬੋਝ ਪਵੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਵਿਧਾਨ ਸਭਾ ਵਿੱਚ ਕਿਹਾ ਕਿ ਪੰਜਾਬ ਦੇ ਹਿੱਤਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਬੀਬੀਐੱਮਬੀ ਨੇ ਘਰਾਂ ਦੀ ਉਸਾਰੀ ਕਿਉਂ ਰੋਕੀ ?-ਬੀਬੀਐੱਮਬੀ ਨੇ ਸੀਸੀ, ਐੱਚਐੱਚ, ਐੱਚ, ਜੀਜੀ ਤੇ ਡੀਡੀ ਬਲਾਕਾਂ ਵਿੱਚ ਸੀਆਈਐਸਐਫ ਜਵਾਨਾਂ ਲਈ 142 ਘਰਾਂ ਦੀ ਮੁਰੰਮਤ ਤੇ ਅਲਾਟਮੈਂਟ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ। ਇਸ ਲਈ ਬੋਰਡ ਦੇ ਮੁਲਾਜ਼ਮਾਂ ਨੂੰ ਦੂਜੀਆਂ ਥਾਵਾਂ 'ਤੇ ਤਬਦੀਲ ਕਰਨ ਦੇ ਹੁਕਮ ਜਾਰੀ ਹੋਏ ਸਨ। ਪਰ ਪੰਜਾਬ ਵਿਧਾਨ ਸਭਾ ਦੇ ਮਤੇ ਅਤੇ ਸੂਬਾ ਸਰਕਾਰ ਦੇ ਸਖ਼ਤ ਇਤਰਾਜ਼ਾਂ ਤੋਂ ਬਾਅਦ, ਬੀਬੀਐੱਮਬੀ ਨੇ ਇਸ ਪ੍ਰਕਿਰਿਆ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤਾ। ਭਾਖੜਾ ਡੈਮ ਦੇ ਚੀਫ ਇੰਜੀਨੀਅਰ ਸੀਪੀ ਸਿੰਘ ਨੇ ਦੱਸਿਆ ਕਿ ਇਹ ਘਰ ਮੁਲਾਜ਼ਮਾਂ ਲਈ ਵੀ ਵਰਤੇ ਜਾ ਸਕਦੇ ਹਨ ਅਤੇ ਫੁੱਲ ਬਾਡੀ ਮੀਟਿੰਗ ਦਾ ਕੋਈ ਅੰਤਿਮ ਫੈਸਲਾ ਅਜੇ ਨਹੀਂ ਆਇਆ।



ਪੰਜਾਬ ਸਰਕਾਰ ਦਾ ਪ੍ਰਤੀਕਰਮ ਕੀ ਹੈ ?-ਪੰਜਾਬ ਸਰਕਾਰ ਨੇ ਸੀਆਈਐਸਐਫ ਦੀ ਤਾਇਨਾਤੀ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਸਪੱਸ਼ਟ ਕੀਤਾ ਕਿ ਪੰਜਾਬ ਪੁਲਿਸ ਨੇ ਪਿਛਲੇ 60 ਸਾਲਾਂ ਤੋਂ ਡੈਮਾਂ ਦੀ ਸੁਰੱਖਿਆ ਸਫਲਤਾਪੂਰਵਕ ਕੀਤੀ ਹੈ ਅਤੇ ਸੀਆਈਐਸਐਫ ਦੀ ਜ਼ਰੂਰਤ ਨਹੀਂ। ਸਰਕਾਰ ਨੇ ਬਜਟ ਦੀ ਦੁਰਵਰਤੋਂ ਦਾ ਖਦਸ਼ਾ ਜਤਾਉਂਦਿਆਂ 7.5 ਕਰੋੜ ਦੀ ਫੰਡਿੰਗ ਦੇਣ ਤੋਂ ਇਨਕਾਰ ਕਰ ਦਿੱਤਾ। ਵਿਧਾਨ ਸਭਾ ਵਿੱਚ 11 ਜੁਲਾਈ ਨੂੰ ਪਾਸ ਮਤੇ ਵਿੱਚ ਸਰਕਾਰ ਨੇ ਕੇਂਦਰ ਨੂੰ ਸੀਆਈਐਸਐਫ ਦੀ ਤਾਇਨਾਤੀ ਹਟਾਉਣ ਦੀ ਅਪੀਲ ਕੀਤੀ। ਇਸ ਦੇ ਨਾਲ ਹੀ, ਮਾਨ ਸਰਕਾਰ ਨੇ ਪਾਣੀ ਦੇ ਵਿਵਾਦ ਨੂੰ ਲੈ ਕੇ ਵੀ ਹਰਿਆਣਾ ਦੇ ਵਿਰੁੱਧ ਸਖ਼ਤ ਸਟੈਂਡ ਲਿਆ, ਜਿਸ ਨੇ ਮੁੱਦੇ ਨੂੰ ਹੋਰ ਪੇਚੀਦਾ ਕਰ ਦਿੱਤਾ।

ਸਿੱਟਾ: ਪੰਜਾਬ ਸਰਕਾਰ ਦੇ ਸਖ਼ਤ ਵਿਰੋਧ ਅਤੇ ਵਿਧਾਨ ਸਭਾ ਦੇ ਮਤੇ ਤੋਂ ਬਾਅਦ ਬੀਬੀਐੱਮਬੀ ਨੇ ਸੀਆਈਐਸਐਫ ਜਵਾਨਾਂ ਲਈ ਘਰਾਂ ਦੀ ਤਿਆਰੀ ਰੋਕ ਦਿੱਤੀ ਹੈ। ਹਰਿਆਣਾ ਅਤੇ ਰਾਜਸਥਾਨ ਦੇ ਸਮਰਥਨ ਦੇ ਬਾਵਜੂਦ, ਪੰਜਾਬ ਦੇ ਸਟੈਂਡ ਕਾਰਨ ਅਜੇ ਕੋਈ ਅੰਤਿਮ ਫੈਸਲਾ ਨਹੀਂ ਹੋ ਸਕਿਆ। ਇਹ ਮੁੱਦਾ ਸੂਬੇ ਦੀ ਸੁਰੱਖਿਆ ਅਤੇ ਵਿੱਤੀ ਸੁਤੰਤਰਤਾ ਨੂੰ ਲੈ ਕੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

# ਕੈਨੇਡਾ ਵਿੱਚ ਪੰਜਾਬੀ ਬੋਲੀ ਸੰਕਟ ਵਿਚ ਕਿਉਂ ?

**ਖਾਸ ਖਬਰ** ✪ ਨਵੀਂ ਪੀੜ੍ਹੀ ਦੀ ਦੂਰੀ ਕਾਰਣ ਪੰਜਾਬੀ ਭਾਸ਼ਾ ਦੀ ਸਥਿਤੀ ਵਿਗੜੀ ✪ ਕੈਨੇਡਾ ਵਿੱਚ ਪੰਜਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ✪ ਸੰਸਥਾਵਾਂ ਅਤੇ ਗੁਰਦੁਆਰਿਆਂ ਦੇ ਯਤਨ ਜਾਰੀ






## 2020 ਤੋਂ 2025 ਤੱਕ ਦਾ ਡੇਟਾ 2020

ਸਟੈਟਿਸਟਿਕਸ ਕੈਨੇਡਾ ਅਨੁਸਾਰ, 2020 ਵਿੱਚ 500,000 ਤੋਂ ਵੱਧ ਲੋਕਾਂ ਨੇ ਪੰਜਾਬੀ ਨੂੰ ਆਪਣੀ ਮਾਂ ਬੋਲੀ ਵਜੋਂ ਦਰਜ ਕੀਤਾ ਸੀ।

2021 : ਮਰਦਮਸ਼ੁਮਾਰੀ ਨੇ ਪੰਜਾਬੀ ਨੂੰ ਪੰਜਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਗੈਰ-ਸਰਕਾਰੀ ਭਾਸ਼ਾ ਵਜੋਂ ਸਥਾਪਿਤ ਕੀਤਾ।

2023 : ਪੰਜਾਬੀ ਸਭਿਆਚਾਰਕ ਸੰਸਥਾਵਾਂ ਨੇ 50 ਤੋਂ ਵੱਧ ਸਕੂਲਾਂ ਵਿੱਚ ਪੰਜਾਬੀ ਸਿੱਖਿਆ ਪ੍ਰੋਗਰਾਮ ਸ਼ੁਰੂ ਕੀਤੇ।

2025 : ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 570,000 ਤੱਕ ਪਹੁੰਚ ਗਈ, ਪਰ ਨਵੀਂ ਪੀੜ੍ਹੀ ਵਿੱਚ ਸਿਰਫ 20% ਹੀ ਪੰਜਾਬੀ ਨਾਲ ਜੁੜੇ ਹੋਏ ਹਨ।

ਕੈਨੇਡਾ ਵਿੱਚ ਪੰਜਾਬੀ ਬੋਲੀ ਦੀ ਹੋਂਦ ਨੂੰ ਖਤਰਾ ਮੁੱਖ ਤੌਰ 'ਤੇ ਨਵੀਂ ਪੀੜ੍ਹੀ ਦੇ ਇਸ ਨਾਲੋਂ ਵਧਦੀ ਦੂਰੀ ਕਾਰਨ ਹੈ। ਪੰਜਾਬੀ ਪਰਵਾਸੀਆਂ ਦੀ ਨਵੀਂ ਪੀੜ੍ਹੀ, ਖਾਸ ਕਰਕੇ ਜੋ ਕੈਨੇਡਾ ਵਿੱਚ ਜਨਮੀ ਅਤੇ ਵੱਡੀ ਹੋਈ, ਅੰਗਰੇਜ਼ੀ ਨੂੰ ਮੁੱਖ ਸੰਚਾਰ ਦੀ ਭਾਸ਼ਾ ਵਜੋਂ ਅਪਣਾ ਰਹੀ ਹੈ। ਇਸ ਦਾ ਮੁੱਖ ਕਾਰਨ ਮਾਪਿਆਂ ਦੀ ਘਰ ਵਿੱਚ ਅੰਗਰੇਜ਼ੀ ਦੀ ਵਰਤੋਂ ਅਤੇ ਪੰਜਾਬੀ ਬੋਲੀ ਨੂੰ ਉਤਸ਼ਾਹਿਤ ਨਾ ਕਰਨਾ ਹੈ। ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਤਿੰਨ ਰੋਜ਼ਾ ਕਾਨਫਰੰਸ (2025) ਵਿੱਚ ਡਾ. ਦਲਬੀਰ ਸਿੰਘ ਕਥੂਰੀਆ ਅਤੇ ਹੋਰ ਵਿਦਵਾਨਾਂ ਨੇ ਮਾਪਿਆਂ 'ਤੇ ਜ਼ਿੰਮੇਵਾਰੀ ਮੜ੍ਹੀ ਕਿ ਉਹ ਘਰ ਵਿੱਚ ਬੱਚਿਆਂ ਨਾਲ ਅੰਗਰੇਜ਼ੀ ਸ਼ਬਦ ਵਰਤਦੇ ਹਨ, ਜਿਸ ਨਾਲ ਬੱਚਿਆਂ ਵਿੱਚ ਪੰਜਾਬੀ ਪ੍ਰਤੀ ਮੋਹ ਘਟਦਾ ਹੈ। ਸੁੱਖੀ ਬਾਠ, ਪੰਜਾਬ ਭਵਨ ਸਰੀ ਦੇ ਚੇਅਰਮੈਨ, ਨੇ ਜ਼ੋਰ ਦੇ ਕੇ ਕਿਹਾ ਕਿ ਘਰ ਵਿੱਚ ਪੰਜਾਬੀ ਦਾ ਮਾਹੌਲ ਬਣਾਉਣ ਦੀ ਲੋੜ ਹੈ, ਨਹੀਂ ਤਾਂ ਬੱਚਿਆਂ ਦੀ ਮਾਂ ਬੋਲੀ ਅੰਗਰੇਜ਼ੀ ਬਣ ਜਾਂਦੀ ਹੈ।

ਇਸ ਤੋਂ ਇਲਾਵਾ, ਪੰਜਾਬੀ ਪਰਵਾਸੀਆਂ ਦੀ ਪਿਛਲੀ ਪੀੜ੍ਹੀ (40-60 ਸਾਲ ਦੀ ਉਮਰ) ਨੇ ਵੀ ਕੈਨੇਡਾ ਵਿੱਚ ਸਥਾਪਤ ਹੋਣ 'ਤੇ ਜ਼ਿਆਦਾ ਧਿਆਨ ਦਿੱਤਾ, ਜਿਸ ਕਾਰਨ ਉਹਨਾਂ ਦੇ ਬੱਚਿਆਂ ਨੂੰ ਪੰਜਾਬੀ ਸਿੱਖਣ ਦਾ ਮੌਕਾ ਨਹੀਂ ਮਿਲਿਆ। ਨਤੀਜੇ ਵਜੋਂ, ਨਵੀਂ ਪੀੜ੍ਹੀ ਦਾ 80% ਹਿੱਸਾ ਪੰਜਾਬੀ ਬੋਲੀ ਤੋਂ ਟੁੱਟ ਚੁੱਕਾ ਹੈ। ਕੈਨੇਡਾ ਵਿੱਚ ਪੰਜਾਬੀ ਭਾਸ਼ਾ ਦਾ ਦਰਜਾ ਅਤੇ ਸਥਿਤੀ

ਵੈਸੇ ਕੈਨੇਡਾ ਵਿੱਚ ਪੰਜਾਬੀ ਭਾਸ਼ਾ ਦੀ ਸਥਿਤੀ ਮਜ਼ਬੂਤ ਹੈ ਅਤੇ ਇਹ ਦੇਸ਼ ਦੀਆਂ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚੋਂ ਇੱਕ ਹੈ। 2021 ਦੀ ਕੈਨੇਡਾ ਦੀ ਮਰਦਮਸ਼ੁਮਾਰੀ ਅਨੁਸਾਰ, ਪੰਜਾਬੀ ਕੈਨੇਡਾ ਵਿੱਚ ਪੰਜਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਗੈਰ-ਸਰਕਾਰੀ ਭਾਸ਼ਾ ਹੈ, ਜਿਸ ਨੂੰ 520,000 ਤੋਂ ਵੱਧ ਲੋਕ ਆਪਣੀ ਮਾਂ ਬੋਲੀ ਵਜੋਂ ਵਰਤਦੇ ਹਨ। ਖਾਸ ਕਰਕੇ ਬ੍ਰਿਟਿਸ਼ ਕੋਲੰਬੀਆ, ਉਂਟਾਰੀਓ, ਅਤੇ ਅਲਬਰਟਾ ਵਰਗੇ ਸੂਬਿਆਂ ਵਿੱਚ ਪੰਜਾਬੀ ਭਾਈਚਾਰੇ ਦੀ ਵਧਦੀ ਗਿਣਤੀ ਕਾਰਨ ਇਸ ਦੀ ਮੌਜੂਦਗੀ ਮਹਿਸੂਸ ਕੀਤੀ ਜਾਂਦੀ ਹੈ।

ਸਰਕਾਰੀ ਅੰਕੜਿਆਂ ਅਨੁਸਾਰ, 2020 ਤੋਂ 2025 ਤੱਕ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਵਿੱਚ 10-12% ਦਾ ਵਾਧਾ ਹੋਇਆ ਹੈ, ਪਰ ਨਵੀਂ ਪੀੜ੍ਹੀ ਦੀ ਦੂਰੀ ਕਾਰਨ ਇਸ ਦੀ ਸਰਗਰਮ ਵਰਤੋਂ ਘਟ ਰਹੀ ਹੈ। ਕੈਨੇਡਾ ਸਰਕਾਰ ਨੇ ਪੰਜਾਬੀ ਭਾਸ਼ਾ ਨੂੰ ਉਤਸ਼ਾਹਿਤ ਕਰਨ ਲਈ ਕਈ ਕਦਮ ਚੁੱਕੇ ਹਨ। ਉਦਾਹਰਣ ਵਜੋਂ, ਬ੍ਰਿਟਿਸ਼ ਕੋਲੰਬੀਆ ਅਤੇ ਉਂਟਾਰੀਓ ਦੇ ਸਕੂਲਾਂ ਵਿੱਚ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਪੜ੍ਹਾਉਣ ਦੀ ਸਹੂਲਤ ਹੈ। ਸਰਕਾਰੀ ਦਸਤਾਵੇਜ਼ਾਂ ਅਤੇ ਸੇਵਾਵਾਂ ਵਿੱਚ ਵੀ ਪੰਜਾਬੀ ਦੀ ਵਰਤੋਂ ਦੇਖੀ ਜਾ ਸਕਦੀ ਹੈ।

ਕੈਨੇਡਾ ਦੇ ਸਿੱਖ ਬੁਧੀਜੀਵੀ ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਦੇ ਅਨੁਸਾਰ, ਸਰਕਾਰ ਇਕੱਲੀ ਇਸ ਸਮੱਸਿਆ ਨੂੰ ਹੱਲ ਨਹੀਂ ਕਰ ਸਕਦੀ; ਮਾਪਿਆਂ ਅਤੇ ਭਾਈਚਾਰੇ ਦੀ ਸਰਗਰਮ ਸ਼ਮੂਲੀਅਤ ਜ਼ਰੂਰੀ ਹੈ। ਉਹਨਾਂ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਪੰਜਾਬੀ ਭਾਸ਼ਾ ਨੂੰ ਬਚਾਉਣ ਅਤੇ ਪ੍ਰਚਾਰਨ ਲਈ ਕਈ ਸੰਸਥਾਵਾਂ ਅਤੇ ਗੁਰਦੁਆਰੇ ਕੰਮ ਕਰ ਰਹੇ ਹਨ। ਪੰਜਾਬ ਭਵਨ ਸਰੀ ਅਤੇ ਪੰਜਾਬ ਭਵਨ ਬਰੈਂਪਟਨ ਵਰਗੀਆਂ ਸੰਸਥਾਵਾਂ ਪੰਜਾਬੀ ਸਭਿਆਚਾਰ ਅਤੇ ਭਾਸ਼ਾ ਨੂੰ ਉਤਸ਼ਾਹਿਤ ਕਰਨ ਲਈ ਸਮਾਗਮ, ਵਰਕਸ਼ਾਪਾਂ ਅਤੇ ਸਭਿਆਚਾਰਕ ਪ੍ਰੋਗਰਾਮ ਆਯੋਜਿਤ ਕਰਦੀਆਂ ਹਨ। ਕਈ ਗੁਰਦੁਆਰਿਆਂ ਵਿੱਚ ਹਫਤਾਵਾਰੀ ਪੰਜਾਬੀ ਕਲਾਸਾਂ ਚਲਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ ਬੱਚਿਆਂ ਨੂੰ ਪੰਜਾਬੀ ਬੋਲਣ, ਪੜ੍ਹਨ ਅਤੇ ਲਿਖਣ ਦੀ ਸਿਖਲਾਈ ਦਿੱਤੀ ਜਾਂਦੀ ਹੈ।

ਵਿਸ਼ਵ ਪੰਜਾਬੀ ਸਭਾ ਕੈਨੇਡਾ ਵਰਗੀਆਂ ਸੰਸਥਾਵਾਂ ਵਿਦਵਾਨਾਂ ਅਤੇ ਸਭਿਆਚਾਰਕ ਕਾਰਕੁੰਨਾਂ ਨੂੰ ਇਕੱਠੇ ਲਿਆ ਕੇ ਪੰਜਾਬੀ ਭਾਸ਼ਾ ਦੇ ਮੁੱਦੇ 'ਤੇ ਚਰਚਾ ਕਰਦੀਆਂ ਹਨ। ਇਸ ਤੋਂ ਇਲਾਵਾ, ਕਈ ਸਿੱਖ ਸੰਸਥਾਵਾਂ ਪੰਜਾਬੀ ਸਾਹਿਤ ਅਤੇ ਵਿਰਾਸਤ ਨੂੰ ਪ੍ਰਚਾਰਨ ਲਈ ਕਿਤਾਬ ਮੇਲੇ, ਕਵੀ ਦਰਬਾਰ ਅਤੇ ਸਭਿਆਚਾਰਕ ਪ੍ਰਤੀਯੋਗਤਾਵਾਂ ਦਾ ਆਯੋਜਨ ਕਰਦੀਆਂ ਹਨ। ਪਰ, ਇਨ੍ਹਾਂ ਯਤਨਾਂ ਦੇ ਬਾਵਜੂਦ, ਸਿਰਫ 20% ਨਵੀਂ ਪੀੜ੍ਹੀ ਹੀ ਪੰਜਾਬੀ ਨਾਲ ਜੁੜੀ ਹੋਈ ਹੈ, ਜੋ ਇਸ ਸਮੱਸਿਆ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ।

ਡਾਕਟਰ ਪੂਰਨ ਸਿੰਘ ਵੈਨਕੂਵਰ ਦਾ ਕਹਿਣਾ ਹੈ ਕਿ ਪੰਜਾਬੀਆਂ ਦੀ ਪਿਛਲੀ ਪੀੜ੍ਹੀ, ਜੋ 40-60 ਸਾਲ ਦੀ ਉਮਰ ਦੀ ਹੈ, ਵਿੱਚੋਂ ਜ਼ਿਆਦਾਤਰ ਲੋਕ ਪੰਜਾਬੀ ਬੋਲ ਸਕਦੇ ਹਨ, ਪਰ ਲਿਖਣ ਅਤੇ ਪੜ੍ਹਨ ਦੀ ਯੋਗਤਾ ਘੱਟ ਹੈ। ਇਸ ਦਾ ਕਾਰਨ ਇਹ ਹੈ ਕਿ ਪੰਜਾਬੀ ਸਿੱਖਿਆ ਸਕੂਲੀ ਪਾਠਕ੍ਰਮ ਵਿੱਚ ਸੀਮਤ ਹੈ ਅਤੇ ਘਰਾਂ ਵਿੱਚ ਵੀ ਇਸ ਦੀ ਲਿਖਤੀ ਵਰਤੋਂ ਨੂੰ ਉਤਸ਼ਾਹਿਤ ਨਹੀਂ ਕੀਤਾ ਜਾਂਦਾ। ਨਵੀਂ ਪੀੜ੍ਹੀ ਵਿੱਚ ਤਾਂ ਇਹ ਸਮੱਸਿਆ ਹੋਰ ਵੀ ਗੰਭੀਰ ਹੈ, ਕਿਉਂਕਿ ਉਹ ਅੰਗਰੇਜ਼ੀ ਵਿੱਚ ਸਿੱਖਿਆ ਪ੍ਰਾਪਤ ਕਰਦੇ ਹਨ ਅਤੇ ਸੋਸ਼ਲ ਮੀਡੀਆ 'ਤੇ ਵੀ ਅੰਗਰੇਜ਼ੀ ਦੀ ਵਰਤੋਂ ਕਰਦੇ ਹਨ।

## ਸਰਕਾਰ ਅਤੇ ਪੰਥਕ ਜਥੇਬੰਦੀਆਂ ਨੂੰ ਕੀ ਕਰਨ ਦੀ ਲੋੜ ਹੈ ?

ਬੁੱਧੀਜੀਵੀਆਂ ਅਤੇ ਸਭਿਆਚਾਰਕ ਕਾਰਕੁੰਨਾਂ ਦਾ ਮੰਨਣਾ ਹੈ ਕਿ ਪੰਜਾਬੀ ਬੋਲੀ ਨੂੰ ਬਚਾਉਣ ਲਈ ਸਰਕਾਰ ਅਤੇ ਪੰਥਕ ਜਥੇਬੰਦੀਆਂ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ। ਸੁੱਖੀ ਬਾਠ ਨੇ ਸੁਝਾਅ ਦਿੱਤਾ ਕਿ ਪੰਜਾਬੀ ਵਿਰਾਸਤੀ ਸ਼ਬਦਾਂ ਦੇ ਮੁਕਾਬਲੇ ਅਤੇ ਇਨਾਮੀ ਪ੍ਰਤੀਯੋਗਤਾਵਾਂ ਸ਼ੁਰੂ ਕੀਤੀਆਂ ਜਾਣ। ਇਸ ਨਾਲ ਨਵੀਂ ਪੀੜ੍ਹੀ ਅਤੇ ਉਨ੍ਹਾਂ ਦੇ ਮਾਪਿਆਂ ਵਿੱਚ ਪੰਜਾਬੀ ਪ੍ਰਤੀ ਦਿਲਚਸਪੀ ਵਧੇਗੀ। ਸਰਕਾਰ ਨੂੰ ਸਕੂਲੀ ਪਾਠਕ੍ਰਮ ਵਿੱਚ ਪੰਜਾਬੀ ਨੂੰ ਹੋਰ ਪ੍ਰਮੁੱਖਤਾ ਦੇਣ ਅਤੇ ਸਥਾਨਕ ਪੰਜਾਬੀ ਸਭਿਆਚਾਰਕ ਸੰਸਥਾਵਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਦੀ ਲੋੜ ਹੈ। ਪੰਥਕ ਜਥੇਬੰਦੀਆਂ ਨੂੰ ਗੁਰਦੁਆਰਿਆਂ ਵਿੱਚ ਪੰਜਾਬੀ ਸਿੱਖਿਆ ਨੂੰ ਹੋਰ ਸਰਗਰਮੀ ਨਾਲ ਪ੍ਰਚਾਰਨ ਦੀ ਜ਼ਰੂਰਤ ਹੈ।

ਵਿਦਵਾਨਾਂ ਨੇ ਸੁਝਾਅ ਦਿੱਤਾ ਹੈ ਕਿ ਲੰਮੇ ਸਮੇਂ ਦੀਆਂ ਯੋਜਨਾਵਾਂ ਬਣਾਈਆਂ ਜਾਣ, ਜਿਵੇਂ ਕਿ ਪੰਜਾਬੀ ਸਾਹਿਤ ਨੂੰ ਡਿਜੀਟਲ ਪਲੇਟਫਾਰਮਾਂ 'ਤੇ ਪ੍ਰਚਾਰਨਾ, ਸੋਸ਼ਲ ਮੀਡੀਆ 'ਤੇ ਪੰਜਾਬੀ ਕੰਟੈਂਟ ਨੂੰ ਉਤਸ਼ਾਹਿਤ ਕਰਨਾ, ਅਤੇ ਪੰਜਾਬੀ ਸਭਿਆਚਾਰ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਸਭਿਆਚਾਰਕ ਸਮਾਗਮਾਂ ਦਾ ਆਯੋਜਨ। ਪੰਜਾਬੀ ਸਾਹਿਤਕਾਰਾਂ ਡਾ. ਵਰਿਆਮ ਸਿੰਘ ਸੰਧੂ ਅਤੇ ਡਾ. ਜਸਪਾਲ ਕੌਰ ਕੰਗ ਨੇ ਜ਼ੋਰ ਦਿੱਤਾ ਹੈ ਕਿ ਮਾਪਿਆਂ ਨੂੰ ਘਰ ਵਿੱਚ ਪੰਜਾਬੀ ਦੀ ਵਰਤੋਂ ਵਧਾਉਣੀ ਚਾਹੀਦੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਸਰਕਾਰੀ ਯਤਨ ਤਾਂ ਮਹੱਤਵਪੂਰਨ ਹਨ, ਪਰ ਭਾਈਚਾਰਕ ਅਤੇ ਪਰਿਵਾਰਕ ਪੱਧਰ 'ਤੇ ਸਰਗਰਮੀਆਂ ਵਧਾਉਣ ਦੀ ਲੋੜ ਹੈ।

# ਬਿਹਾਰ ਵਿੱਚ ਇੱਕ ਪਰਿਵਾਰ ਦੇ ਪੰਜ ਮੈਂਬਰਾਂ ਨੂੰ 'ਡਾਇਨ' ਦੇ ਸ਼ੱਕ ਵਿੱਚ ਜਿਉਂਦਿਆਂ ਸਾੜ ਦਿੱਤਾ

**✪ 'ਡਾਇਨ' ਦੀ ਦਹਿਸ਼ਤ: ਸਦੀਆਂ ਪੁਰਾਣਾ ਅੰਧਵਿਸ਼ਵਾਸ ਜੋ ਅਜੇ ਵੀ ਲੈਂਦਾ ਹੈ ਔਰਤਾਂ ਦੀਆਂ ਜਾਨਾਂ ✪ ਸਮਾਜ ਵਿਚ ਫੈਲੀ ਲਿੰਗਕ, ਜਾਤੀ ਅਸਮਾਨਤਾ ਤੇ ਅੰਧ-ਵਿਸ਼ਵਾਸ ਇਸ ਦਾ ਮੁਖ ਕਾਰਣ ✪ 'ਡਾਇਨ' ਪ੍ਰਥਾ ਵਿਰੁੱਧ ਸਰਕਾਰੀ ਕਾਰਵਾਈ ਢਿੱਲੀ**





ਕਵਰ ਸਟੋਰੀ

ਭਾਰਤ, ਜਿੱਥੇ ਚੰਨ ਤੇ ਪਹੁੰਚਣ ਦੀਆਂ ਗੱਲਾਂ ਹੁੰਦੀਆਂ ਨੇ, ਜਿੱਥੇ ਮਸਨੂਈ ਬੁੱਧੀ ਨਾਲ ਨਵੀਆਂ ਸੰਭਾਵਨਾਵਾਂ ਦੇ ਦਰਵਾਜ਼ੇ ਖੁੱਲ੍ਹ ਰਹੇ ਨੇ, ਉੱਥੇ ਹੀ ਸਦੀਆਂ ਪੁਰਾਣਾ ਅੰਧ-ਵਿਸ਼ਵਾਸ ਅਜੇ ਵੀ ਆਪਣੀਆਂ ਜੜ੍ਹਾਂ ਨੂੰ ਮਜ਼ਬੂਤ ਕਰਕੇ ਬੈਠਾ ਹੈ। 'ਡਾਇਨ' ਦਾ ਲੇਬਲ ਲਗਾਕੇ ਔਰਤਾਂ ਨੂੰ ਸਾੜ ਦਿੱਤਾ ਜਾਂਦਾ ਹੈ, ਮਾਰ ਦਿੱਤਾ ਜਾਂਦਾ ਹੈ, ਤਸੀਹੇ ਦਿੱਤੇ ਜਾਂਦੇ ਨੇ। ਇਹ ਦਾਸਤਾਨ ਸਿਰਫ਼ ਅੰਧਵਿਸ਼ਵਾਸ ਦੀ ਨਹੀਂ, ਸਗੋਂ ਸਮਾਜ ਵਿੱਚ ਜੜ੍ਹਾਂ ਜਮਾਈ ਲਿੰਗਕ ਅਤੇ ਜਾਤੀ ਨਫ਼ਰਤ ਦੀ ਵੀ ਹੈ। 2022 ਤੋਂ 2025 ਤੱਕ ਦੇ ਤਿੰਨ ਸਾਲਾਂ ਵਿੱਚ, ਭਾਰਤ ਵਿੱਚ 'ਡਾਇਨ' ਦੇ ਨਾਂਅ 'ਤੇ ਸੈਂਕੜੇ ਔਰਤਾਂ ਦੀ ਜਾਨ ਲਈ ਗਈ। ਇਹ ਦਾਸਤਾਨ ਉਨ੍ਹਾਂ ਦੀ ਹੈ, ਜਿਨ੍ਹਾਂ ਨੂੰ ਸਮਾਜ ਨੇ ਹਾਸ਼ੀਏ 'ਤੇ ਧੱਕਿਆ, ਜਿਨ੍ਹਾਂ ਦੀਆਂ ਚੀਖਾਂ ਨੂੰ ਅਣਸੁਣਿਆ ਕਰ ਦਿੱਤਾ। ਪੰਜਾਬ ਵਿੱਚ ਵੀ ਇਸ ਅਜੀਬ ਅਗਨੀ ਪਰੀਖਿਆ ਦੀਆਂ ਛੋਟੀਆਂ-ਮੋਟੀਆਂ ਘਟਨਾਵਾਂ ਸਾਹਮਣੇ ਆਈਆਂ। ਵਿਦੇਸ਼ਾਂ ਵਿੱਚ ਵੀ ਇਸ ਤਰ੍ਹਾਂ ਦੀਆਂ ਘਟਨਾਵਾਂ ਦੀਆਂ ਮਿਸਾਲਾਂ ਮਿਲਦੀਆਂ ਨੇ। ਸਰਕਾਰ ਨੇ ਕੁਝ ਕਾਨੂੰਨ ਜ਼ਰੂਰ ਬਣਾਏ, ਪਰ ਇਹ ਬਹੁਤੇ ਕਾਰਗਰ ਸਾਬਤ ਨਹੀਂ ਹੋਏ।

ਭਾਰਤ ਵਿੱਚ 2022-2025: 'ਡਾਇਨ' ਦੇ ਨਾਂਅ 'ਤੇ ਖੂਨੀ ਖੇਡ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਂਙਭ) ਦੇ ਅੰਕੜਿਆਂ ਮੁਤਾਬਕ, 2000 ਤੋਂ ਲੈ ਕੇ ਹੁਣ ਤੱਕ ਭਾਰਤ ਵਿੱਚ 'ਡਾਇਨ' ਦੇ ਦੋਸ਼ ਹੇਠ 2500 ਤੋਂ ਵੱਧ ਔਰਤਾਂ ਦੀ ਹੱਤਿਆ ਹੋ ਚੁੱਕੀ ਹੈ। 2022 ਤੋਂ 2025 ਤੱਕ ਦੀ ਗੱਲ ਕਰੀਏ ਤਾਂ, ਹਾਲ ਹੀ ਦੀਆਂ ਖ਼ਬਰਾਂ ਅਤੇ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਇਸ ਮਿਆਦ ਵਿੱਚ ਸੈਂਕੜੇ ਘਟਨਾਵਾਂ ਹੋਈਆਂ, ਜਿਨ੍ਹਾਂ ਵਿੱਚ ਸਭ ਤੋਂ ਵੱਧ ਅਸਰ ਬਿਹਾਰ, ਝਾਰਖੰਡ, ਓਡੀਸ਼ਾ, ਅਸਾਮ, ਪੱਛਮੀ ਬੰਗਾਲ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਦੇਖਣ ਨੂੰ ਮਿਲਿਆ। ਸਭ ਤੋਂ ਦੁਖਦਾਈ ਘਟਨਾ 2025 ਦੀ ਹੈ, ਜਦੋਂ ਬਿਹਾਰ ਦੇ ਪੂਰਨੀਆ ਜ਼ਿਲ੍ਹੇ ਦੇ ਟੇਟਗਾਮਾ ਪਿੰਡ ਵਿੱਚ 6 ਜੁਲਾਈ ਦੀ ਰਾਤ ਨੂੰ ਇੱਕ ਪਰਿਵਾਰ ਦੇ ਪੰਜ ਮੈਂਬਰਾਂ-ਮਾਤਾ-ਪਿਤਾ, ਦਾਦੀ, ਭਰਾ ਅਤੇ ਭਾਬੀ-ਨੂੰ 'ਡਾਇਨ' ਅਤੇ ਜਾਦੂ-ਟੂਣੇ ਦੇ ਸ਼ੱਕ ਵਿੱਚ ਜਿਉਂਦਿਆਂ ਸਾੜ ਦਿੱਤਾ ਗਿਆ।



ਬਿਹਾਰ ਵਿੱਚ ਨਿਰੰਤਰ ਟਰੱਸਟ ਦੀ 2023-24 ਦੀ ਰਿਪੋਰਟ ਮੁਤਾਬਕ, 75,000 ਔਰਤਾਂ ਇਸ ਡਰ ਵਿੱਚ ਜੀਉਂਦੀਆਂ ਨੇ ਕਿ ਕਿਸੇ ਦਿਨ ਉਨ੍ਹਾਂ 'ਤੇ ਵੀ 'ਡਾਇਨ' ਦਾ ਲੇਬਲ ਲੱਗ ਸਕਦਾ ਹੈ। ਇਸ ਸਰਵੇਖਣ ਵਿੱਚ 10 ਜ਼ਿਲ੍ਹਿਆਂ ਦੇ 114 ਪਿੰਡਾਂ ਵਿੱਚ 145 ਅਜਿਹੀਆਂ ਔਰਤਾਂ ਨਾਲ ਗੱਲਬਾਤ ਕੀਤੀ ਗਈ, ਜਿਨ੍ਹਾਂ 'ਤੇ ਕਦੇ 'ਡਾਇਨ' ਜਾਂ ਜਾਦੂ-ਟੂਣੇ ਦਾ ਦੋਸ਼ ਲੱਗਿਆ ਸੀ। ਇਨ੍ਹਾਂ ਵਿੱਚੋਂ 74% ਔਰਤਾਂ 45 ਸਾਲ ਤੋਂ ਵੱਧ ਉਮਰ ਦੀਆਂ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਅਨਪੜ੍ਹ ਅਤੇ ਦਿਹਾੜੀ ਮਜ਼ਦੂਰੀ ਕਰਨ ਵਾਲੀਆਂ ਸਨ।

## ਪੰਜਾਬ ਵਿੱਚ 'ਡਾਇਨ' ਦੀਆਂ ਘਟਨਾਵਾਂ: ਕੀ ਹੈ ਸੱਚ?

ਪੰਜਾਬ ਵਿੱਚ 'ਡਾਇਨ' ਦੇ ਨਾਂਅ 'ਤੇ ਹੱਤਿਆਵਾਂ ਦੀਆਂ ਘਟਨਾਵਾਂ ਦੀ ਗਿਣਤੀ ਬਿਹਾਰ ਜਾਂ ਝਾਰਖੰਡ ਵਰਗੇ ਰਾਜਾਂ ਜਿੰਨੀ ਨਹੀਂ, ਪਰ ਇਹ ਸੋਚਣਾ ਕਿ ਪੰਜਾਬ ਇਸ ਤੋਂ ਮੁਕਤ ਹੈ, ਗਲਤ ਹੋਵੇਗਾ। ਪੰਜਾਬ ਦੇ ਪੇਂਡੂ ਖੇਤਰਾਂ, ਖਾਸਕਰ ਸਰਹੱਦੀ ਜ਼ਿਲ੍ਹਿਆਂ ਜਿਵੇਂ ਅੰਮ੍ਰਿਤਸਰ, ਗੁਰਦਾਸਪੁਰ ਅਤੇ ਫ਼ਿਰੋਜ਼ਪੁਰ ਵਿੱਚ ਅਜਿਹੀਆਂ ਘਟਨਾਵਾਂ ਦੀਆਂ ਰਿਪੋਰਟਾਂ ਮਿਲਦੀਆਂ ਰਹਿੰਦੀਆਂ ਨੇ। 2022-2025 ਦੀ ਮਿਆਦ ਵਿੱਚ, ਪੰਜਾਬ ਵਿੱਚ 'ਡਾਇਨ' ਦੇ ਦੋਸ਼ ਹੇਠ ਸਿੱਧੀ ਹੱਤਿਆ ਦੀਆਂ ਘਟਨਾਵਾਂ ਦੀ ਗਿਣਤਿ ਨਾ-ਮਾਤਰ ਹੈ, ਪਰ ਸਮਾਜਿਕ ਬਾਈਕਾਟ, ਮਾਰਕੁਟ ਅਤੇ ਜਾਦੂ-ਟੂਣੇ ਦੇ ਨਾਂਅ 'ਤੇ ਔਰਤਾਂ ਨੂੰ ਪ੍ਰੇਸ਼ਾਨ ਕਰਨ ਦੀਆਂ ਘਟਨਾਵਾਂ ਜ਼ਰੂਰ ਸਾਹਮਣੇ ਆਈਆਂ। ਪੰਜਾਬ ਵਿੱਚ ਸਿੱਖਿਆ ਦਾ ਪੱਧਰ ਉੱਚਾ ਹੋਣ ਦੇ ਬਾਵਜੂਦ, ਪੇਂਡੂ ਖੇਤਰਾਂ ਵਿੱਚ ਅਜਿਹੇ ਅੰਧਵਿਸ਼ਵਾਸ ਅਜੇ ਵੀ ਜੜ੍ਹਾਂ ਪਕੜੀ ਬੈਠੇ ਨੇ। ਭੂਤ ਪ੍ਰੇਤ ਕਢਾਉਣ ਲਈ ਪੇਂਡੂ ਅੱਜ ਵੀ ਤਾਂਤਰਿਕਾਂ ਦੀ ਸ਼ਰਨ ਵਿਚ ਜਾਂਦੇ ਹਨ।

## ਵਿਦੇਸ਼ਾਂ ਵਿੱਚ 'ਡਾਇਨ' ਦੀਆਂ ਘਟਨਾਵਾਂ: ਇੱਕ ਇਤਿਹਾਸਕ ਝਾਤ

ਯੂਰਪ ਅਤੇ ਅਮਰੀਕਾ ਵਿੱਚ 13ਵੀਂ ਤੋਂ 17ਵੀਂ ਸਦੀ ਤੱਕ 'ਡਾਇਨ' ਦੇ ਦੋਸ਼ ਵਿੱਚ ਔਰਤਾਂ ਨੂੰ ਜਿਉਂਦਿਆਂ ਸਾੜਿਆ ਜਾਂਦਾ ਸੀ। 1734 ਵਿੱਚ ਸਵਿਟਜ਼ਰਲੈਂਡ ਵਿੱਚ ਅੰਨਾ ਗੋਲਡੀ ਨੂੰ 'ਆਖਰੀ ਡਾਇਨ' ਦੇ ਰੂਪ ਵਿੱਚ ਸਿਰ ਕਲਮ ਕੀਤਾ ਗਿਆ। ਇਸ ਤੋਂ ਬਾਅਦ, ਯੂਰਪ ਵਿੱਚ ਸਖਤ ਕਾਨੂੰਨਾਂ ਨੇ ਇਸ ਪ੍ਰਥਾ 'ਤੇ ਰੋਕ ਲਾਈ। ਪਰ ਅੱਜ ਦੇ ਜ਼ਮਾਨੇ ਵਿੱਚ ਵਿਦੇਸ਼ਾਂ ਵਿੱਚ ਅਜਿਹੀਆਂ ਘਟਨਾਵਾਂ ਬਹੁਤ ਘੱਟ ਹੁੰਦੀਆਂ ਹਨ।ਅਫਰੀਕਾ ਦੇ ਕੁਝ ਦੇਸ਼ਾਂ, ਜਿਵੇਂ ਨਾਈਜੀਰੀਆ, ਘਾਨਾ ਅਤੇ ਦੱਖਣੀ ਅਫਰੀਕਾ ਵਿੱਚ, ਅੱਜ ਵੀ 'ਡਾਇਨ' ਦੇ ਦੋਸ਼ ਵਿੱਚ ਔਰਤਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। । ਅਜਿਹੀਆਂ ਘਟਨਾਵਾਂ ਅਕਸਰ ਗਰੀਬ ਅਤੇ ਅਸ਼ਿੱਖਿਅਤ ਖੇਤਰਾਂ ਵਿੱਚ ਹੁੰਦੀਆਂ ਨੇ, ਜਿੱਥੇ ਸਮਾਜਿਕ ਅਤੇ ਆਰਥਿਕ ਅਸਮਾਨਤਾ ਵੱਡੀ ਵਜ੍ਹਾ ਬਣਦੀ ਹੈ। ਲੈਟਿਨ ਅਮਰੀਕਾ ਦੇ ਕੁਝ ਹਿੱਸਿਆਂ ਵਿੱਚ ਵੀ, ਜਿਵੇਂ ਪੇਰੂ ਅਤੇ ਬੋਲੀਵੀਆ, ਅਜਿਹੇ ਮਾਮਲੇ ਸਾਹਮਣੇ ਆਉਂਦੇ ਨੇ, ਪਰ ਇਹ ਭਾਰਤ ਜਿੰਨੇ ਵੱਡੇ ਪੈਮਾਨੇ 'ਤੇ ਨਹੀਂ।

## ਸਰਕਾਰੀ ਕਾਰਵਾਈ ਅਤੇ ਕਾਨੂੰਨ ਦੇ ਬਾਵਜੂਦ ਬਦਲਾਅ ਕਿਉਂ ਨਹੀਂ ਆਇਆ?

ਭਾਰਤ ਵਿੱਚ 'ਡਾਇਨ' ਪ੍ਰਥਾ ਵਿਰੁੱਧ ਕਈ ਰਾਜਾਂ ਨੇ ਕਾਨੂੰਨ ਬਣਾਏ ਨੇ। ਬਿਹਾਰ, ਅਸਾਮ, ਰਾਜਸਥਾਨ, ਛੱਤੀਸਗੜ੍ਹ, ਓਡੀਸ਼ਾ ਅਤੇ ਝਾਰਖੰਡ ਵਿੱਚ 'ਡਾਇਨ ਨਿਸ਼ੇਧ ਅਧਿਨਿਯਮ' ਲਾਗੂ ਹੈ, ਜਿਸ ਅਧੀਨ ਅਜਿਹੇ ਦੋਸ਼ ਲਾਉਣ ਵਾਲਿਆਂ ਬਾਰੇ ਸਜ਼ਾ ਅਤੇ ਜੁਰਮਾਨੇ ਦਾ ਪ੍ਰਬੰਧ ਹੈ। ਪਰ ਸਵਾਲ ਇਹ ਹੈ-ਕੀ ਇਹ ਕਾਨੂੰਨ ਸੱਚਮੁੱਚ ਕਾਰਗਰ ਨੇ? ਨਿਰੰਤਰ ਟਰੱਸਟ ਦੀ ਸੰਤੋਸ਼ ਸ਼ਰਮਾ ਦੱਸਦੀ ਹੈ, "81 ਪੰਚਾਇਤਾਂ ਨਾਲ ਗੱਲਬਾਤ ਵਿੱਚ ਜ਼ਿਆਦਾਤਰ ਨੇ ਕਿਹਾ ਕਿ ਉਨ੍ਹਾਂ ਨੂੰ ਬਿਹਾਰ ਦੇ ਡਾਇਨ ਨਿਸ਼ੇਧ ਅਧਿਨਿਯਮ ਦੀ ਜਾਣਕਾਰੀ ਹੀ ਨਹੀਂ।" ਜਦੋਂ ਪੰਚਾਇਤਾਂ ਨੂੰ ਹੀ ਕਾਨੂੰਨ ਦਾ ਪਤਾ ਨਹੀਂ, ਤਾਂ ਨਿਆਂ ਦੀ ਆਸ ਕਿਵੇਂ ਰੱਖੀ ਜਾਵੇ?

2022-2025 ਵਿੱਚ, ਬਿਹਾਰ, ਝਾਰਖੰਡ ਅਤੇ ਓਡੀਸ਼ਾ ਵਿੱਚ ਕੁਝ ਗ੍ਰਿਫਤਾਰੀਆਂ ਜ਼ਰੂਰ ਹੋਈਆਂ, ਪਰ ਜ਼ਿਆਦਾਤਰ ਮਾਮਲਿਆਂ ਵਿੱਚ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲਦੀ।

ਨਿਰੰਤਰ ਟਰੱਸਟ ਦੀ ਰਿਪੋਰਟ ਮੁਤਾਬਕ, 82% ਦੋਸ਼ੀ ਔਰਤਾਂ ਪਛੜੀਆਂ ਜਾਤੀਆਂ, 51% ਅਨੁਸੂਚਿਤ ਜਾਤੀਆਂ ਅਤੇ 7% ਮੁਸਲਮਾਨ ਸਨ। ਇਹ ਔਰਤਾਂ ਅਕਸਰ ਗਰੀਬ, ਅਨਪੜ੍ਹ ਅਤੇ ਸਮਾਜਿਕ ਤੌਰ 'ਤੇ ਕਮਜ਼ੋਰ ਸਨ। ਨਿਰੰਤਰ ਟਰੱਸਟ ਦੀ ਸੰਤੋਸ਼ ਸ਼ਰਮਾ ਕਹਿੰਦੀ ਹੈ, "ਉੱਚ ਜਾਤੀ ਦੀ ਔਰਤ ਨੂੰ ਕੋਈ 'ਡਾਇਨ' ਕਹਿਣ ਦੀ ਹਿੰਮਤ ਨਹੀਂ ਕਰਦਾ।" ਇਹ ਸਮਾਜ ਦੀ ਉਹ ਸੱਚਾਈ ਹੈ, ਜਿੱਥੇ ਕਮਜ਼ੋਰ ਤੇ ਦਲਿਤ ਔਰਤਾਂ ਨੂੰ ਹੀ ਅਗਨੀ ਪਰੀਖਿਆ ਦੇਣੀ ਪੈਂਦੀ ਹੈ।

'ਡਾਇਨ' ਦੇ ਨਾਂਅ 'ਤੇ ਹੋ ਰਹੀਆਂ ਹੱਤਿਆਵਾਂ ਸਮਾਜ ਦੇ ਮੱਥੇ 'ਤੇ ਕਲੰਕ ਨੇ। ਜਦੋਂ ਤੱਕ ਸਿੱਖਿਆ, ਜਾਗਰੂਕਤਾ ਅਤੇ ਸਮਾਜਿਕ ਸਮਾਨਤਾ ਨੂੰ ਨਾ ਵਧਾਇਆ ਜਾਵੇ, ਇਹ ਅਗਨੀ ਪਰੀਖਿਆ ਜਾਰੀ ਰਹੇਗੀ। ਸਰਕਾਰ ਨੂੰ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਕਰਨ ਦੀ ਲੋੜ ਹੈ। ਪੰਚਾਇਤਾਂ ਨੂੰ ਜਾਗਰੂਕ ਕਰਨਾ ਹੋਵੇਗਾ, ਅਤੇ ਸਮਾਜ ਨੂੰ ਇਹ ਸਮਝਾਉਣਾ ਹੋਵੇਗਾ ਕਿ 'ਡਾਇਨ' ਕੋਈ ਸੱਚਾਈ ਨਹੀਂ, ਸਗੋਂ ਸਦੀਆਂ ਪੁਰਾਣੀ ਨਫ਼ਰਤ ਦੀ ਉਪਜ ਹੈ। ਜਦੋਂ ਤੱਕ ਹਰ ਔਰਤ ਨੂੰ ਸਮਾਨਤਾ ਅਤੇ ਸੁਰੱਖਿਆ ਨਹੀਂ ਮਿਲਦੀ, ਇਹ ਅੱਗ ਸਮਾਜ ਨੂੰ ਸਾੜਦੀ ਰਹੇਗੀ।

# ਈਡੀ ਦੀ ਜਾਹਲੀ ਟਰੈਵਲ ਏਜੰਟਾਂ ਉਪਰ ਕਾਰਵਾਈ

## ✪ 11 ਥਾਵਾਂ 'ਤੇ ਛਾਪੇ ਮਾਰੇ, ਮਨੀ ਲਾਂਡਰਿੰਗ ਦਾ ਸ਼ੱਕ ✪ ਡਾਰੀਅਨ ਗੈਪ ਦਾ ਖਤਰਨਾਕ ਰਾਹ: 'ਡੰਕੀ ਰੂਟ' ਦਾ ਸਭ ਤੋਂ ਖਤਰਨਾਕ ਰਾਹ ✪ ਜੰਗਲ, ਮਾਫੀਆ ਤੇ ਜਿਨਸੀ ਹਿੰਸਾ ਨੇ ਸੁਪਨਿਆਂ ਨੂੰ ਮੌਤ ਦੇ ਮੂੰਹ ਵਿਚ ਧੱਕਿਆ

**ਵਿਸ਼ੇਸ਼ ਰਿਪੋਟ**

ਪੰਜਾਬ, ਹਰਿਆਣਾ ਦੀ ਧਰਤੀ, ਜਿੱਥੇ ਖੇਤਾਂ ਦੀ ਮਿੱਟੀ ਵਿਚੋਂ ਸੁਗੰਧ ਉੱਠਦੀ ਏ ਤੇ ਉੱਥੇ ਦੇ ਲੋਕਾਂ ਦੇ ਸੁਪਨੇ ਅਕਸਰ ਪਰਦੇਸ ਵੱਲ ਜਾਂਦੇ ਨੇ। ਅਮਰੀਕਾ ਜਾਂ ਕੈਨੇਡਾ ਦੀਆਂ ਚਮਕਦੀਆਂ ਸੜਕਾਂ, ਵੱਡੇ-ਵੱਡੇ ਮਕਾਨ ਤੇ ਡਾਲਰਾਂ ਦੀ ਚਮਕ ਨੇ ਕਈਆਂ ਦੇ ਮਨ ਵਿਚ ਘਰ ਕਰ ਲਿਆ। ਪਰ ਇਹ ਸੁਪਨੇ ਕਈ ਵਾਰੀ ਅਜਿਹੀਆਂ ਰਾਹਾਂ 'ਤੇ ਲੈ ਜਾਂਦੇ ਨੇ, ਜਿੱਥੇ ਸੁਰੱਖਿਆ ਦੀ ਥਾਂ ਖਤਰੇ ਤੇ ਸੁਖ ਦੀ ਥਾਂ ਸਿਰਫ ਦੁੱਖ ਹੀ ਮਿਲਦੇ ਨੇ। ਇਹ ਦੁਖਾਂਤਕ ਦਾਸਤਾਨ ਉਨ੍ਹਾਂ ਭੋਲੇ-ਭਾਲੇ ਲੋਕਾਂ ਦੀ ਏ, ਜਿਹੜੇ 'ਡੰਕੀ ਰੂਟ' ਦੇ ਝਾਂਸੇ ਵਿਚ ਆ ਕੇ ਆਪਣੀ ਜ਼ਿੰਦਗੀ ਦੀ ਪੂੰਜੀ ਗੁਆ ਬੈਠਦੇ ਨੇ। ਪੰਜਾਬ-ਹਰਿਆਣਾ ਦੇ ਟਰੈਵਲ ਏਜੰਟਾਂ ਨੇ ਭੋਲੇ-ਭਾਲੇ ਲੋਕਾਂ ਨੂੰ ਅਮਰੀਕਾ ਜਾਂ ਕੈਨੇਡਾ ਵਿਚ ਸੈਟਲ ਕਰਨ ਦੇ ਸੁਪਨੇ ਵਿਖਾਏ, ਤੇ ਉਨ੍ਹਾਂ ਨੂੰ 'ਡੰਕੀ ਰੂਟ' ਦੇ ਖਤਰਨਾਕ ਜੰਗਲੀ ਰਾਹਾਂ 'ਤੇ ਧੱਕ ਦਿੱਤਾ। 2025 ਦੇ ਜੁਲਾਈ ਵਿਚ ਈਡੀ ਨੇ ਇਹਨਾਂ ਏਜੰਟਾਂ 'ਤੇ ਨਕੇਲ ਪਾਉਣ ਲਈ ਵੱਡਾ ਅਪਰੇਸ਼ਨ ਸ਼ੁਰੂ ਕੀਤਾ। 9 ਜੁਲਾਈ 2025 ਨੂੰ ਜਲੰਧਰ ਦੇ ਜ਼ੋਨਲ ਦਫਤਰ ਤੋਂ ਈਡੀ ਦੀਆਂ ਟੀਮਾਂ ਨੇ ਪੰਜਾਬ ਦੇ ਅੰਮ੍ਰਿਤਸਰ, ਸੰਗਰੂਰ, ਪਟਿਆਲਾ, ਮੋਗਾ, ਤਰਨਤਾਰਨ ਤੇ ਹਰਿਆਣਾ ਦੇ ਅੰਬਾਲਾ, ਕੁਰੂਕਸ਼ੇਤਰ ਤੇ ਕਰਨਾਲ ਵਿਚ 11 ਥਾਵਾਂ 'ਤੇ ਛਾਪੇ ਮਾਰੇ। ਈਡੀ ਦੀਆਂ ਨਜ਼ਰਾਂ 'ਤੇ ਸੀ ਉਨ੍ਹਾਂ ਏਜੰਟਾਂ ਦੇ ਘਰ ਤੇ ਦਫ਼ਤਰ, ਜਿਹੜੇ ਮਨੀ ਲਾਂਡਰਿੰਗ ਦੇ ਖੇਡ ਵਿਚ ਸ਼ਾਮਲ ਸਨ। ਮੋਗਾ ਵਿਚ ਭਾਰਤੀ ਕਿਸਾਨ ਯੂਨੀਅਨ (ਤੋਤੇਵਾਲ) ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਦੇ ਘਰ ਵੀ ਈਡੀ ਦੀਆਂ ਟੀਮਾਂ ਪਹੁੰਚੀਆਂ। ਇਸੇ ਤਰ੍ਹਾਂ ਤਰਨਤਾਰਨ ਦੇ ਚੋਹਲਾ ਸਾਹਿਬ ਵਿਚ ਆਮ ਆਦਮੀ ਪਾਰਟੀ ਨਾਲ ਜੁੜੇ ਇਕ ਨੇਤਾ ਦੇ ਘਰ ਵੀ ਜਾਂਚ ਹੋਈ। ਇਹ ਛਾਪੇ 17 ਐਫਆਈਆਰਾਂ ਦੇ ਅਧਾਰ 'ਤੇ ਮਾਰੇ ਗਏ, ਜਿਹੜੀਆਂ ਪੰਜਾਬ ਤੇ ਹਰਿਆਣਾ ਪੁਲਿਸ ਨੇ ਇਹਨਾਂ ਏਜੰਟਾਂ ਖਿਲਾਫ ਦਰਜ ਕੀਤੀਆਂ ਸਨ। ਇਹ ਏਜੰਟ ਲੋਕਾਂ ਨੂੰ 40 ਤੋਂ 50 ਲੱਖ ਰੁਪਏ ਲੈ ਕੇ ਅਮਰੀਕਾ ਵਿਚ ਜਹਾਜ਼ ਰਾਹੀਂ 'ਕਾਨੂੰਨੀ' ਤਰੀਕੇ ਨਾਲ ਪਹੁੰਚਾਉਣ ਦਾ ਵਾਅਦਾ ਕਰਦੇ ਸਨ, ਪਰ ਅਸਲ ਵਿਚ ਉਨ੍ਹਾਂ ਨੂੰ ਜੰਗਲਾਂ, ਨਦੀਆਂ ਤੇ ਖਤਰਨਾਕ ਰਾਹਾਂ ਰਾਹੀਂ 'ਡੰਕੀ ਰੂਟ' 'ਤੇ ਭੇਜ ਦਿੰਦੇ ਸਨ।






### 2024-2025 ਵਿਚ ਕਿੰਨੀਆਂ ਛਾਪੇਮਾਰੀਆਂ ਤੇ ਗ੍ਰਿਫਤਾਰੀਆਂ ਹੋਈਆਂ?

2024 ਦੇ ਅਖੀਰ ਤੋਂ 2025 ਦੇ ਸ਼ੁਰੂਆਤੀ ਮਹੀਨਿਆਂ ਵਿਚ ਈਡੀ ਨੇ ਕਈ ਵਾਰੀ ਛਾਪੇ ਮਾਰੇ। 25 ਫਰਵਰੀ 2025 ਨੂੰ ਲੁਧਿਆਣਾ ਤੇ ਚੰਡੀਗੜ੍ਹ ਵਿਚ ਪੰਜ ਥਾਵਾਂ 'ਤੇ ਛਾਪੇ ਮਾਰੇ ਗਏ, ਜਿੱਥੇ ਈਡੀ ਨੇ 19 ਲੱਖ ਰੁਪਏ ਨਕਦੀ, ਡਿਜੀਟਲ ਡਿਵਾਈਸਾਂ ਤੇ ਅਹਿਮ ਦਸਤਾਵੇਜ਼ ਜ਼ਬਤ ਕੀਤੇ। 9 ਜੁਲਾਈ 2025 ਨੂੰ ਫਿਰ 11 ਥਾਵਾਂ 'ਤੇ ਵੱਡੀ ਕਾਰਵਾਈ ਹੋਈ, ਜਿਸ ਦਾ ਜ਼ਿਕਰ ਅਸੀਂ ਪਹਿਲਾਂ ਕਰ ਚੁੱਕੇ ਹਾਂ। ਗ੍ਰਿਫਤਾਰੀਆਂ ਦੀ ਗੱਲ ਕਰੀਏ, ਤਾਂ ਈਡੀ ਦੀਆਂ ਛਾਪੇਮਾਰੀਆਂ ਤੋਂ ਇਲਾਵਾ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨਆਈਏ) ਨੇ ਵੀ ਇਸ ਮਾਮਲੇ ਵਿਚ ਛਾਪੇ ਮਾਰੇ। ਮਾਰਚ 2025 ਵਿਚ ਐਨਆਈਏ ਨੇ ਗਗਨਦੀਪ ਸਿੰਘ ਨੂੰ ਗ੍ਰਿਫਤਾਰ ਕੀਤਾ, ਜਿਸ ਨੇ 100 ਤੋਂ ਵੱਧ ਲੋਕਾਂ ਨੂੰ 'ਡੰਕੀ ਰੂਟ' ਰਾਹੀਂ ਅਮਰੀਕਾ ਭੇਜਿਆ ਸੀ। ਜੁਲਾਈ 2025 ਵਿਚ ਐਨਆਈਏ ਨੇ ਦੋ ਹੋਰ ਮੁਲਜ਼ਮਾਂ-ਸੰਨੀ (ਉਰਫ ਸੰਨੀ ਡੌਂਕਰ) ਤੇ ਸ਼ੁਭਮ ਸੰਧਲ (ਉਰਫ ਦੀਪ ਹੁੰਡੀ)-ਨੂੰ ਹਿਮਾਚਲ ਪ੍ਰਦੇਸ਼ ਤੇ ਦਿੱਲੀ 'ਚੋਂ ਗ੍ਰਿਫਤਾਰ ਕੀਤਾ ਸੀ। ਈਡੀ ਦੀਆਂ ਛਾਪੇਮਾਰੀਆਂ ਵਿਚ ਅਜੇ ਤੱਕ ਕਈ ਮੁਲਜ਼ਮਾਂ ਦੀ ਗ੍ਰਿਫਤਾਰੀ ਦੀ ਪੁਸ਼ਟੀ ਨਹੀਂ ਹੋਈ, ਪਰ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਜਾਂਚ ਜਾਰੀ ਏ ਤੇ ਜਲਦੀ ਹੀ ਹੋਰ ਗ੍ਰਿਫਤਾਰੀਆਂ ਹੋ ਸਕਦੀਆਂ ਨੇ।

### ਭਾਰਤ ਸਰਕਾਰ ਦੀ ਸਖਤੀ

ਭਾਰਤ ਸਰਕਾਰ ਨੇ ਇਸ ਮਨੁੱਖੀ ਤਸਕਰੀ ਦੇ ਰੈਕੇਟ ਨੂੰ ਲੈ ਕੇ ਸਖਤ ਰੁਖ ਅਖਤਿਆਰ ਕੀਤਾ ਏ। ਈਡੀ ਨੇ ਪ੍ਰੀਵੈਨਸ਼ਨ ਆਫ ਮਨੀ ਲਾਂਡਰਿੰਗ ਐਕਟ (ਪੀਐਮਐਲਏ) ਅਧੀਨ ਜਾਂਚ ਸ਼ੁਰੂ ਕੀਤੀ, ਕਿਉਂਕਿ ਇਹ ਏਜੰਟ ਨਾ ਸਿਰਫ ਲੋਕਾਂ ਨੂੰ ਠੱਗਦੇ ਸਨ, ਸਗੋਂ ਉਨ੍ਹਾਂ ਦੀਆਂ ਕਮਾਈਆਂ ਨੂੰ ਮਨੀ ਲਾਂਡਰਿੰਗ ਰਾਹੀਂ ਛੁਪਾਉਂਦੇ ਸਨ। ਇਹਨਾਂ ਏਜੰਟਾਂ ਨੇ ਝੂਠੇ ਵੀਜ਼ੇ, ਜਾਅਲੀ ਸਰਟੀਫਿਕੇਟ ਤੇ ਨਕਲੀ ਤਜਰਬਾ ਪੱਤਰ ਬਣਾ ਕੇ ਲੋਕਾਂ ਦੀਆਂ ਜੇਬਾਂ 'ਤੇ ਡਾਕਾ ਮਾਰਿਆ। ਈਡੀ ਦੀ ਜਾਂਚ ਵਿਚ ਪਤਾ ਲੱਗਾ ਕਿ ਇਹ ਏਜੰਟ ਸਥਾਨਕ ਗੁੰਡਿਆਂ ਤੇ ਮਾਫੀਆ ਨਾਲ ਮਿਲ ਕੇ ਪੀੜਤਾਂ ਦੇ ਪਰਿਵਾਰਾਂ ਨੂੰ ਧਮਕੀਆਂ ਦਿੰਦੇ ਸਨ, ਤਾਂ ਜੋ ਉਹ ਹੋਰ ਪੈਸੇ ਦੇਣ ਲਈ ਮਜਬੂਰ ਹੋ ਜਾਣ। ਸਰਕਾਰ ਦੀ ਸਖਤੀ ਦਾ ਸਬੂਤ ਇਹ ਵੀ ਏ ਕਿ ਜਿਹੜੇ ਲੋਕ ਡਿਪੋਰਟ ਹੋ ਕੇ ਵਾਪਸ ਆਏ, ਉਨ੍ਹਾਂ ਦੇ ਬਿਆਨ ਰਿਕਾਰਡ ਕਰਕੇ ਈਡੀ ਨੇ ਇਸ ਨੈਟਵਰਕ ਦੀਆਂ ਜੜ੍ਹਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਸੀ।

### ਅਮਰੀਕਾ ਦੀ ਡਿਪੋਰਟੇਸ਼ਨ ਨੀਤੀ : ਸੁਪਨਿਆਂ ਦਾ ਅੰਤ

ਅਮਰੀਕਾ ਵਿਚ ਡੋਨਾਲਡ ਟਰੰਪ ਦੀ ਸਰਕਾਰ ਨੇ ਗੈਰਕਾਨੂੰਨੀ ਪ੍ਰਵਾਸੀਆਂ ਖਿਲਾਫ ਸਖਤ ਕਾਰਵਾਈ ਸ਼ੁਰੂ ਕੀਤੀ। 2025 ਫਰਵਰੀ ਵਿਚ ਅਮਰੀਕਾ ਨੇ 380 ਤੋਂ ਵੱਧ ਭਾਰਤੀਆਂ ਨੂੰ, ਜਿਹੜੇ 'ਡੰਕੀ ਰੂਟ' ਰਾਹੀਂ ਅਮਰੀਕਾ-ਮੈਕਸੀਕੋ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਵਿਚ ਸਨ, ਵਾਪਸ ਭਾਰਤ ਡਿਪੋਰਟ ਕਰ ਦਿੱਤਾ।

ਇਹਨਾਂ ਵਿਚੋਂ 131 ਸਿਰਫ ਪੰਜਾਬ ਦੇ ਸਨ, ਜਿਹੜੇ ਅਮਰੀਕੀ ਫੌਜੀ ਜਹਾਜ਼ਾਂ ਵਿਚ ਹੱਥਕੜੀਆਂ ਪਾਈ ਵਾਪਸ ਅੰਮ੍ਰਿਤਸਰ ਏਅਰਪੋਰਟ 'ਤੇ ਉਤਰੇ। ਇਹਨਾਂ ਲੋਕਾਂ ਨੂੰ 23 ਤੋਂ 28 ਜਨਵਰੀ 2025 ਦਰਮਿਆਨ ਅਮਰੀਕੀ ਸਰਹੱਦੀ ਸੁਰੱਖਿਆ ਫੋਰਸ ਨੇ ਗ੍ਰਿਫਤਾਰ ਕੀਤਾ ਸੀ। ਇਹ ਸਾਰੇ ਉਹ ਸਨ, ਜਿਹਨਾਂ ਨੇ 45-50 ਲੱਖ ਰੁਪਏ ਦੇ ਕੇ ਏਜੰਟਾਂ 'ਤੋਂ ਅਮਰੀਕਾ ਦਾ 'ਕਾਨੂੰਨੀ' ਵੀਜ਼ਾ ਲੈਣ ਦਾ ਸੁਪਨਾ ਦੇਖਿਆ ਸੀ, ਪਰ ਉਹਨਾਂ ਨੂੰ ਜੰਗਲਾਂ ਵਿਚੋਂ ਲੰਘਦੇ ਖਤਰਨਾਕ ਰਾਹਾਂ 'ਤੇ ਧੱਕਿਆ ਗਿਆ।

### ਡਾਰੀਅਨ ਗੈਪ: ਮੌਤ ਦਾ ਜੰਗਲ

'ਡੰਕੀ ਰੂਟ' ਦੀ ਸਭ ਤੋਂ ਵੱਡੀ ਮੁਸੀਬਤ ਏ ਡਾਰੀਅਨ ਗੈਪ। ਇਹ ਕੋਲੰਬੀਆ ਤੇ ਪਨਾਮਾ ਦੀ ਸਰਹੱਦ 'ਤੇ 97 ਕਿਲੋਮੀਟਰ ਦਾ ਇਕ ਅਜਿਹਾ ਜੰਗਲ ਏ, ਜਿੱਥੇ ਮੌਤ ਹਰ ਪਲ ਸਾਹਮਣੇ ਖੜ੍ਹੀ ਹੁੰਦੀ ਏ। ਇਹ ਜੰਗਲ ਨਾ ਸਿਰਫ ਘਣੀ ਝਾੜੀਆਂ, ਤੇਜ਼ ਨਦੀਆਂ ਤੇ ਉੱਚੇ-ਨੀਵੇਂ ਪਹਾੜਾਂ ਨਾਲ ਭਰਿਆ ਹੋਇਆ ਏ, ਸਗੋਂ ਇੱਥੇ ਜ਼ਹਿਰੀਲੇ ਸੱਪ, ਜੰਗਲੀ ਜਾਨਵਰ ਤੇ ਬੀਮਾਰੀਆਂ ਵੀ ਪਰਵਾਸੀਆਂ ਦੀ ਜਾਨ ਦੇ ਦੁਸ਼ਮਣ ਨੇ।2023 ਵਿਚ 5 ਲੱਖ ਤੋਂ ਵੱਧ ਪਰਵਾਸੀਆਂ ਨੇ ਇਸ ਜੰਗਲ ਨੂੰ ਪਾਰ ਕੀਤਾ, ਜਿਹਨਾਂ ਵਿਚੋਂ ਹਜ਼ਾਰਾਂ ਭਾਰਤੀ ਵੀ ਸਨ। ਪਰ ਇਹ ਸਫਰ ਖਤਰਿਆਂ ਨਾਲ ਭਰਪੂਰ ਹੈ। ਇੱਥੇ ਕਾਰਟੇਲ, ਹਥਿਆਰਬੰਦ ਗਰੋਹ ਤੇ ਤਸਕਰ ਪਰਵਾਸੀਆਂ ਨੂੰ ਲੁੱਟਦੇ ਨੇ, ਧਮਕੀਆਂ ਦਿੰਦੇ ਨੇ ਤੇ ਔਰਤਾਂ ਨਾਲ ਜਿਨਸੀ ਹਿੰਸਾ ਕਰਦੇ ਨੇ। 2023 ਦੇ ਦਸੰਬਰ ਵਿਚ ਡਾਕਟਰਜ਼ ਵਿਦਆਊਟ ਬਾਰਡਰਜ਼ ਨੇ 214 ਜਿਨਸੀ ਹਿੰਸਾ ਦੇ ਪੀੜਤਾਂ ਦਾ ਇਲਾਜ ਕੀਤਾ, ਜੋ ਆਮ ਨਾਲੋਂ ਸੱਤ ਗੁਣਾ ਜ਼ਿਆਦਾ ਸੀ। ਪਨਾਮਾ ਦੇ ਨਵੇਂ ਰਾਸ਼ਟਰਪਤੀ ਜੋਸੇ ਰਾਉਲ ਮੁਲੀਨੋ ਨੇ ਦਸੰਬਰ 2024 ਵਿਚ ਦੱਸਿਆ ਕਿ 55 ਪਰਵਾਸੀ ਇਸ ਜੰਗਲ ਵਿਚ ਮਰ ਗਏ ਤੇ 180 ਬੱਚੇ ਇੱਥੇ ਛੱਡ ਦਿੱਤੇ ਗਏ। ਇਹ ਸਫਰ ਇੰਨਾ ਖਤਰਨਾਕ ਏ ਕਿ ਯੂਟਿਊਬਰ ਬਾਲਡ ਐਂਡ ਬੈਂਕਰਪਟ ਨੇ ਇਸ ਨੂੰ ਆਪਣੀ ਜ਼ਿੰਦਗੀ ਦਾ ਸਭ ਤੋਂ ਖਤਰਨਾਕ ਅਨੁਭਵ ਦੱਸਿਆ।

### ਜਿੱਥੇ ਮੌਤ ਵੀ ਸੁਪਨਿਆਂ ਨੂੰ ਨਿਗਲ ਜਾਂਦੀ ਏ

ਡੰਕੀ ਰੂਟ' ਰੂਟ ਸਪੇਨ, ਅਲ ਸਲਵਾਡੋਰ, ਗੁਆਤੇਮਾਲਾ, ਮੈਕਸੀਕੋ ਵਰਗੇ ਦੇਸ਼ਾਂ 'ਚੋਂ ਲੰਘਦਾ ਏ, ਜਿੱਥੇ ਪਰਵਾਸੀਆਂ ਨੂੰ ਪੈਦਲ, ਕਿਸ਼ਤੀਆਂ 'ਤੇ ਜਾਂ ਮਾਲ ਗੱਡੀਆਂ ਵਿਚ ਸਫਰ ਕਰਨਾ ਪੈਂਦਾ ਏ। ਇਸ ਸਫਰ ਵਿਚ ਨਾ ਸਿਰਫ ਭੁੱਖ-ਪਿਆਸ, ਸਗੋਂ ਡਕੈਤਾਂ, ਮਾਫੀਆ ਤੇ ਬੀਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਏ।ਕਈ ਪਰਵਾਸੀਆਂ ਨੂੰ ਰਾਹ ਵਿਚ ਲੁੱਟਿਆ ਜਾਂਦਾ ਏ, ਕਈਆਂ ਦੀਆਂ ਜਾਨਾਂ ਜਾਂਦੀਆਂ ਨੇ। 2024 ਵਿਚ ਜਨਵਰੀ ਤੋਂ ਅਪਰੈਲ ਦਰਮਿਆਨ 30,000 ਤੋਂ ਵੱਧ ਬੱਚਿਆਂ ਨੇ ਇਸ ਰੂਟ ਨੂੰ ਪਾਰ ਕੀਤਾ, ਜੋ ਪਿਛਲੇ ਸਾਲ ਨਾਲੋਂ 40% ਜ਼ਿਆਦਾ ਸੀ। ਇਹ ਸਫਰ ਬੁਜ਼ੁਰ੍ਗਾਂ, ਬੱਚੇ ਤੇ ਔਰਤਾਂ ਲਈ ਖਾਸ ਕਰਕੇ ਮੁਸੀਬਤਾਂ ਭਰਿਆ ਹੁੰਦਾ ਏ, ਜਿਹੜੇ ਭਾਰੀ ਸਮਾਨ ਚੁੱਕ ਕੇ ਜੰਗਲਾਂ ਵਿਚ ਲੰਘਦੇ ਨੇ। ਪੰਜਾਬ-ਹਰਿਆਣਾ ਦੇ ਨੌਜਵਾਨ, ਜਿਹੜੇ ਆਪਣੇ ਪਰਿਵਾਰਾਂ ਦੀ ਬਿਹਤਰੀ ਦੀ ਆਸ ਵਿਚ ਘਰ-ਜਾਇਦਾਦ ਵੇਚ ਕੇ 50-50 ਲੱਖ ਰੁਪਏ ਏਜੰਟਾਂ ਨੂੰ ਦਿੰਦੇ ਨੇ, ਉਹ ਅਕਸਰ ਖਾਲੀ ਹੱਥ ਵਾਪਸ ਆਉਂਦੇ ਨੇ।

ਈਡੀ ਤੇ ਐਨਆਈਏ ਵਰਗੀਆਂ ਏਜੰਸੀਆਂ ਹੁਣ ਇਹਨਾਂ ਏਜੰਟਾਂ ਦੇ ਪਿੱਛੇ ਹੱਥ ਧੋ ਕੇ ਪੈ ਗਈਆਂ ਨੇ। ਅਮਰੀਕਾ ਵੀ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਭੇਜਣ 'ਚ ਕੋਈ ਕਸਰ ਨਹੀਂ ਛੱਡ ਰਿਹਾ। ਪਨਾਮਾ ਸਰਕਾਰ ਨੇ ਵੀ ਡਾਰੀਅਨ ਗੈਪ 'ਚ 1200 ਸੁਰੱਖਿਆ ਕਰਮਚਾਰੀ ਤਾਇਨਾਤ ਕੀਤੇ ਨੇ, ਪਰ ਇਸ ਮੁਸੀਬਤ ਦਾ ਹੱਲ ਸਿਰਫ ਇਕ ਦੇਸ਼ ਦੀ ਜ਼ਿੰਮੇਵਾਰੀ ਨਹੀਂ। ਸਾਰੇ ਮੁਲਕਾਂ ਨੂੰ ਮਿਲ ਕੇ ਇਸ ਰੂਟ 'ਤੇ ਤਸਕਰੀ ਨੂੰ ਰੋਕਣ ਦੀ ਲੋੜ ਏ।

ਈਡੀ ਦੀਆਂ ਛਾਪੇਮਾਰੀਆਂ, ਐਨਆਈਏ ਦੀਆਂ ਗ੍ਰਿਫਤਾਰੀਆਂ ਤੇ ਸਰਕਾਰ ਦੀ ਸਖਤੀ ਇਸ ਗੱਲ ਦਾ ਸਬੂਤ ਨੇ ਕਿ ਹੁਣ ਇਸ ਰੈਕੇਟ ਨੂੰ ਖਤਮ ਕਰਨ ਦੀ ਪੂਰੀ ਕੋਸ਼ਿਸ਼ ਹੋ ਰਹੀ ਏ। ਪਰ ਸਭ ਤੋਂ ਵੱਡਾ ਸਵਾਲ ਇਹ ਏ-ਕੀ ਅਸੀਂ ਆਪਣੇ ਨੌਜਵਾਨਾਂ ਨੂੰ ਅਜਿਹੇ ਸੁਪਨੇ ਵੇਚਣ ਵਾਲਿਆਂ ਤੋਂ ਕਿਵੇਂ ਬਚਾ ਸਕਦੇ ਹਾਂ? ਕੀ ਅਸੀਂ ਉਹਨਾਂ ਨੂੰ ਆਪਣੇ ਮੁਲਕ ਵਿਚ ਹੀ ਇਕ ਬਿਹਤਰ ਜੀਵਨ ਦੀ ਆਸ ਦੇ ਸਕਦੇ ਹਾਂ? ਜਦੋਂ ਤੱਕ ਇਹ ਸਵਾਲ ਸੁਣਨ ਵਿਚ ਨਹੀਂ ਆਉਂਦੇ, ਡਾਰੀਅਨ ਗੈਪ ਵਰਗੇ ਜੰਗਲ ਸੁਪਨਿਆਂ ਨੂੰ ਨਿਗਲਦੇ ਰਹਿਣਗੇ, ਤੇ 'ਡੰਕੀ ਰੂਟ' ਦੀਆਂ ਦੁਖਾਂਤਕ ਦਾਸਤਾਨਾਂ ਸਾਡੇ ਦਿਲਾਂ ਨੂੰ ਦਹਿਲਾਉਂਦੀਆਂ ਰਹਿਣਗੀਆਂ।

# ਤਿੰਨ ਕਿੱਲੋ ਤੋਂ ਵੱਧ ਹੈਰੋਇਨ ਤੇ ਡਰੱਗ ਮਨੀ ਸਣੇ ਪੰਜ ਤਸਕਰ ਗ੍ਰਿਫ਼ਤਾਰ

## ✪ ਪਾਕਿਸਤਾਨ ਸਥਿਤ ਨਸ਼ਾ ਤਸਕਰਾਂ ਨਾਲ ਸਿੱਧੇ ਸਬੰਧ ਸਨ



ਅੰਮ੍ਰਿਤਸਰ-ਪੁਲਿਸ ਨੇ ਦੋ ਵੱਖ-ਵੱਖ ਮਾਮਲਿਆਂ ਵਿਚ ਪੰਜ ਡਰੱਗ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਤੇ ਤਸਕਰੀ ਦੇ ਕੰਮਾਂ ਵਿਚ ਵਰਤੀ ਜਾਂਦੀ ਇਕ ਗੱਡੀ ਸਮੇਤ 3.1 ਕਿੱਲੋਗ੍ਰਾਮ ਤੋਂ ਵੱਧ ਹੈਰੋਇਨ ਜ਼ਬਤ ਕੀਤੀ ਹੈ। ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੇ ਦਿਨੀਂ ਰਿਕਵਰੀ 3 ਕਿੱਲੋ 100 ਗ੍ਰਾਮ ਹੈਰੋਇਨ, 2000 ਰੁਪਏ/- ਡਰੱਗ ਮਨੀ, 1 ਕਾਰ ਬਰਾਮਦ ਹੋਈ ਹੈ।

ਮੁਲਜ਼ਮ ਧਲਵਿੰਦਰ ਸਿੰਘ ਉਰਫ਼ ਟਿੰਡੂ ਵਾਸੀ ਥਾਣਾ ਘਰਿੰਡਾ ਨੂੰ ਪਹਿਲਾਂ ਹੀ 1 ਕਿੱਲੋ 12 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਉਸ ਦੇ ਪਿਛਲੇ ਤੇ ਅਗਲੇ ਸਬੰਧਾਂ ਦੀ ਹੋਰ ਜਾਂਚ ਦੌਰਾਨ ਮੁਲਜ਼ਮ ਸੁਖਦੇਵ ਨੂੰ ਨਾਮਜ਼ਦ ਕੀਤਾ ਗਿਆ ਤੇ 2 ਕਿੱਲੋ ਤੋਂ ਵੱਧ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ। ਸੁਖਦੇਵ ਪਾਕਿਸਤਾਨ ਆਧਾਰਿਤ ਤਸਕਰਾਂ ਦੇ ਸੰਪਰਕ ਵਿਚ ਪਾਇਆ ਗਿਆ ਅਤੇ ਸਰਹੱਦ ਪਾਰ ਤੋਂ ਲਗਾਤਾਰ ਨਸ਼ੀਲੇ ਪਦਾਰਥਾਂ ਦੀਆਂ ਖੇਪਾਂ ਪ੍ਰਾਪਤ ਕਰ ਰਿਹਾ ਸੀ।

ਉਹ ਇਸ ਸਮੇਂ ਆਪਣੇ ਤੀਜੇ ਜਾਣੇ-ਪਛਾਣੇ ਨਿਵਾਸ, ਪਿੰਡ ਧਨੋਆ ਖੁਰਦ, ਥਾਣਾ ਘਰਿੰਡਾ ਵਿਚ ਰਹਿ ਰਿਹਾ ਹੈ ਅਤੇ ਅਕਸਰ ਆਪਣੀ ਰਿਹਾਇਸ਼ ਦੀ ਜਗ੍ਹਾ ਬਦਲਦਾ ਰਹਿੰਦਾ ਸੀ। ਉਸ ਦੇ ਪਿਛਲੇ ਨਿਵਾਸਾਂ ਵਿਚ ਪਿੰਡ ਜਗਦੇਵ ਖੁਰਦ ਤੇ ਪਿੰਡ ਅਵਾਨ ਵਾਸੂ ਸ਼ਾਮਲ ਹਨ। ਦੋਵੇਂ ਥਾਣਾ ਅਜਨਾਲਾ ਅਧੀਨ ਆਉਂਦੇ ਹਨ - ਇਹ ਤਿੰਨੋਂ ਪਾਕਿਸਤਾਨ ਸਰਹੱਦ ਨੇੜੇ ਸਥਿਤ ਹਨ। ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਇਸ ਦੀ ਐੱਫਆਈਆਰ ਐੱਨਡੀਪੀਐਸ ਐਕਟ, ਥਾਣਾ ਛੇਹਰਟਾ ਵਿਖੇ ਦਰਜ ਕੀਤੀ ਗਈ ਹੈ। ਗ੍ਰਿਫ਼ਤਾਰ ਮੁਲਜ਼ਮ ਸੁਖਦੇਵ ਸਿੰਘ ਸੁੱਖਾ ਵਾਸੀ ਥਾਣਾ ਘਰਿੰਡਾ, ਅੰਮ੍ਰਿਤਸਰ ਦਿਹਾਤੀ ਤੋਂ ਬਰਾਮਦਗੀ 2 ਕਿੱਲੋ 50 ਗ੍ਰਾਮ ਹੈਰੋਇਨ ਹੋਈ ਹੈ।

ਦੂਜਾ ਮਾਮਲੇ ਵਿਚ ਥਾਣਾ ਇਸਲਾਮਾਬਾਦ, ਅੰਮ੍ਰਿਤਸਰ ਦਾ ਹੈ। ਜਾਂਚ ਦੌਰਾਨ ਇਹ ਸਾਹਮਣੇ ਆਇਆ ਕਿ ਮਨਪ੍ਰੀਤ ਸਿੰਘ ਉਰਫ਼ ਗੋਰਾ ਆਪਣੇ ਮਾਮੇ ਗੋਪਾਲ ਸਿੰਘ, ਜੋ ਕਿ ਹਰੀਕੇ ਦਾ ਰਹਿਣ ਵਾਲਾ ਹੈ, ਜੋ ਇਸ ਸਮੇਂ ਰਾਜਸਥਾਨ ਵਿਚ ਰਹਿ ਰਿਹਾ ਹੈ, ਦੇ ਨਿਰਦੇਸ਼ਾਂ ਹੇਠ ਸਰਹੱਦ ਪਾਰੋਂ ਨਸ਼ਾ ਤਸਕਰੀ ਦਾ ਨੈੱਟਵਰਕ ਸਰਗਰਮੀ ਨਾਲ ਚਲਾ ਰਿਹਾ ਸੀ। ਅੰਮ੍ਰਿਤਪਾਲ ਸਿੰਘ ਉਰਫ਼ ਪਾਲ ਜ਼ਿਲ੍ਹਾ ਤਰਨਤਾਰਨ ਦੇ ਥਾਣਾ ਖਾਲੜਾ ਦੇ ਅਧਿਕਾਰ ਖੇਤਰ ਅਧੀਨ ਆਉਣ ਵਾਲੇ ਭਰਤ ਉਰਫ਼ ਭਾਲੋ ਨਾਲ ਸਿੱਧੇ ਸੰਪਰਕ ਵਿਚ ਪਾਇਆ ਗਿਆ। ਭਰਤ ਇਕ ਬਦਨਾਮ ਤਸਕਰ ਹੈ, ਜਿਸ 'ਤੇ ਦੋ ਪਹਿਲਾਂ ਅਪਰਾਧਿਕ ਮਾਮਲੇ ਦਰਜ ਹਨ, ਜਿਨ੍ਹਾਂ 'ਚ ਇਕ ਐੱਨਡੀਪੀਐੱਸ ਐਕਟ ਅਧੀਨ ਵੀ ਸ਼ਾਮਲ ਹੈ।

ਜਾਂਚ ਤੋਂ ਪਤਾ ਲੱਗਾ ਹੈ ਕਿ ਗੋਪਾਲ ਸਿੰਘ ਪਾਕਿਸਤਾਨ ਸਥਿਤ ਨਸ਼ਾ ਤਸਕਰਾਂ ਨਾਲ ਸਿੱਧੇ ਸੰਪਰਕ ਵਿਚ ਹੈ। ਗੋਪਾਲ ਮਨਪ੍ਰੀਤ ਸਿੰਘ ਉਰਫ਼ ਗੋਰਾ ਨੂੰ ਡਰੋਨ ਖੇਪ ਪਿਕਅੱਪ ਸਥਾਨ ਭੇਜਣ ਲਈ ਜ਼ਿੰਮੇਵਾਰ ਸੀ। ਨਿਗਰਾਨੀ ਤੋਂ ਬਚਣ ਲਈ ਗੋਪਾਲ ਤੇ ਮਨਪ੍ਰੀਤ ਨੇ ਸੰਚਾਰ ਲਈ ਵਰਚੁਅਲ ਫ਼ੋਨ ਨੰਬਰਾਂ ਦੀ ਵਰਤੋਂ ਕੀਤੀ। ਇਹ ਵੀ ਪਾਇਆ ਗਿਆ ਕਿ ਮਨਪ੍ਰੀਤ ਸਿੰਘ ਤੇ ਅੰਮ੍ਰਿਤਪਾਲ ਸਿੰਘ ਦੀਆਂ ਖੇਤੀਬਾੜੀ ਜ਼ਮੀਨਾਂ ਭਾਰਤ-ਪਾਕਿਸਤਾਨ ਸਰਹੱਦ ਨੇੜੇ ਸਥਿਤ ਹਨ।

ਹਰਪਾਲ ਸਿੰਘ ਨੇੜਲੇ ਖੇਤੀਬਾੜੀ ਜ਼ਮੀਨਾਂ ਵਿਚ ਕੰਮ ਕਰਦਾ ਹੈ ਅਤੇ ਸੁੱਟੀਆਂ ਗਈਆਂ ਖੇਪਾਂ 'ਤੇ ਨਜ਼ਰ ਰੱਖਦਾ ਸੀ ਅਤੇ ਉਸ ਨੂੰ ਇਸਦਾ ਭੁਗਤਾਨ ਭਰਤ ਦੁਆਰਾ ਕੀਤਾ ਜਾਂਦਾ ਸੀ। ਇਨ੍ਹਾਂ ਜ਼ਮੀਨਾਂ ਨੂੰ ਦਿਨ ਦੇ ਸਮੇਂ ਵੀ ਡਰੋਨ ਰਾਹੀਂ ਹੈਰੋਇਨ ਦੀ ਖੇਪ ਪ੍ਰਾਪਤ ਕਰਨ ਲਈ ਨਿਯਮਿਤ ਤੌਰ 'ਤੇ ਵਰਤਿਆ ਜਾਂਦਾ ਸੀ। ਗ੍ਰਿਫ਼ਤਾਰ ਕੀਤੇ ਗਏ ਚਾਰੇ ਵਿਅਕਤੀ - ਮਨਪ੍ਰੀਤ ਸਿੰਘ ਉਰਫ਼ ਗੋਰਾ, ਅੰਮ੍ਰਿਤਪਾਲ ਸਿੰਘ ਪਾਲ, ਲਵਦੀਪ ਸਿੰਘ ਲਾਭਾ ਤੇ ਹਰਪਾਲ ਸਿੰਘ ਭਾਲਾ- ਇੱਕੋ ਪਿੰਡ ਦੇ ਹਨ ਤੇ ਇਸ ਸੰਗਠਿਤ ਨਸ਼ਾ ਤਸਕਰੀ ਕਾਰਟੈਲ ਨੂੰ ਸਾਂਝੇ ਤੌਰ 'ਤੇ ਚਲਾ ਰਹੇ ਸਨ।

# ਸੜਕ ਕਿਨਾਰੇ ਲਾਸ਼ ਸੁੱਟਣ ਵਾਲਾ ਗ੍ਰਿਫ਼ਤਾਰ

## ✪ ਮਾਮਲੇ ਵਿਚ ਨਵੇਂ ਖੁਲਾਸੇ, ਸੱਸ ਅਤੇ ਸਹੁਰੇ ਨੇ ਮਿਲ ਕੇ ਕੀਤਾ ਨੂੰਹ ਦਾ ਕਤਲ



ਲੁਧਿਆਣਾ-ਲੁਧਿਆਣਾ ਦੇ ਫਿਰੋਜ਼ਪੁਰ ਰੋਡ 'ਤੇ 9 ਜੁਲਾਈ ਨੂੰ ਇੱਕ ਭਿਆਨਕ ਘਟਨਾ ਵਾਪਰੀ, ਜਦੋਂ ਦੋ ਬਾਈਕ ਸਵਾਰ ਨੌਜਵਾਨਾਂ ਨੇ ਇੱਕ ਔਰਤ ਦੀ ਲਾਸ਼ ਬੋਰੀ ਵਿੱਚ ਪਾ ਕੇ ਡਿਵਾਈਡਰ 'ਤੇ ਸੁੱਟ ਦਿੱਤੀ। ਇਸ ਮਾਮਲੇ ਵਿੱਚ ਵੱਡੇ ਖੁਲਾਸੇ ਸਾਹਮਣੇ ਆਏ ਹਨ। ਮ੍ਰਿਤਕਾ ਦੀ ਪਛਾਣ ਰੇਸ਼ਮਾ ਵਜੋਂ ਹੋਈ, ਜੋ ਮਹਾਰਾਜ ਨਗਰ ਨੇੜੇ ਸਰਕਟ ਹਾਊਸ ਲੇਨ ਨੰਬਰ 2 ਵਿੱਚ ਕਿਰਾਏ ਦੇ ਮਕਾਨ ਵਿੱਚ ਆਪਣੀ ਸੱਸ ਦੁਲਾਰੀ ਅਤੇ ਸਹੁਰੇ ਕਿਸ਼ਨ ਨਾਲ ਰਹਿੰਦੀ ਸੀ।

ਇਸ ਮਾਮਲੇ ਵਿੱਚ ਇੱਕ ਸੀਸੀਟੀਵੀ ਵੀਡੀਓ ਸਾਹਮਣੇ ਆਇਆ ਸੀ, ਜਿਸ ਵਿੱਚ ਦੋ ਨੌਜਵਾਨ ਲਾਸ਼ ਸੁੱਟਦੇ ਹੋਏ ਕੈਦ ਹੋਏ। ਰੇਸ਼ਮਾ ਦੇ ਆਪਣੀ ਸੱਸ ਅਤੇ ਸਹੁਰੇ ਨਾਲ ਅਕਸਰ ਛੋਟੀਆਂ-ਮੋਟੀਆਂ ਗੱਲਾਂ 'ਤੇ ਝਗੜਾ ਹੁੰਦੀਆਂ ਸਨ। ਮਕਾਨ ਮਾਲਕ ਮਨੋਜ ਨੇ ਪੁਲਿਸ ਨੂੰ ਦੱਸਿਆ ਕਿ 8 ਜੁਲਾਈ ਨੂੰ ਰੇਸ਼ਮਾ, ਕਿਸ਼ਨ ਅਤੇ ਦੁਲਾਰੀ ਵਿਚਕਾਰ ਝਗੜਾ ਹੋਇਆ ਸੀ। 9 ਜੁਲਾਈ ਦੀ ਸਵੇਰ ਨੂੰ ਮਨੋਜ ਨੇ ਗੇਟ ਕੋਲ ਚਾਦਰ ਵਿੱਚ ਬੰਨ੍ਹਿਆ ਹੋਇਆ ਕੁਝ ਸਾਮਾਨ ਦੇਖਿਆ ਅਤੇ ਸੋਚਿਆ ਕਿ ਸ਼ਾਇਦ ਕਿਸ਼ਨ ਦਾ ਪਰਿਵਾਰ ਕਮਰਾ ਖਾਲੀ ਕਰ ਰਿਹਾ ਹੈ। ਪਰ ਜਦੋਂ ਵੀਡੀਓ ਵਾਇਰਲ ਹੋਈ, ਤਾਂ ਪਤਾ ਲੱਗਾ ਕਿ ਕਿਸ਼ਨ ਅਤੇ ਦੁਲਾਰੀ ਨੇ ਮਿਲ ਕੇ ਰੇਸ਼ਮਾ ਦਾ ਕਤਲ ਕੀਤਾ ਅਤੇ ਲਾਸ਼ ਨੂੰ ਨਿਪਟਾਰੇ ਲਈ ਦੋ ਨੌਜਵਾਨਾਂ, ਅਜੇ ਕੁਮਾਰ ਅਤੇ ਇੱਕ ਹੋਰ ਵਿਅਕਤੀ ਨੂੰ ਸੌਂਪਿਆ। ਇਨ੍ਹਾਂ ਮੁਲਜ਼ਮਾਂ ਨੇ ਲਾਸ਼ ਨੂੰ ਬੋਰੀ ਵਿੱਚ ਪਾ ਕੇ ਆਰਤੀ ਚੌਕ ਨੇੜੇ ਸੁੱਟ ਦਿੱਤਾ। ਰਾਹਗੀਰਾਂ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਦੋਵੇਂ ਨੌਜਵਾਨ ਬਾਈਕ ਛੱਡ ਕੇ ਭੱਜ ਗਏ। ਮਕਾਨ ਮਾਲਕ ਅਰੁਣ ਨੇ ਦੱਸਿਆ ਕਿ ਰੇਸ਼ਮਾ ਅਤੇ ਉਸਦੇ ਸਹੁਰਿਆਂ ਨੇ 15 ਦਿਨ ਪਹਿਲਾਂ ਕਮਰਾ ਕਿਰਾਏ 'ਤੇ ਲਿਆ ਸੀ ਅਤੇ 3 ਦਿਨ ਪਹਿਲਾਂ ਉਨ੍ਹਾਂ ਵਿੱਚ ਝਗੜਾ ਹੋਇਆ ਸੀ। ਰੇਸ਼ਮਾ ਦੇ ਪਤੀ ਦਾ ਪਿੰਡ ਵਿੱਚ ਰਹਿਣਾ ਅਤੇ ਬਾਈਕ 'ਤੇ ਪਿੱਛੇ ਬੈਠੇ ਕਿਸ਼ਨ ਦਾ ਬੋਰੀ ਫੜਨਾ ਵੀ ਵੀਡੀਓ ਵਿੱਚ ਸਾਫ਼ ਦਿਖਾਈ ਦਿੱਤਾ। ਪੁਲਿਸ ਨੇ ਇਸ ਮਾਮਲੇ ਵਿੱਚ ਕਿਸ਼ਨ, ਦੁਲਾਰੀ ਅਤੇ ਅਜੇ ਨੂੰ ਗ੍ਰਿਫਤਾਰ ਕਰ ਲਿਆ ਹੈ।

# ਸਾਬਕਾ ਅਕਾਲੀ ਸਰਪੰਚ ਕਤਲ ਕੇਸ ਵਿਚ ਫਿਲੌਰ ਤੋਂ ਮਹਿਲਾ ਗ੍ਰਿਫ਼ਤਾਰ

## ✪ ਸ਼ੁਭਮ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਸਰਗਰਮ



ਅੰਮ੍ਰਿਤਸਰ-ਰਾਜਾਸਾਂਸੀ ਥਾਣੇ ਦੀ ਪੁਲਿਸ ਨੇ ਅਕਾਲੀ ਦਲ ਦੇ ਸਾਬਕਾ ਸਰਪੰਚ ਪਰਜਿੰਦਰ ਸਿੰਘ ਦੇ ਕਤਲ ਕੇਸ ਵਿਚ ਮੁੱਖ ਮੁਲਜ਼ਮ ਦੀ ਪਤਨੀ ਕਿਰਨਦੀਪ ਕੌਰ ਨੂੰ ਫਿਲੌਰ ਦੇ ਗੁਰਾਇਆ ਇਲਾਕੇ ਤੋਂ ਗ੍ਰਿਫ਼ਤਾਰ ਕੀਤਾ ਹੈ। ਪਤਾ ਲੱਗਾ ਹੈ ਕਿ ਕਤਲ ਤੋਂ ਬਾਅਦ ਮੁਲਜ਼ਮ ਔਰਤ ਆਪਣੇ ਪਤੀ ਸ਼ੁਭਮ ਸਹਿਜਪਾਲ ਸਿੰਘ ਨਾਲ ਫਰਾਰ ਹੋ ਗਈ ਸੀ। ਥਾਣਾ ਇੰਚਾਰਜ ਸਬ ਇੰਸਪੈਕਟਰ ਮਨਤੇਜ ਸਿੰਘ ਨੇ ਦੱਸਿਆ ਕਿ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਲਈ ਪੰਜਾਬ ਦੇ ਕਈ ਹਿੱਸਿਆਂ ਵਿਚ ਛਾਪੇਮਾਰੀ ਕੀਤੀ ਜਾ ਰਹੀ ਹੈ। ਲਗਪਗ ਚਾਰ ਸਾਲ ਪਹਿਲਾਂ, ਦੋਸ਼ੀ ਨੇ ਥਾਣਾ ਰਾਜਾਸਾਂਸੀ ਦੇ ਅਧੀਨ ਸ਼ਿਵਾ ਇਨਕਲੇਵ ਵਿਚ ਇਕ ਘਰ ਖਰੀਦਿਆ ਸੀ। ਉਦੋਂ ਤੋਂ ਉਹ ਉੱਥੇ ਰਹਿ ਰਿਹਾ ਸੀ। ਪਰ ਉਸ ਦੇ ਗੁਆਂਢੀ ਅਤੇ ਅਕਾਲੀ ਦਲ ਦੇ ਸਾਬਕਾ ਸਰਪੰਚ ਪਰਜਿੰਦਰ ਸਿੰਘ ਨਾਲ ਉਸ ਦੇ ਸਬੰਧ ਚੰਗੇ ਨਹੀਂ ਸਨ। ਕਦੇ ਦੋਵਾਂ ਦਾ ਕਾਰ ਪਾਰਕਿੰਗ ਨੂੰ ਲੈ ਕੇ ਝਗੜਾ ਹੁੰਦਾ ਸੀ ਅਤੇ ਕਦੇ ਕੰਧ ਨਾਲ ਲੱਗੀ ਪੌੜੀ ਨੂੰ ਲੈ ਕੇ। ਬੀਤੇ ਹਫਤੇ ਰਾਤ ਦੌਰਾਨ ਸ਼ੁਭਮ ਅਤੇ ਉਸ ਦੀ ਪਤਨੀ ਨੇ ਪਰਜਿੰਦਰ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।

# ਕਰੈਕਟਰ ਉਪਰ ਸ਼ਕ ਹੋਣ ਕਾਰਣ ਪਤੀ ਵਲੋਂ ਘੋਟਣਾ ਮਾਰ ਕੇ ਪਤਨੀ ਦਾ ਕੀਤਾ ਕਤਲ



ਫ਼ਰੀਦਕੋਟ-ਇੱਥੋਂ ਦੀ ਨਾਨਕਸਰ ਬਸਤੀ ਵਿੱਚ ਇੱਕ ਵਿਅਕਤੀ ਨੇ ਆਪਣੀ ਪਤਨੀ ਦੇ ਸਿਰ ਵਿੱਚ ਘੋਟਣਾ ਮਾਰ ਕੇ ਉਸ ਦਾ ਕਤਲ ਕਰ ਦਿੱਤਾ। ਸੂਚਨਾ ਅਨੁਸਾਰ ਰਛਪਾਲ ਸਿੰਘ ਨੂੰ ਆਪਣੀ ਪਤਨੀ ਦੇ ਚਾਲ-ਚੱਲਣ ਉੱਪਰ ਸ਼ੱਕ ਸੀ ਅਤੇ ਇਸੇ ਕਰ ਕੇ ਉਸ ਨੇ ਆਪਣੀ ਪਤਨੀ ਦਾ ਕਤਲ ਕਰ ਦਿੱਤਾ। ਫ਼ਰੀਦਕੋਟ ਪੁਲੀਸ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਰਾਜਵੀਰ ਕੌਰ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲੀਸ ਨੇ ਰਾਜਵੀਰ ਕੌਰ ਦੇ ਪਤੀ ਰਛਪਾਲ ਸਿੰਘ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਰਾਜਵੀਰ ਕੌਰ ਦੋ ਬੱਚਿਆਂ ਦੀ ਮਾਂ ਸੀ।

ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 35 'ਤੇ ਪੜ੍ਹੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

**ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ**

618. ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਗੁਰਬਾਣੀ ਵਾਰੇ ਕੀ ਲਿਖਿਆ ਹੈ?

ਨਿਰਮਲ ਬਾਣੀ ਰਾਹੀਂ ਮਾਇਆ ਦਾ ਭਰਮ (ਅਸਤਿ ਨੂੰ ਸਤਿ ਕਰਕੇ ਜਾਨਣਾ, ਆਪਣੇ ਆਪ ਨੂੰ ਕਰਤਾ ਕਾਰਕ ਜਾਨਣਾ) ਦੂਰ ਹੋ ਜਾਂਦਾ ਹੈ । *"ਨਿਰਮਲ ਬਾਣੀ ਭਰਮੁ ਚੁਕਾਇਆ ॥ ਅੰਗ 221"* । ਨਿਰਮਲ ਬਾਣੀ ਰਾਹੀਂ ਆਪਣੇ ਅੰਤਰ ਆਤਮੇ (ਨਿਜ ਘਰ 'ਚ) ਵਾਸਾ ਹੋ ਜਾਂਦਾ ਹੈ । *"ਨਿਰਮਲ ਬਾਣੀ ਨਿਜ ਘਰਿ ਵਾਸਾ॥ ਅੰਗ 362"* । ਜਿਹੜਾ ਆਦਮੀ ਆਪਣੀ ਆਤਮਾ ਦੇ ਦਰਸ਼ਨ ਕਰ ਲੈਂਦਾ ਹੈ ਤੇ ਅਡੋਲਤਾ ਦੇ ਘਰ ਵਿਚ ਆ ਜਾਂਦਾ ਹੈ, ਉਹ (ਨਿਰਮਲ ਪ੍ਰਭੂ ਦੀ) ਨਿਰਮਲ ਬਾਣੀ ਦਾ ਵਾਜਾ ਵਜਾਉਂਦਾ ਹੈ । *"ਦਰਸਨੁ ਆਪਿ ਸਹਜ ਘਰਿ ਆਵੈ ॥ ਨਿਰਮਲ ਬਾਣੀ ਨਾਦੁ ਵਜਾਵੈ ॥4॥ ਅੰਗ 411"* । ਜਿਹੜਾ ਹਉਮੈ ਨੂੰ ਮਾਰ ਲੈਂਦਾ ਹੈ, ਉਸਦੀ ਬਾਣੀ ਨਿਰਮਲ ਹੁੰਦੀ ਹੈ । ਗੁਰੂ ਅਨੁਸਾਰੀ ਤੱਤ (ਬ੍ਰਹਮ) ਗਿਆਨ ਨੂੰ ਵਿਚਾਰਦਾ ਹੈ ਤੇ ਗੁਰੂ ਦੇ ਸ਼ਬਦ ਰਾਹੀਂ ਹਉਮੈ ਨੂੰ ਸਾੜ ਲੈਂਦਾ ਹੈ। ਉਸਦਾ ਤਨ ਤੇ ਮਨ ਨਿਰਮਲ ਹੋ ਜਾਂਦਾ ਹੈ, ਉਸਦੀ ਬਾਣੀ ਵੀ ਨਿਰਮਲ ਹੁੰਦੀ ਹੈ ਤੇ ਉਹ ਸਦਾ ਥਿਰ ਪ੍ਰਭੂ 'ਚ ਲੀਨ ਰਹਿੰਦਾ ਹੈ । *"ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥ ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ॥ ਅੰਗ 946"* । ਗੁਰਬਾਣੀ ਸਦਾ ਹੀ ਪਵਿਤ੍ਰ ਹੈ, ਗੁਰੂ ਦੀ ਮਤਿ ਰਾਹੀਂ ਹਿਰਦਾ ਪਤੀਜਦਾ ਹੈ, ਭਿਜਦਾ ਹੈ ਜਾਂ ਕੋਮਲ (ਦਇਆਵਾਨ) ਹੁੰਦਾ ਹੈ । *"ਪਵਿਤ੍ਰ ਪਾਵਨ ਸਦਾ ਹੈ ਬਾਣੀ ਗੁਰਮਤਿ ਅੰਤਰੁ ਭੀਜੈ ਹੇ ॥12॥ ਅੰਗ 1049"* । ਪ੍ਰਭੂ ਨਿਰਮਲ ਹੈ, ਉਸਦੀ ਬਾਣੀ ਵੀ ਨਿਰਮਲ ਹੈ, ਬਾਣੀ ਰਾਹੀਂ ਮਨ ਪ੍ਰਭੂ ਦੇ ਪ੍ਰੇਮ 'ਚ ਰੰਗਿਆ ਰਹਿੰਦਾ ਹੈ । *"ਹਰਿ ਨਿਰਮਲੁ ਨਿਰਮਲ ਹੈ ਬਾਣੀ ਹਰਿ ਸੇਤੀ ਮਨੁ ਰਾਤਾ ਹੇ ॥9॥ ਅੰਗ 1052"* । ਜੇ ਕੋਈ ਪ੍ਰਭੂ ਦੀ ਨਿਰਮਲ ਬਾਣੀ ਨੂੰ ਮਨ 'ਚ ਵਸਾ ਲਏ ਤਾਂ ਉਸਦਾ ਸਹਿਮ ਦੂਰ ਹੋ ਜਾਂਦਾ ਹੈ । ਉਹ ਦਿਨ ਰਾਤ ਗੁਰੂ ਦੇ ਭਾਣੇ 'ਚ ਚਲਦਾ ਹੈ ਤੇ ਨਾਮ ਸਿਮਰ ਕੇ ਸਦੀਵੀ ਸੁਖ ਪਾ ਲੈਂਦਾ ਹੈ। ਜਿਹੜਾ ਕੋਈ ਮਨੁੱਖ ਗੁਰੂ ਦੀ ਨਿਰਮਲ ਬਾਣੀ ਨੂੰ ਮਨ ਵਿਚ ਵਸਾਉਂਦਾ ਹੈ, ਗੁਰੂ ਕਿਰਪਾ ਨਾਲ ਉਸ ਦਾ ਸਹਮ ਦੂਰ ਹੋ ਜਾਂਦਾ ਹੈ । ਉਹ ਮਨੁੱਖ ਦਿਨ ਰਾਤ ਗੁਰੂ ਦੇ ਭਾਣੇ ਵਿਚ ਤੁਰਦਾ ਹੈ, ਨਾਮ ਨੂੰ ਸਿਮਰ ਕੇ ਉਹ ਆਤਮਿਕ ਆਨੰਦ ਮਾਣਦਾ ਹੈ/ਸਦੀਵੀ ਸੁਖ ਪਾਉਂਦਾ ਹੈ । *"ਨਿਰਮਲ ਬਾਣੀ ਕੋ ਮੰਨਿ ਵਸਾਏ ॥ ਗੁਰ ਪਰਸਾਦੀ ਸਹਸਾ ਜਾਏ ॥ ਗੁਰ ਕੈ ਭਾਣੈ ਚਲੈ ਦਿਨੁ ਰਾਤੀ ਨਾਮੁ ਚੇਤਿ ਸੁਖੁ ਪਾਇਦਾ ॥13॥ ਅੰਗ 1062"* । ਗੁਰੂ ਦੀ ਬਾਣੀ ਪਵਿੜ ਹੈ ਜਿਸ ਰਾਹੀਂ ਗੁਰੂ ਸਾਨੂੰ ਨਾਮ ਰਸ ਪਿਲਾਉਂਦਾ ਹੈ । ਜਿਨ੍ਹਾਂ ਨੇ ਨਾਮ ਦੇ ਰਸ ਦਾ ਸੁਆਦ ਦੇਖਿਆ ਹੈ ਉਹ ਹੋਰ ਰਸਾਂ ਨੂੰ ਵਰਜ ਰੱਖਦੇ ਹਨ (ਭਾਵ, ਹੋਰ ਚਸਕਿਆਂ ਨੂੰ ਆਪਣੇ ਨੇੜੇ ਨਹੀਂ ਲੱਗਣ ਦਿੰਦੇ । ਨਾਮ-ਰਸ ਪੀ ਕੇ ਉਹ ਸਦਾ ਰੱਜੇ ਰਹਿੰਦੇ ਹਨ ਤੇ ਮਾਇਕ ਪਦਾਰਥਾਂ ਦੀ ਤ੍ਰਿਸ਼ਨਾ ਤੇ ਭੁੱਖ ਨਾਸ ਕਰ ਲੈਂਦੇ ਹਨ । *"ਗੁਰ ਕੀ ਬਾਣੀ ਨਿਰਮਲੀ ਹਰਿ ਰਸੁ ਪੀਆਇਆ ॥ ਹਰਿ ਰਸੁ ਜਿਨੀ ਚਾਖਿਆ ਅਨ ਰਸ ਠਾਕਿ ਰਹਾਇਆ ॥ ਹਰਿ ਰਸੁ ਪੀ ਸਦਾ ਤ੍ਰਿਪਤਿ ਭਏ ਫਿਰਿ ਤ੍ਰਿਸਨਾ ਭੁਖ ਗਵਾਇਆ ॥5॥ ਅੰਗ 1088"* । ਆਪਣੀ ਦਰਗਹ ਵਿਚ ਪ੍ਰਭੂ ਆਪ ਹੀ ਜਾਨਣ ਵਾਲ਼ਾ (ਸਿਆਣਾ) ਹੈ ਤੇ ਆਪ ਹੀ ਦਰਸ਼ਕ (ਸਭ ਨੂੰ ਦੇਖਣ ਵਾਲ਼ਾ) ਹੈ; ਗੁਰੂ ਦੀ ਬਾਣੀ ਪਵਿਤ੍ਰ ਹੈ । *"ਦਰਗਹ ਦਾਨਾ ਬੀਨਾ ਇਕੁ ਆਪੇ ਨਿਰਮਲ ਗੁਰ ਕੀ ਬਾਣੀ॥ ਅੰਗ 1345"* ।

**ਅਨਹਦ/ਅਨਹਤ ਬਾਣੀ:**

ਅਨਹਦ ਜਾਂ ਅਨਹਤ ਬਾਣੀ ਉਸਨੂੰ ਕਹਿੰਦੇ ਹਨ ਜੋ ਬਿਨਾ ਵਜਾਏ ਇਕ ਰਸ ਲਗਾਤਾਰ ਸਾਡੇ ਅੰਦਰ ਵੱਜਦੀ ਹੈ । ਬਾਰੰਬਾਰ ਨਾਮ ਜਪ ਜਪ ਕੇ ਇਸਨੂੰ ਸੁਣਿਆ ਜਾ ਸਕਦਾ ਹੈ। ਅਨਹਦ ਬਾਣੀ ਦੀ ਪ੍ਰਾਪਤੀ ਨਾਲ਼ ਹਉਮੈ ਦਾ ਨਾਸ ਹੋ ਜਾਂਦਾ ਹੈ । *"ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ॥ ਅੰਗ 21"* । ਅਨਹਦ ਬਾਣੀ ਦੀ ਵਰਖਾ ਨਾਲ਼ ਮਨ ਤੇ ਤਨ ਅੰਦਰ ਸ਼ਾਂਤੀ ਸਮਾ ਜਾਂਦੀ ਹੈ । *"ਅੰਮ੍ਰਿਤੁ ਵਰਖੈ ਅਨਹਦ ਬਾਣੀ ॥ ਮਨ ਤਨ ਅੰਤਰ ਸਾਂਤਿ ਸਮਾਣੀ॥ ਅੰਗ 105"* । ਜਿਹਦੇ ਹਿਰਦੇ ਵਿਚ ਨਾਮ ਦਾ ਵਾਸਾ ਹੁੰਦਾ ਹੈ ਤੇ ਜੋ ਵਿਚੋਂ ਆਪਾ ਭਾਵ (ਹਉਮੈ) ਨੂੰ ਗੁਆ ਲੈਂਦਾ ਹੈ ਉਹ ਅਨਹਦ ਬਾਣੀ ਰੂਪੀ ਸ਼ਬਦ ਵਜਾਉਂਦਾ ਹੈ । *"ਹਿਰਦੈ ਨਾਮੁ ਵਿਚਹੁ ਆਪੁ ਗਵਾਏ ॥ ਅਨਹਦ ਬਾਣੀ ਸਬਦੁ ਵਜਾਏ ॥7॥ ਅੰਗ 231"* । ਪੰਜ ਗਿਆਨ ਇੰਦਰੀਆਂ ਨੇ ਮਿਲ ਕੇ ਪ੍ਰਭੂ ਦੀ ਸਿਫਤ ਸਲਾਹ ਦਾ ਗੀਤ ਗਾਇਆ ਤੇ ਅਨਹਦ ਬਾਣੀ ਰੂਪੀ ਸ਼ਬਦ ਵਜਾਇਆ । *"ਪੰਚ ਸਖੀ ਮਿਲਿ ਮੰਗਲੁ ਗਾਇਆ ॥ ਅਨਹਦ ਬਾਣੀ ਨਾਦੁ ਵਜਾਇਆ ॥3॥ ਅੰਗ 375"* । ਜਿਹੜਾ ਆਦਮੀ ਅਨਹਤ ਬਾਣੀ ਰੂਪੀ ਨਿਰਮਲ ਸ਼ਬਦ ਵਜਾਉਂਦਾ ਹੈ ਉਹ ਗੁਰੂ ਦੇ ਸ਼ਬਦ ਰਾਹੀਂ ਸਦਾ ਥਿਰ ਪ੍ਰਭੂ 'ਚ ਸਮਾ ਜਾਂਦਾ ਹੈ। *"ਅਨਹਤ ਬਾਣੀ ਨਿਰਮਲ ਸਬਦੁ ਵਜਾਏ ਗੁਰ ਸਬਦੀ ਸਚਿ ਸਮਾਵਣਿਆ ॥4॥ ਅੰਗ 115"* । ਗੁਰੂ ਅਨੁਸਾਰੀ ਨੇ ਅਨਹਦ ਬਾਣੀ ਨੂੰ ਉਚਾਰਨ ਕੀਤਾ, ਜਿਸਨੂੰ ਸੁਣ ਸੁਣ ਕੇ ਮਨ ਤੇ ਤਨ ਹਰਾ ਹੋ ਗਿਆ; ਭਾਵ ਮਨ ਤੇ ਤਨ ਵਿਚ ਦੈਵੀ ਗੁਣ (ਦਇਆ, ਧਰਮ, ਸਤਿ, ਸੰਤੋਖ ਤੇ ਧਰਿਜ) ਪ੍ਰਗਟ ਤੇ ਪ੍ਰਫੁੱਲਤ ਹੋ ਗਏ । *"ਅਨਹਦ ਬਾਣੀ ਗੁਰਮੁਖਿ ਵਖਾਣੀ ਜਸੁ ਸੁਣਿ ਸੁਣਿ ਮਨੁ ਤਨੁ ਹਰਿਆ॥ ਅੰਗ 781"* । ਲੇਕਿਨ ਅਨਹਦ ਬਾਣੀ ਗੁਰਮੁਖ ਨੇ ਜਾਣੀ ਹੈ, ਪਰ ਕੋਈ ਵਿਰਲਾ ਇਸਦੇ ਅਰਥ ਦੱਸਦਾ ਹੈ; ਭਾਵ ਇਸਨੂੰ ਸਮਝਦਾ ਹੈ । *"ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ ॥ ਅੰਗ 945"* । ਅਨਹਦ ਬਾਣੀ ਰੂਪੀ ਪੂੰਜੀ ਦੀ ਕੁੰਜੀ ਪ੍ਰਭੂ ਨੇ ਸੰਤਾਂ ਦੇ ਹੱਥ 'ਚ ਰੱਖੀ ਹੋਈ ਹੈ । *"ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥2॥ ਅੰਗ 893"* । ਜਿਸ ਮਨੁੱਖ ਦੇ ਮਨ ਵਿਚ ਗੁਰੂ ਦਾ ਸ਼ਬਦ ਟਿਕ ਜਾਂਦਾ ਹੈ, ਉਸ ਦਾ ਦੁੱਖ, ਦਰਦ ਤੇ ਭਰਮ ਦੂਰ ਹੋ ਜਾਂਦਾ ਹੈ । ਉਸ ਨੂੰ ਸੁਖ, ਆਤਮਿਕ ਅਡੋਲਤਾ, ਆਨੰਦ, ਨਾਮ ਦਾ ਰਸ ਤੇ ਅਨਹਦ ਬਾਣੀ ਦੀ ਸਹਿਜ ਧੁਨ ਦੀ ਪ੍ਰਾਪਤੀ ਹੋ ਜਾਂਦੀ ਹੈ । *"ਗੁਰ ਕਾ ਸਬਦੁ ਵਸੈ ਮਨਿ ਜਾ ਕੈ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ ॥ ਸੁਖ ਸਹਜ ਆਨੰਦ ਨਾਮ ਰਸੁ ਅਨਹਦ ਬਾਣੀ ਸਹਜ ਧੁਨਾ ॥10॥ ਅੰਗ 1079"* । ਉਸ ਕਰਤਾਰ ਨੇ ਇਕ ਤਮਾਸ਼ਾ ਰਚਿਆ ਹੈ । ਅਨਹਦ ਬਾਣੀ ਰੂਪੀ ਸ਼ਬਦ ਨੂੰ ਸੁਣਾਇਆ ਹੈ । ਮਨਮੁੱਖ ਇਸਤੋਂ ਅਭੁੱਲ ਰਹਿੰਦੇ ਹਨ (ਭਾਵ ਇਸ ਬਾਣੀ ਨੂੰ ਸੁਣਦੇ ਨਹੀਂ!) ਤੇ ਗੁਰਮੁਖਾਂ ਨੂੰ ਪ੍ਰਭੂ ਇਸਦੀ ਸੋਝੀ ਬਖਸ਼ ਦਿੰਦਾ ਹੈ । *"ਤਿਨਿ ਕਰਤੈ ਇਕੁ ਚਲਤੁ ਉਪਾਇਆ ॥ ਅਨਹਦ ਬਾਣੀ ਸਬਦੁ ਸੁਣਾਇਆ ॥ ਮਨਮੁਖਿ ਭੂਲੇ ਗੁਰਮੁਖਿ ਬੁਝਾਇਆ ॥ ਅੰਗ 1154"* । ਅਨਹਤ ਬਾਣੀ ਨਿਰਾਲੇ (ਹਉਮੈ/ਮਾਇਆ ਰਹਿਤ) ਥਾਂ (ਹਿਰਦੇ) 'ਚ ਗੂੰਜਦੀ ਹੈ । ਜਿਸਦੀ ਧੁਨੀ ਸ੍ਰਿਸ਼ਟੀ ਦੇ ਪਾਲਣਹਾਰ ਪ੍ਰਭੂ ਨੂੰ ਮੋਂਹਦੀ ਹੈ । *"ਅਨਹਤ ਬਾਣੀ ਥਾਨੁ ਨਿਰਾਲਾ ॥ ਤਾ ਕੀ ਧੁਨਿ ਮੋਹੇ ਗੋਪਾਲਾ ॥2॥ ਅੰਗ 186"* । ਅਨਹਤ ਬਾਣੀ ਗੁਰੂ ਦੇ ਸ਼ਬਦ ਰਾਹੀਂ ਜਾਣੀ ਜਾਂਦੀ ਹੈ, ਇਸ ਨੂੰ ਜਾਣ ਕੇ ਹਰੀ ਨਾਮ ਦਾ ਰਸ ਮਾਣੋ । ਸਤਿਗੁਰੂ ਨਾਨਕ ਦੇਵ ਜੀ ਬਖਸ਼ਿਸ਼ ਕਰਦੇ ਹਨ ਕਿ ਸ੍ਰਿਸ਼ਟੀ ਦਾ ਕਰਨਹਾਰ ਪ੍ਰਭੂ ਆਪ ਆ ਕੇ ਮਿਲ ਪਿਆ; ਭਾਵ ਅਨਹਤ ਬਾਣੀ ਪ੍ਰਭੂ ਮਿਲਾਪ ਦਾ ਸਬੱਬ ਬਣਦੀ ਹੈ । *"ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ ॥ ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥34॥ ਅੰਗ 921"* । ਅਨਹਦ ਬਾਣੀ ਨੂੰ ਅਨਹਦ ਸ਼ਬਦ ਕਰਕੇ ਵੀ ਸੰਬੋਧਨ ਕੀਤਾ ਗਿਆ ਹੈ । ਇਹ ਸ਼ਬਦ ਦਸਵੇਂ (ਮੁਕਤੀ ਦੇ) ਦੁਆਰ ਤਾਂ ਵੱਜਦਾ (ਸੁਣਦਾ) ਹੈ ਜੇ ਨੌਂ ਦਰਵਾਜਿਆਂ 'ਚੋਂ ਧਿਆਨ ਖਿੱਚ ਕੇ ਦਸਵੇਂ ਦੁਆਰ 'ਚ ਇਕਾਗਰ ਕੀਤਾ ਜਾਵੇ । *"ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ॥3॥ ਅੰਗ 109"* । ਅਨਹਦ ਧੁਨ ਰੂਪੀ ਬਾਣੀ ਦੇ ਵਾਜੇ ਵੱਜਣ ਨਾਲ਼ ਸਦਾ ਥਿਰ ਪ੍ਰਭੂ ਦੇ ਦਰ ਤੇ ਸੋਭਾ ਮਿਲਦੀ ਹੈ । *"ਨਿਰਮਲ ਵਾਜੈ ਅਨਹਦ ਧੁਨਿ ਬਾਣੀ ਦਰਿ ਸਚੈ ਸੋਭਾ ਪਾਵਣਿਆ॥4॥ ਅੰਗ 121"* । ਜਿਹੜਾ ਆਪਣੇ ਹਿਰਦੇ-ਕਮਲ ਨੂੰ ਪ੍ਰਕਾਸ਼ ਕਰ ਕੇ ਸਦਾ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗਿਆ ਰਹਿੰਦਾ ਹੈ, ਉਹ ਆਪਣੇ ਅੰਦਰ ਅਨਹਦ ਸ਼ਬਦ ਵਜਾ ਲੈਂਦਾ ਹੈ । ਉਸਦਾ ਤਨ ਤੇ ਮਨ ਨਿਰਮਲ (ਹਉਮੈ ਰਹਿਤ) ਹੋ ਜਾਂਦਾ ਹੈ, ਉਸਦੀ ਬਾਣੀ ਨਿਰਮਲ ਹੋ ਜਾਂਦੀ ਹੈ ਤੇ ਉਹ ਸਦਾ ਥਿਰ ਪ੍ਰਭੂ ਵਿਚ ਸਮਾ ਜਾਂਦਾ ਹੈ ।

*"ਕਮਲੁ ਪ੍ਰਗਾਸਿ ਸਦਾ ਰੰਗਿ ਰਾਤਾ*
*ਅਨਹਦ ਸਬਦੁ ਵਜਾਇਆ ॥*
*ਤਨੁ ਮਨੁ ਨਿਰਮਲੁ ਨਿਰਮਲ ਬਾਣੀ*
*ਸਚੇ ਸਚਿ ਸਮਾਇਆ ॥3॥ ਅੰਗ 602"*

**ਬਾਕੀ ਹਿਸਾ ਅਗਲੇ ਹਫਤੇ**

ਪੰਜਾਬ ਟਾਈਮਜ਼
PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)
6 MONTHS ---- £105
1 YEAR ---- £205

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME..........
ADDRESS..........
..........POST CODE..........
TEL..........

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.
or call on / WHATSAPP NO : 07966 388 388
*www.panjabtimes.uk Email: Panjabtimes@aol.com*

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ–9


# 1699 ਦੀ ਵੈਸਾਖੀ ਇੱਕ ਅਲੌਕਿਕ ਸਫ਼ਰ

## ਨਿਰਮਲ ਪੰਥ ਤੋਂ ਖਾਲਸਾ ਪੰਥ ਤੱਕ

**ਡਾ: ਕਿਰਨਪ੍ਰੀਤ ਕੌਰ ਬਾਠ**



**ਇਸੇ ਚੇਤਨਾ ਨੂੰ ਦਸਵੇਂ ਜਾਮੇ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ 1699 ਦੀ ਵਿਸਾਖੀ ਨੂੰ ਪਰਿਭਾਸ਼ਿਤ ਕਰਦੇ ਹਨ, ਜਦ ਖ਼ਾਲਸੇ ਨੂੰ ਏਕ ਪਿਤਾ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਕੌਰ ਦੀ ਨਾਦੀ ਸੰਤਾਨ ਐਲਾਨ ਦਿੰਦੇ ਹਨ। ਇਹ ਇੱਕ ਕੌਮ, ਇੱਕ ਪਰਿਵਾਰ ਵਾਲ਼ੀ ਚੇਤਨਾ ਜੋ ਪੰਥ ਲਈ ਵੈਸਾਖੀ ਵਾਲ਼ੇ ਦਿਨ ਪ੍ਰਭਾਸ਼ਿਤ ਹੋਈ, ਉਸ ਦਾ ਦਿਸ਼ਾ–ਨਿਰਦੇਸ਼ ਜੋ ਗੁਰੂ ਨਾਨਕ ਸਾਹਿਬ ਨੇ ਕੀਤੇ ਅਤੇ ਤਿਆਰੀ ਗੁਰੂ ਅਮਰਦਾਸ ਸਾਹਿਬ ਨੇ ਕਰਵਾਈ, ਉਸ ਦਾ ਰੂਪ ਅਠਾਰ੍ਹਵੀਂ ਸਦੀ ਵਿੱਚ ਉਜਾਗਰ ਹੁੰਦਾ ਹੈ। ਸਿੱਖਾਂ ਦੇ ਵਿੱਚ ਜੋ ਆਪਸੀ ਭਾਈਚਾਰਕ ਸਾਂਝ ਖਿੜੀ ਅਤੇ ਜਿਸ ਸਾਂਝ ਨੇ ਉਹਨਾਂ ਨੂੰ ਘੋੜਿਆਂ ਦੀਆਂ ਕਾਠੀਆਂ ਤੋਂ ਮਹਿਲਾਂ ਦੇ ਰਾਜੇ ਬਣਾਇਆ, ਉਹ ਗੁਰੂ ਨਾਨਕ ਸਾਹਿਬ ਦੀ ਗੁਰਮੁਖ ਘੜਨ ਦੀ ਲੰਬੀ ਘਾਲਣਾ ਵਿੱਚੋਂ ਹੀ ਨਿਕਲ਼ਦੀ ਹੈ।**




ਪਿੱਛੇ ਜਿਹੇ ਇੱਕ ਬੁਲਾਰਾ ਪੱਛਮੀ ਦੇਸ਼ਾਂ ਦੀ ਮਹਾਨਤਾ ਦੱਸਦੇ ਹੋਏ ਇਹ ਕਹਿ ਰਿਹਾ ਸੀ ਕਿ ਅਸੀਂ ਲੰਗਰ ਲਾ ਕੇ ਮਹਾਨ ਬਣ ਜਾਂਦੇ ਹਾਂ, ਬਾਹਰਲੇ ਮੁਲਕ ਸਾਰਾ ਸਮਾਂ ਹੀ ਲੰਗਰ ਲਾਈ ਰੱਖਦੇ ਹਨ। ਉਹ ਆਪਣੇ ਲੋਕਾਂ ਨੂੰ ਦਵਾਈਆਂ ਵੀ ਮੁਫ਼ਤ ਦਿੰਦੇ ਨੇ, ਇਲਾਜ ਵੀ ਮੁਫ਼ਤ ਕਰਦੇ ਨੇ, ਬੱਚਿਆਂ ਦੀ ਪੜ੍ਹਾਈ ਵੀ ਮੁਫ਼ਤ ਕਰਵਾਉਂਦੇ ਨੇ। ਉਸ ਬੁਲਾਰੇ ਦਾ ਜ਼ੋਰ ਗੁਰੂ ਘਰ ਨੂੰ ਨੀਵਾਂ ਵਿਖਾਉਣ ਵਿੱਚ ਲੱਗਾ ਹੋਇਆ ਸੀ। ਮੈਨੂੰ ਉਸ ਦੀ ਬੁੱਧੀ ਉੱਤੇ ਹਾਸਾ ਵੀ ਆਇਆ ਅਤੇ ਤਰਸ ਵੀ। ਹਾਸਾ ਇਸ ਲਈ ਕਿ ਆਪਣੇ ਆਪ ਨੂੰ ਆਧੁਨਿਕ ਸਿੱਧ ਕਰਨ ਲਈ ਲੋਕ ਕੀ-ਕੀ ਪੈਂਤੜੇ ਵਰਤਦੇ ਹਨ, ਉਹ ਵੀ ਬਿਨਾ ਪੂਰਾ ਸੱਚ ਜਾਣੇ। ਤਰਸ ਇਸ ਲਈ ਕਿਉਂਕਿ ਉਹ ਕੋਈ ਗੈਰ ਨਹੀਂ ਆਪਣਾ ਹੀ ਸੀ, ਜੋ ਸ਼ਾਇਦ ਝੂਠ ਦੇ ਇਸ ਮਾਇਆ ਜਾਲ਼ ਵਿੱਚ ਫਸ ਗਿਆ ਹੈ। ਸੱਚ ਇਹ ਹੈ ਕਿ ਬਾਹਰਲੇ ਮੁਲਕਾਂ ਵਿੱਚ ਕੁਝ ਵੀ ਮੁਫ਼ਤ ਨਹੀਂ ਮਿਲਦਾ, ਤੁਹਾਡੀ ਕਮਾਈ ਦਾ ਇੱਕ ਮੋਟਾ ਹਿੱਸਾ ਟੈਕਸ ਦੇ ਰੂਪ ਵਿੱਚ ਚਲਾ ਜਾਂਦਾ ਹੈ, ਓਹੀ ਤੁਹਾਡੇ ਉੱਤੇ ਖ਼ਰਚ ਕੀਤਾ ਜਾਂਦਾ ਹੈ। (ਬਾਕੀ ਹਥਿਆਰਾਂ ਦੀ ਸਪਲਾਈ ਬਣਾਈ ਰੱਖਣ ਲਈ ਅਸਥਿਰਤਾ ਪੈਦਾ ਕਰੀ ਰੱਖਣਾ, ਛੋਟੇ ਦੇਸ਼ਾਂ ਦੀ ਪੂੰਜੀ ਆਪਣੇ ਕਾਬੂ ਵਿੱਚ ਰੱਖਣ ਜਿਹੇ ਹੋਰ ਵੀ ਕਈ ਗੋਰਖ-ਧੰਦੇ ਹਨ ਜੋ ਇਸ ਕਿਤਾਬਚੇ ਦੇ ਵਿਸ਼ਾ ਨਹੀਂ।)

ਪਰ ਗੁਰੂ ਨਾਨਕ ਸਾਹਿਬ ਦੇ ਉਪਦੇਸ਼ ਹੈ:

**ਘਾਲਿ ਖਾਇ ਕਿਛੁ ਹਥਹੁ ਦੇਇ ॥**
**ਨਾਨਕ ਰਾਹੁ ਪਛਾਣਹਿ ਸੇਇ ॥1॥**

(ਅੰਗ 1245)

ਇਸ ਨੂੰ ਅਮਲੀ ਜਾਮਾ ਪਵਾਉਂਦੇ ਗੁਰੂ ਅਮਰਦਾਸ ਸਾਹਿਬ ਜਦ ਦਸਵੰਧ ਦਾ ਸਿਧਾਂਤ ਦਿੰਦੇ ਹਨ ਤਾਂ ਉਹ ਸਿੱਖਾਂ ਨੂੰ ਕਿਰਤ ਕਮਾਈ ਕਰਨ ਅਤੇ ਉਸ ਸੁੱਚੀ ਕਿਰਤ ਵਿੱਚੋਂ ਦਸਵੰਧ ਕੌਮੀ ਖ਼ਜ਼ਾਨੇ ਦੇ ਰੂਪ ਵਿੱਚ ਭੇਟ ਕਰਨ ਨੂੰ ਕਹਿੰਦੇ ਹਨ। ਹੁਣ ਆਧੁਨਿਕ ਯੁੱਗ ਦਾ ਟੈਕਸ ਜਬਰੀ ਵਸੂਲ ਹੁੰਦਾ ਹੈ। ਤੁਸੀਂ ਮਰੋ ਜੀਵੋ, ਤੁਹਾਡੇ ਖ਼ਰਚੇ ਪੂਰੇ ਹੋਣ ਜਾਂ ਨਾ ਹੋਣ ਤੁਹਾਨੂੰ ਦੇਣਾ ਹੀ ਪਵੇਗਾ। ਕਮਾਈ ਕਰਨ ਵਾਲ਼ਿਆਂ ਨੂੰ ਇਸ ਦਾ ਕੋਈ ਬਹੁਤਾ ਲਾਭ ਨਹੀਂ ਮਿਲਦਾ, ਸਗੋਂ ਉਹ ਲੋਕ ਇਸ ਦਾ ਫਾਇਦਾ ਚੁੱਕਦੇ ਹਨ ਜੋ ਕਿਸੇ ਕਾਰਨਵੱਸ ਕੰਮ ਨਹੀਂ ਕਰਦੇ ਜਾਂ ਫਿਰ ਜੋ ਨੌਕਰੀ ’ਤੇ ਜਾਣ ਦੀ ਥਾਂ ਵਿਹਲੇ ਰਹਿਣਾ ਜ਼ਿਆਦਾ ਪਸੰਦ ਕਰਦੇ ਹਨ। ਐਂਡ੍ਰਿਊਡਨ ਦੇ ਇੱਕ ਲੇਖ ਵਿੱਚ ਇਹ ਸਿੱਧ ਕੀਤਾ ਗਿਆ ਹੈ ਕਿ ਐਸੇ ਲੋਕ ਨੌਕਰੀ ਨੂੰ ਲੈ ਕੇ ਬਹੁਤ ਚੁਣਵੇਂ ਹੋ ਜਾਂਦੇ ਹਨ। ਇਹ ਵੀ ਆਮ ਵੇਖਣ ਨੂੰ ਮਿਲਦਾ ਹੈ ਕਿ ਟੈਕਸ ਦੇਣ ਵਾਲ਼ੇ ਲੋਕ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰਦੇ ਹਨ। ਕਈ ਤਾਂ ਐਸੇ ਵੀ ਹਨ ਜੋ ਇਸੇ ਲਈ ਕੰਮ ਕਰਨ ਵਿੱਚ ਰੁੱਚੀ ਘਟਾ ਬੈਠਦੇ ਹਨ ਕਿਉਂਕਿ ਓਹਨਾਂ ਦੇ ਸਾਹਮਣੇ ਲਾਭ ਸਕੀਮ ਉੱਤੇ ਜਿਊਣ ਵਾਲ਼ੇ ਜ਼ਿਆਦਾ ਪੈਸੇ ਵਿਹਲੇ ਬੈਠ ਲੈ ਰਹੇ ਹੁੰਦੇ ਹਨ। ਸੋ

(Dunn, Andrew. 'The 'choosiness' of the unemployed: evidence on voluntary unemployment in the UK', (22 July 2015) London School of Economics. The 'choosiness' of the unemployed: evidence on voluntary unemployment in the UK | British Politics and Policy at LSE.)

ਇਹੋ ਜਿਹਾ ਢਾਂਚਾ ਕਿਸੇ ਤਰ੍ਹਾਂ ਵੀ ਕਿਰਤ ਨੂੰ ਉਤਸ਼ਾਹਿਤ ਨਹੀਂ ਕਰਦਾ ਅਤੇ ਨਾ ਹੀ ਕਿਸੇ ਤਰ੍ਹਾਂ ਸਮਾਜਿਕ ਸੰਤੁਲਨ ਬਣਾਉਂਦਾ ਹੈ। ਇਸ ਜਬਰਦਸਤੀ ਦੇ ਢਾਂਚੇ ਦੇ ਉਲ਼ਟ ਗੁਰੂ ਘਰ ਵਿੱਚ ਦਸਵੰਧ ਦਾ ਸਿਧਾਂਤ ਹੈ। ਜਿਸ ਦੀ ਜਿੰਨੀ ਆਮਦਨ ਉਸ ਹਿਸਾਬ ਨਾਲ਼ ਆਪਣੀ ਮਰਜੀ ਨਾਲ਼ ਦਸਵੰਧ ਕੱਢਣਾ, ਜੇ ਕਿਤੇ ਨਾ ਵੀ ਨਿਕਲ਼ੇ ਤਾਂ ਕੋਈ ਦੰਡ ਨਹੀਂ, ਕੋਈ ਜਬਰਦਸਤੀ ਨਹੀਂ। ਹਰ ਸਿੱਖ ਦਸਵੰਧ ਕੱਢਦੇ ਸਮੇਂ ਇਹ ਅਹਿਸਾਸ ਕਰਦਾ ਸੀ ਕਿ ਇਹ ਮਾਇਆ ਗੁਰੂ ਦੇ ਲੰਗਰ ਲਈ, ਗੁਰੂ ਨਾਨਕ ਦੇ ਮਿਸ਼ਨ ਲਈ ਤਾਂ ਇਸਤੇਮਾਲ ਹੋਣੀ ਹੀ ਹੈ ਪਰ ਜ਼ਰੂਰਤਮੰਦ ਸਿੱਖਾਂ ਲਈ ਵੀ ਇਸਤੇਮਾਲ ਹੋਣੀ ਹੈ। ਦਸਵੰਧ ਦਾ ਸਿਧਾਂਤ ਸਿੱਖਾਂ ਲਈ ਟੈਕਸ ਵਾਂਗ ਬੋਝ ਨਾ ਬਣ, ਸਗੋਂ ਆਪਣੇ ਪਰਿਵਾਰ ਲਈ ਇੱਕ ਜ਼ਿੰਮੇਵਾਰੀ ਵਾਂਗ ਬਣ ਗਿਆ। ਜ਼ਿੰਮੇਵਾਰੀ ਦੇ ਇਸੇ ਅਹਿਸਾਸ ਨੂੰ ਸਿੱਖਾਂ ਨੇ ਇੱਕ ਕੌਮੀਅਤ ਵਿੱਚ ਬੰਨ੍ਹਿਆ।

**‘ਏਕੁ ਪਿਤਾ ਏਕਸ ਕੇ ਹਮ ਬਾਰਿਕ**
**ਤੂ ਮੇਰਾ ਗੁਰ ਹਾਈ ॥’ (ਅੰਗ 612)**

ਨੂੰ ਅਮਲੀ ਤੌਰ ’ਤੇ ਸਿੱਖਾਂ ਦੀ ਚੇਤਨਾ ਵਿੱਚ ਉਤਾਰਨ ਖ਼ਾਤਰ ਇਹ ਸਿਧਾਂਤ ਸਭ ਤੋਂ ਵੱਧ ਸਹਾਈ ਸਿੱਧ ਹੋਇਆ ਹੋਵੇਗਾ, ਕਿਉਂਕਿ ਇਨਸਾਨੀ ਸੱਭਿਅਤਾ ਦੀ ਨਿਸ਼ਾਨੀ ਹੈ ਕਿ ਮਾਇਆ ਮੋਹਣੀ ਹੈ ਅਤੇ ਇਸ ਤੋਂ ਵੱਖ ਇਨਸਾਨ ਸਿਰਫ਼ ਆਪਣੇ ਪਰਿਵਾਰ ਖ਼ਾਤਿਰ ਹੀ ਹੋ ਸਕਦਾ ਹੈ। ਨਹੀਂ ਤਾਂ ਇੱਕ ਲੁਟੇਰਾ ਵੀ ਬਾਹਰ ਕਿਸੇ ਦਾ ਗਲ਼ਾ ਕੱਟ ਕੇ ਪੈਸੇ ਲੁੱਟ ਕੇ ਲਿਆਉਂਦਾ ਹੈ ਅਤੇ ਘਰ ਆ ਆਪਣੇ ਪਰਿਵਾਰ ਉੱਤੇ ਲੁਟਾ ਦਿੰਦਾ ਹੈ। ਵੇਖਿਆ ਜਾਵੇ ਤਾਂ ਬਾਹਰ ਵੀ ਇਨਸਾਨ ਹੀ ਸੀ, ਜਿਨ੍ਹਾਂ ਦਾ ਗਲ਼ਾ ਉਸ ਨੇ ਕੱਟਿਆ ਅਤੇ ਪੈਸੇ ਲੁਟੇ, ਘਰ ਵੀ ਇਨਸਾਨ ਹੀ ਨੇ ਜਿਨ੍ਹਾਂ ਕੋਲ਼ੋਂ ਖ਼ੁਸ਼ੀ-ਖ਼ੁਸ਼ੀ ਆਪ ਲੁੱਟ ਹੋ ਗਿਆ। ਫ਼ਰਕ ਸਿਰਫ਼ ਐਨਾ ਸੀ ਕਿ ਬਾਹਰ ਵਾਲ਼ੇ ਉਸ ਦਾ ਪਰਿਵਾਰ ਨਹੀਂ ਸੀ, ਉਸ ਦੇ ਪਰਿਵਾਰ ਦਾ ਹਿੱਸਾ ਨਹੀਂ ਸੀ। ਗੁਰੂ ਨਾਨਕ ਸਾਹਿਬ ਨੇ ਜਦ ਸੱਜਣ ਠੱਗ ਨੂੰ ਸਮਝਾਇਆ ਹੋਵੇਗਾ ਤਾਂ ਉਸ ਨੂੰ ਉਹ ਅੱਖ ਹੀ ਦਿੱਤੀ ਹੋਵੇਗੀ ਜਿਸ ਨਾਲ਼ ਉਹ ਲੋਕਾਈ ਨੂੰ ‘ਏਕ ਪਿਤਾ ਏਕਸ ਕੇ ਹਮ ਬਾਰਿਕ’ ਕਰ ਵੇਖ ਸਕਿਆ ਹੋਵੇਗਾ।

ਇਸੇ ਚੇਤਨਾ ਨੂੰ ਦਸਵੇਂ ਜਾਮੇ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ 1699 ਦੀ ਵਿਸਾਖੀ ਨੂੰ ਪਰਿਭਾਸ਼ਿਤ ਕਰਦੇ ਹਨ, ਜਦ ਖ਼ਾਲਸੇ ਨੂੰ ਏਕ ਪਿਤਾ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਕੌਰ ਦੀ ਨਾਦੀ ਸੰਤਾਨ ਐਲਾਨ ਦਿੰਦੇ ਹਨ। ਇਹ ਇੱਕ ਕੌਮ, ਇੱਕ ਪਰਿਵਾਰ ਵਾਲ਼ੀ ਚੇਤਨਾ ਜੋ ਪੰਥ ਲਈ ਵੈਸਾਖੀ ਵਾਲ਼ੇ ਦਿਨ ਪ੍ਰਭਾਸ਼ਿਤ ਹੋਈ, ਉਸ ਦਾ ਦਿਸ਼ਾ–ਨਿਰਦੇਸ਼ ਜੋ ਗੁਰੂ ਨਾਨਕ ਸਾਹਿਬ ਨੇ ਕੀਤੇ ਅਤੇ ਤਿਆਰੀ ਗੁਰੂ ਅਮਰਦਾਸ ਸਾਹਿਬ ਨੇ ਕਰਵਾਈ, ਉਸ ਦਾ ਰੂਪ ਅਠਾਰ੍ਹਵੀਂ ਸਦੀ ਵਿੱਚ ਉਜਾਗਰ ਹੁੰਦਾ ਹੈ। ਸਿੱਖਾਂ ਦੇ ਵਿੱਚ ਜੋ ਆਪਸੀ ਭਾਈਚਾਰਕ ਸਾਂਝ ਖਿੜੀ ਅਤੇ ਜਿਸ ਸਾਂਝ ਨੇ ਉਹਨਾਂ ਨੂੰ ਘੋੜਿਆਂ ਦੀਆਂ ਕਾਠੀਆਂ ਤੋਂ ਮਹਿਲਾਂ ਦੇ ਰਾਜੇ ਬਣਾਇਆ, ਉਹ ਗੁਰੂ ਨਾਨਕ ਸਾਹਿਬ ਦੀ ਗੁਰਮੁਖ ਘੜਨ ਦੀ ਲੰਬੀ ਘਾਲਣਾ ਵਿੱਚੋਂ ਹੀ ਨਿਕਲ਼ਦੀ ਹੈ। ਪੜਾਅ-ਦਰ-ਪੜਾਅ ਇੱਕ ਕੌਮੀਅਤ ਦਾ ਜਜ਼ਬਾ ਜੋ ਪੰਥ ਵਿੱਚ ਉਜਾਗਰ ਹੋਇਆ, ਉਸੇ ਨੇ ਉਹ ਇਤਿਹਾਸ ਸਿਰਜਿਆ ਜੋ ਅੱਜ ਵੀ ਆਮ ਲੋਕਾਂ ਲਈ ਹੈਰਾਨੀਜਨਕ ਚਮਤਕਾਰ ਤੋਂ ਘੱਟ ਨਹੀਂ :

ਕਬਿਤ॥ ਕਪੂਰ ਸਿੰਘ, ਜੱਸਾ ਸਿੰਘ, ਸ਼ਿਆਮ ਸਿੰਘ, ਸੁੱਖਾ ਸਿੰਘ ਹਰ ਚੜ੍ਹਤ ਸਿੰਘ ਹਰੀ ਸਿੰਘ ਸੂਰਮੇ ਉਪਾਰ ਥੇ। ਜੈ ਸਿੰਘ ਜਸਾ ਸਿੰਘ, ਦੀਪ ਸਿੰਘ, ਨਥਾ ਸਿੰਘ, ਗੁਜਰ ਸਿੰਘ, ਹੀਰਾ ਸਿੰਘ ਆਦਿ ਜਥੇਦਾਰ ਥੇ॥ ਸੰਗਤ, ਗੁਲਾਬ ਸਿੰਘ ਹੋਰ ਸੀ ਬਥੇਰੇ ਆਹੇ ਏਕਾ ਇਤਫ਼ਾਕ ਬੜਾ ਰਖਦੇ ਪਿਆਰ ਥੇ। ਜਾਤ, ਪਾਤ, ਦੇਸ ਵਿੱਚ ਵਿਥ ਦਰਯਾਵਾਂ ਦੀ ਕਰਤਾਰ ਸਿੰਘਾ ਐਬ ਇਹ ਨ ਪੰਥ ਵਿਚਘਾਰ ਥੇ॥ ਕ:॥ ਜਾਤ ਇਕਾ ਪਾਤ ਇਕਾ ਪਿਤਾ ਅਰ ਮਾਤ ਇਕਾ ਇੱਕੋ ਪਰਵਾਰ ਸਿੰਘ ਦੂਈ ਨ ਸੀ ਧਾਰਤੇ। ਦੇਸ ਇੱਕੋ ਭੇਸ ਇੱਕੋ ਸੁਖ ਤੇ ਕਲੇਸ਼ ਇੱਕੋ ਲਜਲੀਹ ਇੱਕੋ ਇੱਕ ਪਤਸੀ ਉਚਾਰਤੇ॥ ਨਾਤਾ ਗੁਰਸਿਖੀ ਦਾ ਸੀ ਜਾਤਾ ਇੱਕੋ ਖਾਲਸੇ ਨੇ ਸਕਿਆਂ ਭਰਾਵਾਂ ਵਾਂਗੂ ਮਿਲਦੇ ਪਿਆਰ ਸੇ। ਜਾਤ, ਪਾਤ, ਗੌਤ, ਦੇਸ, ਵਿੱਚ ਦਰਯਾਵਾਂ ਦੀ ਕਰਤਾਰ ਸਿੰਘਾਂ ਐਬ ਏਹ ਨ ਪੰਥ ਵਿਚਕਾਰ ਥੇ॥

ਕਬਿਤ॥ ਇੱਕ ਦੂਜੇ ਤਾਈਂ ਭਾਈ ਭਾਈ ਕਹਿ ਪੁਕਾਰ ਦੇ ਸੀ ਭਾਈ ਬਣ ਠੀਕ ਜਾਨ ਦੂਏ ਤੇ ਸੀ ਵਾਰਤੇ। ਇੱਕ ਦੇ ਪਸੀਨੇ ਥਾਂ ਖੂਨ ਦੁਆ ਡੁਲਦਾ ਸੀ ਦੁਖ ਸੁਖ ਬਣੇ ਤਾਈਂ ਕਠੇ ਹੋ ਸਹਾਰਤੇ। ਸਿਖ ਤਾਈਂ ਸਿਖ ਰੂਪ ਗੁਰੂ ਦਾ ਹੀ ਜਾਣਦਾ ਸੀ ਮੰਦੀ ਗਲ ਦੂਸਰੇ ਨੂੰ ਕਦੇ ਨਾ ਉਚਾਰਤੇ। ਦਗਾ ਤੇ ਫਰੇਬ ਫੁਟ ਈਰਖਾ ਕਰਤਾਰ ਸਿੰਘਾ ਓਹਨੀ ਦਿਨੀਂ ਐਬ ਨ ਪੰਥ ਵਿਚਘਾਰ ਥੇ।

ਪਹਿਲੇ ਪੰਗਤ ਪਾਛੇ ਸੰਗਤ:

ਜਦੋਂ ਗੁਰੂ ਅਮਰਦਾਸ ਸਾਹਿਬ ਨੂੰ ਮਿਲ਼ਣ ਅਕਬਰ ਆਉਂਦਾ ਹੈ ਤਾਂ ਗੁਰੂ ਨਾਨਕ ਸਾਹਿਬ ਦਾ ਸਿਧਾਂਤ :

***ਏਕੋ ਤਖਤੁ ਏਕੋ ਪਾਤਿਸਾਹੁ ॥***
***ਸਰਬੀ ਥਾਈ ਵੇਪਰਵਾਹੁ ॥***

(ਅੰਗ 1188)

ਨੂੰ ਹੀ ਸਿੱਖ ਸੰਗਤਾਂ ਨੂੰ ਅਭਿਆਸ ਕਰਵਾਉਂਦੇ ਹੋਏ ਅਕਬਰ, ਜੋ ਕਿ ਓਸ ਵੇਲ਼ੇ ਦੇ ਇੱਕ ਖਿੱਤੇ ਵਿੱਚ ਦੁਨਿਆਵੀ ਤਖ਼ਤ ’ਤੇ ਬੈਠਾ ਸੀ, ਨੂੰ ਨਾ ਤਾਂ ਮਿਲ਼ਣ ਆਉਂਦੇ ਹਨ ਅਤੇ ਨਾ ਹੀ ਉਸ ਨੂੰ ਕੋਈ ਵਿਸ਼ੇਸ਼ ਧਿਆਨ ਦਿੰਦੇ ਹਨ। ਸਗੋਂ ਉਸ ਨੂੰ ਵੀ ਪਹਿਲੇ ਲੰਗਰ ਪਾਛੇ ਸੰਗਤ ਦਾ ਹੁਕਮ ਦਿੰਦੇ ਹਨ। ਹੁਣ ਇੱਥੇ ਸਮਝਣ ਵਾਲ਼ੀ ਗੱਲ ਇਹ ਹੈ ਕਿ ਅਕਬਰ ਤਾਂ ਆਪਣੇ ਆਪ ਵਿੱਚ ਬਾਦਸ਼ਾਹ ਸੀ। ਸੋ ਨਾ ਤਾਂ ਉਹ ਭੁੱਖਾ ਹੋਵੇਗਾ ਕਿ ਉਸ ਨੂੰ ਪ੍ਰਸ਼ਾਦਾ ਛਕਾਇਆ ਜਾਏ ਅਤੇ ਨਾ ਹੀ ਉਸ ਕੋਲ਼ ਕਿਸੇ ਪਦਾਰਥ ਦੀ ਕਮੀ ਹੋਵੇਗੀ, ਫਿਰ ਗੁਰੂ ਸਾਹਿਬ ਨੇ ਉਸ ਨੂੰ ਲੰਗਰ ਛਕਣ ਲਈ ਕਿਉਂ ਕਿਹਾ? ਇਸ ਦਾ ਸਰਲ ਉੱਤਰ ਏਹੀ ਹੈ ਕਿ ਗੁਰੂ ਨਾਨਕ ਸਾਹਿਬ ਦਾ ਲੰਗਰ ਸਿਰਫ਼ ਰੋਟੀ ਮਾਤਰ ਨਹੀਂ ਹੈ, ਜੋ ਆਪਾਂ ਅੱਜ ਬਣਾ ਲਿਆ, ਬਲਕਿ ਗੁਰੂ ਨਾਨਕ ਸਾਹਿਬ ਦੇ ਲੰਗਰ ਦੀ ਮਰਿਆਦਾ ਸਮਾਜ ਵਿੱਚੋਂ ਹਰ ਤਰ੍ਹਾਂ ਦੀ ਵੰਡੀ ਮੁਕਾਉਣ ਲਈ ਹੈ। ਕੋਈ ਰਾਜਾ ਹੋਵੇ, ਭਿਖਾਰੀ ਹੋਵੇ, ਕਿਸੇ ਕੁੱਲ ਵਿੱਚ ਜੰਮਿਆ ਹੋਵੇ, ਔਰਤ ਹੋਵੇ ਜਾਂ ਮਰਦ; ਸਭ ਨੂੰ ਇੱਕੋ ਪੰਗਤ ਵਿੱਚ ਬੈਠ, ਭਾਵ ਕਿ ਆਪਣੇ ਮਨ ਵਿੱਚੋਂ ਵੰਡੀਆਂ ਤਿਆਗ ਇੱਕੋ ਥਾਂ ਭੋਜਨ ਛਕਣਾ ਹੋਵੇਗਾ, ਗੁਰੂ ਦੇ ਦਰਸ਼ਨ ਉਸ ਤੋਂ ਬਾਅਦ ਹੀ ਹੋ ਸਕਦੇ ਹਨ।

ਚਲਦਾ.....

# 24 ਜੁਲਾਈ ਨੂੰ ਬਰਸੀ 'ਤੇ ਵਿਸ਼ੇਸ਼
# ਜੁਝਾਰੂ ਸਿੱਖ ਆਗੂ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ

## ਗੁਰਪੁਰਬ ਤੇ ਵਿਸ਼ੇਸ਼




– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com


ਜਲ੍ਹਿਆਂਵਾਲੇ ਬਾਗ ਦੇ ਖ਼ੂਨੀ ਸਾਕੇ ਤੋਂ ਪਹਿਲਾਂ ਅਜਿਹਾ ਹੀ ਇਕ ਹੋਰ ਖ਼ੂਨੀ ਸਾਕਾ ਹਿੰਦੁਸਤਾਨ ਦੀ ਧਰਤੀ 'ਤੇ ਵਾਪਰਿਆ। ਇਸ ਸਾਕੇ ਨੂੰ ਬਜਬਜਘਾਟ ਦੇ ਖ਼ੂਨੀ ਸਾਕੇ ਵਜੋਂ ਹਰ ਦੇਸ਼ ਵਾਸੀ ਯਾਦ ਕਰਦਾ ਹੈ। ਇਹ ਖ਼ੂਨੀ ਸਾਕਾ ਹੁਗਲੀ ਨਦੀ ਦੇ ਕਿਨਾਰੇ ਬਜਬਜਘਾਟ ਨਾਂਅ ਦੀ ਬੰਦਰਗਾਹ 'ਤੇ 29 ਸਤੰਬਰ, 1914 ਨੂੰ ਵਾਪਰਿਆ। ਇਸ ਖ਼ੂਨੀ ਸਾਕੇ ਸਮੇਂ ਜਿਸ ਜੁਝਾਰੂ ਸਿੱਖ ਆਗੂ ਦੀ ਅਗਵਾਈ ਵਿੱਚ ਸ਼ਹੀਦ ਹੋਣ ਵਾਲੇ ਸ਼ਹੀਦਾਂ ਨੇ ਦੇਸ਼ ਦੀ ਅਜ਼ਾਦੀ ਲਈ ਨਵੀਂ ਚੇਤਨਾ ਪੈਦਾ ਕਰਨ ਲਈ ਕੁਰਬਾਨੀਆਂ ਦਿੱਤੀਆਂ, ਉਸ ਮਹਾਨ ਸਿੱਖ ਆਗੂ ਨੂੰ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਦੇ ਨਾਂਅ ਨਾਲ ਹਰ ਬਸ਼ਰ ਯਾਦ ਕਰਦਾ ਹੈ। ਬਾਬਾ ਗੁਰਦਿੱਤ ਸਿੰਘ ਦਾ ਜਨਮ ਪਿੰਡ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ 1861 ਈ: ਨੂੰ ਹੋਇਆ। ਇਨ੍ਹਾਂ ਦੇ ਪਿਤਾ ਜੀ ਸ. ਹੁਕਮ ਸਿੰਘ ਸੰਧੂ ਖੇਤੀਬਾੜੀ ਦਾ ਧੰਦਾ ਕਰਦੇ ਸਨ। ਬਾਬਾ ਜੀ ਨੇ ਮੁੱਢਲੀ ਸਿੱਖਿਆ ਤੋਂ ਪਿੱਛੋਂ ਪਿਤਾ ਪੁਰਖੀ ਕਿੱਤਾ ਖੇਤੀਬਾੜੀ ਆਰੰਭ ਕੀਤਾ। ਪਰ ਇਹ ਕਿੱਤਾ ਲਾਭਕਾਰੀ ਨਹੀਂ ਸੀ। ਬਾਬਾ ਜੀ ਦੇ ਮਨ ਵਿੱਚ ਵਿਉਪਾਰ ਕਰਨ ਦੀ ਲਗਨ ਸੀ। ਇਸੇ ਲਗਨ ਨੂੰ ਲੈ ਕੇ ਬਾਬਾ ਜੀ ਪਹਿਲਾਂ ਮਲਾਇਆ ਪਹੁੰਚੇ ਤੇ ਇਸ ਤੋਂ ਪਿੱਛੋਂ ਹਾਂਗਕਾਂਗ ਚਲੇ ਗਏ। ਬਾਬਾ ਜੀ ਨੇ ਵਪਾਰ ਕਰਨ ਦੇ ਆਸ਼ੇ ਨੂੰ ਮੁੱਖ ਰੱਖ ਕੇ ਕੁਝ ਸਮੇਂ ਲਈ ਠੇਕੇਦਾਰੀ ਦਾ ਕਿੱਤਾ ਕੀਤਾ। ਥੋੜ੍ਹਾ ਸਮਾਂ ਠੇਕੇਦਾਰੀ ਕਰਨ ਤੋਂ ਪਿੱਛੋਂ ਉਨ੍ਹਾਂ ਇਕ ਸਮੁੰਦਰੀ ਜਹਾਜ਼ ਕਾਮਾਗਾਟਾਮਾਰੂ ਕਿਰਾਏ 'ਤੇ ਲੈ ਲਿਆ।

ਬਾਬਾ ਜੀ ਬੜੀ ਤੇਜ਼-ਤਰਾਰ ਬਾਣੀ ਦੇ ਮਾਲਕ ਸਨ। ਉਨ੍ਹਾਂ ਦੇ ਮਨ ਵਿੱਚ ਪੰਜਾਬੀਆਂ ਅਤੇ ਵਿਸ਼ੇਸ਼ ਕਰਕੇ ਸਿੱਖਾਂ ਦੀ ਆਰਥਿਕ ਮੰਦਹਾਲੀ ਦਾ ਦੁੱਖ ਅਤੇ ਗੁਲਾਮੀ ਹੋਣ ਦੀ ਲਾਹਨਤ ਤੋਂ ਇਲਾਵਾ ਅੰਗ੍ਰੇਜ਼ ਸਰਕਾਰ ਦੀ ਲੁੱਟ-ਖਸੁੱਟ ਦੀ ਮਾਰੂ ਨੀਤੀ ਘਰ ਕਰ ਚੁੱਕੀ ਸੀ। ਉਨ੍ਹਾਂ ਸਾਂਝੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ 376 ਮੁਸਾਫਰਾਂ ਸਮੇਤ ਇਸ ਜਹਾਜ਼ ਨੂੰ ਕੈਨੇਡਾ ਲਿਜਾਣ ਦਾ ਪ੍ਰੋਗਰਾਮ ਬਣਾਇਆ। ਇਨ੍ਹਾਂ ਮੁਸਾਫਰਾਂ ਵਿੱਚ ਕੇਵਲ 30 ਗੈਰ ਸਿੱਖ ਯਾਤਰੂ ਸਨ, ਬਾਕੀ ਸਾਰੇ ਸਿੱਖ ਹੀ ਸਨ। ਉਨ੍ਹਾਂ ਇਸ ਜਹਾਜ਼ ਦਾ ਨਾਂਅ ਕਾਮਾਗਾਟਾਮਾਰੂ ਦੀ ਥਾਂ 'ਤੇ ਗੁਰੂ ਨਾਨਕ ਜਹਾਜ਼ ਰੱਖਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਇਸ ਜਹਾਜ਼ ਵਿੱਚ ਕੀਤਾ। ਵਪਾਰਕ ਨਜ਼ਰੀਏ ਨਾਲ ਕੁਝ ਕੋਲਾ ਵੀ ਇਸ ਜਹਾਜ਼ ਵਿੱਚ ਭਰਿਆ ਗਿਆ। ਜਹਾਜ਼ ਨੂੰ ਰਵਾਨਾ ਕਰਨ ਤੋਂ ਪਹਿਲਾਂ ਇਥੇ ਹਕੂਮਤ ਕਰ ਰਹੀ ਅੰਗ੍ਰੇਜ਼ ਸਰਕਾਰ ਨੇ ਬਹੁਤ ਸਾਰੀਆਂ ਰੁਕਾਵਟਾਂ ਪਾਈਆਂ। ਇਨ੍ਹਾਂ ਸਾਰੀਆਂ ਤੰਗੀਆਂ ਤੁਰਸ਼ੀਆਂ ਨੂੰ ਝਲਦਿਆਂ ਆਖਰ ਇਹ ਜਹਾਜ਼ ਹਾਂਗਕਾਂਗ ਤੋਂ ਵੈਨਕੂਵਰ ਲਈ 4 ਅਪ੍ਰੈਲ, 1914 ਈ: ਰਵਾਨਾ ਹੋਇਆ। ਸਮੁੰਦਰੀ ਸਫ਼ਰ ਤੈਅ ਕਰਕੇ 22 ਮਈ, 1914 ਈ: ਨੂੰ ਇਹ ਜਹਾਜ਼ ਵੈਨਕੂਵਰ (ਕੈਨੇਡਾ) ਪਹੁੰਚਿਆ, ਪਰ ਇਸ ਜਹਾਜ਼ ਨੂੰ ਬੰਦਰਗਾਹ ਤੋਂ ਪਿੱਛੋਂ ਹੀ ਰੋਕ ਲਿਆ ਗਿਆ। ਇਸ ਜਹਾਜ਼ ਵਿੱਚ ਸਫ਼ਰ ਕਰ ਰਹੇ ਮੁਸਾਫਰਾਂ ਵਿੱਚੋਂ ਕੇਵਲ ਉਨ੍ਹਾਂ ਨੂੰ ਹੀ ਉਤਰਨ ਦੀ ਆਗਿਆ ਦਿੱਤੀ ਗਈ, ਜਿਹੜੇ ਕੈਨੇਡਾ ਦੀ ਨਾਗਰਿਕਤਾ ਸਿੱਧ ਕਰ ਸਕੇ। ਬਾਕੀ ਸਾਰੇ ਮੁਸਾਫਿਰ ਲਗਪਗ ਦੋ ਮਹੀਨੇ (23 ਜੁਲਾਈ) ਤੱਕ ਸਮੁੰਦਰ ਵਿੱਚ ਸਖ਼ਤ ਪਹਿਰੇ ਹੇਠ ਰੋਕੀ ਰੱਖੇ। ਇਨ੍ਹਾਂ ਦੋ ਮਹੀਨਿਆਂ ਦੌਰਾਨ ਸਮੁੰਦਰੀ ਜਹਾਜ਼ ਵਿੱਚ ਰਾਸ਼ਨ ਆਦਿ ਵੀ ਖਤਮ ਹੋ ਗਿਆ। ਸਮੁੰਦਰ ਵਿੱਚ ਰਹਿਣ ਕਰਕੇ ਬਹੁਤ ਸਾਰੇ ਮੁਸਾਫਿਰ ਅਨੇਕਾਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਗਏ।

ਅਨੇਕਾਂ ਕਠਿਨਾਈਆਂ ਤੇ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਇਹ ਮੁਸਾਫਿਰ 29 ਸਤੰਬਰ, 1914 ਈ: ਵਿਖੇ ਬਾਬਾ ਜੀ ਦੀ ਅਗਵਾਈ ਵਿੱਚ ਹੁਗਲੀ ਬੰਦਰਗਾਹ 'ਤੇ ਪਹੁੰਚੇ। ਇਸ ਘਾਟ ਦਾ ਨਾਂਅ ਬਜਬਜਘਾਟ ਵਜੋਂ ਜਾਣਿਆ ਜਾਂਦਾ ਹੈ। ਭਾਰਤ ਵਿੱਚ ਰਾਜ ਕਰ ਰਹੀ ਅੰਗ੍ਰੇਜ਼ ਸਰਕਾਰ ਨੂੰ ਇਹ ਸਾਰੇ ਮਰਜੀਵੜੇ ਵਿਦਰੋਹੀ ਨਜ਼ਰ ਆਉਂਦੇ ਸਨ, ਕਿਉਂਕਿ ਲਗਪਗ ਸਾਢੇ ਪੰਜ ਮਹੀਨੇ ਪਿੱਛੋਂ ਇਹ ਭਾਰਤੀ ਬੰਦਰਗਾਹ 'ਤੇ ਪੁੱਜੇ ਸਨ। ਇਨ੍ਹਾਂ ਨੂੰ ਜਹਾਜ਼ ਤੋਂ ਉਤਰਨ ਤੋਂ ਪਹਿਲਾਂ ਸਾਰੇ ਜਹਾਜ਼ ਦੀ ਤਲਾਸ਼ੀ ਲਈ ਗਈ। ਸਰਕਾਰ ਨੇ ਫੈਸਲਾ ਕੀਤਾ ਕਿ ਇਨ੍ਹਾਂ ਭੁੱਖ ਅਤੇ ਬਿਮਾਰੀਆਂ ਤੋਂ ਤੰਗ ਆਏ ਸਾਰੇ ਬਾਕੀ ਮੁਸਾਫਿਰਾਂ ਨੂੰ ਇਕ ਬੰਦ ਰੇਲ ਗੱਡੀ ਰਾਹੀਂ ਪੰਜਾਬ ਭੇਜਿਆ ਜਾਵੇ। 17 ਮੁਸਲਮਾਨ ਮੁਸਾਫਿਰ ਸਰਕਾਰ ਦਾ ਹੁਕਮ ਮੰਨ ਕੇ ਗੱਡੀ ਵਿੱਚ ਸਵਾਰ ਹੋ ਗਏ, ਬਾਕੀ ਸਾਰੇ ਮੁਸਾਫਿਰ ਜੁਝਾਰੂ ਸਿੱਖ ਆਗੂ ਬਾਬਾ ਗੁਰਦਿੱਤ ਸਿੰਘ ਦੀ ਅਗਵਾਈ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਨੂੰ ਲੈ ਕੇ ਸਟੇਸ਼ਨ ਵੱਲ ਨੂੰ ਜਲੂਸ ਦੀ ਸ਼ਕਲ ਵਿੱਚ ਪੈਦਲ ਚੱਲ ਪਏ। ਉਨ੍ਹਾਂ ਪਲੇਟਫਾਰਮ 'ਤੇ ਬੈਠ ਕੇ ਰਹਿਰਾਸ ਸਾਹਿਬ ਦਾ ਪਾਠ ਆਰੰਭ ਕੀਤਾ। ਏਨੇ ਨੂੰ ਫੌਜ ਅਤੇ ਪੁਲਸ ਦੀਆਂ ਟੁੱਕੜੀਆਂ ਨੇ ਇਨ੍ਹਾਂ ਜੁਝਾਰੂ ਪੰਜਾਬੀਆਂ ਉੱਤੇ ਗੋਲੀਆਂ ਦੀ ਬੁਛਾੜ ਸ਼ੁਰੂ ਕਰ ਦਿੱਤੀ। ਸਰਕਾਰੀ ਰਿਕਾਰਡ ਮੁਤਾਬਿਕ 16 ਮੁਸਾਫਿਰ ਸ਼ਹਾਦਤ ਦਾ ਜਾਮ ਪੀ ਗਏ, 25 ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਇਸ ਬਜਬਜਘਾਟ ਦੇ ਖ਼ੂਨੀ ਸਾਕੇ ਨੇ ਦੇਸ਼ ਭਗਤਾਂ ਅੰਦਰ ਅਜ਼ਾਦੀ ਦੀ ਲਹਿਰ ਨੂੰ ਹੋਰ ਤਿੱਖਾ ਕੀਤਾ।

ਇਸ ਖ਼ੂਨੀ ਸਾਕੇ ਸਮੇਂ ਬਾਬਾ ਗੁਰਦਿੱਤ ਸਿੰਘ ਆਪਣੇ ਹੋਰ 28 ਸਾਥੀਆਂ ਸਮੇਤ ਉਸ ਜਗ੍ਹਾ ਤੋਂ ਬੱਚ ਕੇ ਨਿਕਲ ਜਾਣ ਵਿੱਚ ਕਾਮਯਾਬ ਹੋ ਗਏ। ਇਹ ਜੁਝਾਰੂ ਬਾਬਾ ਛੇਅ



ਸਾਲ ਤੱਕ ਗੁਪਤ ਵਾਸ ਵਿੱਚ ਰਿਹਾ। ਇਸ ਤੋਂ ਪਿੱਛੋਂ ਉਹ ਲੋਕ ਸਾਹਮਣੇ ਆਏ। ਕਈ ਵਾਰ ਇਸ ਦੇਸ਼ ਭਗਤ ਬਾਬੇ ਨੂੰ ਸਖ਼ਤ ਕੈਦ ਕੱਟਣੀ ਪਈ। ਉਹ ਹੁਣ ਪੂਰੀ ਤਰ੍ਹਾਂ ਰਾਸ਼ਟਰੀ ਅੰਦੋਲਨ ਵਿੱਚ ਸ਼ਾਮਿਲ ਹੋ ਚੁੱਕੇ ਸੀ। ਇਸ ਦੌਰਾਨ ਆਜ਼ਾਦੀ ਲਈ ਘੋਲ ਕਰ ਰਹੇ ਰਾਸ਼ਟਰੀ ਆਗੂਆਂ ਨੂੰ ਗੁਪਤਵਾਸ ਦੌਰਾਨ ਮਿਲਦਾ ਵੀ ਰਿਹਾ। 1926 ਈ: ਵਿੱਚ ਹੀ ਇੰਡੀਅਨ ਨੈਸ਼ਨਲ ਕਾਂਗਰਸ ਦੇ ਗੁਹਾਟੀ ਸੈਸ਼ਨ ਵਿੱਚੋਂ 50 ਸਿੱਖ ਡੈਲੀਗੇਟਾਂ ਸਮੇਤ ਵਾਕਆਊਟ ਕੀਤਾ, ਕਿਉਂਕਿ ਉਸ ਸਮੇਂ ਸਬਜੈਕਟ ਕਮੇਟੀ ਨੇ ਆਪਣੇ ਪਾਸ ਹੋਣ ਵਾਲੇ ਮਤਿਆਂ ਵਿੱਚ ਮਹਾਰਾਜਾ ਨਾਭਾ ਸ: ਰਿਪੁਦਮਨ ਸਿੰਘ ਨੂੰ ਅੰਗ੍ਰੇਜ਼ਾਂ ਵੱਲੋਂ ਗੱਦੀ ਤੋਂ ਵੱਖ ਕਰਨ ਦੀ ਬੇਇਨਸਾਫੀ ਵਿਰੁੱਧ ਮਤਾ ਪਾਸ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਪਿੱਛੋਂ 1931 ਈ: ਤੋਂ 1933 ਈ: ਤੱਕ ਰਾਜਨੀਤਿਕ ਗਤੀਵਿਧੀਆਂ ਕਾਰਨ ਤਿੰਨ ਵਾਰ ਜੇਲ੍ਹ ਜਾਣਾ ਪਿਆ। 1937 ਈ: ਵਿੱਚ ਕਾਂਗਰਸ ਵੱਲੋਂ ਵਿਧਾਇਕ ਦੀ ਚੋਣ ਲੜੀ ਪਰ ਹਾਰ ਗਏ। ਇਹ ਮਹਾਨ ਜੁਝਾਰੂ ਸਿੱਖ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ 94 ਵਰ੍ਹਿਆਂ ਦੀ ਉਮਰ ਭੋਗ ਕੇ ਅੰਮ੍ਰਿਤਸਰ ਵਿਖੇ 24 ਜੁਲਾਈ, 1954 ਨੂੰ ਅਕਾਲ ਚਲਾਣਾ ਕਰ ਗਿਆ। ਬਜਬਜਘਾਟ ਦੇ ਖ਼ੂਨੀ ਸਾਕੇ ਦੀ ਬਣੀ ਹੋਈ ਸ਼ਹੀਦੀ ਯਾਦਗਾਰ ਅੱਜ ਵੀ ਬਾਬਾ ਜੀ ਦੀ ਅਗਵਾਈ ਵਿੱਚ ਵਾਪਰੇ ਇਸ ਖ਼ੂਨੀ ਸਾਕੇ ਦੀ ਯਾਦ ਨੂੰ ਅੱਜ ਵੀ ਤਾਜ਼ਾ ਕਰ ਰਹੀ ਹੈ।


**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।

**07966 388 388**



**ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਪੀਟਰਬਰੋ ਵਿਖੇ ਧਾਰਮਿਕ ਸੇਵਾਦਾਰ ਦੀ ਤੁਰੰਤ ਲੋੜ ਹੈ**

ਪੀਟਰਬਰੋ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਸੇਵਾਦਾਰ ਦੀ ਤੁਰੰਤ ਲੋੜ ਹੈ, ਕੰਮ ਦਾ ਵੇਰਵਾ, ਯੋਗਤਾ ਅਤੇ ਸ਼ਰਤਾਂ ਹੇਠਾਂ ਲਿਖੇ ਅਨੁਸਾਰ ਹਨ: **ਸਥਾਨ:-** ਪੀਟਰਬਰੋ ਵਿਖੇ

**ਮੁੱਖ ਕੰਮ:-** ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ, ਸੁਖਮਨੀ ਸਾਹਿਬ ਦਾ ਪਾਠ ਕਰਨਾ ਅਤੇ ਅਖੰਡ ਪਾਠ ਕਰਨ ਜਾਣਦਾ ਹੋਵੇ।

**ਸਮਾਂ:-** ਦੋ ਸਾਲ ਲਈ ਸਵੇਰੇ ਸ਼ਾਮ ਸੇਵਾ, (ਕੰਮ 28 ਘੰਟੇ ਪ੍ਰਤੀ ਹਫ਼ਤਾ)।

ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਵਧੀਆ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ ਹੈ।

**ਸ਼ਰਤਾਂ:-** ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ, ਰਸੋਈ ਵਿੱਚ ਪ੍ਰਸ਼ਾਦ ਬਨਾਉਣ ਦੀ ਸੇਵਾ ਵੀ ਕਰ ਸਕਦਾ ਹੋਵੇ। ਪੰਜਾਬੀ ਜ਼ਰੂਰ ਪੜ੍ਹ ਅਤੇ ਬੋਲ ਸਕਦਾ ਹੋਵੇ । ਸੋਹਣਾ ਤਜ਼ਰਬਾ ਹੋਣਾ ਜ਼ਰੂਰੀ ਹੈ । ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਆਇਆ ਹੋਵੇ ਉਸ ਨੂੰ ਪਹਿਲ ਦਿੱਤੀ ਜਾ ਸਕਦੀ ਹੈ। ਯੂ ਕੇ ਵਿੱਚ ਕਾਨੂੰਨੀ ਤੌਰ 'ਤੇ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ।

**ਬੰਦ ਹੋਣ ਦੀ ਤਾਰੀਕ:-** ਗਿਆਨਵਾਨ ਅਤੇ ਤਜ਼ਰਬੇਕਾਰ ਬਿਨੈਕਾਰ ਹੇਠਾਂ ਦਿੱਤੇ ਪਤੇ 'ਤੇ ਲਿਖਤੀ ਅਰਜ਼ੀਆਂ 25 ਜੁਲਾਈ 2025 ਤੋਂ ਪਹਿਲਾਂ ਭੇਜਣ ਦੀ ਕ੍ਰਿਪਾ ਕਰਨ। ਜਾਂ ਅਮਰੀਕ ਸਿੰਘ ਨੂੰ ਈਮੇਲ ਰਾਹੀਂ ਭੇਜੋ।

**Vacancy for (Tier - 5) Religious worker**

**Main Duties:** Performing Kirtan (Hymn Singing), Nitnem, Sukhmani Sahib Paath, Akhand Paath Kirtan in Morning and Evening.

**Location: Peterborough**.

**Duration & Remuneration: 24 months. Attractive Salary will be according to UK employment Law. Job related accomodation shall be provided.**

**Requirenments:** Should be able to perform Kirtan and carry out other religious activities as listed in main duties. Must be able to carryout making Parsaad. Must read and speak Punjabi. Must have sufficient experience. Work reference required from previous employer. Must have right to work in U.K.

*Candidates with knowledge and experience Please apply with 'cv' to*
**Email:sangha.amrik@btinternet.com** ***before 25th July 2025***


**SRI GURU SINGH SABHA GURDWARA, PETERBOROUGH**
**NEWARK ROAD, PETERBOROUGH, PE1 5XS, U.K.**
***For Information contact:*** **Amrik Singh Sangha: 07979 706505**


## ਭਾਈ ਮਨੀ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਲੇਖ

# ਜਿਹੜੀ ਕੌਮ ਦੇ ਸੂਰਬੀਰ ਸਿਧਾਂਤਾਂ ਲਈ ਮਰ ਮਿਟਣ ਦਾ ਤਹੱਈਆ ਕਰ ਲੈਣ, ਉਹ ਕੌਮਾਂ ਖ਼ਤਮ ਨਹੀਂ ਹੁੰਦੀਆਂ

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਲੇਖਕ – ਜਥੇਦਾਰ ਮਹਿੰਦਰ ਸਿੰਘ ਯੂ ਕੇ**
**ਮੋਬਾਈਲ ਫੋਨ:**
**07989 927477**





ਅਤੇ ਜਿਹੜੇ ਸਿੰਘਾਂ ਨੂੰ ਫੜਾਵੇ ਉਸ ਨੂੰ ਇਨਾਮ ਅਤੇ ਸਿੰਘਾਂ ਦਾ ਖ਼ੂਨ ਮੁਆਫ਼ ਸੀ।

ਸਿਰ ਪਰ ਹੋਵੈਂ ਜਿਸ ਕੇ ਕੇਸ
ਰਹਣ ਨਾ ਦੇਨੌਂ ਅਪਣੇ ਦੇਸ।13।
ਦੋਹਰਾ– ਦੱਸਣ ਵਾਲੇ ਦਸ ਰੁਪਏ ਐ
ਮਾਰਨ ਵਾਲੇ ਪਚਾਸ।
ਯਹ ਲਾਲਚ ਤੁਰਕਨ ਦਯੋ
ਤਬ ਬਹੁਤ ਸਿੰਘਨ ਭਯੋ ਨਾਸ਼।15।
ਖੇਤੀ ਵਣਜ ਕਰੇ ਜੇ ਕੋਈ।
ਕੇਸਨ ਵਾਲਾ ਛਡੋ ਨਾ ਕੋਈ।17।
ਸਿੰਘਨ ਖ਼ੂਨ ਮਾਫ਼ ਹਮ ਕੀਨੇ।
ਜਿਤ ਲੱਭੇ ਤਿਤ ਮਾਰਹੁ ਚੀਨੇ।

ਮਾਤਾ ਸੁੰਦਰ ਕੌਰ ਜੀ ਨੇ ਸਿੰਘਾਂ ਦੇ ਇਸ ਬਿਖੜੇ ਸਮੇਂ ਲਈ ਅਗਵਾਈ ਕਰਨ ਵਾਸਤੇ, ਭਾਈ ਮਨੀ ਸਿੰਘ ਜੀ ਨੂੰ ਅੰਮ੍ਰਿਤਸਰ ਦਾ ਇੰਚਾਰਜ ਅਤੇ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਥਾਪ ਦਿੱਤਾ ਅਤੇ ਹੁਕਮ ਦਿੱਤਾ ਕਿ ਅੱਗੇ ਤੋਂ ਅੰਮ੍ਰਿਤਸਰ ਚੜ੍ਹਾਵਾ ਦਿੱਲੀ ਨਾ ਭੇਜਿਆ ਜਾਵੇ, ਸਗੋਂ ਪੰਜਾਬ ਵਿੱਚ ਲੋੜਵੰਦ ਸਿੰਘਾਂ, ਗੁਰੂ ਕੇ ਲੰਗਰਾਂ ਅਤੇ ਸਿੱਖੀ ਪ੍ਰਚਾਰ ਵਾਸਤੇ ਖ਼ਰਚਿਆ ਜਾਵੇ।

ਮਾਤਾ ਭੇਜਿਯੋ ਦਿੱਲੀ ਤੇ ਸਮਝਾਇ,
**ਅੰਮ੍ਰਿਤਸਰ ਚੜ੍ਹਦੀ ਚੜ੍ਹੇ ਸਿਖਨ ਜਾਹਿ ਖੁਵਾਇ।**
ਤਿਸਨੇ ਆਇ ਬੰਦੋਬਸਤ ਕੀਆ,
ਮਾਤਾ ਚੜ੍ਹਾਵਾ ਖ਼ਾਲਸੇ ਬਖ਼ਸ਼ੀਆ।

ਭਾਈ ਮਨੀ ਸਿੰਘ ਜੀ ਨੇ ਸਾਰਾ ਪ੍ਰਬੰਧ ਬੜੇ ਸੁਚੱਜੇ ਢੰਗ ਨਾਲ ਚਲਾਇਆ। ਅੰਮ੍ਰਿਤਸਰ ਚੜ੍ਹਾਵੇ ਦਾ ਸੁਣ ਕੇ ਅਮਰ ਸਿੰਘ ਮਹੰਤ, ਖੇਮਕਰਨ ਵਾਲੇ ਨੇ ਆਪਣੇ ਆਪ ਨੂੰ ਬੰਦਾ ਸਿੰਘ ਬਹਾਦਰ ਦਾ ਜਾਨਸ਼ੀਨ ਦੱਸ ਕੇ ਚੜ੍ਹਾਵੇ ਦਾ ਹਿੱਸਾ ਮੰਗਿਆ। ਖ਼ਾਲਸਾ ਪੰਥ ਨੇ ਹਿੱਸਾ ਦੇਣ ਤੋਂ ਇਨਕਾਰ ਕਰ ਦਿੱਤਾ। ਨੌਬਤ ਆਹਮਣੇ–ਸਾਹਮਣੇ ਤਲਵਾਰਾਂ ਚਲਾਉਣ ਤੱਕ ਆ ਗਈ। ਪਰ ਭਾਈ ਸਾਹਿਬ ਦੀ ਇਸ ਤਜਵੀਜ਼ ਰਾਹੀਂ ਝਗੜਾ ਟਾਲ ਦਿੱਤਾ ਕਿ ਦੋ ਪਰਚੀਆਂ ਲਿਖ ਕੇ ਅਰਦਾਸ ਕਰ ਕੇ ਹਰਿ ਕੀ ਪਉੜੀ ਸਰੋਵਰ ਵਿੱਚ ਪਾਈਆਂ ਜਾਣ। ਮਹੰਤ ਵਾਲੀ ਪਰਚੀ 'ਤੇ ਫ਼ਤਹਿ ਦਰਸ਼ਨ ਅਤੇ ਖ਼ਾਲਸੇ ਵਾਲੀ ਪਰਚੀ 'ਤੇ ਵਾਹਿਗੁਰੂ ਜੀ ਕੀ ਫ਼ਤਹਿ ਅਤੇ ਫ਼ੈਸਲਾ ਇਹ ਹੋਇਆ ਕਿ ਜਿਸ ਦੀ ਪਰਚੀ ਤਰ ਪਵੇ ਉਹੀ ਧਿਰ ਚੜ੍ਹਾਵੇ ਦੀ ਮਾਲਕ ਹੋਵੇਗੀ ਵਾਹਿਗੁਰੂ ਜੀ ਕੀ ਫ਼ਤਹਿ ਵਾਲੀ ਪਰਚੀ ਤਰ ਆਈ। ਫ਼ੈਸਲਾ ਖ਼ਾਲਸਾ ਪੰਥ (ਤੱਤ ਖ਼ਾਲਸਾ) ਦੇ ਹੱਕ ਵਿੱਚ ਹੋ ਗਿਆ।

ਭਾਈ ਸਾਹਿਬ ਹਮੇਸ਼ਾ ਪੰਥ ਦੀ ਇਕੱਤ੍ਰਤਾ ਅਤੇ ਚੜ੍ਹਦੀ ਕਲਾ ਵਾਸਤੇ ਯੋਜਨਾਵਾਂ ਉਲੀਕਦੇ ਰਹਿੰਦੇ ਸਨ। ਲਾਹੌਰ ਦੇ ਸੂਬੇ ਜ਼ਕਰੀਆ ਖ਼ਾਨ ਨੇ ਅੰਮ੍ਰਿਤਸਰ ਦੀਪਮਾਲਾ ਦਾ ਮੇਲਾ ਹੁਕਮਨ ਬੰਦ ਕੀਤਾ ਹੋਇਆ ਸੀ। ਅੰਮ੍ਰਿਤਸਰ ਦਾ ਪ੍ਰਬੰਧ ਕਾਜ਼ੀ ਅਬਦੁੱਰਜਾਕ ਦੇ ਹੱਥਾਂ ਵਿੱਚ ਸੀ। ਭਾਈ ਮਨੀ ਸਿੰਘ ਜੀ ਨੇ ਕਾਜ਼ੀ ਅਬਦੁੱਰਜਾਕ ਨਾਲ ਰਸਾਈ ਪੈਦਾ ਕਰ ਕੇ, ਚੜ੍ਹਾਵੇ ਵਿੱਚੋਂ ਦੋ ਹਜ਼ਾਰ ਰੁਪਏ ਕਾਜ਼ੀ ਨੂੰ ਦੇਣੇ ਮੰਨ ਲਏ। ਕਾਜ਼ੀ ਅਬਦੁੱਰਜਾਕ ਨੇ ਜ਼ਕਰੀਆ ਖ਼ਾਨ ਨੂੰ ਦੱਸ ਦਿਨ ਦੇ ਦੀਵਾਲੀ ਮੇਲੇ ਦਾ ਪੰਜ ਹਜ਼ਾਰ ਰੁਪਿਆ (ਕਈ ਇਤਿਹਾਸਕਾਰਾਂ ਦੱਸ ਹਜ਼ਾਰ ਲਿਖਿਆ) ਠੇਕਾ ਦੇਣਾ ਕਰਕੇ ਭਾਈ ਸਾਹਿਬ ਨੂੰ ਦੱਸ ਦਿਨਾਂ ਦੇ ਵਾਸਤੇ ਮੇਲਾ ਲਾਉਣ ਦੀ ਆਗਿਆ ਲੈ ਦਿੱਤੀ। ਭਾਈ ਸਾਹਿਬ ਨੇ ਸਾਰੇ ਸਿੰਘਾਂ ਨੂੰ ਮੇਲੇ 'ਤੇ ਸੁਨੇਹੇ ਭੇਜੇ ਹੀ ਸਨ ਕਿ ਉਨ੍ਹਾਂ ਨੂੰ ਜ਼ਕਰੀਆ ਖ਼ਾਨ ਦੀ ਕੁਟਲ ਨੀਤੀ ਦਾ ਪਤਾ ਲੱਗਾ ਕਿ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਕੇ ਦਿੱਲੀ ਸਰਕਾਰ ਕੋਲੋਂ ਇਨਾਮ ਲੈਣਾ ਅਤੇ ਬਾਕੀਆਂ ਨੂੰ ਮਾਰ ਕੇ ਖ਼ਤਮ ਕਰਨਾ ਹੈ। ਭਾਈ ਸਾਹਿਬ ਨੇ ਫੌਰਨ ਦੁਬਾਰਾ ਸੁਨੇਹਾ ਭੇਜ ਕੇ ਸਿੰਘਾਂ ਨੂੰ ਅੰਮ੍ਰਿਤਸਰ ਆਉਣ ਤੋਂ ਰੋਕ ਦਿੱਤਾ। ਸੂਬੇ ਦਾ ਦੀਵਾਨ ਲੱਖਪਤ ਰਾਇ ਜਿਹੜਾ ਸਿੰਘਾਂ ਦੀ ਸੁਰੱਖਿਆ ਦੇ ਬਹਾਨੇ ਅੰਮ੍ਰਿਤਸਰ ਦੇ ਦੁਆਲੇ ਫੌਜ ਲਈ ਬੈਠਾ ਸੀ, ਉਸ ਨੂੰ ਜਦੋਂ ਪਤਾ ਲੱਗਾ ਕਿ ਭਾਈ ਸਾਹਿਬ ਨੂੰ ਸਰਕਾਰ ਦੀ ਚਾਲ ਦਾ ਪਤਾ ਲੱਗ ਗਿਆ ਹੈ ਤਾਂ ਉਸ ਨੇ ਮੇਲੇ ਦੇ ਦੱਸ ਦਿਨ ਬੀਤ ਜਾਣ ਬਾਅਦ, ਭਾਈ ਸਾਹਿਬ ਦੇ ਠੇਕੇ ਦੀ ਰਕਮ ਆਣ ਮੰਗੀ। ਕਾਜ਼ੀ ਅਬਦੁੱਰਜਾਕ ਨੂੰ ਵੀ ਦੋ ਹਜ਼ਾਰ ਰੁਪਏ ਨਹੀਂ ਸੀ ਮਿਲੇ, ਉਹ ਆਪਣੀ ਥਾਂ ਔਖਾ ਸੀ। ਦੋਹਾਂ ਨੇ ਭਾਈ ਮਨੀ ਸਿੰਘ ਜੀ ਨੂੰ ਗ੍ਰਿਫ਼ਤਾਰ ਕਰਕੇ, ਲਾਹੌਰ ਦੇ ਸੂਬੇ ਜ਼ਕਰੀਆ ਖ਼ਾਨ ਦੀ ਕਚਹਿਰੀ ਵਿੱਚ ਪੇਸ਼ ਕਰ ਦਿੱਤਾ। ਕਾਜ਼ੀਆਂ ਨੇ ਸੂਬੇ ਨੂੰ ਪਹਿਲਾਂ ਹੀ ਭਾਈ ਸਾਹਿਬ ਦੇ ਵਿਰੁੱਧ ਭੜਕਾਇਆ ਹੋਇਆ ਸੀ। ਸੂਬੇਦਾਰ ਨੇ ਜਦੋਂ ਭਾਈ ਮਨੀ ਸਿੰਘ ਨੂੰ ਠੇਕੇ ਦੀ ਰਕਮ ਨਾ ਤਾਰਨ ਦਾ ਕਾਰਨ ਪੁੱਛਿਆ, ਤਾਂ ਭਾਈ ਸਾਹਿਬ ਨੇ ਨਿਧੜਕ ਹੋ ਕੇ ਉੱਤਰ ਦਿੱਤਾ, ਕੀ ਸਰਕਾਰ ਦੀ ਕੁਟਲ ਨੀਤੀ ਕਰਕੇ ਮੇਲਾ ਰੱਦ ਹੋ ਗਿਆ, ਠੇਕਾ ਕਾਹਦਾ ਤਾਰੀਏ? ਭਾਈ ਸਾਹਿਬ ਦਾ ਸੱਚਾ ਉੱਤਰ ਸੁਣ ਕੇ ਖ਼ਾਨ ਬਹਾਦਰ ਆਪੇ ਤੋਂ ਬਾਹਰ ਹੋ ਗਿਆ, ਮੁਫਤੀ ਨੂੰ ਕ੍ਰੋਧ ਵਿੱਚ ਕਹਿੰਦਾ ਕਿ ਇਹਨੂੰ (ਭਾਈ ਸਾਹਿਬ ਨੂੰ) ਜਲਦੀ ਤੋਂ ਜਲਦੀ ਠੇਕਾ ਨਾ ਤਾਰਨ ਦੇ ਜ਼ੁਰਮ ਵਿੱਚ ਸਜ਼ਾ ਸੁਣਾਈ ਜਾਵੇ। ਭਾਵੇਂ ਉਸ ਵੇਲੇ ਸਜ਼ਾ ਸੁਣਾਉਣ ਲਈ ਏਨਾ ਹੀ ਬਹੁਤ ਸੀ ਕਿ ਉਹ ਸਿੱਖ ਹੈ। ਮੁਫਤੀ ਨੇ ਭਾਈ ਸਾਹਿਬ ਨੂੰ ਆਖਿਆ ਕਿ ਉਨ੍ਹਾਂ ਦੇ ਬਚਾਉਣ ਦਾ ਇਕ ਰਾਹ ਹੈ ਕਿ ਉਹ ਇਸਲਾਮ ਧਾਰਨ ਕਰ ਲੈਣ, ਕਾਜ਼ੀ ਦੇ ਬਾਕੀ ਸਲਾਹਕਾਰਾਂ ਵੀ ਭਾਈ ਸਾਹਿਬ ਨੂੰ ਇਹੀ ਰਾਇ ਦਿੱਤੀ ਕਿ ਮੁਸਲਮਾਨ ਹੋ ਕੇ ਜਾਨ ਬਚਾ ਲਉ। ਅਤੇ ਜਦੋਂ ਲਾਹੌਰ ਦੇ ਸਿੱਖਾਂ ਨੇ ਠੇਕੇ ਦੀ ਰਕਮ ਤਾਰ ਕੇ ਭਾਈ ਸਾਹਿਬ ਨੂੰ ਬਚਾਣਾ ਚਾਹਿਆ ਤਾਂ ਭਾਈ ਸਾਹਿਬ ਨੇ ਸਿੱਖਾਂ ਨੂੰ ਵੀ ਬਚਨ ਕੀਤੇ:

ਦੇਹੀ ਕਿਸ ਦੀ ਬਾਪਰੀ,
ਸਿੱਖੀ ਜਿ ਸਾਬਤ ਹੋਇ।
ਦੇਹ ਤੋਂ ਆਵਣ ਜਾਣ ਹੈ,
ਸਿਖੀ ਲਭੈ ਕਬ ਕੋਇ।16।

ਭਾਈ ਮਨੀ ਸਿੰਘ ਜੀ ਨੂੰ ਮੁਫਤੀ ਨੇ ਆਖਿਆ ਕਿ ਜੇ ਤੂੰ ਮੁਸਲਮਾਨ ਨਹੀਂ ਹੋਣਾ ਤਾਂ ਸਖ਼ਤ ਸਜ਼ਾ ਵਾਸਤੇ ਤਿਆਰ ਹੋ ਜਾਉ। ਭਾਈ ਸਾਹਿਬ ਨੇ ਬੇਖ਼ੌਫ਼ ਹੋ ਕੇ ਆਖਿਆ ਕਿ ਮੈਂ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਣ ਵਾਸਤੇ ਹਰ ਸਜ਼ਾ ਭੁਗਤਣ ਲਈ ਤਿਆਰ ਹਾਂ। ਮੁਫਤੀ ਨੇ ਭਾਈ ਮਨੀ ਸਿੰਘ ਦਾ ਬੰਦ–ਬੰਦ ਕੱਟ ਕੇ ਸ਼ਹੀਦ ਕਰਨ ਦਾ ਹੁਕਮ ਸੁਣਾ ਦਿੱਤਾ, ਭਾਈ ਸਾਹਿਬ ਨੂੰ ਨਿਕਾਸ਼ ਚੌਂਕ (ਲਾਹੌਰ) ਕਤਲਗਾਹ ਵਿੱਚ ਲਿਆਂਦਾ ਗਿਆ। ਭਾਈ ਸਾਹਿਬ ਅਡੋਲ ਚੌਂਕੜਾ ਮਾਰ ਕੇ ਬੈਠ ਗਏ। ਜੱਲਾਦ ਭਾਈ ਸਾਹਿਬ ਦਾ ਬੰਦ–ਬੰਦ ਕੱਟਦੇ ਰਹੇ ਅਤੇ ਭਾਈ ਸਾਹਿਬ ਜਪੁਜੀ ਦਾ ਪਾਠ ਕਰਦੇ ਰਹੇ, ਕੇਤੀ ਛੁਟੀ ਨਾਲ ਕਹਿਣ ਦੀ ਦੇਰ ਸੀ ਭਾਈ ਸਾਹਿਬ ਦਾ ਸੀਸ ਧੜ ਨਾਲੋਂ ਵੱਖ ਹੋ ਗਿਆ। ਇਤਿਹਾਸਕਾਰਾਂ ਇਹ ਸਾਕਾ 14 ਜੁਲਾਈ 1738 ਦਾ ਲਿਖਿਆ ਹੈ।

ਇਸ ਸ਼ਹੀਦੀ ਨੇ ਸਿੱਖਾਂ ਵਿੱਚੋਂ ਮੌਤ ਦਾ ਡਰ ਬਿਲਕੁੱਲ ਹੀ ਖ਼ਤਮ ਕਰ ਦਿੱਤਾ। ਇਸ ਸ਼ਹੀਦੀ ਨੇ ਸਿੱਖਾਂ ਵਿੱਚ ਏਨਾ ਜੋਸ਼ ਭਰ ਦਿੱਤਾ ਕਿ ਸਿੱਖਾਂ ਨੇ ਜਿੰਨਾ ਚਿਰ ਲਾਹੌਰ 'ਤੇ ਖ਼ਾਲਸੇ ਦਾ ਝੰਡਾ ਨਹੀਂ ਝੁਲਾ ਲਿਆ ਇਹ ਕਿਸੇ ਦੇ ਕਾਬੂ ਨਹੀਂ ਆਏ। ਇਸ ਸ਼ਹੀਦੀ ਦਾ ਬਦਲਾ ਵੀ ਲੱਗਦੇ ਹੱਥ ਲੈ ਲਿਆ। ਭਾਈ ਮਨੀ ਸਿੰਘ ਨੂੰ ਜਿਸ ਮੁਫਤੀ (ਕਾਜ਼ੀ) ਨੇ ਸਜ਼ਾ ਸੁਣਾਈ ਸੀ, ਉਸ ਨੂੰ ਸ. ਬਰਾਜ ਸਿੰਘ ਨੇ ਕਤਲ ਕਰ ਦਿੱਤਾ ਅਤੇ ਭਾਈ ਮਨੀ ਸਿੰਘ ਦੇ ਭਤੀਜੇ ਅਘੜ ਸਿੰਘ ਨੇ ਕਾਜ਼ੀ ਅਬਦੁੱਰਜਾਕ ਨੂੰ ਕਤਲ ਕਰ ਕੇ ਉਹਦਾ ਪਿੰਡ ਅਲੀਗੜ੍ਹ (ਗੁਜਰਾਂਵਾਲਾ) ਉਜਾੜ ਕੇ ਉਸ ਦਾ ਨਾਂ ਅਕਾਲਗੜ੍ਹ ਰੱਖ ਦਿੱਤਾ।

ਜਿਮ ਕੱਟੇ ਤੇ ਫਲੇ ਗੁਲਾਬ,
ਤਿਮ ਪੰਥ ਵਡੇ ਭਈ ਅਜਾਬ।

ਭਾਈ ਮਨੀ ਸਿੰਘ ਜੀ ਨੂੰ ਲੱਖ–ਲੱਖ ਪ੍ਰਣਾਮ ਕਰਦੇ ਹੋਏ ਉਨ੍ਹਾਂ ਦੀ ਸ਼ਹੀਦੀ ਦਾ ਧਿਆਨ ਧਰ ਕੇ ਬੋਲੋ ਜੀ, ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

(**ਨੋਟ** – ਸਿੱਖ ਕੌਮ ਦੀ ਅਜ਼ਾਦੀ ਲਈ ਲੜੇ ਜਾ ਰਹੇ ਅਜੋਕੇ ਸੰਘਰਸ਼ ਲਈ, ਪੰਥਕ ਮੀਡੀਏ ਨੂੰ ਚੱਲਦਾ ਰੱਖਣਾ ਖ਼ਾਲਸਾ ਪੰਥ ਦੀ ਸਭ ਤੋਂ ਵੱਡੀ ਜਰੂਰਤ ਹੈ। ਪਰ ਦੁੱਖੀ ਹਿਰਦੇ ਨਾਲ ਲਿਖਣਾ ਪੈ ਰਿਹਾ ਹੈ, ਬਾਬਾ ਬੰਦਾ ਸਿੰਘ ਬਹਾਦਰ, ਭਾਈ ਮਨੀ ਸਿੰਘ, ਸ਼ਹੀਦ ਬਾਬਾ ਦੀਪ ਸਿੰਘ, ਭਾਈ ਤਾਰੂ ਸਿੰਘ, ਅਕਾਲੀ ਫੂਲਾ ਸਿੰਘ, ਹਰੀ ਸਿੰਘ ਨਲੂਆ ਦੇ ਸ਼ਹੀਦੀ ਦਿਹਾੜੇ ਮਨਾਉਣ ਵਾਲੇ ਇਸ਼ਤਿਹਾਰ, ਗੁਰਦੁਆਰਾ ਸਾਹਿਬਾਨ ਦੀਆਂ ਕਮੇਟੀਆਂ ਵੱਲੋਂ ਪੰਜਾਬ ਟਾਈਮਜ਼ ਵਿੱਚ ਨਾਂਹ ਦੇ ਬਰਾਬਰ ਵੇਖਣ ਨੂੰ ਮਿਲਦੇ ਹਨ। ਪੰਜਾਬ ਟਾਈਮਜ਼ ਨੂੰ ਚੱਲਦਾ ਰੱਖਣ ਲਈ ਆਉ ਸਾਰੇ ਰਲਕੇ ਯਥਾਸ਼ਕਤ ਇਸ਼ਤਿਹਾਰਾਂ ਰਾਹੀਂ ਪੰਥਕ ਪੰਜਾਬੀ ਮੀਡੀਏ ਦਾ ਸਹਿਯੋਗ ਦੇ ਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੀਏ ਜੀ –

ਭੁੱਲਾਂ ਚੁੱਕਾਂ ਦੀ ਖਿਮਾਂ
ਗੁਰੂ ਪੰਥ ਦਾ ਦਾਸ
ਜਥੇਦਾਰ ਮਹਿੰਦਰ ਸਿੰਘ ਯੂ.ਕੇ.

* * * * * * *


ਲੜੀਵਾਰ ਨਾਵਲ
ਸ਼ਿਵਚਰਨ ਜੱਗੀ (ਕੁੱਸਾ)
ਫੋਨ : 07853 317 891



Email: jaggikussa@yahoo.de

# ਇੱਕ ਮੇਰੀ ਅੱਖ ਕਾਸ਼ਣੀ...

-"ਅਸੀਂ ਕਿਤੇ ਮਰੇ ਵੇ ਬੰਦੇ ਨੀ ਦੇਖੇ...? ਅੱਧੇ ਸ਼ਹਿਰ ਦੇ ਬੰਦਿਆਂ ਦਾ ਮੈਂ ਹੱਥੀਂ ਸਸਕਾਰ ਕੀਤੈ...। ਨਾਲ਼ੇ ਜੇ ਬਿਮਾਰੀ ਫ਼ੈਲਣੀ ਹੁੰਦੀ, ਤਾਂ ਮੈਂ ਇਹਦੇ ਨਾਲ਼ ਈ ਬੈਠਾ ਰਿਹੈਂ, ਮੈਨੂੰ ਤਾਂ ਹੁਣ ਤੱਕ ਕਰੋਨਾ ਹੋਇਆ ਨਾ...? ਆਹ ਬੰਦਾ ਮਹੀਨਾਂ ਕਿਸਾਨ ਮੋਰਚੇ 'ਚ ਦਿੱਲੀ ਰਹਿ ਕੇ ਆਇਐ, ਇਹਨੂੰ ਨਾ ਕਰੋਨਾ ਹੋ ਗਿਆ...? ਤੁਸੀਂ ਕਿਉਂ ਦੁਨੀਆਂ ਨੂੰ ਫੁੱਦੂ ਬਣਾਈ ਜਾਨੇ ਐਂ ਯਾਰ....? ਪੰਜਾਬੀ ਪੁੱਤ ਹੋਂ, ਆਪਦੇ ਲੋਕਾਂ 'ਤੇ ਕੁਛ ਤਾਂ ਦਇਆ ਕਰੋ...? ਕਿਉਂ ਸਰਕਾਰਾਂ ਦੀਆਂ ਕੱਠਪੁਤਲੀਆਂ ਬਣ ਕੇ ਆਬਦਿਆਂ 'ਤੇ ਤਸ਼ੱਦਦ ਕਰਦੇ ਓਂ...?" ਰੌਲ਼ਾ ਜਿਹਾ ਸੁਣ ਕੁ ਬਾਲੀ ਕੋਲ਼ ਆ ਗਈ। ਸਾਹਮਣੇ ਲਾਸ਼ ਦੇਖ ਕੇ ਉਸ ਨੇ ਦੁਹੱਥੜ ਮਾਰੀ, "ਤੂੰ ਮੈਨੂੰ ਕੀਹਦੇ ਆਸਰੇ ਛੱਡ ਕੇ ਤੁਰ ਗਿਐਂ ਵੇ ਮੇਰੇ ਸਿਰ ਦਿਆ ਸਾਂਈਂਆਂ...।" ਇਸ ਤੋਂ ਪਹਿਲਾਂ ਉਹ ਲਾਸ਼ ਉਪਰ ਡਿੱਗਦੀ, ਪ੍ਰੇਮ ਸਿਉਂ ਨੇ ਬੋਚ ਲਈ, "ਮੈਨੂੰ ਨੀ ਲੱਗਦਾ ਬਈ ਇਹ ਆਪਣੇ ਚੰਦ ਸਿਉਂ ਦੀ ਲਾਸ਼ ਐ..।"




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ 33**

## ਕਾਂਡ 16

-"ਅੱਗੇ ਦਰਬਾਰ ਸਾਹਿਬ 'ਤੇ ਹੋਏ ਹਮਲੇ ਬਾਰੇ ਨੀ ਪਤਾ...? ਜਿਹੜੇ ਲੀਡਰਾਂ ਨੇ ਇੰਦਰਾ ਗਾਂਧੀ ਨੂੰ ਚਿੱਠੀਆਂ ਲਿਖ-ਲਿਖ ਦਰਬਾਰ ਸਾਹਿਬ 'ਤੇ ਫੌਜਾਂ ਦੇ ਕਟਕ ਚੜ੍ਹਵਾਏ, ਓਹੀ ਗਿੱਦੜਮਾਰ ਅੱਜ ਤੱਕ ਉਹਨੂੰ ਦੂਸ਼ਣ ਲਾਉਂਦੇ ਆਉਂਦੇ ਐ...। ਜੇ ਓਦੋਂ ਇਹਨਾਂ ਦੀ ਛਾਤੀ 'ਚ 'ਦਮ' ਹੁੰਦਾ, ਮਜਾਲ ਸੀ ਕਿਸੇ ਦੀ ਕਿ ਸਾਡੇ ਦਰਬਾਰ ਸਾਅਬ ਵੱਲ ਮੈਲ਼ੀ ਅੱਖ ਨਾਲ਼ ਵੀ ਝਾਕ ਜਾਂਦਾ...? ਪਰ ਕੀਹਦੇ ਅੱਗੇ ਪਿੱਟੀਏ..? ਅਖੇ ਪੈਸੇ ਖੋਟਾ ਆਬਦਾ, ਬਾਣੀਏਂ ਨੂੰ ਕੀ ਦੋਸ਼..? ਸਾਡੇ ਲੋਕ ਵੀ ਘੱਟ ਮੂਰਖ ਨੀ ਬਾਈ ਇੰਦਰਜੀਤਿਆ, ਮੁੜ-ਮੁੜ ਇਹਨਾਂ ਨੂੰ ਵੋਟਾਂ ਪਾ-ਪਾ ਕੇ ਸਿਰ 'ਤੇ ਬਿਠਾਈ ਜਾਂਦੇ ਐ, ਤੇ ਇਹ ਸਾਡੇ ਸਿਰ 'ਚ ਮੂਤੀ ਜਾਂਦੇ ਐ...।"

ਪ੍ਰੇਮ ਸਿਉਂ ਦਾ ਕੁੱਤਾ ਉਸ ਦਾ ਪਜਾਮਾ ਖਿੱਚਣ ਲੱਗ ਪਿਆ।

-"ਇਹ ਭੁੱਖੈ, ਮੈਂ ਇਹਨੂੰ ਦੁੱਧ ਪਾ ਦਿਆਂ ਦਰਵੇਸ਼ ਨੂੰ...।"

-"ਓਏ ਇਹ ਤਾਂ ਬੰਦੇ ਨਾਲ਼ੋਂ ਸੌ ਦਰਜੇ ਚੰਗੇ ਤੇ ਵਫ਼ਾਦਾਰ ਐ...। ਇਹਨਾਂ ਦਰਵੇਸ਼ਾਂ ਦੀ ਸਿਫ਼ਤ ਤਾਂ ਗੁਰੂਆਂ ਪੀਰਾਂ ਨੇ ਵੀ ਕੀਤੀ ਐ...। ਬੰਦਾ ਤਾਂ ਸਾਲ਼ਾ ਦੁਨੀਆਂ ਦਾ ਸਭ ਤੋਂ ਬੇਈਮਾਨ ਤੇ ਮਤਲਬੀ ਐ...। ਬਿਨਾ ਗਰਜ ਤੋਂ ਸਾਲ਼ਾ ਕਿਸੇ ਦੀ ਵੱਢੀ ਉਂਗਲ਼ 'ਤੇ ਨੀ ਮੂਤਦਾ...।"

-"ਇਹਦਾ ਤਾਂ ਓਹ ਹਾਲ ਐ, ਬਈ ਜੇ ਆਵੇਂਗਾ ਤਾਂ ਕੀ ਲਿਆਵੇਂਗਾ, ਤੇ ਜੇ ਜਾਏਂਗਾ, ਤਾਂ ਕੀ ਦੇ ਕੇ ਜਾਵੇਂਗਾ..?"

ਪ੍ਰੇਮ ਸਿਉਂ ਕੁੱਤੇ ਨੂੰ ਦੁੱਧ ਪਾ ਦਿੱਤਾ।

ਕੁੱਤਾ ਦੁੱਧ ਪੀਣ ਲੱਗ ਪਿਆ।

-"ਹੁਣ ਤੂੰ ਮੋਰਚੇ 'ਚ ਵਾਪਸ ਜਾਣੈ...?"

-"ਹੁਣ ਤਾਂ ਜਾ ਨੀ ਹੋਣਾ, ਕੋਈ ਬੱਸ ਜਾਂ ਰੇਲ ਤਾਂ ਚੱਲਦੀ ਨੀ...। ਜਿੱਦਣ ਖੁੱਲ੍ਹਗੀਆਂ, ਓਸ ਦਿਨ ਫੇਰ ਬੋਲ ਦਿਆਂਗੇ 'ਸੋ ਨਿਹਾਲ'...। ਆਪਣੀ ਕਿਤੇ ਘੌਲ਼ ਐ...?"

-"ਦੁੱਧ ਹੁਣ ਤੂੰ ਪੀ ਲਿਆ, ਰੋਟੀ ਤੈਨੂੰ ਠਹਿਰ ਕੇ ਖੁਆਉਨੈ...। ਜਰੈਂਦ ਕਰ ਦਰਵੇਸ਼ ਸਿਆਂ..।" ਉਸ ਨੇ ਕੋਲ਼ ਆਏ ਕੁੱਤੇ ਨੂੰ ਪਲ਼ੋਸਿਆ। ਕੁੱਤਾ ਪੂਛ ਹਿਲਾ ਕੇ ਉਹਨਾਂ ਸਾਹ-ਮਣੇ ਬੈਠ ਗਿਆ।

ਤੀਜੇ ਦਿਨ ਕਲੀਨਿਕ ਵਾਲ਼ਿਆਂ ਨੇ ਚੰਦ ਸਿੰਘ ਨੂੰ 'ਮਰਿਆ' ਘੋਸ਼ਿਤ ਕਰ ਦਿੱਤਾ ਅਤੇ ਉਸ ਦੀ ਮੋਮੀ ਕਾਗਜ਼ ਵਿੱਚ 'ਪੈਕ ਕੀਤੀ' ਲਾਸ਼ ਪ੍ਰੇਮ ਸਿਉਂ ਅੱਗੇ ਸਟਰੈਚਰ 'ਤੇ ਲਿਆ ਰੱਖੀ। ਨਾਲ਼ ਉਹਨਾਂ ਦੇ ਦੋ ਹਥਿਆਰਬੰਦ ਪੁਲੀਸ ਵਾਲ਼ੇ ਸਨ।

-"ਬਿਰਧਾ, ਇਸ ਲਾਸ਼ ਨੂੰ ਨਾ ਖੋਲ੍ਹਣੈ, ਤੇ ਨਾ ਕਿਸੇ ਨੂੰ ਖੋਲ੍ਹਣ ਦੇਣੈ, ਬੱਸ ਜਾ ਕੇ ਸਸਕਾਰ ਕਰ ਦੇਣੈ...।"

-"..............।" ਪ੍ਰੇਮ ਸਿਉਂ ਧਾਹ ਮਾਰਨ ਵਾਲ਼ਾ ਹੋ ਗਿਆ। ਪਰ ਦੂਰ ਦਰੱਖ਼ਤ ਹੇਠ ਬੈਠੀ ਬਾਲੀ ਬਾਰੇ ਸੋਚ ਕੇ ਉਸ ਨੇ ਧਾਹ ਦਾ ਗਲ਼ ਘੁੱਟ ਲਿਆ।

-"ਪਰ ਯਾਰ ਲਾਸ਼ ਨੂੰ ਨੁਹਾਏ ਬਿਨਾ ਈ ਸਸਕਾਰ ਕਰ ਦੀਏ...?"

-"ਜੇ ਲਾਸ਼ ਨੂੰ ਖੋਲ੍ਹਿਆ, ਤਾਂ ਥੋਡੇ 'ਤੇ ਪਰਚਾ ਦਰਜ ਹੋ ਸਕਦੈ ਸਰਦਾਰਾ...। ਜੇ ਲਾਸ਼ ਖੋਲ੍ਹੇਂਗਾ ਤਾਂ ਇਹਦੇ ਨਾਲ਼ ਹੋਰ ਬਿਮਾਰੀ ਫ਼ੈਲਣ ਦਾ ਖ਼ਤਰਾ ਵਧ ਸਕਦੈ, ਤੇਰੇ 'ਤੇ ਸਿੱਧਾ ਪਰਚਾ ਹੋਊ...।"

-"ਯਾਰ ਜਿਹੜਾ ਕੁਛ ਕਰਨੈਂ, ਉਹ ਕਰੋ, ਦਬਕਾੜੇ ਜੇ ਕਾਹਨੂੰ ਮਾਰੀ ਜਾਨੇ ਐਂ...? ਅਸੀਂ ਤਾਂ ਆਬਦੇ ਬੰਦੇ ਨੂੰ ਨੁਹਾ ਕੇ ਸਸਕਾਰ ਕਰਾਂਗੇ, ਮੈਂ ਦੇਖ ਲਊਂ ਥੋਡੇ ਪਰਚੇ ਕੀ ਕਰਦੇ ਐ, ਕੀ ਲੋਹੜ੍ਹਾ ਆ ਗਿਆ ਯਾਰ, ਆਬਦੇ ਬੰਦੇ ਦਾ ਮੂੰਹ ਵੀ ਨੀ ਦੇਖ ਸਕਦੇ ਜਾਂਦੀ ਵਾਰ, ਇਹ ਕਿਹੋ ਜੀ ਸਜ਼ਾ ਐ...?" ਪ੍ਰੇਮ ਸਿਉਂ ਸਾਹਣ ਵਾਂਗ ਭੁਸਰ ਗਿਆ।

-"ਜੇ ਜ਼ਿਦ ਕਰੇਂਗਾ ਤਾਂ ਅਸੀਂ ਲਾਸ਼ ਵੀ ਨੀ ਚੱਕਣ ਦੇਣੀ ਸਰਦਾਰਾ...।" ਦੂਜਾ ਸਿਪਾਹੀ ਬੋਲਿਆ

-"ਪਹਿਲਾਂ ਆਹ ਹਸਪਤਾਲ਼ ਆਲ਼ਿਆਂ ਨੇ ਚੂੰਡ-ਚੂੰਡ ਖਾ ਲਿਆ, ਹੁਣ ਤੂੰ ਦੱਸ ਇਹਦੀ ਲਾਸ਼ ਦਾ ਕੀ ਬਣਾਉਣੈ...? ਨਾਲ਼ੇ ਸਾਡਾ ਬੰਦਾ ਤਾਂ ਛੇ ਫੁੱਟ ਕੱਦ ਦਾ ਸੀ, ਇਹ ਲਾਸ਼ ਤਾਂ ਕਿਸੇ ਸਤਮਾਹੇਂ ਜੇ ਦੀ ਲੱਗਦੀ ਐ, ਥੋਨੂੰ ਲੱਗਦੈ ਬਈ ਇਹ ਛੇ ਫੁੱਟ ਬੰਦੇ ਦੀ ਲਾਸ਼ ਐ...?"

-"ਮਰ ਕੇ ਬੰਦਾ ਊਂ ਈਂ ਪਿਚਕ ਜਿਆ ਜਾਂਦੈ ਸਰਦਾਰਾ...।"

-"ਅਸੀਂ ਕਿਤੇ ਮਰੇ ਵੇ ਬੰਦੇ ਨੀ ਦੇਖੇ...? ਅੱਧੇ ਸ਼ਹਿਰ ਦੇ ਬੰਦਿਆਂ ਦਾ ਮੈਂ ਹੱਥੀਂ ਸਸਕਾਰ ਕੀਤੈ...। ਨਾਲ਼ੇ ਜੇ ਬਿਮਾਰੀ ਫ਼ੈਲਣੀ ਹੁੰਦੀ, ਤਾਂ ਮੈਂ ਇਹਦੇ ਨਾਲ਼ ਈ ਬੈਠਾ ਰਿਹੈਂ, ਮੈਨੂੰ ਤਾਂ ਹੁਣ ਤੱਕ ਕਰੋਨਾ ਹੋਇਆ ਨਾ...? ਆਹ ਬੰਦਾ ਮਹੀਨਾਂ ਕਿਸਾਨ ਮੋਰਚੇ 'ਚ ਦਿੱਲੀ ਰਹਿ ਕੇ ਆਇਐ, ਇਹਨੂੰ ਨਾ ਕਰੋਨਾ ਹੋ ਗਿਆ...? ਤੁਸੀਂ ਕਿਉਂ ਦੁਨੀਆਂ ਨੂੰ ਫੁੱਦੂ ਬਣਾਈ ਜਾਨੇ ਐਂ ਯਾਰ....? ਪੰਜਾਬੀ ਪੁੱਤ ਹੋਂ, ਆਪਦੇ ਲੋਕਾਂ 'ਤੇ ਕੁਛ ਤਾਂ ਦਇਆ ਕਰੋ...? ਕਿਉਂ ਸਰਕਾਰਾਂ ਦੀਆਂ ਕੱਠਪੁਤਲੀਆਂ ਬਣ ਕੇ ਆਬਦਿਆਂ 'ਤੇ ਤਸ਼ੱਦਦ ਕਰਦੇ ਓਂ...?" ਰੌਲ਼ਾ ਜਿਹਾ ਸੁਣ ਕੁ ਬਾਲੀ ਕੋਲ਼ ਆ ਗਈ। ਸਾਹਮਣੇ ਲਾਸ਼ ਦੇਖ ਕੇ ਉਸ ਨੇ ਦੁਹੱਥੜ ਮਾਰੀ, "ਤੂੰ ਮੈਨੂੰ ਕੀਹਦੇ ਆਸਰੇ ਛੱਡ ਕੇ ਤੁਰ ਗਿਐਂ ਵੇ ਮੇਰੇ ਸਿਰ ਦਿਆ ਸਾਂਈਂਆਂ...।" ਇਸ ਤੋਂ ਪਹਿਲਾਂ ਉਹ ਲਾਸ਼ ਉਪਰ ਡਿੱਗਦੀ, ਪ੍ਰੇਮ ਸਿਉਂ ਨੇ ਬੋਚ ਲਈ, "ਮੈਨੂੰ ਨੀ ਲੱਗਦਾ ਬਈ ਇਹ ਆਪਣੇ ਚੰਦ ਸਿਉਂ ਦੀ ਲਾਸ਼ ਐ..।" ਉਸ ਨੇ ਬਾਲੀ ਨੂੰ ਕਿਹਾ ਅਤੇ ਆਪ 'ਧੁੱਸ' ਦੇ ਕੇ ਅੰਦਰ ਚਲਿਆ ਗਿਆ। ਜਦ ਉਸ ਨੇ ਕਮਰੇ ਵਿੱਚ ਜਾ ਕੇ ਦੇਖਿਆ ਤਾਂ ਚੰਦ ਸਿਉਂ ਵਾਲ਼ਾ ਬੈੱਡ 'ਖਾਲੀ' ਪਿਆ ਸੀ ਅਤੇ ਨਰਸ ਬੈੱਡ ਉਪਰ ਚਿੱਟੀ ਚਾਦਰ ਵਿਛਾਅ ਰਹੀ ਸੀ। ਸ਼ਾਇਦ 'ਅਗਲੇ ਸ਼ਿਕਾਰ' ਜਾਂ 'ਅਗਲੇ ਮੁਰਦੇ' ਵਾਸਤੇ ਮੈਦਾਨ 'ਤਿਆਰ' ਕੀਤਾ ਜਾ ਰਿਹਾ ਸੀ।

ਉਹ ਹਾਰੇ ਜੁਆਰੀਏ ਵਾਂਗ ਬਾਹਰ ਆ ਗਿਆ। ਬਾਲੀ ਦਾ ਰੋ-ਰੋ ਕੇ ਬੁਰਾ ਹਾਲ ਸੀ।

ਦਰਵੇਸ਼ ਬਾਲੀ ਵੱਲ ਤਰਸਯੋਗ ਨਜ਼ਰਾਂ ਨਾਲ਼ ਤੱਕ ਰਿਹਾ ਸੀ। ਪਰ ਬੇਵੱਸ ਸੀ।....

-"ਓਹੋਅਅ....!" ਫ਼ੇਰ ਕੀ ਹੋਇਆ...?" ਦਾਰੂ ਪੀਂਦੇ ਡੇਵ ਨੇ ਬਲਦੇਵ ਸਿਉਂ ਨੂੰ ਪੁੱਛਿਆ। ਉਸ ਦੀ ਦਾਰੂ ਦਾ ਮਜ਼ਾ ਕਿਰਕਰਾ ਹੋ ਗਿਆ ਸੀ।

-"ਹੋਣਾਂ ਕੀ ਸੀ...? ਪੁਲ਼ਸ ਨੇ ਪ੍ਰੇਮ ਸਿਉਂ 'ਤੇ ਪਰਚਾ ਦਰਜ਼ ਕਰ ਕੇ ਉਹਨੂੰ ਹਵਾਲਾਤ 'ਚ ਸਿੱਟ੍ਹ ਦਿੱਤਾ, ਤੇ ਦਬਕੇ ਮਾਰ ਕੇ ਪੰਚਾਇਤ ਤੋਂ ਦਸਤਖ਼ਤ ਕਰਵਾ ਕੇ ਸਸਕਾਰ ਕਰ ਦਿੱਤਾ...। ਬੱਸ ਓਦੋਂ ਤੋਂ ਕਮਲ਼ਾ ਜਿਆ ਹੋਇਆ ਫ਼ਿਰਦੈ..। ਨਾ ਤਾਂ ਉਹਦਾ ਪ੍ਰੀਵਾਰ ਉਹਦੀ ਬਾਹਲ਼ੀ ਗੌਰ ਕਰਦੈ...।"

-"ਪ੍ਰੀਵਾਰ ਨੇ ਕਾਹਦੀ ਗੌਰ ਕਰਨੀ ਐਂ...? ਕੰਮ ਕੱਢਿਆ, ਸਾਧ ਬਿਸਤਰੇ..। ਜਿਹੜਾ ਕੁਛ ਉਹਦੇ ਕੋਲ਼ੇ ਸੀ, ਉਹ ਸਾਂਭ ਲਿਆ, ਤੇ ਹੁਣ ਉਹਨਾਂ ਨੇ ਇਹਤੋਂ ਕੀ ਕਾਢਾ ਕਢਵਾਉਣੈ...?"

-"ਆਪਣੀ ਦੁਨੀਆਂ ਦੇ ਵੀ ਗੋਲ਼ੀ ਮਾਰੇ...। ਮੇਰੇ ਸਾਲ਼ੇ ਦੀ ਭੋਰਾ ਵੀ ਤਰਸ ਨੀ ਕਰਦੀ, ਨਾਲ਼ੇ ਓਸ ਬੰਦੇ ਨੇ ਇਹਨਾਂ ਨੂੰ ਕਰੋੜਾਂਪਤੀ ਬਣਾਤਾ, ਕੁਛ ਨੀ ਲਕੋ ਕੇ ਰੱਖਿਆ ਪ੍ਰੀਵਾਰ ਤੋਂ...। ਜੋ ਸੀ, ਸਭ ਕੁਛ ਲੁਟਾਤਾ...। ਸਕੇ ਜੁਆਕ ਨੀ ਮੂੰਹ ਲਾਉਂਦੇ ਸੀ ਵਿਚਾਰੇ ਨੂੰ, ਬਿਗਾਨੀਆਂ ਧੀਆਂ ਨੇ ਤਾਂ ਫ਼ੇਰ ਕੀ ਲੱਤਾਂ ਘੁੱਟਣੀਆਂ ਸੀ...? ਹੋਰ ਤਾਂ ਹੋਰ, ਉਹਦੀ ਤਾਂ ਘਰਵਾਲ਼ੀ ਵੀ ਨੱਕ ਬੁੱਲ੍ਹ ਕੱਢਦੀ ਸੀ ਉਹਤੋਂ, ਲੈ ਹੁਣ ਕਰ ਐਸ਼, ਕਰਤਾ ਵਿਹੜਾ ਮੋਕਲ਼ਾ...।"

-"ਉਹਦੀ ਭੈਣ ਬਾਲੀ ਦਾ ਤਾਂ ਉਹਦੇ ਨਾਲ਼ੋਂ ਵੀ ਬੁਰਾ ਹਾਲ ਐ, ਉਹ ਤਾਂ ਬਚਾਰੀ ਕਮਲ਼ ਜਿਆ ਈ ਮਾਰਨੋਂ ਨੀ ਹਟਦੀ...।"

-"ਕੀ ਦੋਸ਼ ਐ ਯਾਰ...? ਇੱਕ ਤਾਂ ਸਿਰ ਦਾ ਸਾਂਈਂ ਤੁਰ ਗਿਆ, ਦੂਜਾ ਉਹਦੀ ਲਾਸ਼ ਵੀ ਨੀ ਦਿੱਤੀ ਸਸਕਾਰ ਵਾਸਤੇ ਦੁਸ਼ਟਾਂ ਨੇ...। ਪਤਾ ਨੀ ਇਹ ਪਾਪੀ ਕਿੱਥੇ ਭਰਨਗੇ ਐਨੇ ਬੱਜਰ ਪਾਪ ਕਰ ਕੇ...।"

ਦੇਰ ਰਾਤ ਤੱਕ ਉਹ ਦਾਰੂ ਪੀਂਦੇ ਤੇ ਕਚ੍ਹੀਰਾ ਜਿਹਾ ਕਰਦੇ ਰਹੇ।

-"ਹੁਣ ਮੈਂ ਚੱਲਾਂ ਬਾਈ...?" ਬਲਦੇਵ ਉਠਣ ਲੱਗਿਆ ਤਾਂ ਸਰੀਰ ਡੋਲ ਗਿਆ।

-"ਬਚ ਕੇ ਮੋੜ ਤੋਂ...! ਤੂੰ ਤਾਂ ਜੈਤੋ ਆਲ਼ੀ ਬੱਸ ਵਾਂਗੂੰ ਊਂ ਈ ਟੇਢਾ ਹੋ ਚੱਲਿਆ ਸੀ...।"

-"ਆਂਏਂ ਨੀ ਟੇਢੇ ਹੁੰਦੇ, ਫੌਜੀ ਬੰਦੇ ਆਂ ਕਿਸੇ ਨੂੰ ਟੇਢਾ ਕਰ ਕੇ ਫੇਰ ਟੇਢੇ ਹੋਵਾਂਗੇ ਛੋਟੇ ਭਾਈ...।"

-"ਹੁਣ ਤੂੰ ਐਥੇ ਈ ਪੈਜਾ ਬਾਈ..। ਬਾਹਰ ਪੁਲ਼ਸ ਆਲ਼ੇ ਤੰਗ ਕਰਨਗੇ...।"

-"ਸਾਨੂੰ ਆਰਮੀ ਵਾਲ਼ਿਆਂ ਨੂੰ ਕੀ ਤੰਗ ਕਰਨਗੇ...? ਅਸੀਂ ਦੇਸ਼ ਦੇ ਰਾਖੇ ਰਹੇ ਆਂ ਡੇਵ ਸਿਆਂ..।"

-"ਬਾਈ, ਹੁਣ ਨੀ ਜਾਣ ਦੇਣਾ, ਘਰੇ ਜਾ ਕੇ ਵੀ ਸੌਣਾਂ ਈ ਐਂ...। ਨਾਲ਼ੇ ਅੱਜ ਕੱਲ੍ਹ ਪੁਲ਼ਸ ਤੇ ਡਾਕਟਰਾਂ ਦੀ ਚਾਂਦੀ ਐ, ਇਹਨਾਂ ਤੋਂ ਰੱਬ ਬਚਾਈ ਰੱਖੇ...।"

## ਕਾਂਡ 17

ਪੰਜ ਮਹੀਨੇ ਹੋ ਗਏ ਸਨ ਅਮਨ ਅਤੇ ਰੌਨੀ ਦੇ ਵਿਆਹ ਹੋਏ ਨੂੰ।

ਉਹ ਆਪਣੀ ਚੰਡੀਗੜ੍ਹ ਵਾਲ਼ੀ ਕੋਠੀ ਵਿੱਚ ਹੀ ਰਹਿ ਰਹੇ ਸਨ। ਕੋਰੋਨਾ ਦੀ ਦਹਿਸ਼ਤ ਖ਼ਤਮ ਹੋਣ ਦਾ ਨਾਂ ਹੀ ਨਹੀਂ ਲੈ ਰਹੀ ਸੀ। ਫ਼ਲਾਈਟਾਂ, ਬੱਸਾਂ ਅਤੇ ਟਰੇਨਾਂ ਬੰਦ ਸਨ। ਜਿਹੜਾ ਜਿੱਥੇ ਸੀ, ਓਥੋਂ ਦਾ ਹੋ ਕੇ ਹੀ ਰਹਿ ਗਿਆ ਸੀ। ਜਦ ਕੋਈ ਆਉਣ ਜਾਣ ਦਾ ਸਾਧਨ ਹੀ ਨਹੀਂ ਸੀ, ਫਿਰ ਜਾਣਾ ਵੀ 'ਕਾਸ' 'ਤੇ ਸੀ...?

ਅਮਨ ਵੀ ਘਰ ਵਿੱਚ ਫਸੀ ਬੈਠੀ ਸੀ। ਪਰ ਉਸ ਦੀ ਨਣਾਨ ਮਿੱਲੀ ਉਸ ਨੂੰ 'ਬੋਰ' ਨਾ ਹੋਣ ਦਿੰਦੀ ਅਤੇ ਉਸ ਦਾ ਦਿਲ ਲੁਆਈ ਰੱਖਦੀ। ਰੌਨੀ ਕਿਸੇ ਨਾਲ਼ ਫੋਨ ਉੱਪਰ ਹੀ 'ਬਿਜ਼ੀ' ਰਹਿੰਦਾ। ਅਮਨ ਹੈਰਾਨ ਸੀ ਕਿ ਨਵੀਂ ਵਿਆਹੀ ਨੂੰ ਛੱਡ ਕੇ ਉਹ ਸਾਰਾ ਦਿਨ ਕਿਸ ਨਾਲ਼ ਫੋਨ ਉਪਰ ਲੱਗਿਆ ਰਹਿੰਦਾ ਸੀ...?

**ਚਲਦਾ...**

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

- ਲੇਖਕ -
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




# ਗੁਰੂ ਅੰਗਦ ਗੁਰ ਅੰਗੁ ਤੇ

## ਕਿਸ਼ਤ 42

ਫ਼ੁਰਮਾਇਆ,

'ਧਿਆਨ ਤਾਂ ਸਾਡਾ ਵੀ ਕਈ ਦਿਨਾਂ ਤੋਂ ਤੁਹਾਡੇ ਵੱਲ ਹੀ ਸੀ ਪਰ, ਅੱਜ ਤੁਸਾਂ ਬਹੁਤ ਖਿੱਚ ਕੀਤੀ। ਸਵੇਰੇ ਸੰਗਤ ਦੇ ਦਰਸ਼ਨ ਕਰ ਕੇ ਅਸੀਂ ਤੁਹਾਡੇ ਵੱਲ ਤੁਰ ਪਏ, ਚੰਗਾ ਹੋਇਆ ਤੁਹਾਡਾ ਇਥੇ ਮਿਲਾਪ ਹੋ ਗਿਆ'। ਬਾਬਾ ਜੀ ਦੇ ਨੇਤ੍ਰ ਜਲ ਨਾਲ ਭਰਪੂਰ ਸਨ, ਇੰਨਾ ਹੀ ਕਹਿ ਸਕੇ, 'ਪਾਤਸ਼ਾਹ ਜੀ! ਆਪ ਜਾਣੀ ਜਾਣ ਹੋ'। ਸਤਿਗੁਰਾਂ ਹੱਥ ਫੜ ਲਿਆ ਅਰ ਬਿਆਸ ਦੇ ਕਿਨਾਰੇ ਵੱਲ ਨੂੰ ਹੋ ਤੁਰੇ ਅਰ ਕਹਿਣ ਲਗੇ ਸਾਨੂੰ ਅਪਨਾ ਨਗਰ ਵਿਖਾਵੋ।

ਧੰਨ ਜਨਮ ਤੇਰੋ ਜਗ ਭਯੋ।
(ਤੁਹਾਡਾ ਜੀਵਨ ਸਫ਼ਲ ਹੋ ਗਿਆ)
ਪ੍ਰੇਮ ਬਿਸਾਲ ਮੋਹਿ ਬਸਿ ਕੀਯੋ।
(ਤੁਸਾਂ ਸਾਨੂੰ ਪ੍ਰੇਮ-ਵਸ ਕਰ ਲਿਆ ਹੈ)
ਆਜ ਬੈਠ ਕਰਿ ਤੋਹਿ ਆਰਾਧਯੋ।
(ਤੁਸਾਂ ਅੱਜ ਬਹੁਤ ਯਾਦ ਕੀਤਾ)
ਆਯੋ ਤੁਰਤ ਪ੍ਰੇਮ ਤੇ ਬਾਧਯੋ।
(ਅਸੀਂ ਪ੍ਰੇਮ ਬੱਧੇ ਤੁਰਤ ਆ ਗਏ)
ਮੋ ਤੇ ਰਹਯੋ ਜਾਤ ਤਬ ਨਾਹੀਂ।
(ਸਾਡੇ ਤੋਂ ਵੀ ਰਿਹਾ ਨਹੀਂ ਜਾਂਦਾ)
ਪ੍ਰੇਮ ਸਮੇਤ ਧਿਆਏ ਮਨ ਮਾਹੀਂ।8॥20॥
(ਜਦੋਂ ਪ੍ਰੇਮ ਨਾਲ ਯਾਦ ਕਰਦੇ ਹੋ)

ਹੁਕਮ ਅਨੁਸਾਰ ਬਾਬਾ ਜੀ ਪਹਿਲਾਂ ਧਰਮਸਾਲ ਅਰ ਫਿਰ ਬਾਕੀ ਉਸਾਰੀਆਂ ਦਿਖਾਈਆਂ। ਗੁਰੂ ਪਾਤਸ਼ਾਹ ਬਹੁਤ ਆਨੰਦਤ ਹੋਏ ਅਰ ਕਿਹਾ, 'ਪੁਰਖਾ ਜੀ! ਕਰਤਾਰ ਨੇ ਇਹ ਸੇਵਾ ਤੁਹਾਡੀ ਲਾਈ ਹੋਈ ਹੈ ਜਿਸ ਕਰ ਕੇ ਇਹ ਸਾਰਾ ਸਬੱਬ ਬਣਿਆ ਹੈ'। ਇਉਂ ਬਚਨ ਕਰਦੇ ਹੋਏ ਬਿਆਸ ਦੇ ਕਿਨਾਰੇ ਇਕ ਪੱਧਰ ਜਿਹੀ ਥਾਂ 'ਤੇ ਆ ਕੇ ਸਾਹਿਬ ਜੀ ਰੁਕ ਗਏ। ਬਾਬਾ ਜੀ ਨੇ ਆਪਣਾ ਕਮਰਕੱਸਾ ਲਾਹ ਕੇ ਵਿਛਾਅ ਦਿੱਤਾ ਜਿਸ 'ਤੇ ਸਾਹਿਬ ਜੀ ਬਿਰਾਜ ਗਏ ਅਰ ਬਚਨ ਕੀਤਾ:

ਦੋਹਰਾ॥ ਹੇ ਪੁਰਖਾ ਤੁਮ ਮਮ ਭੇਦ ਨਹਿੰ
ਤੂੰ ਮੇਰੋ ਨਿਜ ਰੂਪ।
ਤੁਮ ਮੇਰੇ ਹੀਅਰੇ ਬਸੋ
ਅਦਭੁਤ ਕਥਾ ਅਨੂਪ।6॥15॥ ਮ.ਪ੍ਰ.

ਏਥੇ ਬੈਠਿਆਂ ਹੀ ਨਗਰ ਤੋਂ ਇਕ ਸਿੱਖ ਆਇਆ, ਉਸ ਨੂੰ ਬਾਬਾ ਜੀ ਨੇ ਨਗਰ ਤੋਂ ਤਿਆਰ ਭੋਜਨ ਲਿਆਉਣ ਲਈ ਕਿਹਾ ਜੋ ਥੋੜੀ ਦੇਰ ਵਿਚ ਲੈ ਆਇਆ। ਗੁਰੂ ਸਾਹਿਬ ਅਰ ਬਾਬਾ ਜੀ ਨੇ ਭੋਜਨ ਕੀਤਾ। ਉਪਰੰਤ ਸਤਿਗੁਰੂ ਜੀ ਜਾਣ ਵਾਸਤੇ ਉੱਠ ਖੜੇ ਹੋਏ ਅਰ ਬਾਬਾ ਜੀ ਵੀ ਨਾਲ ਹੀ ਖਡੂਰ ਸਾਹਿਬ ਲੈ ਆਂਦਾ ਤੇ ਕੁਝ ਦਿਨ ਇਥੇ ਰਹੇ। ਹੁਣ ਗੁਰਦੇਵ ਜੀ ਦੀ ਇੱਛਾ ਅਨੁਸਾਰ ਫਿਰ ਆਪ ਜੀ ਰੋਜ਼ ਸਵੇਰੇ ਦੀਵਾਨ ਦੇ ਦੌਰਾਨ ਆ ਜਾਂਦੇ ਅਰ ਸਾਰਾ ਦਿਨ ਏਥੇ ਸੇਵਾ ਕਰ ਕੇ ਦਿਨ ਢਲੇ ਗੋਇੰਦਵਾਲ ਵਾਪਸ ਚਲੇ ਜਾਂਦੇ।

ਕੇਤਕ ਦਿਨ ਖਡੂਰ ਮੋ ਰਹੇ।
ਆਗਿਆ ਭਈ ਪੁਨ ਆਵਤ ਭਏ।
ਨਿਤਪ੍ਰਤਿ ਖਡੂਰ ਦਰਸਨ ਕੋ ਜਾਨਾ।
ਸ੍ਰੀ ਗੁਰ ਅਮਰ ਇਹੀ ਪਰਨ ਠਾਨਾ।11॥
ਗੁਰੂ ਦਰਸ਼ਨ ਕਰੈ ਪ੍ਰਸਾਦਿ ਖੁਲਾਵੈ।
ਗੋਇੰਦਵਾਲ ਨਿਸ ਆਨਿ ਬਿਤਾਵੈ।
ਇਸੀ ਭਾਤਿ ਕੇਤਕ ਦਿਨ ਬੀਤੇ। ਭਏ ਪ੍ਰਸੰਨਿ
ਗੁਰ ਪਰਮ ਪ੍ਰਤੀਤੇ।12॥13॥ ਮ.ਪ੍ਰ.

ਆਪ ਜੀ ਦੀ ਕਰੜੀ ਘਾਲਣਾ ਜਾਣ ਕੇ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:

ਯਾਂ ਤੇ ਸਤਿਗੁਰ ਅਰ ਸਤਸੰਗ।
(ਇਸ ਲਈ ਸਤਿਗੁਰ ਅਰ ਸਤਸੰਗਤ)
ਇਨ ਕੀ ਸੇਵਾ ਅਧਿਕ ਉਤੰਗ।
(ਦੀ ਸੇਵਾ ਅਤਿ ਉੱਤਮ ਹੈ)
ਬਰਖ ਹਜ਼ਾਰਹੁੰ ਤਪ ਜੇ ਘਾਲੇ।
(ਜੇ ਕੋਈ ਹਜ਼ਾਰਾਂ ਸਾਲ ਤਪਸਿਆ ਕਰੇ)
ਤਿਨ ਤੇ ਸੇਵਾ ਅਹੈ ਬਿਸਾਲੇ।43॥
(ਉਸ ਤੋਂ ਵੀ ਸੇਵਾ ਮਹਾਨ ਹੈ)
ਜਬਿ ਕਬਿ ਅਬਿ ਅਰ ਆਗੇ ਕੇਈ।
(ਜਦ ਕਦੀ ਵੀ ਭਵਿੱਖ ਵਿਚ ਜੋ)
ਸੇਵ ਬਿਖੈ ਮਨ ਲਾਵਹਿਂ ਜੇਈ।
(ਸੇਵਾ ਵਿਚ ਮਨ ਲਾਉਣਗੇ)
ਤਿਨ ਕੋ ਬਹੁਰ ਨ ਕਰਿਬੋ ਰਹਯੋ।
(ਉਨ੍ਹਾਂ ਨੂੰ ਹੋਰ ਕੁਝ ਕਰਨ ਦੀ ਲੋੜ ਨਹੀਂ)
ਭੋਗ ਮੋਖ ਦੋਨਹੁ ਤਿਹ ਲਹਯੋ।44॥20॥
(ਲੋਕ ਪ੍ਰਲੋਕ ਉਨ੍ਹਾਂ ਦਾ ਸਫ਼ਲ ਹੋ ਗਿਆ)
ਗੁ.ਪ੍ਰ.ਸੂ.

ਮਾਰੂ ਮਹਲਾ 1॥ ਬ੍ਰਹਮਾ ਬਿਸਨੁ ਰਿਖੀ ਮੁਨੀ
ਸੰਕਰੁ ਇੰਦੁ ਤਪੈ ਭੇਖਾਰੀ॥
ਮਾਨੈ ਹੁਕਮੁ ਸੋਹੈ ਦਰਿ ਸਾਚੈ
ਆਕੀ ਮਰਹਿ ਅਫਾਰੀ॥
ਜੰਗਮ ਜੋਧ ਜਤੀ ਸੰਨਿਆਸੀ
ਗੁਰਿ ਪੂਰੈ ਵੀਚਾਰੀ॥
ਬਿਨੁ ਸੇਵਾ ਫਲੁ ਕਬਹੁ ਨ ਪਾਵਸਿ
ਸੇਵਾ ਕਰਣੀ ਸਾਰੀ॥2॥ ਗੁ.ਗ੍ਰ.ਸਾ. ਪੰਨਾ 992

ਸਲੋਕ ਮਹਲਾ 3॥ ਸਤਿਗੁਰ ਕੀ ਸੇਵਾ ਸਫਲ ਹੈ
ਜੇ ਕੋ ਕਰੇ ਚਿਤੁ ਲਾਇ॥
ਨਾਮੁ ਪਦਾਰਥੁ ਪਾਈਐ
ਅਚਿੰਤੁ ਵਸੈ ਮਨਿ ਆਇ॥
ਜਨਮ ਮਰਨ ਦੁਖੁ ਕਟੀਐ
ਹਉਮੈ ਮਮਤਾ ਜਾਇ॥
ਉਤਮ ਪਦਵੀ ਪਾਈਐ ਸਚੇ ਰਹੈ ਸਮਾਇ॥
ਨਾਨਕ ਪੂਰਬਿ ਜਿਨ ਕਉ ਲਿਖਿਆ
ਤਿਨਾ ਸਤਿਗੁਰੁ ਮਿਲਿਆ ਆਇ॥1॥
ਗੁ.ਗ੍ਰ.ਸਾ. ਪੰਨਾ 552

### *ਦੇਣੀ ਅਮਰਦਾਸਿ ਘਰਿ ਆਈ*

ਬਿਕਰਮੀ ਸੰਮਤ 1609/ 1552 ਈਸਵੀ ਦਾ ਸਾਲ ਸੀ। ਰੁੱਤਾਂ ਦੀ ਸਰਦਾਰ -ਬਹਾਰ- ਰੁੱਤ ਦਾ ਚੇਤਰ ਮਹੀਨਾ ਸੀ। ਪਿਛਲੇ ਕੁਝ ਚਿਰ ਤੋਂ ਸਾਹਿਬ ਜੀ ਵਿਚਾਰ ਰਹੇ ਸਨ ਕਿ ਸੇਵਾ ਦੀ ਵਾਗ-ਡੋਰ ਹੁਣ ਸ੍ਰੀ ਅਮਰਦਾਸ ਜੀ ਨੂੰ ਸੌਂਪ ਕੇ ਸਾਡਾ ਜਾਣ ਦਾ ਸਮਾਂ ਆ ਗਿਆ ਹੈ ਫਿਰ ਇਕ ਦਿਨ ਉਨ੍ਹਾਂ ਦੀਵਾਨ ਵਿਚ ਇਸ ਭਾਵਨਾ ਨੂੰ ਪ੍ਰਗਟ ਕਰ ਦਿੱਤਾ। ਸੰਗਤ ਵਿਚ ਚਰਚਾ ਹੋਣੀ ਸ਼ੁਰੂ ਹੋ ਗਈ ਕਿ ਸਾਹਿਬ ਜੀ ਜਾਣ ਦੇ ਤਿਆਰੇ ਕਰ ਰਹੇ ਹਨ, ਉਹ ਬਾਬਾ ਸ੍ਰੀ ਅਮਰਦਾਸ ਜੀ ਨੂੰ ਪਹਿਲਾਂ ਹੀ ਖ਼ੁਸ਼ੀਆਂ ਬਖ਼ਸ਼ ਚੁੱਕੇ ਹਨ ਅਰ ਉਨ੍ਹਾਂ ਦੇ ਝੁਕਾਅ ਤੋਂ ਵੀ ਜ਼ਾਹਰ ਹੈ ਕਿ ਆਪ ਜੀ ਗੁਰਿਆਈ ਦੀ ਸੇਵਾ ਇਨ੍ਹਾਂ ਨੂੰ ਹੀ ਸੌਂਪਣਗੇ। ਰੁਝੇਵੇਂ ਕਾਰਨ ਸੁਭਾਵਕ ਹੀ ਬਾਬਾ ਜੀ ਖਡੂਰ ਸਾਹਿਬ ਨਹੀਂ ਜਾ ਸਕੇ ਸਨ ਅੱਜ ਜਦੋਂ ਇਹ ਖ਼ਬਰ ਗੋਇੰਦਵਾਲ ਪਹੁੰਚੀ ਤਾਂ ਸੁਣ ਕੇ ਆਪ ਜੀ ਅੰਦਰ ਮਿਲਣ ਦੀ ਬਿਹਬਲਤਾ ਉਮਡ ਪਈ ਅਰ ਸਭ ਕੁਝ ਤਿਆਗ ਕੇ ਅੱਜ ਸ਼ਾਮ ਨੂੰ ਹੀ ਖਡੂਰ ਸਾਹਿਬ ਆ ਸਤਿਗੁਰਾਂ ਦੇ ਦੀਦਾਰ ਕੀਤੇ, ਅੰਦਰ ਠੰਢ ਪਈ। ਸਤਿਗੁਰਾਂ ਫ਼ੁਰਮਾਇਆ,

'ਭਲਾ ਹੋਇਆ ਪੁਰਖਾ ਜੀ! ਤੁਸੀਂ ਪਹੁੰਚ ਗਏ, ਅਸੀਂ ਤੁਹਾਨੂੰ ਯਾਦ ਕਰ ਰਹੇ ਸਾਂ'।

'ਕਿਉਂ? ਪਾਤਸ਼ਾਹ ਜੀ'! ਬਾਬਾ ਜੀ ਨੇ ਪੁੱਛਿਆ। ਹਜ਼ੂਰ ਕਹਿਣ ਲੱਗੇ,

'ਸਾਡਾ ਜਾਣ ਦਾ ਸਮਾਂ ਆ ਗਿਆ ਹੈ ਅਰ ਅਸੀਂ ਭਲਕੇ ਸਵੇਰੇ ਤੁਹਾਨੂੰ ਸਾਰਾ ਕੁਝ ਸੌਂਪ ਕੇ ਗੁਰੂ-ਬਾਬਾ ਜੀ ਪ੍ਰਤੀ ਸੁਰਖ-ਰੂ ਹੋਵਾਂਗੇ'। ਇਨ੍ਹਾਂ ਕਿਹਾ,

'ਪਾਤਸ਼ਾਹ ਜੀ! ਮੈਂ ਆਪ ਦਾ ਟਹਿਲੀਆ ਹਾਂ, ਮੈਨੂੰ ਆਪਣੀ ਟਹਿਲ ਬਖ਼ਸ਼ੋ, ਜੀ'!

ਸਵੇਰ ਹੋਈ ਤਾਂ ਭਾਈ ਬੁੱਢਾ ਜੀ ਨੂੰ ਹੁਕਮ ਹੋਇਆ ਕਿ ਜਿਸ ਗਾਗਰ ਵਿਚ ਸ੍ਰੀ ਅਮਰਦਾਸ ਸਾਡੇ ਲਈ ਜਲ ਲਿਆਉਂਦੇ ਸਨ ਉਸੇ ਵਿਚ ਜਲ ਲਿਆ ਕੇ ਉਨ੍ਹਾਂ ਨੂੰ ਕੇਸੀਂ ਇਸ਼ਨਾਨ ਕਰਵਾ ਕੇ ਉੱਜਲ ਬਸਤ੍ਰ ਪਹਿਨਾ ਲਿਆਉ। ਸ੍ਰੀ ਮਾਤ ਖੀਵੀ ਜੀ ਅਰ ਸਾਹਿਬਜ਼ਾਦਿਆਂ ਨੂੰ ਵੀ ਬੁਲਾ ਭੇਜਿਆ। ਹੋਰਨਾਂ ਨੂੰ ਵੀ ਸੂਚਿਤ ਕਰ ਦਿੱਤਾ ਗਿਆ। ਗੁਰੂ ਕੇ ਨਿਵਾਜ਼ੇ ਰਬਾਬੀ ਬਲਵੰਡ ਅਰ ਸੱਤਾ ਜੀ ਜਦੋਂ ਕੀਰਤਨ ਕਰ ਹਟੇ ਤਾਂ ਹਜ਼ੂਰ ਨੇ ਸਾਰੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਫ਼ੁਰਮਾਇਆ,

'ਸੰਗਤ ਜੀ! ਸਾਨੂੰ ਦਰਗਾਹੀ ਸੱਦੇ ਆ ਚੁੱਕੇ ਹਨ ਅਰ ਜਾਣ ਤੋਂ ਪਹਿਲਾਂ ਆਪਣੇ ਪਿਤਾ ਗੁਰੂ-ਬਾਬਾ ਨਾਨਕ ਜੀ ਦੀ ਸਾਨੂੰ ਸੌਂਪੀ ਅਮਾਨਤ, ਤੁਹਾਡੀ ਖ਼ੁਸ਼ੀ ਨਾਲ, ਤੁਹਾਡੇ ਸਨਮੁਖ ਅਸੀਂ ਅੱਜ ਸ੍ਰੀ ਅਮਰਦਾਸ ਜੀ ਨੂੰ ਸੌਂਪਣ ਲੱਗੇ ਹਾਂ। ਕਰਤਾਰ ਦੀ ਕਿਰਪਾ ਸਦਕਾ ਪਿਛਲੇ ਸਮੇਂ ਦੇ ਦੌਰਾਨ ਅਸੀਂ ਹਰ ਤਰਹ ਵਿਚਾਰ ਕਰ ਕੇ ਵੇਖ ਲਿਆ ਹੈ ਕਿ ਜ਼ਿੰਮੇਵਾਰੀ ਦੀ ਇਹ ਪੰਡ ਉਠਾਉਣ ਦੇ ਯੋਗ ਕੇਵਲ ਇਹੀ ਹਨ, ਕਰਤਾਰ ਨੇ ਇਨ੍ਹਾਂ ਨੂੰ ਹੀ ਇਸੇ ਲਈ ਸਾਡੇ ਕੋਲ ਭੇਜਿਆ ਹੈ। ਸਾਨੂੰ ਸੰਤੁਸ਼ਟਤਾ ਹੈ ਕਿ ਅੱਜ ਫਿਰ ਗੁਰੂ ਕੀ ਸੰਗਤ ਵਿਚੋਂ ਗੁਰਗੱਦੀ ਦਾ ਅਗਲਾ ਸੇਵਕ ਥਾਪਿਆ ਜਾ ਰਿਹਾ ਹੈ। ਤੁਸੀਂ ਸਦਾ ਹਰ ਤਰਹ ਕਰ ਕੇ ਇਨ੍ਹਾਂ ਨੂੰ ਸਹਿਯੋਗ ਦੇਣਾ ਤਾਂ ਕਿ ਗੁਰੂ-ਬਾਬਾ ਜੀ ਦਾ ਪੰਥ ਸਾਜਨ ਦਾ ਸੁਪਨਾ ਪੂਰਾ ਕਰਨ ਲਈ ਇਹ ਆਪਣਾ ਹਿੱਸਾ ਪਾ ਸੱਕਣ'।

ਇਤਨੇ ਬਚਨ ਕਰ ਕੇ ਸਾਹਿਬ ਜੀ ਆਪਣੇ ਸਿੰਘਾਸਣ ਤੋਂ ਉੱਠੇ ਅਰ ਸ੍ਰੀ ਅਮਰਦਾਸ ਜੀ ਨੂੰ ਉਥੇ ਆ ਕੇ ਬੈਠਣ ਲਈ ਆਖਿਆ। ਨਾਲ ਹੀ ਸ੍ਰੀ ਬੁੱਢਾ ਜੀ ਨੂੰ ਕਮਰਕੱਸਾ ਅਰ ਸ਼ਬਦ ਦਾ ਖ਼ਜ਼ਾਨਾ ਲੈ ਆਉਣ ਲਈ ਆਖਿਆ। ਹਜ਼ੂਰ ਨੇ ਆਪਣੇ ਹੱਥੀਂ ਬਾਬਾ ਜੀ ਨੂੰ ਕਮਰਕੱਸਾ ਕਰ ਕੇ ਸਿੰਘਾਸਣ 'ਤੇ ਬੈਠਾਇਆ ਅਰ ਗੁਰਿਆਈ ਦਾ ਤਿਲਕ ਦਿੱਤਾ, ਸ਼ਬਦ ਦਾ ਖ਼ਜ਼ਾਨਾ ਜੋ ਪੋਥੀਆਂ ਦੇ ਰੂਪ ਵਿਚ ਉਨ੍ਹਾਂ ਦੇ ਪਾਸ ਸੀ, ਸ੍ਰੀ ਬਾਬਾ ਜੀ ਨੂੰ ਸੌਂਪਿਆ ਅਰ ਉਨ੍ਹਾਂ ਦੀ ਪਰਕਰਮਾ ਕਰ ਕੇ ਸਨਮੁਖ ਪੰਜ ਪੈਸੇ ਰੱਖ ਕੇ ਮੱਥਾ ਟੇਕ ਦਿੱਤਾ।

ਸੁਨਿ ਪੁਰਖਾ ਸ੍ਰੀ ਅਮਰ ਸੁ ਪਿਆਰੇ।
(ਹੇ ਪਿਆਰੇ ਸ੍ਰੀ ਅਮਰਦਾਸ ਜੀ!)
ਅਬਿ ਤੁਮ ਬੈਠਹੁ ਥਾਨ ਹਮਾਰੇ।8॥
(ਹੁਣ ਤੁਸੀਂ ਸਾਡੀ ਥਾਂ 'ਤੇ ਬੈਠੋ)
ਰਾਜ ਜੋਗ ਕੋ ਮਹਦ ਸਿੰਘਾਸਣ।
(ਜੋ ਰਾਜ-ਜੋਗ ਦਾ ਮਹਾਨ ਤਖ਼ਤ ਹੈ)
ਤਿਸ ਪਰ ਸੋਭਹੁ ਕਰਿਹੁ ਪ੍ਰਕਾਸ਼ਨ'।
(ਇਸ 'ਤੇ ਬਿਰਾਜਮਾਨ ਹੋਵੋ')



ਗੁਰੂ ਅੰਗਦ ਦੇਵ ਜੀ

ਕਹਿ ਪਹਿਰਾਏ ਬਸਤ੍ਰ ਨਵੀਨ।
(ਕਹਿ ਕੇ ਨਵੇਂ ਬਸਤ੍ਰ ਪਹਿਨਾਏ)
ਤਿਲਕ ਭਾਲ ਨਿਜ ਕਰ ਸਿਉਂ ਦੀਨ।9॥
(ਆਪਣੇ ਹੱਥੀਂ ਮੱਥੇ 'ਤੇ ਤਿਲਕ ਲਾਇਆ)

ਹੁਣ ਸਤਿਗੁਰਾਂ ਨੇ ਸਮੇਤ ਸਾਹਿਬਜ਼ਾਦਿਆਂ ਸਾਰੀਆਂ ਸੰਗਤਾਂ ਨੂੰ ਹੁਕਮ ਕੀਤਾ ਜੋ ਵੀ ਗੁਰੂ ਨਾਨਕ ਨਾਮ ਲੇਵਾ ਹੈ ਉਹ ਸ੍ਰੀ ਗੁਰੂ ਅਮਰਦਾਸ ਜੀ ਨੂੰ ਮੱਥਾ ਟੇਕ ਕੇ ਆਪਣਾ ਸਤਿਕਾਰ ਭੇਟ ਕਰੇ। ਸ੍ਰੀ ਬੁੱਢਾ ਜੀ ਵਰਗੇ ਗੁਰਸਿੱਖ ਆਪਣੀ ਜ਼ਿੰਦਗੀ ਵਿਚ ਅਜਿਹਾ ਕੌਤਕ ਦੂਜੀ ਵਾਰ ਵੇਖ ਰਹੇ ਸਨ। ਹੁਕਮ ਦੀ ਤਾਮੀਲ ਕਰਦਿਆਂ ਸ੍ਰੀ ਬਾਬਾ ਬੁੱਢਾ ਜੀ ਨੇ ਮੱਥਾ ਟੇਕਿਆ ਅਰ ਇਸੇ ਤਰਹ ਬਾਕੀ ਸਿੱਖਾਂ ਨੇ। ਸ੍ਰੀ ਮਾਤ ਖੀਵੀ ਜੀ ਨੇ ਵੀ ਪਤੀ-ਗੁਰੂ ਦੇ ਹੁਕਮ ਦੀ ਪਾਲਣਾ ਕੀਤੀ। ਗੁਰੂ ਸਾਹਿਬ ਨੇ ਸਾਹਿਬਜ਼ਾਦਿਆਂ ਫਿਰ ਗੁਰੂ ਅਮਰਦਾਸ ਜੀ ਨੂੰ ਮੱਥਾ ਟੇਕਣ ਲਈ ਹੁਕਮ ਕੀਤਾ। ਹੁਣ ਉਹ ਬੁੜਬੁੜਾਏ,

'ਪਿਤਾ ਜੀ! ਸਾਨੂੰ ਤਿਆਗ ਕੇ ਤੁਸੀਂ ਇਸ ਘਰ ਦੇ ਸੇਵਕ ਨੂੰ ਸਾਰਾ ਕੁਝ ਦੇ ਕੇ ਨਿਆਂ ਨਹੀਂ ਕੀਤਾ, ਅਸੀਂ ਆਪ ਜੀ ਦੇ ਸਪੁੱਤਰ ਹਾਂ, ਅਸੀਂ ਸੇਵਕ ਨੂੰ ਕਿਉਂ ਮੱਥਾ ਟੇਕੀਏ'।

ਦਾਸੂ ਸਾਥ ਭਨਯੋ ਗੁਰ ਨਾਥ।
(ਦਾਸੂ ਨੂੰ ਗੁਰੂ ਅੰਗਦ ਜੀ ਕਿਹਾ)
'ਉੱਠ ਤੁਮ ਭੀ ਟੇਕੋ ਨਿਜ ਮਾਥ'।
('ਤੁਸੀਂ ਵੀ ਉੱਠ ਕੇ ਮੱਥਾ ਟੇਕੋ')
'ਸੁਨਹੁ ਪਿਤਾ ਇਹ ਦਾਸ ਤੁਹਾਰਾ।
('ਪਿਤਾ ਜੀ! ਇਹ ਤੁਹਾਡਾ ਦਾਸ ਹੈ)
ਇਕ ਤੋਂ ਲੀਨਸਿ ਮਮ ਅਧਿਕਾਰਾ।24॥
(ਇਕ ਇਸ ਨੇ ਮੇਰਾ ਅਧਿਕਾਰ ਖੋਹਿਆ)
ਦੁਤੀਏ ਉੱਠ ਕਰਿ ਸੀਸ ਨਿਵਾਵੈਂ।
(ਦੂਜਾ ਹੁਣ ਮੈਂ ਇਸ ਨੂੰ ਮੱਥਾ ਟੇਕਾਂ)
ਇਹ ਤੌ ਹਮ ਤੇ ਨਹਿੰ ਬਨਿ ਆਵੈ'।..25॥
(ਮੈਂ ਏਵੇਂ ਨਹੀਂ ਕਰ ਸਕਦਾ')

ਮਾਤਾ ਜੀ ਸਭ ਕੁਝ ਤੱਕ ਰਹੇ ਸਨ ਪਰ, ਦੋਹਾਂ ਪੁਤਰਾਂ ਨੇ ਉਨ੍ਹਾਂ ਵੱਲ ਧਿਆਨ ਨ ਦਿੱਤਾ ਅਰ ਉੱਠ ਕੇ ਬਾਹਰ ਚਲੇ ਗਏ। ਉਨ੍ਹਾਂ ਦੇ ਜਾਣ ਉਪਰੰਤ ਸਤਿਗੁਰੂ ਜੀ ਨੇ ਫਿਰ ਕਿਹਾ ਕਿ ਅਮਰਦਾਸ ਜੀ ਸਾਡਾ ਰੂਪ ਹਨ ਅਰ ਹੁਣ ਸਾਡੇ ਵਿਚ ਕੋਈ ਭੇਦ ਨਹੀਂ ਹੈ, ਗੁਰੂ ਨਾਨਕ ਸਾਹਿਬ ਦੀਆਂ ਸਾਰੀਆਂ ਬਖ਼ਸ਼ਿਸ਼ਾਂ ਦੇ ਇਹ ਅੱਜ ਤੋਂ ਮਾਲਕ ਹੋਣਗੇ ਜੋ ਇਨ੍ਹਾਂ ਨੂੰ ਸਾਡਾ ਰੂਪ ਜਾਣ ਕੇ ਮੰਨੇਗਾ ਉਸ ਤੇ ਸਾਡੀ ਪ੍ਰਸੰਨਤਾ ਹੋਵੇਗੀ।

ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ

# ਸਿੱਖ ਪਛਾਣ ਦਾ ਸੰਕਟ: ਪੱਛਮੀ ਪ੍ਰਭਾਵ, ਫੈਸ਼ਨ ਅਤੇ ਸਮਕਾਲੀ ਚੁਣੌਤੀਆਂ

**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**



ਸਿੱਖੀ, ਜਿਹੜੀ ਗੁਰੂ ਨਾਨਕ ਦੇਵ ਜੀ ਦੀ ਚਾਨਣ-ਮੁਨਾਰੀ ਸਿੱਖਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਕਕਾਰਾਂ ਦੀ ਅਮਰ ਦੇਣ ਹੈ, ਅੱਜ ਗਲੋਬਲੀਕਰਨ ਦੀਆਂ ਤੂਫ਼ਾਨੀ ਲਹਿਰਾਂ ਅਤੇ ਪੱਛਮੀ ਸਭਿਆਚਾਰ ਦੀ ਚਮਕ-ਦਮਕ ਵਿੱਚ ਆਪਣੀ ਚਮਕ ਗੁਆ ਰਹੀ ਹੈ। ਸਿੱਖ ਪਛਾਣ ਵੀ ਪੱਛਮੀ ਫੈਸ਼ਨ, ਨੌਜਵਾਨਾਂ ਦੀ ਅਗਿਆਨਤਾ, ਅਤੇ ਭਾਸ਼ਾਈ ਅਣਦੇਖੀ ਦੀਆਂ ਧੁੰਦਲੀਆਂ ਪਰਤਾਂ ਵਿੱਚ ਲੁਕਦੀ ਜਾ ਰਹੀ ਹੈ। ਪੱਛਮੀ ਸਭਿਆਚਾਰ ਦੀਆਂ ਲਹਿਰਾਂ ਸਿੱਖ ਨੌਜਵਾਨਾਂ ਦੀ ਸੂਰਤ ਤੇ ਵਿਚਾਰ ਨੂੰ ਨਿਗਲ ਰਹੀਆਂ ਹਨ। ਸੋਸ਼ਲ ਮੀਡੀਆ ਦੀਆਂ ਚਮਕਦਾਰ ਸਕਰੀਨਾਂ, ਜਿੱਥੇ ਫੈਸ਼ਨ ਦੇ ਰੁਝਾਨ ਅਤੇ ਟੈਟੂਆਂ ਦੀਆਂ ਸਿਆਹੀਆਂ ਨੌਜਵਾਨਾਂ ਦੇ ਦਿਮਾਗਾਂ 'ਤੇ ਰਾਜ ਕਰ ਰਹੀਆਂ ਹਨ, ਸਿੱਖੀ ਦੀ ਸਾਦਗੀ ਨੂੰ ਚੁਣੌਤੀ ਦੇ ਰਹੀਆਂ ਹਨ।

ਪੰਜਾਬ ਦੀ ਹਰੀ ਕ੍ਰਾਂਤੀ, ਜਿਸ ਨੇ ਖੇਤੀ ਨੂੰ ਸੁਨਹਿਰੀ ਰੰਗ ਦਿੱਤਾ, ਨਾਲ ਹੀ ਇੱਕ ਸਭਿਆਚਾਰਕ ਸੰਕਟ ਦਾ ਤੂਫ਼ਾਨ ਵੀ ਲਿਆਂਦਾ। ਇਹ ਤੂਫ਼ਾਨ ਅਸ਼ਲੀਲ ਫਿਲਮਾਂ, ਲੱਚਰ ਗੀਤਾਂ, ਅਤੇ ਸ਼ਰਾਬ-ਸਿਗਰਟ ਤੇ ਨਸ਼ਿਆਂ ਦੀਆਂ ਲਤਾਂ ਦਾ ਰੂਪ ਧਾਰ ਗਿਆ ਜੋ ਹੁਣ ਤਕ ਆਧੁਨਿਕਤਾ ਦੇ ਰੂਪ ਵਿਚ ਜਾਰੀ ਹੈ ਤੇ ਅਜਗਰ ਵਾਂਗ ਸਿੱਖ ਯੂਥ ਨੂੰ ਨਿਗਲ ਰਿਹਾ ਹੈ। ਪੇਂਡੂ ਜ਼ਿੰਮੀਦਾਰ ਸਿੱਖ ਪਰਿਵਾਰਾਂ ਦੇ ਨੌਜਵਾਨ, ਜੋ ਪਹਿਲਾਂ ਗੁਰੂ ਦੀ ਬਖਸ਼ੀ ਸੂਰਤ ਦੇ ਮਾਣਕ ਸਨ, ਅੱਜ ਇਹ ਪਤਿਤਪੁਣੇ ਅਤੇ ਸ਼ੋਸ਼ਲ ਮੀਡੀਆ ਦੇ ਲੁਚੇ, ਅਸ਼ਲੀਲ ਰੁਝਾਨ ਵਿਚ ਡੁਬ ਰਹੇ ਹਨ। 'ਸਿੰਘ' ਅਤੇ 'ਕੌਰ' ਨਾਮਾਂ ਨੂੰ ਛੱਡ ਕੇ, ਉਹ ਆਪਣੇ ਆਪ ਨੂੰ 'ਅਗਾਂਹਵਧੂ' ਸਮਝ ਰਹੇ ਹਨ, ਪਰ ਇਹ ਅਖੌਤੀ ਆਧੁਨਿਕਤਾਵਾਦ ਸਿਰਫ਼ ਬਾਹਰੀ ਚਮਕ ਹੈ, ਜਿਵੇਂ ਬਿਨਾਂ ਜੜ੍ਹਾਂ ਦੇ ਰੁੱਖ ਦੀ ਛਾਂ। ਵਿਦੇਸ਼ਾਂ ਵਿਚ ਵੱਸਦੇ ਸਿੱਖ ਨੌਜਵਾਨ ਸਮਾਜਿਕ ਦਬਾਅ ਅਤੇ ਨਸਲਵਾਦ ਦੀ ਮਾਰ ਹੇਠ ਕੇਸ ਕਟ ਰਹੇ ਹਨ। ਪੱਛਮੀ ਫੈਸ਼ਨ ਦੀ ਇਸ ਲਹਿਰ ਨੇ ਸਿਰਫ਼ ਸਿੱਖੀ ਦੀ ਸੂਰਤ ਨੂੰ ਨਹੀਂ, ਸਗੋਂ ਇਸ ਦੀ ਰੂਹ ਨੂੰ ਵੀ ਚੁਣੌਤੀ ਦਿੱਤੀ ਹੈ।



ਪੰਜਾਬੀ ਭਾਸ਼ਾ ਸਿੱਖੀ ਦੀ ਜਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਜੋ ਗੁਰਮੁਖੀ ਦੀ ਸਰਗਮ ਵਿਚ ਸੁਰੀਲੀ ਹੁੰਦੀ ਹੈ, ਸਿੱਖਾਂ ਦੇ ਦਿਲਾਂ ਨੂੰ ਜੋੜਦੀ ਹੈ। ਪਰ ਅੱਜ, ਜਿਵੇਂ ਝਰਨੇ ਦਾ ਪਾਣੀ ਸੁੱਕ ਜਾਂਦਾ ਹੈ, ਤਿਵੇਂ ਪੰਜਾਬੀ ਭਾਸ਼ਾ ਸੁੱਕ ਰਹੀ ਹੈ। ਅਸੀਂ ਆਪਣੇ ਵਜੂਦ ਪੰਜਾਬੀ ਭਾਸ਼ਾ ਤੋਂ ਵਿਛੜ ਰਹੇ ਹਾਂ।ਸ਼ਹਿਰੀ ਸਿੱਖ ਨੌਜਵਾਨ ਅੰਗਰੇਜ਼ੀ,ਹਿੰਦੀ ਨੂੰ ਰੁਤਬੇ ਦੀ ਨਿਸ਼ਾਨੀ ਮੰਨਦੇ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅਧਿਐਨ ਅਨੁਸਾਰ, ਸ਼ਹਿਰੀ ਖੇਤਰਾਂ ਵਿਚ ਪੰਜਾਬੀ ਨੌਜਵਾਨ ਪੰਜਾਬੀ ਬੋਲਣ ਵਿਚ ਸ਼ਰਮ ਮਹਿਸੂਸ ਕਰਦੇ ਹਨ। ਪ੍ਰੋਫੈਸਰ ਪੂਰਨ ਸਿੰਘ ਨੇ ਕਿਹਾ ਸੀ, "ਪੰਜਾਬੀ ਉਹ ਸਰਗਮ ਹੈ, ਜਿਸ ਵਿਚ ਗੁਰੂਆਂ ਦੀ ਬਾਣੀ ਦਾ ਸੁਰ ਸੁਣਾਈ ਦਿੰਦਾ ਹੈ।" ਜੇਕਰ ਇਹ ਸਰਗਮ ਹੀ ਖਤਮ ਹੋ ਜਾਵੇ, ਤਾਂ ਸਿੱਖੀ ਦਾ ਸੁਰ ਕਿਵੇਂ ਜੀਵੇਗਾ?

ਪੰਜਾਬੀ ਭਾਸ਼ਾ ਦੀ ਅਣਦੇਖੀ ਸਿੱਖੀ ਦੀ ਰੂਹ ਨੂੰ ਕਮਜ਼ੋਰ ਕਰ ਰਹੀ ਹੈ। ਜਦੋਂ ਨੌਜਵਾਨ ਆਪਣੀ ਮਾਂ-ਬੋਲੀ ਨੂੰ ਛੱਡਦੇ ਹਨ, ਤਾਂ ਉਹ ਗੁਰਬਾਣੀ ਦੇ ਫਲਸਫੇ ਤੇ ਸਿਧਾਂਤ ਤੋਂ ਵੀ ਦੂਰ ਹੁੰਦੇ ਜਾਂਦੇ ਹਨ।

ਗੁਰਦੁਆਰੇ ਸਿੱਖੀ ਦਾ ਸੋਮਾ ਹਨ ਪਰ ਸਿੱਖ ਨੌਜਵਾਨ ਗੁਰਦੁਆਰਿਆਂ ਦੀ ਸੰਗਤ ਤੋਂ ਮੂੰਹ ਮੋੜ ਰਹੇ ਹਨ। ਇਸ ਦਾ ਕਾਰਨ ਸਿਰਫ਼ ਪੰਜਾਬੀ ਪੌਪ ਸਭਿਆਚਾਰ ਦੀ ਚਮਕ ਨਹੀਂ, ਸਗੋਂ ਉਹ ਗੀਤ ਵੀ ਹਨ, ਜੋ ਨਸ਼ਿਆਂ, ਹਿੰਸਾ, ਅਤੇ ਭੌਤਿਕਵਾਦ ਨੂੰ ਪ੍ਰਮੋਟ ਕਰਕੇ ਸਿੱਖ ਯੂਥ ਦੀਆਂ ਰੂਹਾਂ ਨੂੰ ਮਾਲੀਨ ਕਰ ਰਹੇ ਹਨ। ਸਿੱਖੀ ਦੇ ਸਿਧਾਂਤ-ਸੇਵਾ, ਸਿਮਰਨ, ਸੰਗਤ-ਇਸ ਜਹਿਰ ਅੱਗੇ ਫਿੱਕੇ ਪੈ ਰਹੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਸ਼ਗਫਛ) 'ਤੇ ਵੀ ਇਸ ਸੰਕਟ ਦੇ ਹੱਲ ਦੀ ਜ਼ਿੰਮੇਵਾਰੀ ਆਉਂਦੀ ਹੈ। ਉਹ ਸਿੱਖ ਸਕੂਲਾਂ ਵਿਚ ਗੁਰਮਤ ਸਿੱਖਿਆ ਨੂੰ ਪ੍ਰਮੁੱਖਤਾ ਨਹੀਂ ਦੇ ਸਕੀ, ਨਾ ਹੀ ਸਿੱਖ ਗਿਆਨ ਸਿਲੇਬਸਾਂ ਵਾਲੇ ਉੱਚ ਪੱਧਰ ਦੇ ਸਕੂਲ ਖੋਲ ਸਕੀ ਹੈ। ਸ਼੍ਰੋਮਣੀ ਕਮੇਟੀ ਨੂੰ ਸੋਸ਼ਲ ਮੀਡੀਆ ਅਤੇ ਡਿਜੀਟਲ ਪਲੇਟਫਾਰਮਾਂ ਦੀ ਵਰਤੋਂ ਕਰਕੇ ਨੌਜਵਾਨਾਂ ਨੂੰ ਸਿੱਖੀ ਦੇ ਸੁਨੇਹੇ ਨਾਲ ਜੋੜਨ ਦੀ ਲੋੜ ਹੈ। ਜੇਕਰ ਗੁਰਦੁਆਰੇ ਸਿਰਫ਼ ਸਿੱਖ ਯੂਥ ਦੀ ਸ਼ਮੂਲੀਅਤ ਨਾ ਰਹੀ ਤਾਂ ਸਿੱਖੀ ਦੀ ਰੌਣਕ ਕਿਵੇਂ ਪਰਤੇਗੀ?

ਸਿੱਖ ਪੰਥ ਨੇ ਮੁਗਲਾਂ ਦੀ ਰਾਜਨੀਤਕ ਗੁਲਾਮੀ ਤੋਂ ਤਾਂ ਛੁਟਕਾਰਾ ਪਾ ਲਿਆ, ਪਰ ਬ੍ਰਾਹਮਣੀ ਸਭਿਆਚਾਰਕ ਗੁਲਾਮੀ ਅਤੇ ਅੰਗਰੇਜ਼ੀ ਸਾਮਰਾਜ ਦੀ ਨਵੀਂ ਰਾਜਨੀਤਕ ਗੁਲਾਮੀ ਨੇ ਸਿੱਖ ਪਛਾਣ ਨੂੰ ਜਕੜ ਲਿਆ। ਜਿਵੇਂ ਪੰਛੀ ਦੇ ਪੰਜੇ ਵਿਚ ਨਾਗ ਲਿਪਟ ਜਾਵੇ, ਤਿਵੇਂ ਸਿੱਖ ਸਿਆਸਤ ਵਕਤੀ ਲੋੜਾਂ ਦੇ ਚੱਕਰ ਵਿਚ ਫਸ ਗਈ ਹੈ। ਸਿੱਖ ਸੰਸਥਾਵਾਂ 'ਤੇ ਰਾਜਨੀਤਕ ਕੰਟਰੋਲ ਨੇ ਸਿੱਖੀ ਦੀ ਵਿਚਾਰਧਾਰਕ ਅਤੇ ਰੂਹਾਨੀ ਤਾਕਤ ਨੂੰ ਕਮਜ਼ੋਰ ਕਰ ਦਿੱਤਾ ਹੈ। ਸਰਕਾਰੀ ਕਬਜ਼ੇ ਸਿੱਖ ਸੰਸਥਾਵਾਂ ਉਪਰ ਹੋ ਰਹੇ ਹਨ। ਸਿੱਖ ਇਤਿਹਾਸ ਨੂੰ ਸਰਕਾਰਾਂ ਵਲੋਂ ਤੇ ਪੰਥ ਵਿਰੋਧੀਆਂ ਵਲੋਂ ਵਿਗਾੜਿਆ ਜਾ ਰਿਹਾ ਹੈ। ਕੁਝ ਸਿੱਖ ਡੇਰੇ ਇਸ ਵਿਚ ਸਿੱਖ ਵਿਰੋਧੀ ਭੂਮਿਕਾ ਨਿਭਾ ਰਹੇ ਹਨ। ਮੂਲਮੰਤ ਤੇ ਗੁਟਕਿਆਂ ਦੀ ਬਾਣੀ ਵਿਚ ਰਲਾਵਟ ਕਰ ਰਹੇ ਹਨ। ਸ਼੍ਰੋਮਣੀ ਕਮੇਟੀ ਕੋਈ ਨੋਟਿਸ ਨਹੀਂ ਲੈ ਰਹੀ। ਆਦਰਸ਼ ਸਿੱਖ ਰਾਜਨੀਤੀ ਦਾ ਖੁਰਨਾ ਇਸ ਸੰਕਟ ਦਾ ਕਾਰਣ ਹੈ। ਰਾਜਨੀਤਕ ਸਿੱਖ ਲੀਡਰਸ਼ਿਪ ਦੀ ਇਛਾ ਸਿਰਫ ਸੱਤਾ ਤਕ ਸੀਮਤ ਹੈ।ਸਿੱਖ ਸੰਕਟ ਨਾਲ ਉਹਨਾਂ ਦਾ ਕੋਈ ਵਾਸਤਾ ਨਹੀਂ।

ਖਾਲਸਾ ਰਾਜ ਦੀ ਹਾਰ ਤੋਂ ਬਾਅਦ ਸਿੱਖਾਂ ਦੇ ਦਿਲਾਂ ਵਿਚ ਰਾਜਸੀ ਡਰ ਨੇ ਨਿਘਾਰ ਲਿਆਂਦਾ ਹੈ। ਖਾੜਕੂ ਲਹਿਰ ਦੀ ਅਸਫਲਤਾ ਨੇ ਇਸ ਨਿਘਾਰ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਪਰ ਸਿੱਖ ਇਤਿਹਾਸ ਸਾਖੀ ਹੈ ਕਿ ਜਦੋਂ ਵੀ ਸਿੱਖਾਂ ਨੇ ਇਸ ਡਰ ਨੂੰ ਚੁਣੌਤੀ ਦਿੱਤੀ ਹੈ, ਉਹਨਾਂ ਦੀ ਪਛਾਣ ਦੀ ਜੋਤ ਜਗਮਗਾਈ ਹੈ। ਸਿੱਖੀ ਦੀ ਸੂਰਤ ਨੂੰ ਕਾਇਮ ਰੱਖਣ ਦੀ ਪਹਿਲੀ ਸ਼ਰਤ ਇਹ ਹੈ ਕਿ ਸਿੱਖ ਨਾ ਕਿਸੇ ਦੇ ਗੁਲਾਮ ਹੋਣ, ਨਾ ਹੀ ਕੋਈ ਤਾਕਤ ਉਹਨਾਂ ਨੂੰ ਗੁਲਾਮ ਬਣਾ ਸਕੇ।

ਸਿੱਖ ਪਛਾਣ ਦਾ ਸਵਾਲ ਸਿਰਫ਼ ਬਾਹਰੀ ਪ੍ਰਤੀਕਾਂ ਜਾਂ ਭਾਸ਼ਾ ਦਾ ਨਹੀਂ, ਸਗੋਂ ਵਿਚਾਰਧਾਰਕ ਅਤੇ ਰੂਹਾਨੀ ਆਧਾਰ ਦਾ ਹੈ। ਸਿੱਖੀ ਇੱਕ ਅਜਿਹੀ ਸਭਿਅਤਾ ਹੈ, ਜਿਸ ਦੀਆਂ ਜੜ੍ਹਾਂ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਸੇਵਾ, ਨਿਆਂ, ਸਾਂਝੀਵਾਲਤਾ, ਸਮਾਨਤਾ ਅਤੇ ਸਚਾਈ ਵਿਚ ਹਨ। ਇਹ ਸਭਿਅਤਾ ਸਮੁੱਚੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈ ਸਕਦੀ ਹੈ। ਪਰ ਇਸ ਲਈ ਸਿੱਖ ਪੰਥ ਨੂੰ ਸੰਗਠਿਤ ਯਤਨ ਕਰਨੇ ਪੈਣਗੇ। ਸਿੱਖੀ ਦੇ ਸਿਧਾਂਤਾਂ ਨੂੰ ਅੱਜ ਦੇ ਸਮੇਂ ਦੀਆਂ ਲੋੜਾਂ ਮੁਤਾਬਕ ਪੁਨਰ-ਵਿਆਖਿਆ ਕਰਨ ਦੀ ਜ਼ਰੂਰਤ ਹੈ। ਸੋਸ਼ਲ ਮੀਡੀਆ ਦੀ ਵਰਤੋਂ, ਸਿੱਖ ਸਕੂਲਾਂ ਵਿਚ ਗੁਰਮਤ ਸਿੱਖਿਆ, ਅਤੇ ਨੌਜਵਾਨਾਂ ਨੂੰ ਜੋੜਨ ਲਈ ਸਮਾਜਿਕ ਜਾਗਰੂਕਤਾ ਦੀ ਲੋੜ ਹੈ। ਸਿੱਖਾਂ ਨੂੰ ਮਿਸਲਾਂ ਦੇ ਸਮੇਂ ਵਾਂਗ ਇਕੱਠੇ ਹੋ ਕੇ ਗੁਰਮਤੇ ਕਰਨੇ ਚਾਹੀਦੇ ਹਨ, ਜਿਵੇਂ ਪੁਰਾਣੇ ਸਮੇਂ ਵਿਚ ਸਿੱਖ ਇਕਜੁਟਤਾ ਨਾਲ ਚੁਣੌਤੀਆਂ ਦਾ ਮੁਕਾਬਲਾ ਕਰਦੇ ਸਨ। ਸਿੱਖੀ ਦੀ ਸੁੱਚੀ ਰੂਹ ਨੂੰ ਜੀਵਤ ਰੱਖਣ ਲਈ ਸਿੱਖ ਸਮਾਜ ਨੂੰ ਆਪਸ ਵਿਚ ਮਦਦ ਕਰਨੀ ਪਵੇਗੀ। ਸਿੱਖ ਪਛਾਣ ਦਾ ਸੰਕਟ ਕੋਈ ਨਵਾਂ ਨਹੀਂ, ਪਰ ਇਸ ਦਾ ਹੱਲ ਸਿੱਖੀ ਦੀ ਰੂਹ ਅਰਥਾਤ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਵਿਚ ਹੀ ਲੁਕਿਆ ਹੈ। ਸਿੱਖ ਪੰਥ ਨੂੰ ਵੀ ਵਿਚਾਰਧਾਰਕ ਅਤੇ ਰੂਹਾਨੀ ਜਾਗਰੂਕਤਾ ਨਾਲ ਇਸ ਸੰਕਟ ਵਿਚੋਂ ਨਿਕਲਣਾ ਹੋਵੇਗਾ। ਸਿੱਖੀ ਦੀ ਸੂਰਤ ਅਤੇ ਸੁੱਚੀ ਰੂਹ ਨੂੰ ਜੀਵਤ ਰੱਖਣ ਲਈ ਸਿੱਖਾਂ ਨੂੰ ਆਪਣੀ ਮਾਂ-ਬੋਲੀ, ਗੁਰਦੁਆਰਿਆਂ ਦੀ ਸੰਗਤ, ਅਤੇ ਗੁਰੂ ਦੀਆਂ ਸਿੱਖਿਆਵਾਂ ਨਾਲ ਜੁੜਨਾ ਪਵੇਗਾ। ਜੇ ਸਿੱਖ ਆਪਣੇ ਸਿਧਾਂਤਾਂ ਮੁਤਾਬਕ ਸੱਚਾ ਜੀਵਨ ਜੀਅ ਸਕੇ, ਤਾਂ ਸਿੱਖ ਸਰੂਪ ਦੁਨੀਆ ਲਈ ਫੈਸ਼ਨ ਵੀ ਬਣ ਸਕਦਾ ਹੈ। ਇਹ ਸਮਾਂ ਸਿੱਖ ਪੰਥ ਲਈ ਚੁਣੌਤੀਆਂ ਦੇ ਨਾਲ-ਨਾਲ ਸੰਭਾਵਨਾਵਾਂ ਦਾ ਵੀ ਹੈ।



# Cultural Reversal: Decline of Sikh Symbols

**IQBAL SINGH LALPURA**
**9780003333**



The Sikh tradition, founded by Sri Guru Nanak Dev Ji in the 15th century, is not merely a religion, it is a spiritual revolution. Guru Nanak Dev Ji gave humanity a path of truth, compassion, fearlessness, and service. This divine vision of life was institutionalized by the ten Gurus, culminating in the creation of the Khalsa by Guru Gobind Singh Ji in 1699. The Khalsa was not simply a religious group, but a living ideal,an army of the Almighty God, a reflection of divine light on earth, created to protect humanity from tyranny and injustice. Its members were saint-soldiers, bearing unshorn hair, turbans, the five Kakkars, and lives filled with humility, courage, and clarity of purpose.

For centuries, this ideal flourished. From Baba Banda Singh Bahadur, who established rule based on justice and equality, to the golden age of the Sikh Empire under Maharaja Ranjit Singh, Sikh identity remained central to Punjab's civil, military, and cultural life. The turban symbolized dignity, unshorn hair was a mark of devotion, and receiving Amrit was considered a spiritual rebirth. During British colonial rule, Sikhs faced systematic efforts to erode their identity, including attempts to convert Sikh royalty. Yet they held firm. In fact, Sikhs led in nearly every area: military service, education, agriculture, and the struggle for Indian independence. Most Ghadarites, Akali reformers, and freedom fighters were Amritdhari Sikhs who lived and often died ,with "Waheguru" on their lips. Their identity was never in doubt.

Even after India's independence, and well into the 1980s, the pride of Sikh identity remained intact. Political leaders such as Master Tara Singh, Jathedar Mohan Singh Tur, Partap Singh Kairon, and Giani Kartar Singh were Amritdhari Sikhs who upheld the highest values of Sikh Rehat Maryada. Sikh officers in the police and armed forces wore turbans with honour, and their presence on the front lines inspired both fear in enemies and confidence in the nation. Sports icons like Milkha Singh, Balbir Singh Sr., and Bishan Singh Bedi wore turbans and maintained long hair with pride. Punjabi singers and artists took to the stage in traditional turbans, beginning performances with Shabad kirtan or spiritual verses. Even non-Sikh performers respected this norm. In Hindi cinema too, Sikh characters were typically shown with full beards and turbans, presenting a respectful and noble image.

This cultural strength began to deteriorate after the 1980s. A visible and painful decline in Sikh identity can now be seen across all sectors. Political leadership in Punjab and Delhi, which once reflected Khalsa values, today includes few Amritdharis. Many politicians trim or dye their hair and beard, reflecting neither the discipline nor the spiritual essence of the Khalsa. In the bureaucracy, once dominated by proud Gursikhs, officers from Sikh families now often appear clean-shaven, disconnected from the Rehat Maryada. The police, too, have drifted from tradition,some jawans and officers adopting Western style caps, ignoring the hukam of Guru Sahib that a Sikh must not wear a cap.

The cultural decline extends to the fields of sports, stage, and media. Young Sikh athletes increasingly present themselves clean-shaven, separating achievement from tradition. The stage, once sacred, has lost its spiritual foundation. Punjabi music now centres around alcohol, weapon glorification, and vulgarity, a complete departure from the Gurbani-inspired content of the past. Many singers not only ignore Sikh values but actively distort them for commercial success. Worse still, some descendants of Guru Sahiban, Sikh generals, and Sikh royalty have themselves trimmed or cut their hair, breaking the lineage of visible commitment to Sikh ideals.

This erosion is not merely about individual choices, it signals a broader cultural and spiritual reversal. The situation is compounded by the trauma of the militancy era in Punjab during the 1980s and early 1990s. Though rooted in complex socio-political factors, the violent period tarnished the global image of Sikhs. The portrayal of Sikh youth as militant, extremist, and dangerous cast a shadow that lingers even today. No peace-loving person wants to be mistaken for a militant. Sadly, the Sikh leadership has failed to rise above the blame game. Instead of introspection or presenting a united moral vision, it remains divided, defensive, and directionless, unable to offer a plan for renewal or to inspire confidence among Sikhs or others.

Globalization has further accelerated the decline. Abroad, where Sikhs have achieved material success, Western beauty norms have influenced how younger generations perceive their own appearance. Trimmed beards, designer clothing, and clean-shaven looks have become synonymous with professionalism and respectability. In many corporate and media settings, visible Sikh symbols are seen as barriers, not strengths.

Meanwhile, Gurdwaras have become ritual-centric rather than value-centric. Daily path, kirtan, and katha are often delivered without depth or purpose, more a performance than a message. Sikh educational institutions have failed to connect youth with the spiritual power of Gurbani. Too often, guilt and rules are imposed in place of guidance and understanding. The management of many Gurdwaras has also come under scrutiny, with allegations of corruption and mismanagement of vast resources,further weakening public trust. The failure to invest Gurdwara funds in Sikh education, outreach, and academic research is a missed opportunity. Rather than promoting Sikh history and philosophy, some spaces have become platforms for pseudo-secularism and even communist thought, sidelining the core values of the Gurus.

Few public figures today represent Sikh ideals with both conviction and excellence. The absence of inspiring role models in politics, academia, culture, and sports has created a vacuum. Without examples of modern success grounded in Sikh principles, younger generations are left directionless. The media, especially Punjabi music and cinema, promote a distorted image of Punjabi life,loud, aggressive, and materialistic eroding values of modesty, service, and remembrance of Naam.

In schools, police academies, and civil institutions, Sikh identity is rarely celebrated as a source of honour. Instead of being uplifted, young Sikhs are often subtly encouraged to conform to mainstream appearances.

Yet the solution to this crisis does not lie in forced conformity or shaming people into tradition. The path forward must be grounded in spiritual renewal and cultural inspiration. Guru Nanak Dev Ji envisioned a world where every human being had divine potential. He transformed ordinary people into living angels. As he said in Asa di Vaar, "Jin manas te devte kie, karat na lagi var" .He turned men into angels in an instant."

The five Kakkars of the Khalsa are not external decorations, but instruments of divine awakening. Keeping unshorn hair is not a ritual, it is surrender to divine Hukam. Wearing a turban is not a burden, it is a crown bestowed by the Guru. The decline we witness today is not just about appearance, it reflects the fading of the divine spark, the "Jot" that every Sikh is meant to carry within.

We need a bold and compassionate strategy to reclaim our path. Scholarly research must document the 50-year shift in Sikh identity, across politics, media, institutions, and public behaviour. Youth workshops and camps should help connect young Sikhs to their roots, not with pressure but with inspiration. Artists, singers, and filmmakers who honour Sikh values should be supported through recognition, funding, and community patronage. Sikh history should be taught in schools not as dates and battles, but as a philosophy of love, courage, and service.

Uniform rules and public policy should protect Sikh articles of faith. Public events should once again begin with Shabad or spiritual reflections, as was once the norm in Punjab. We must celebrate Sikhs who embody their faith while excelling in modern fields ,scientists, civil servants, entrepreneurs, and soldiers who live with discipline, humility, and service.

Guru Nanak's message was not to build walls between communities but to awaken the angelic light within every human being. The Khalsa is not a sect, it is the living mission of the Guru. The decline of Sikh identity is real, but not irreversible. What is needed is vision, courage, and a collective will to renew our commitment to truth.

Let this not be a time of mourning for what was lost, but a time to rise again with the radiant spirit of Guru Nanak. Let us walk with grace, speak with truth, serve with humility, and shine with divine light. We are not here to merely remember history, we are here to reclaim our destiny.

* * * * * * *

# ਖ਼ਬਰਦਾਰ ਖ਼ਬਰਦਾਰ ਪੰਜਾਬੀਓ : ਬਰਸਾਤੀ ਮੌਸਮ ਆ ਗਿਆ

ਉਜਾਗਰ ਸਿੰਘ



ਬਰਸਾਤੀ ਮੌਸਮ ਪੰਜਾਬ ਦੇ ਕਿਸਾਨਾ, ਪੰਜਾਬ ਸਰਕਾਰ ਅਤੇ ਖਾਸ ਤੌਰ ‘ਤੇ ਪੰਜਾਬ ਰਾਜ ਬਿਜਲੀ ਬੋਰਡ ਲਈ ਸ਼ੁਭ ਸ਼ਗਨ ਹੁੰਦਾ ਹੈ। ਕਿਸਾਨਾ ਦੀ ਜ਼ੀਰੀ ਦੀ ਫ਼ਸਲ ਵਾਸਤੇ ਲੋੜੀਂਦਾ ਪਾਣੀ ਮਿਲ ਜਾਂਦਾ ਹੈ, ਬਿਜਲੀ ਬੋਰਡ ਲਈ ਬਿਜਲੀ ਦੀ ਖ਼ਪਤ ਘਟ ਜਾਂਦੀ ਹੈ। ਪਾਣੀ ਜ਼ਮੀਨ ਵਿਚ ਸਿੰਮਣ ਕਰਕੇ ਜ਼ਮੀਨਦੋਜ਼ ਪਾਣੀ ਦੀ ਸਤਹ ਵੱਧ ਜਾਂਦੀ ਹੈ, ਜਿਸ ਨਾਲ ਪੰਜਾਬੀਆਂ ਨੂੰ ਸੁਖ ਦਾ ਸਾਹ ਆਉਂਦਾ ਹੈ। ਖ਼ਬਰਦਾਰ ਹੋ ਜਾਓ ਪੰਜਾਬੀਓ ਬਰਸਾਤਾਂ ਆ ਗਈਆਂ। ਹਰ ਸਾਲ ਬਰਸਾਤਾਂ ਪੰਜਾਬੀਆਂ ਲਈ ਖ਼ਤਰੇ ਦੀ ਚੇਤਾਵਨੀ ਅਤੇ ਖ਼ੁਸ਼ੀ ਲੈ ਕੇ ਆਉਂਦੀਆਂ ਹਨ, ਕਿਉਂਕਿ ਵਧੇਰੇ ਮੀਂਹ ਪੈਣ ਨਾਲ ਹੜ੍ਹਾਂ ਦਾ ਖ਼ਤਰਾ ਬਣਿਆਂ ਰਹਿੰਦਾ ਹੈ ਅਤੇ ਮੌਸਮ ਸੁਹਾਵਣਾ ਵੀ ਹੋ ਜਾਂਦਾ ਹੈ। ਮੀਂਹ ਪਹਾੜਾਂ ਵਿੱਚ ਪੈਣ ਲਗਦਾ ਹੈ ਪ੍ਰੰਤੂ ਹੌਲ਼ ਮੈਦਾਨੀ ਇਲਾਕਿਆਂ ਵਾਲੇ ਪੰਜਾਬੀਆਂ ਨੂੰ ਪੈਣ ਲੱਗ ਜਾਂਦਾ ਹੈ। ਹਾਲਾਂਕਿ ਪੰਜਾਬ ਵਿੱਚ ਵਧੇਰੇ ਮੀਂਹ ਜੀਰੀ ਦੀ ਫਸਲ ਲਈ ਵਰਦਾਨ ਸਾਬਤ ਹੋ ਸਕਦਾ ਹੈ, ਪ੍ਰੰਤੂ ਪੰਜਾਬ ਸਰਕਾਰ ਦੇ ਸਿੰਜਾਈ, ਡਰੇਨੇਜ ਜੋ ਹੁਣ ਜਲਸ੍ਰੋਤ ਵਿਭਾਗ ਦੇ ਨਾਮ ਨਾਲ ਜਾਣਿਆਂ ਜਾਂਦਾ ਹੈ, ਉਸ ਵਿਭਾਗ ਨੇ ਪਿਛਲੇ 50 ਸਾਲਾਂ ਤੋਂ ਆਪਣੀ ਬਰਸਾਤੀ ਨਾਲਿਆਂ, ਚੋਅ, ਰਜਵਾਹਿਆਂ ਅਤੇ ਦਰਿਆਵਾਂ ਦੀ ਬਰਸਾਤਾਂ ਤੋਂ ਪਹਿਲਾਂ ਸਾਫ਼ ਸਫ਼ਾਈ ਦੀ ਨੀਤੀ ਵਿੱਚ ਤਬਦੀਲੀ ਨਹੀਂ ਕੀਤੀ। ‘ਆਈ ਜੰਨ ਵਿਨ੍ਹੋ ਕੁੜੀ ਦੇ ਕੰਨ’ ਦੀ ਕਹਾਵਤ ਵਾਲੀ ਨੀਤੀ ਜਲ ਸ੍ਰੋਤ ਵਿਭਾਗ ਦੇ ਜ਼ਿਲ੍ਹਿਆਂ ਦੇ ਅਧਿਕਾਰੀਆਂ ਨੇ ਅਪਨਾਈ ਹੋਈ ਹੈ। ਵੈਸੇ ਤਾਂ ਸਾਫ਼ ਸਫਾਈ ਲਈ ਫ਼ੰਡ ਦੇਰੀ ਨਾਲ ਜ਼ਾਰੀ ਕੀਤੇ ਜਾਂਦੇ ਹਨ, ਪ੍ਰੰਤੂ ਜੇਕਰ ਬਦਕਿਸਮਤੀ ਨਾਲ ਸਰਕਾਰਾਂ ਦੀ ਚੰਗੀ ਨੀਤ ਕਰਕੇ ਸਹੀ ਸਮੇਂ ‘ਤੇ ਫ਼ੰਡ ਜ਼ਾਰੀ ਹੋ ਜਾਣ ਤਾਂ ਖੇਤਰੀ ਅਮਲਾ ਜਾਣ ਬੁੱਝਕੇ ਟੈਂਡਰ ਲਗਾਉਣ ਵਿੱਚ ਦੇਰੀ ਕਰ ਦਿੰਦਾ ਹੈ। ਟੈਂਡਰ ਲਗਾਉਣ ਵਿੱਚ ਦੇਰੀ ਸ਼ਾਇਦ ਇਸ ਕਰਕੇ ਕੀਤੀ ਜਾਂਦੀ ਹੈ ਕਿ ਬਰਸਾਤਾਂ ਸ਼ੁਰੂ ਹੋ ਜਾਣ, ਫਿਰ ਇਹ ਫ਼ੰਡ ਤੁਰਤ-ਫੁਰਤ ਖ਼ਰਚ ਕਰਨ ਵਿੱਚ ਕੋਈ ਔਖ ਨਾ ਹੋਵੇ। ਪਾਰਦਰਸ਼ੀ ਪ੍ਰਬੰਧਾਂ ਨਾਲ ਜਲਦਬਾਜ਼ੀ ਕਰਨ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਜ਼ੋਰ ਦਿੰਦਾ ਹੈ, ਕਿਉਂਕਿ ਉਸਦੀ ਜ਼ਿੰਮੇਵਾਰੀ ਲੋਕ ਹਿਤਾਂ ‘ਤੇ ਪਹਿਰਾ ਦੇਣ ਦੀ ਹੁੰਦੀ ਹੈ। ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਨੀ ਜ਼ਰੂਰੀ ਹੁੰਦੀ ਹੈ। ਉਹ ਲੋਕਾਂ ਨੂੰ ਜਵਾਬਦੇਹ ਹੁੰਦੇ ਹਨ। ਹੋ ਰਹੀ ਬਰਸਾਤ ਸਮੇਂ ਜਲਦਬਾਜ਼ੀ ਵਿੱਚ ਕੀਤਾ ਗਿਆ ਕੰਮ ਪਾਣੀ ਦੇ ਵਹਾਅ ਦੇ ਨਾਲ ਹੀ ਰੁੜ੍ਹ ਜਾਂਦਾ ਹੈ। ਭਾਵ ਪੈਸਾ ਪਾਣੀ ਨਾਲ ਰੁੜ੍ਹ ਜਾਂਦਾ ਹੈ। ਅਧਿਕਾਰੀਆਂ ਦੀ ਜਵਾਬਦੇਹੀ ਨਿਸ਼ਚਤ ਨਹੀਂ ਹੋ ਸਕਦੀ, ਕਿਉਂਕਿ ਉਹ ਕਹਿ ਦੇਣਗੇ ਕਿ ਹੜ੍ਹ ਦਾ ਪਾਣੀ ਰੋੜ੍ਹਕੇ ਲੈ ਗਿਆ ਹੈ। ਇਹ ਪ੍ਰਣਾਲੀ ਕਿਸੇ ਇੱਕ ਸਰਕਾਰ ਦੇ ਸਮੇਂ ਦੀ ਨਹੀਂ ਹੈ, ਸਗੋਂ ਜਿਹੜੀ ਵੀ ਪਾਰਟੀ ਦੀ ਸਰਕਾਰ ਹੁੰਦੀ ਹੈ, ਇੰਝ ਹੀ ਕਰਦੀ ਆ ਰਹੀ ਹੈ। ਟੈਂਡਰ ਲਗਾਉਣ ਵਿੱਚ ਦੇਰੀ ਕਿਉਂ ਹੁੰਦੀ ਹੈ ? ਇਹ ਦੱਸਣ ਦੀ ਲੋੜ ਨਹੀਂ, ਸਮਝਣ ਤੇ ਮਹਿਸੂਸ ਕਰਨ ਦੀ ਹੈ, ਵੈਸੇ ਹੁਣ ਤੱਕ ਤੁਸੀਂ ਸਮਝ ਗਏ ਹੋਵੋਗੇ।



ਮੈਂ ਪਿਛਲੇ 33 ਸਾਲ ਲੋਕ ਸੰਪਰਕ ਵਿਭਾਗ ਪੰਜਾਬ ਵਿੱਚ ਨੌਕਰੀ ਕੀਤੀ ਹੈ, ਜਿਸ ਵਿੱਚੋਂ 28 ਸਾਲ ਜ਼ਿਲ੍ਹਿਆਂ ਵਿੱਚ ਨੌਕਰੀ ਕਰਦਾ ਰਿਹਾ ਹਾਂ, ਬਰਸਾਤਾਂ ਦੇ ਮੌਸਮ ਸਮੇਂ ਪੰਜਾਬ ਦੇ ਲੋਕਾਂ ਦੀ ਤ੍ਰਾਸਦੀ ਆਪਣੀ ਅੱਖੀਂ ਵੇਖਦਾ ਰਿਹਾ ਹਾਂ। ਲੋਕਾਂ ਦੇ ਘਰ ਢਹਿ ਢੇਰੀ ਹੋ ਜਾਂਦੇ ਹਨ, ਫ਼ਸਲਾਂ ਤਬਾਹ ਹੋ ਜਾਂਦੀਆਂ ਹਨ, ਜਾਨ ਮਾਲ ਦਾ ਨੁਕਸਾਨ ਹੁੰਦਾ ਹੈ। ਸੰਬੰਧਤ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਅਤੇ ਹੋਰ ਮਾਲ ਅਧਿਕਾਰੀ ਬਰਸਾਤਾਂ ਦੇ ਮੌਸਮ ਤੋਂ ਪਹਿਲਾਂ ਹੀ ਬਰਸਾਤੀ ਨਾਲਿਆਂ ਅਤੇ ਦਰਿਆਵਾਂ ਦੀ ਸਾਫ਼ ਸਫ਼ਾਈ ਲਈ ਮੌਕਾ ਵੇਖਣ ਜਾਂਦੇ ਹਨ। ਜਲ ਸ੍ਰੋਤ ਵਿਭਾਗ ਦੇ ਅਧਿਕਾਰੀ, ਮਾਲ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਹੁੰਦੇ ਹਨ। ਉਹ ਤਸਵੀਰਾਂ ਖਿਚਵਾ ਲੈਂਦੇ ਹਨ, ਅਗਲੇ ਦਿਨ ਅਖ਼ਬਾਰਾਂ ਵਿੱਚ ਖ਼ਬਰਾਂ ਲੱਗ ਜਾਂਦੀਆਂ ਹਨ ਕਿ ਹੜ੍ਹਾਂ ਦੇ ਬਚਾਓ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਚਿੰਤਤ ਹੈ ਤੇ ਯੋਗ ਕਾਰਵਾਈ ਕਰ ਰਿਹਾ ਹੈ। ਲੋਕਾਂ ਨੂੰ ਥੋੜ੍ਹੀ ਤਸੱਲੀ ਹੋ ਜਾਂਦੀ ਹੈ। ਅਮਲੀ ਤੌਰ ‘ਤੇ ਜਲ ਸ੍ਰੋਤ ਵਿਭਾਗ ਦੇ ਅਧਿਕਾਰੀ ਕਛੂਆ ਦੀ ਚਾਲ ਚਲਦੇ ਰਹਿੰਦੇ ਹਨ। ਜਲ ਸ੍ਰੋਤ ਵਿਭਾਗ ਦੇ ਅਧਿਕਾਰੀ ਇਕੋ ਗੱਲ ਕਹਿੰਦੇ, ਮੈਂ ਨੌਕਰੀ ਸਮੇਂ 28 ਸਾਲ ਸੁਣਦਾ ਰਿਹਾ ਹਾਂ ਕਿ ਜਲਦੀ ਹੀ ਮੁੱਖ ਦਫ਼ਤਰ ਤੋਂ ਫ਼ੰਡਾਂ ਦੀ ਤਜ਼ਵੀਜ ਭੇਜਕੇ ਮੰਗ ਕੀਤੀ ਜਾਵੇਗੀ, ਜਦੋਂ ਫੰਡ ਆ ਗਏ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਕਦੇ ਵੀ ਸਮੇਂ ਸਿਰ ਕੰਮ ਸ਼ੁਰੂ ਨਹੀਂ ਹੋਇਆ। ਪੰਜਾਬ ਵਿੱਚ ਸਤਲੁਜ, ਰਾਵੀ ਤੇ ਬਿਆਸ ਦਰਿਆ, ਘੱਗਰ ਤੇ ਟਾਂਗਰੀ ਸਭ ਤੋਂ ਵੱਧ ਨੁਕਸਾਨ ਕਰਦੇ ਹਨ। ਪੰਜਾਬ ਵਿੱਚ 850 ਤੋਂ ਉਪਰ ਚੋਅ, ਨਾਲੇ ਅਤੇ ਰਜਵਾਹੇ ਹਨ, ਜਿਨ੍ਹਾਂ ਦੀ ਲੰਬਾਈ 8136.76 ਕਿਲੋਮੀਟਰ ਹੈ। ਉਨ੍ਹਾਂ ਦੀ ਸਫ਼ਾਈ ਕਦੀਂ ਵੀ ਸਮੇਂ ਸਿਰ ਨਹੀਂ ਹੁੰਦੀ। ਉਹ ਪਾਣੀ ਦੇ ਵਹਾਅ ਵਿੱਚ ਰੁਕਾਵਟ ਪਾਉਂਦੇ ਹਨ ਤੇ ਹੜ੍ਹ ਦੀ ਸਥਿਤੀ ਬਣ ਜਾਂਦੀ ਹੈ। ਐਸਟੀਮੇਟ ਸਾਰਿਆਂ ਦੀ ਸਫ਼ਾਈ ਦਾ ਬਣਦਾ ਹੈ। ਹਰ ਸਾਲ ਧੁਸੀ ਬੰਧ ਟੁੱਟਦਾ ਹੈ ਤੇ ਮੁਰੰਮਤ ਕੀਤੀ ਜਾਂਦੀ ਹੈ, ਕੋਈ ਪੱਕਾ ਇਲਾਜ ਨਹੀਂ। ਮਾਲਵੇ ਵਿੱਚ ਘੱਗਰ ਅਤੇ ਟਾਂਗਰੀ ਸਭ ਤੋਂ ਵੱਧ ਨੁਕਸਾਨ ਕਰਦੇ ਹਨ। ਘੱਗਰ ਫ਼ਤਿਹਗੜ੍ਹ, ਪਟਿਆਲਾ, ਸੰਗਰੂਰ ਅਤੇ ਮਾਨਸਾ ਜ਼ਿਲ੍ਹਿਆਂ ਵਿੱਚ ਹਰ ਸਾਲ ਕਹਿਰ ਮਚਾਉਂਦਾ ਹੈ। ਸਰਕਾਰਾਂ ਦੀ ਅਣਗਹਿਲੀ ਕਰਕੇ ਇਨ੍ਹਾਂ ਜ਼ਿਲ੍ਹਿਆਂ ਦੇ ਲੋਕ ਨੁਕਸਾਨ ਉਠਾਉਂਦੇ ਹਨ।


ਚੋਣਾਂ ਤੋਂ ਪਹਿਲਾਂ ਸਾਰੀਆਂ ਪਾਰਟੀਆਂ ਦੇ ਸਿਆਸਤਦਾਨ ਲੰਬੇ ਸਮੇਂ ਤੋਂ ਮੈਂ ਇਹ ਕਹਿੰਦੇ ਸੁਣਦਾ ਆ ਰਿਹਾ ਹਾਂ ਕਿ ਤੁਸੀਂ ਵੋਟਾਂ ਸਾਨੂੰ ਪਾ ਦਿਓ, ਅਸੀਂ ਘੱਗਰ ਚੁੱਕ ਦਿਆਂਗੇ। ਇਹ ਬਿਆਨ ਸਾਰੀਆਂ ਪਾਰਟੀਆਂ ਨੇ ਦਿੱਤੇ ਹਨ ਤੇ ਸਾਰੇ ਹੀ ਥੋਖਲੇ ਸਾਬਤ ਹੋਏ ਹਨ, ਪ੍ਰਨਾਲਾ ਉਥੇ ਦਾ ਉਥੇ ਹੀ ਹੈ। ਨਾ ਘੱਗਰ ਚੁੱਕਿਆ ਗਿਆ ਹੈ ਅਤੇ ਨਾ ਹੀ ਹੜ੍ਹ ਆਉਣ ਤੋਂ ਬੰਦ ਹੋਏ ਹਨ। ਇਸ ਵਿੱਚ ਇਕੱਲੀ ਸਰਕਾਰ ਹੀ ਜ਼ਿੰਮੇਵਾਰ ਨਹੀਂ ਘੱਗਰ, ਨਾਲਿਆਂ, ਰਜਵਾਹਿਆਂ ਅਤੇ ਚੋਆਂ ਦੇ ਆਲੇ ਦੁਆਲੇ ਖੇਤਾਂ ਵਾਲੇ ਕਿਸਾਨ ਵੀ ਜ਼ਿੰਮੇਵਾਰ ਹਨ, ਕਿਉਂਕਿ ਉਨ੍ਹਾਂ ਨੇ ਇਨ੍ਹਾਂ ਵਿੱਚ ਕਬਜ਼ੇ ਕੀਤੇ ਹੋਏ ਹਨ। ਕੋਈ ਵੀ ਸਰਕਾਰ ਵੋਟਾਂ ਦੇ ਲਾਲਚ ਕਰਕੇ ਇਹ ਕਬਜ਼ੇ ਖਾਲ੍ਹੀ ਨਹੀਂ ਕਰਵਾਉਂਦੀ। ਹਾਲਾਂ ਕਿ ਉਨ੍ਹਾਂ ਕਿਸਾਨਾ ਨੂੰ ਵੀ ਪਤਾ ਹੁੰਦਾ ਹੈ ਕਿ ਇਨਕਰੋਚਮੈਂਟ ਦਾ ਨੁਕਸਾਨ ਉਨ੍ਹਾਂ ਦੇ ਘਰਾਂ ਅਤੇ ਫ਼ਸਲਾਂ ਨੂੰ ਵੀ ਹੋਵੇਗਾ, ਪ੍ਰੰਤੂ ਉਹ ਕਬਜ਼ੇ ਨਹੀਂ ਹਟਾਉਂਦੇ। ਇੱਕ ਕਿਸਮ ਨਾਲ ਸਾਰੀਆਂ ਸਰਕਾਰਾਂ ਦੀ ਅਣਗਹਿਲੀ ਦਾ ਨਤੀਜਾ ਪੰਜਾਬੀਆਂ ਨੂੰ ਭੁਗਤਣਾ ਪੈਂਦਾ ਹੈ।

ਸਤਲੁਜ ਯਮੁਨਾ ਲਿੰਕ ਨਹਿਰ ਦਾ ਪ੍ਰਾਜੈਕਟ ਜਿਸ ਦਿਨ ਦਾ ਬਣਿਆਂ ਹੈ, ਉਸ ਦਿਨ ਤੋਂ ਹੀ ਪੰਜਾਬੀਆਂ ਲਈ ਸੰਤਾਪ ਦਾ ਮੁੱਖ ਕਾਰਨ ਬਣਿਆਂ ਹੋਇਆ ਹੈ। ਇਹ ਨਹਿਰ ਰੋਪੜ, ਫਤਿਹਗੜ੍ਹ ਅਤੇ ਪਟਿਆਲਾ ਜ਼ਿਲ੍ਹਿਆਂ ਦੇ ਇਲਾਕਿਆਂ ਵਿੱਚ ਪਾਣੀ ਦੇ ਕੁਦਰਤੀ ਵਹਾਅ ਨੂੰ ਰੋਕਣ ਦਾ ਕੰਮ ਕਰ ਰਹੀ ਹੈ, ਜਿਸ ਕਰਕੇ ਹੜ੍ਹਾਂ ਦੀ ਸਥਿਤੀ ਹੋਰ ਗੰਭੀਰ ਹੋ ਜਾਂਦੀ ਹੈ, ਕਿਉਂਕਿ ਇਸ ਵਿੱਚ ਵੀ ਬਹੁਤ ਸਾਰਾ ਘਾਹ, ਬੂਟੀ ਅਤੇ ਦਰਖਤਾਂ ਦੇ ਝੁੰਡ ਹੋ ਗਏ ਹਨ। ਕਈ ਕਿਸਾਨਾ ਨੇ ਇਸਨੂੰ ਵਾਹ ਲਿਆ ਹੈ। ਇਹ ਮਰਿਆ ਹੋਇਆ ਸੱਪ ਪੰਜਾਬੀਆਂ ਦੇ ਗਲ ਅਜਿਹਾ ਪਿਆ ਜਿਸਦੇ ਲੱਥਣ ਦੀ ਕੋਈ ਆਸ ਨਹੀਂ ਲੱਗਦੀ। ਲੋਕਾਂ ਦੀ ਬਰਬਾਦੀ ਦਾ ਕਰਨ ਬਣ ਰਹੀ ਹੈ। ‘ਪਟਿਆਲਾ ਕੀ ਰਾਓ’ ਵਰਤਮਾਨ ਮੋਹਾਲੀ ਜ਼ਿਲ੍ਹੇ ਦੇ ਪਿੰਡ ਪੜ੍ਹਛ ਕੋਲੋਂ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚੋਂ ਨਿਕਲਦੀ ਹੈ। ਇਹ ਚੋਅ ਨਵਾਂ ਗਾਉਂ ਮੋਹਾਲੀ ਵੇਰਕਾ ਚੌਂਕ, ਚਪੜਚਿੜੀ, ਲਾਂਡਰਾਂ, ਝੰਜੇੜੀ, ਮਛਲੀ ਕਲਾਂ, ਸ਼ਾਮਪੁਰ, ਬਰਾਸ, ਚੋਲਟੀ ਖੇੜੀ, ਪਤਾਰਸੀ, ਮੀਆਂਪੁਰ, ਬਹਿਲੋਲਪੁਰ ਜੱਟਾਂ, ਨੰਦਪੁਰ ਕੇਸ਼ੋ ਪੰਜੋਲਾ, ਪੰਜੋਲੀ ਖੁਰਦ, ਪੰਜੋਲੀ ਕਲਾਂ ਹੁੰਦੀ ਹੋਈ ਪਟਿਆਲਾ ਜ਼ਿਲ੍ਹੇ ਦੇ ਦੌਲਤਪੁਰ ਪਿੰਡ ਕੋਲ ਪਹੁੰਚਕੇ ‘ਪਟਿਆਲਾ ਨਦੀ’ ਕਹਾਉਣ ਲੱਗ ਜਾਂਦੀ ਹੈ। ਇਸ ਤੋਂ ਪਹਿਲਾਂ ਇਹ ਦਰਿਆ ਦਾ ਰੂਪ ਹੀ ਹੁੰਦੀ ਹੈ, ਲਗਪਗ ਇੱਕ ਕਿਲੋਮੀਟਰ ਚੌੜੀ ਹੈ, ਇਸਦੇ ਆਲੇ ਦੁਆਲੇ ਕੋਈ ਬੰਧ ਨਹੀਂ ਹੈ। ਖੇਤਾਂ ਵਿੱਚ ਪਾਣੀ ਵਹਿੰਦਾ ਹੈ ਤੇ ਕਿਸਾਨਾ ਦੀ ਫਸਲ ਨੂੰ ਤਬਾਹ ਕਰਦਾ ਹੈ। ਦੌਲਤਪੁਰ ਕੋਲ ਆ ਕੇ ਨਦੀ ਬਣ ਜਾਂਦੀ ਹੈ। ਇਹ ਨਦੀ ਪਟਿਆਲਾ ਸ਼ਹਿਰ ਦੇ ਪੂਰਬੀ ਪਾਸੇ ਵੱਲੋਂ ਲੰਘਦੀ ਹੈ। ਹੁਣ ਇਸਦੇ ਦੋਹੀਂ ਪਾਸੀਂ ਕਾਲੋਨੀਆਂ ਬਣ ਗਈਆਂ। ਜਦੋਂ ਇਹ ਮੀਂਹ ਦਾ ਪਾਣੀ ਨਹੀਂ ਸਹਾਰਦੀ ਤਾਂ ਟੁੱਟ ਜਾਂਦੀ ਹੈ ਤੇ ਪਟਿਆਲਾ ਸ਼ਹਿਰ ਅਤੇ ਆਲੇ ਦੁਆਲੇ ਦੀਆਂ ਕਾਲੋਨੀਆਂ ਦੇ ਘਰ ਬਾਰ ਤਬਾਹ ਕਰ ਦਿੰਦੀ ਹੈ। ਇਸ ਨਦੀ ਦੀ ਸਫਾਈ ਦਾ ਕੰਮ ਜਲਸ੍ਰੋਤ ਵਿਭਾਗ ਕੋਲ ਹੈ, ਪ੍ਰੰਤੂ ਇਹ ਵਿਭਾਗ ਕਦੀ ਵੀ ਸੰਜੀਦਗੀ ਨਾਲ ਸਫਾਈ ਨਹੀਂ ਕਰਦਾ, ਜਿਸ ਕਰਕੇ ਪਟਿਆਲਵੀ ਹੜ੍ਹਾਂ ਦੌਰਾਨ ਘਰੋਂ ਬੇਘਰ ਹੋ ਜਾਂਦੇ ਹਨ। ਲੋਕ ਵੀ ਇਸ ਵਿੱਚ ਫਾਲਤੂ ਸਾਮਾਨ ਸੁੱਟ ਦਿੰਦੇ ਹਨ।

1993 ਅਤੇ 2023 ਵਿੱਚ ਪਟਿਆਲਾ ਨਦੀ ਦੇ ਪ੍ਰਕੋਪ ਕਰਕੇ ਪਟਿਆਲਵੀਆਂ ਨੂੰ ਅਨੇਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਸੀ। 1993 ਵਿੱਚ ਤਾਂ ਜਾਨੀ ਅਤੇ ਪਸ਼ੂਆਂ ਦਾ ਕਾਫ਼ੀ ਨੁਕਸਾਨ ਹੋਇਆ ਸੀ। ਇਸ ਵਾਰ ਵੀ ਲੋਕ ਡਰੇ ਹੋਏ ਹਨ, ਹਾਲਾਂਕਿ ਹੜ੍ਹ ਦੇ ਆਸਾਰ ਨਹੀਂ ਹਨ। ਇੱਕ ਪਾਸੇ ਪਿੰਡਾਂ ਦੇ ਲੋਕ ਘੱਗਰ ਅਤੇ ਹੋਰ ਚੋਆਂ ਦੀ ਸਫ਼ਾਈ ਨਾ ਹੋਣ ਕਰਕੇ ਡਰ ਦੇ ਮਾਹੌਲ ਵਿੱਚੋਂ ਗੁਜਰ ਰਹੇ ਹਨ। ਸਰਕਾਰਾਂ ਪਿਛਲੇ ਤਜ਼ਰਬਿਆਂ ਤੋਂ ਵੀ ਸਬਕ ਨਹੀਂ ਸਿੱਖਦੀਆਂ। ਪਟਿਆਲਾ ਨਦੀ ਵਿੱਚ ਬੂਟੀ ਵੱਡੀ ਮਾਤਰਾ ਵਿੱਚ ਖੜ੍ਹੀ ਹੈ। ਬੀੜ ਮੋਤੀ ਬਾਗ ਕੋਲ ਜਿਹੜਾ ਜੂ ਹੈ, ਉਥੇ ਨਦੀ ‘ਤੇ ਛੋਟਾ ਪੁਲ ਹੋਣ ਕਰਕੇ ਪਾਣੀ ਰੁਕ ਜਾਂਦਾ ਹੈ, ਜਿਸ ਕਰਕੇ ਨਦੀ ਕਈ ਥਾਵਾਂ ਤੋਂ ਟੁੱਟਣ ਦਾ ਡਰ ਬਣ ਜਾਂਦਾ ਹੈ। ਕੁਝ ਦਰਖਤ ਖੜ੍ਹੇ ਹਨ, ਜਿਹੜੇ ਪਾਣੀ ਦੇ ਵਹਾਅ ਨੂੰ ਰੋਕਦੇ ਹਨ। ਇਹ ਦਰਖਤ ਕੱਟਣ ਅਤੇ ਪੁਲ ਚੌੜਾ ਕਰਨ ਲਈ ਭਾਰਤ ਸਰਕਾਰ ਦੇ ਜੰਗਲਾਤ ਵਿਭਾਗ ਦੀ ਜ਼ਰੂਰਤ ਸੀ। ਦੋ ਸਾਲ ਲੰਘ ਗਏ ਅਜੇ ਤੱਕ ਪ੍ਰਵਾਨਗੀ ਦੀ ਕੋਈ ਉੱਘ ਸੁੱਘ ਨਹੀਂ ਹੈ। ਚਲੋ ਇਹ ਤਾਂ ਵੱਖਰੀ ਗੱਲ ਹੈ ਪ੍ਰੰਤੂ ਪੁਲ ਦੇ ਮੂਹਰੇ ਮਿੱਟੀ ਜੰਮੀ ਹੋਈ ਹੈ, ਉਹ ਤਾਂ ਸਾਫ ਹੋ ਸਕਦੀ ਹੈ। ਉਸਦੀ ਵੀ ਸਫ਼ਾਈ ਨਹੀਂ ਹੋਈ, ਲੋਕਾਂ ਦਾ ਡਰ ਤਾਂ ਸਹੀ ਹੈ, ਪ੍ਰੰਤੂ ਇਹ ਵੀ ਹੋ ਸਕਦਾ ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਹੜ੍ਹ ਨਾ ਆਉਣ। ਪਰ ਸਰਕਾਰ ਨੂੰ ਤਾਂ ਕੋਈ ਉਦਮ ਕਰਨਾ ਚਾਹੀਦਾ ਹੈ। ਇਸ ਵਾਰ ਇਹ ਪਤਾ ਲੱਗਾ ਹੈ ਕਿ ਜਲ ਸ੍ਰੋਤ ਵਿਭਾਗ ਦੇ ਅਧਿਕਾਰੀਆਂ ਵੱਲੋਂ ਨਦੀ ਦੀ ਸਫ਼ਾਈ ਲਈ ਟੈਂਡਰ ਲਗਾਉਣ ਵਿੱਚ ਦੇਰੀ ਕਰਨ ਕਰਕੇ ਜਲ ਸ੍ਰੋਤ ਵਿਭਾਗ ਨਦੀ ਦੀ ਸਫ਼ਾਈ ਐਨ.ਡੀ.ਆਰ.ਐਫ. ਤੋਂ ਕਰਵਾਉਣ ਲਈ ਸੋਚ ਰਿਹਾ ਹੈ, ਜੋ ਲੋਕਾਂ ਲਈ ਸੁਖ ਦਾ ਸਾਹ ਸਾਬਤ ਹੋਵੇਗਾ। ਜਲ ਸ੍ਰੋਤ ਵਿਭਾਗ ਦੇ ਅਧਿਕਾਰੀ ਹੱਥ ਮਲਦੇ ਰਹਿ ਜਾਣਗੇ, ਕਿਉਂਕਿ ਉਨ੍ਹਾਂ ਦੇ ਗੀਜੇ ਖਾਲੀ ਰਹਿ ਜਾਣਗੇ। ਹੁਣ ਜਲ ਸ੍ਰੋਤ ਵਿਭਾਗ ਨੇ ਪਟਿਆਲਵੀਆਂ ਦਾ ਮੂੰਹ ਮੁਲਾਹਜਾ ਰੱਖਣ ਲਈ ਪਟਿਆਲਾ ਨਦੀ ਦੀ ਥੋੜ੍ਹੀ ਬਹੁਤੀ ਸਫ਼ਾਈ ਸ਼ੁਰੂ ਕੀਤੀ ਹੈ। ਅਜਿਹੇ ਹਾਲਾਤ ਵਿੱਚ ਗ਼ੈਰ ਸੰਜੀਦਾ ਲੋਕ ਅਫ਼ਵਾਹਾਂ ਫ਼ੈਲਾਉਂਦੇ ਹਨ ਪ੍ਰੰਤੂ ਲੋਕਾਂ ਨੂੰ ਅਫ਼ਵਾਹਾਂ ‘ਤੇ ਵਿਸਵਾਸ਼ ਨਹੀਂ ਕਰਨਾ ਚਾਹੀਦਾ, ਸਗੋਂ ਹੌਸਲਾ ਰੱਖਕੇ ਚੇਤੰਨ ਰਹਿਣਾ ਚਾਹੀਦਾ ਹੈ।

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

# ਸਿਆਸੀ ਹੋਂਦ ਉਸਾਰਨ ਲਈ ਅਕਾਲੀ ਨੇਤਾਵਾਂ ਨੂੰ ਸ਼ਿਵ ਸੈਨਾ ਵਾਂਗ ਏਕਤਾ ਕਰਨ ਦੀ ਲੋੜ



**ਸਤਨਾਮ ਮਾਣਕ**
ਸੀਨੀਅਰ ਪੱਤਰਕਾਰ

5 ਜੁਲਾਈ ਨੂੰ ਮਹਾਰਾਸ਼ਟਰ ਦੀ ਰਾਜਨੀਤੀ ਵਿਚ ਇਕ ਮਹੱਤਵਪੂਰਨ ਘਟਨਾਕ੍ਰਮ ਵਾਪਰਿਆ। ਸ਼ਿਵ ਸੈਨਾ ਦਾ ਹਿੱਸਾ ਰਹੇ ਦੋ ਧੜੇ, ਜਿਨ੍ਹਾਂ ਦੀ ਅਗਵਾਈ ਕ੍ਰਮਵਾਰ ਊਧਵ ਠਾਕਰੇ ਅਤੇ ਉਨ੍ਹਾਂ ਦੇ ਚਚੇਰੇ ਭਾਈ ਰਾਜ ਠਾਕਰੇ ਕਰਦੇ ਹਨ, 20 ਸਾਲਾਂ ਬਾਅਦ ਨੇੜੇ-ਨੇੜੇ ਆ ਗਏ। ਮੁੰਬਈ ਦੇ ਇਲਾਕੇ ਵੋਰਲੀ ਵਿਚ ਇਕ ਸਾਂਝੀ ਰੈਲੀ ਦੌਰਾਨ ਇਨ੍ਹਾਂ ਦੋਵਾਂ ਪਾਰਟੀਆਂ ਦੇ ਮੁਖੀ ਊਧਵ ਠਾਕਰੇ ਅਤੇ ਰਾਜ ਠਾਕਰੇ ਇਕ ਸਟੇਜ 'ਤੇ ਨਜ਼ਰ ਆਏ। ਦੋਵਾਂ ਭਰਾਵਾਂ ਨੂੰ ਇਕੱਠੇ ਹੋਣ ਲਈ ਰਾਜ ਵਿਚ ਹਿੰਦੀ ਭਾਸ਼ਾ ਦੇ ਨਾਂਅ 'ਤੇ ਆਰੰਭ ਹੋਏ ਵਿਵਾਦ ਨੇ ਇਕ ਵੱਡਾ ਅਵਸਰ ਮੁਹੱਈਆ ਕਰ ਦਿੱਤਾ। ਕੁੱਝ ਮਹੀਨੇ ਪਹਿਲਾਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਫੜਨਵੀਸ ਦੀ ਅਗਵਾਈ ਵਾਲੀ (ਮਹਾਯੁਤੀ) ਗੱਠਜੋੜ ਦੀ ਸਰਕਾਰ ਨੇ ਰਾਜ ਵਿਚ ਨਵੀਂ ਸਿੱਖਿਆ ਨੀਤੀ-2020 ਨੂੰ ਲਾਗੂ ਕਰਨ ਦੇ ਨਾਂਅ 'ਤੇ ਤਿੰਨ ਭਾਸ਼ਾਈ ਫਾਰਮੂਲਾ ਲਾਗੂ ਕਰਨ ਦਾ ਫ਼ੈਸਲਾ ਕੀਤਾ ਅਤੇ ਪਹਿਲੀ ਜਮਾਤ ਤੋਂ ਮਹਾਰਾਸ਼ਟਰ ਦੇ ਸਰਕਾਰੀ ਸਕੂਲਾਂ ਵਿਚ ਲਾਜ਼ਮੀ ਤੌਰ 'ਤੇ ਹਿੰਦੀ ਪੜ੍ਹਾਉਣ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ।

ਇਸ ਦਾ ਮਹਾਰਾਸ਼ਟਰ ਵਿਚ ਤਿੱਖਾ ਵਿਰੋਧ ਹੋਇਆ ਅਤੇ ਵਿਰੋਧ ਕਰਨ ਵਾਲਿਆਂ ਵਿਚ ਸ਼ਿਵ ਸੈਨਾ (ਯੂ.ਬੀ.ਟੀ.) ਅਤੇ ਮਹਾਰਾਸ਼ਟਰ ਨਵ ਨਿਰਮਾਣ ਸੈਨਾ (ਮਨਸੇ) ਕਾਫੀ ਸਰਗਰਮ ਨਜ਼ਰ ਆਈਆਂ। ਇਹ ਪਾਰਟੀਆਂ ਹਿੰਦੀ ਦੀ ਪੜ੍ਹਾਈ ਦੀਆਂ ਵਿਰੋਧੀ ਨਹੀਂ ਹਨ ਪਰ ਹਿੰਦੀ ਨੂੰ ਪਹਿਲੀ ਜਮਾਤ ਤੋਂ ਲਾਜ਼ਮੀ ਲਾਗੂ ਕਰਨ ਦੀਆਂ ਵਿਰੋਧੀ ਸਨ। ਉਨ੍ਹਾਂ ਵਲੋਂ ਇਸ ਵਿਰੁੱਧ ਅੰਦੋਲਨ ਚਲਾਉਣ ਦੀ ਧਮਕੀ ਵੀ ਦਿੱਤੀ ਗਈ। ਇਸ ਨੂੰ ਮੁੱਖ ਰੱਖਦਿਆਂ ਮਹਾਰਾਸ਼ਟਰ ਦੀ ਸਰਕਾਰ ਨੇ ਪਹਿਲੀ ਜਮਾਤ ਤੋਂ ਹਿੰਦੀ ਲਾਗੂ ਕਰਨ ਦਾ ਫ਼ੈਸਲਾ ਵਾਪਸ ਲੈ ਲਿਆ ਅਤੇ ਇਸ ਸੰਬੰਧੀ ਨੀਤੀ ਬਣਾਉਣ ਲਈ ਇਕ ਕਮੇਟੀ ਦਾ ਗਠਨ ਕਰ ਦਿੱਤਾ। ਸ਼ਿਵ ਸੈਨਾ (ਯੂ.ਬੀ.ਟੀ.) ਅਤੇ ਮਹਾਰਾਸ਼ਟਰ ਨਵ ਨਿਰਮਾਣ ਸੈਨਾ (ਮਨਸੇ) ਨੇ ਇਸ ਨੂੰ ਆਪਣੀ ਵੱਡੀ ਜਿੱਤ ਕਰਾਰ ਦਿੱਤਾ। ਇਸ ਸੰਦਰਭ ਵਿਚ ਹੀ 5 ਜੁਲਾਈ ਨੂੰ ਵੋਰਲੀ ਵਿਚ ਸ਼ਿਵ ਸੈਨਾ ਦੇ ਇਨ੍ਹਾਂ ਦੋਵੇਂ ਧੜਿਆਂ ਵਲੋਂ ਜੇਤੂ ਰੈਲੀ ਆਯੋਜਿਤ ਕੀਤੀ ਗਈ, ਜਿਸ ਨੂੰ ਲੋਕਾਂ ਵਲੋਂ ਚੰਗਾ ਸਮਰਥਨ ਮਿਲਿਆ।

ਇਸ ਅਵਸਰ 'ਤੇ ਬੋਲਦਿਆਂ ਰਾਜ ਠਾਕਰੇ ਨੇ ਕਿਹਾ ਕਿ ਉਹ ਫੜਨਵੀਸ ਸਰਕਾਰ ਦੇ ਰਾਜ ਵਿਚ ਹਿੰਦੀ ਠੋਸਣ ਦੇ ਫ਼ੈਸਲੇ ਵਿਰੁੱਧ ਮਰਾਠੀ ਭਾਸ਼ਾ ਅਤੇ ਮਰਾਠੀ ਮਾਨਸ ਦੇ ਹਿੱਤਾਂ ਦੀ ਰੱਖਿਆ ਲਈ ਇਕੱਠੇ ਹੋ ਰਹੇ ਹਨ। ਉਨ੍ਹਾਂ ਦੋਵਾਂ ਦੀਆਂ ਪਾਰਟੀਆਂ ਵਲੋਂ ਮੁੰਬਈ ਨਗਰ ਨਿਗਮ ਦੀ ਚੋਣ ਅਤੇ ਰਾਜ ਵਿਚ ਹੋਣ ਵਾਲੀਆਂ ਹੋਰ ਸਥਾਨਕ ਸਰਕਾਰਾਂ ਦੀਆਂ ਚੋਣਾਂ ਮਿਲ ਕੇ ਲੜੀਆਂ ਜਾਣਗੀਆਂ ਅਤੇ ਭਵਿੱਖ ਵਿਚ ਮਹਾਰਾਸ਼ਟਰ ਦੀ ਸੱਤਾ ਪ੍ਰਾਪਤ ਕਰਨ ਲਈ ਵੀ ਉਹ ਇਕੱਠੇ ਹੋ ਕੇ ਸੰਘਰਸ਼ ਕਰਨਗੇ। ਸ਼ਿਵ ਸੈਨਾ (ਯੂ.ਬੀ.ਟੀ.) ਅਤੇ ਮਹਾਰਾਸ਼ਟਰ ਨਵ ਨਿਰਮਾਣ ਸੈਨਾ (ਮਨਸੇ) ਦਾ ਨੇੜੇ-ਨੇੜੇ ਆਉਣਾ ਇਕ ਵੱਡਾ ਘਟਨਾਕ੍ਰਮ ਜ਼ਰੂਰ ਹੈ ਪਰ ਇਸ ਨੂੰ ਆਉਣ ਵਾਲੀਆਂ ਮੁੰਬਈ ਦੀਆਂ ਨਗਰ ਨਿਗਮ ਚੋਣਾਂ ਅਤੇ ਹੋਰ ਸਥਾਨਕ ਸਰਕਾਰਾਂ ਦੀਆਂ ਚੋਣਾਂ ਵਿਚ ਲੋਕਾਂ ਵਲੋਂ ਕਿੰਨਾ ਕੁ ਵੱਡਾ ਸਮਰਥਨ ਮਿਲਦਾ ਹੈ, ਇਹ ਹੀ ਇਨ੍ਹਾਂ ਦੋਵਾਂ ਪਾਰਟੀਆਂ ਅਤੇ ਇਨ੍ਹਾਂ ਦੇ ਵੱਡੇ ਆਗੂਆਂ ਕ੍ਰਮਵਾਰ ਊਧਵ ਠਾਕਰੇ ਅਤੇ ਰਾਜ ਠਾਕਰੇ ਦਾ ਭਵਿੱਖ ਤੈਅ ਕਰੇਗਾ।

ਜੇਕਰ ਦੇਸ਼ ਦੀ ਅਜੋਕੀ ਰਾਜਨੀਤਕ ਸਥਿਤੀ ਨੂੰ ਦੇਖਿਆ ਜਾਵੇ ਤਾਂ ਭਾਰਤੀ ਜਨਤਾ ਪਾਰਟੀ ਹਿੰਦੀ ਭਾਸ਼ੀ ਖੇਤਰਾਂ ਤੋਂ ਬਾਅਦ ਲਗਾਤਾਰ ਗ਼ੈਰ ਹਿੰਦੀ ਭਾਸ਼ੀ ਖੇਤਰਾਂ ਵਿਚ ਵੀ ਤੇਜ਼ੀ ਨਾਲ ਆਪਣਾ ਅਸਰ ਵਧਾਉਂਦੀ ਨਜ਼ਰ ਆ ਰਹੀ ਹੈ। ਭਾਵੇਂ 2024 ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਭਾਜਪਾ 350 ਤੋਂ ਵੱਧ ਸੀਟਾਂ ਜਿੱਤਣ ਦੀ ਆਸ ਲਾਈ ਬੈਠੀ ਸੀ ਪਰ ਉਸ ਨੂੰ ਸਿਰਫ਼ 240 ਸੀਟਾਂ ਹੀ ਪ੍ਰਾਪਤੀ ਹੋਈਆਂ ਅਤੇ ਪ੍ਰਧਾਨ ਮੰਤਰੀ ਮੋਦੀ ਨੂੰ ਆਪਣੀ ਸਰਕਾਰ ਬਣਾਉਣ ਲਈ ਜਨਤਾ ਦਲ (ਯੂ), ਤੇਲਗੂ ਦੇਸਮ ਪਾਰਟੀ ਤੇ ਲੋਕ ਜਨਸ਼ਕਤੀ ਪਾਰਟੀ (ਰਾਮਬਿਲਾਸ) ਤੋਂ ਸਮਰਥਨ ਲੈਣਾ ਪਿਆ। ਪਰ ਲੋਕ ਸਭਾ ਚੋਣਾਂ ਤੋਂ ਬਾਅਦ ਨਵੀਂ ਦਿੱਲੀ, ਹਰਿਆਣਾ ਅਤੇ ਮਹਾਰਾਸ਼ਟਰ ਦੀਆਂ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਭਾਜਪਾ ਨੇ ਪ੍ਰਭਾਵਸ਼ਾਲੀ ਢੰਗ ਨਾਲ ਮੁੜ ਵਾਪਸੀ ਕੀਤੀ ਅਤੇ ਇਨ੍ਹਾਂ ਤਿੰਨਾਂ ਰਾਜਾਂ ਵਿਚ ਵੀ ਆਪਣੀਆਂ ਸਰਕਾਰਾਂ ਬਣਾਉਣ ਵਿਚ ਸਫ਼ਲ ਹੋਈ ਹੈ, ਭਾਵੇਂ ਕਿ ਝਾਰਖੰਡ ਤੇ ਜੰਮੂ-ਕਸ਼ਮੀਰ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਉਸ ਨੂੰ ਆਸ ਮੁਤਾਬਿਕ ਸਫ਼ਲਤਾ ਨਹੀਂ ਮਿਲੀ। ਹੁਣ ਭਾਜਪਾ ਦੀਆਂ ਨਜ਼ਰਾਂ ਇਸੇ ਸਾਲ ਹੋਣ ਵਾਲੀਆਂ ਬਿਹਾਰ ਵਿਧਾਨ ਸਭਾ ਦੀਆਂ ਚੋਣਾਂ ਅਤੇ ਅਗਲੇ ਸਾਲ ਹੋਣ ਵਾਲੀਆਂ ਪੱਛਮੀ ਬੰਗਾਲ ਦੀਆਂ ਚੋਣਾਂ 'ਤੇ ਲੱਗੀਆਂ ਹੋਈਆਂ ਹਨ। ਇਨ੍ਹਾਂ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਲਈ ਹੁਣ ਤੋਂ ਹੀ ਭਾਜਪਾ ਨੇ ਤਿਆਰੀ ਵਿੱਢੀ ਹੋਈ ਹੈ। ਭਾਜਪਾ ਗ਼ੈਰ ਹਿੰਦੀ ਭਾਸ਼ੀ ਰਾਜਾਂ, ਜਿਥੇ ਖ਼ਾਸ ਕਰਕੇ ਖੇਤਰੀ ਪਾਰਟੀਆਂ ਮਜਬੂਤ ਹਨ। ਵਿਚ ਆਪਣਾ ਅਸਰ ਰਸੂਖ਼ ਵਧਾਉਣ ਲਈ ਵਿਸ਼ੇਸ਼ ਤੌਰ 'ਤੇ ਜ਼ੋਰ ਲਾ ਰਹੀ ਹੈ। ਭਾਜਪਾ ਦੇ ਮੌਜੂਦਾ ਪ੍ਰਧਾਨ ਜੇ.ਪੀ. ਨੱਡਾ ਨੇ ਤਾਂ ਆਪਣੇ ਬਿਹਾਰ ਦੇ ਇਕ ਦੌਰੇ ਦੌਰਾਨ ਸਪੱਸ਼ਟ ਰੂਪ ਵਿਚ ਐਲਾਨ ਕੀਤਾ ਸੀ ਕਿ ਭਾਜਪਾ ਖੇਤਰੀ ਪਾਰਟੀਆਂ ਨੂੰ ਵੀ ਰਾਜਨੀਤਕ ਤੌਰ 'ਤੇ ਖ਼ਤਮ ਕਰਨ ਲਈ ਯਤਨਸ਼ੀਲ ਹੈ।

ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਭਾਜਪਾ ਦੇ ਨਿਸ਼ਾਨੇ 'ਤੇ ਦੇਸ਼ ਦੀ ਪੁਰਾਣੀ ਕੌਮੀ ਪਾਰਟੀ ਕਾਂਗਰਸ ਹੀ ਨਹੀਂ ਹੈ, ਸਗੋਂ ਵੱਖ-ਵੱਖ ਰਾਜਾਂ ਦੀਆਂ ਖੇਤਰੀ ਪਾਰਟੀਆਂ ਵੀ ਉਸ ਦੇ ਨਿਸ਼ਾਨੇ 'ਤੇ ਹਨ। ਇਤਰਾਜ਼ ਵਾਲੀ ਗੱਲ ਇਹ ਹੈ ਕਿ ਭਾਜਪਾ ਦੀ ਨਿਰੰਕੁਸ਼ ਰਾਜਨੀਤਕ ਸ਼ੈਲੀ ਨਾ ਸਿਰਫ਼ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸੰਘੀ ਢਾਂਚੇ ਲਈ ਖ਼ਤਰਨਾਕ ਹੈ, ਨਿਰੰਤਰ ਫਿਰਕੂ ਧਰੁਵੀਕਰਨ ਦੀ ਖੇਡ, ਖੇਡ ਰਹੀ ਹੈ, ਜਿਸ ਕਾਰਨ ਦੇਸ਼ ਦੇ ਦੋ ਵੱਡੇ ਭਾਈਚਾਰਿਆਂ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਲਗਾਤਾਰ ਕੁੜੱਤਣ ਵਧ ਰਹੀ ਹੈ। ਇਸ ਨਾ ਦੇਸ਼ ਦੇ ਅੰਦਰ ਅਮਨ ਤੇ ਸਦਭਾਵਨਾ ਨੂੰ ਵੱਡੀ ਸੱਟ ਲੱਗ ਰਹੀ ਹੈ, ਇਸ ਨਾਲ ਭਾਰਤ ਵਿਚ ਅੱਤਵਾਦੀ ਵਿਦੇਸ਼ੀ ਧਿਰਾਂ ਨੂੰ ਪੈਰ ਜਮਾਉਣ ਦੇ ਅਵਸਰ ਮਿਲ ਸਕਦੇ ਹਨ। ਭਾਜਪਾ ਦੀਆਂ ਆਰਥਿਕ ਨੀਤੀਆਂ ਵੀ ਵੱਡੇ ਕਾਰਪੋਰੇਟਰਾਂ ਦੇ ਹਿੱਤਾਂ ਦੀ ਹੀ ਪੈਰਵੀ ਕਰਦੀਆਂ ਹਨ। ਖੇਤਰੀ ਜ਼ੁਬਾਨਾਂ, ਖੇਤਰੀ ਸੱਭਿਆਚਾਰਾਂ ਨੂੰ ਵੀ ਭਾਜਪਾ, ਖ਼ਾਸ ਕਰ ਕੇ ਸੰਘ ਪਰਿਵਾਰ ਵਾਲੇ ਆਪਣੇ ਹਿੰਦੂਤਵ ਆਧਾਰਿਤ ਰਾਸ਼ਟਰਵਾਦ ਲਈ ਖ਼ਤਰਾ ਸਮਝਦੇ ਹਨ। ਇਨ੍ਹਾਂ ਸਥਿਤੀਆਂ ਵਿਚ ਜੇਕਰ ਖੇਤਰੀ ਪਾਰਟੀਆਂ ਨੇ ਆਪਣੀ ਪ੍ਰਸੰਗਿਕਤਾ ਬਣਾਈ ਰੱਖਣੀ ਹੈ ਉਨ੍ਹਾਂ ਨੂੰ ਖੇਤਰੀ ਸੱਭਿਆਚਾਰਾਂ, ਖੇਤਰੀ ਜ਼ੁਬਾਨਾਂ ਅਤੇ ਖੇਤਰੀ ਖ਼ੁਦ ਮੁਖਤਿਆਰੀ ਦੀ ਮਜ਼ਬੂਤੀ ਲਈ ਨਿਰੰਤਰ ਕੰਮ ਕਰਨਾ ਹੋਵੇਗਾ।

ਇਸੇ ਪ੍ਰਸੰਗ ਵਿਚ ਪੰਜਾਬ ਦੀ ਪੁਰਾਣੀ ਅਤੇ ਪ੍ਰਮੁੱਖ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਆਪਣੀ ਰਾਜਨੀਤੀ ਤੇ ਰਣਨੀਤੀ 'ਤੇ ਮੁੜ ਤੋਂ ਵਿਚਾਰ ਕਰਨ ਦੀ ਜ਼ਰੂਰਤ ਹੈ। 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਇਹ ਸੱਤਾ ਤੋਂ ਬਾਹਰ ਹੋ ਚੁੱਕੀ ਹੈ ਤੇ ਉਸ ਤੋਂ ਬਾਅਦ ਜਿੰਨੀਆਂ ਵੀ ਚੋਣਾਂ ਹੋਈਆਂ ਹਨ, ਉਨ੍ਹਾਂ ਵਿਚ ਇਸ ਦੀ ਕਾਰਗੁਜ਼ਾਰੀ ਬਿਹਤਰ ਨਹੀਂ ਰਹੀ। ਇਸ ਸਮੇਂ ਲੋਕ ਸਭਾ ਵਿਚ ਇਸ ਦੀ ਇਕ ਹੀ ਸੰਸਦ ਮੈਂਬਰ ਹੈ ਅਤੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਇਸ ਨੇ ਭਾਵੇਂ 3 ਸੀਟਾਂ ਜਿੱਤੀਆਂ ਸਨ ਪਰ ਇਨ੍ਹਾਂ ਵਿਚੋਂ ਸਿਰਫ਼ 1 ਵਿਧਾਇਕਾ (ਗਨੀਵ ਕੌਰ) ਹੀ ਇਸ ਦੇ ਨਾਲ ਹੈ। ਪਿਛਲੇ ਦਿਨੀਂ ਲੁਧਿਆਣਾ ਪੱਛਮੀ ਤੋਂ ਹੋਈ ਉਪ ਚੋਣ ਵਿਚ ਇਸ ਦਾ ਉਮੀਦਵਾਰ ਪਰਉਪਕਾਰ ਸਿੰਘ ਘੁੰਮਣ (8203) ਵੋਟਾਂ ਹੀ ਪ੍ਰਾਪਤ ਕਰ ਸਕਿਆ ਤੇ ਉਸ ਦੀ ਜ਼ਮਾਨਤ ਜ਼ਬਤ ਹੋ ਗਈ। ਤਰਨ ਤਾਰਨ ਤੋਂ ਆਪ ਪਾਰਟੀ ਦੇ ਵਿਧਾਇਕ ਕਸ਼ਮੀਰ ਸਿੰਘ ਦੇ ਦਿਹਾਂਤ ਤੋਂ ਬਾਅਦ ਇਕ ਹੋਰ ਉਪ ਚੋਣ ਦਾ ਵੀ ਅਕਾਲੀ ਦਲ ਨੂੰ ਸਾਹਮਣਾ ਕਰਨਾ ਪਵੇਗਾ। ਉਥੇ ਵੀ ਇਕ ਤੋਂ ਵੱਧ ਅਕਾਲੀ ਧੜਿਆਂ ਵਲੋਂ ਉਪ ਚੋਣ ਲੜਨ ਦੀ ਚਲ ਰਹੀ ਚਰਚਾ ਨੂੰ ਮੁੱਖ ਰੱਖਦਿਆਂ ਅਕਾਲੀ ਦਲ (ਬਾਦਲ) ਦੇ ਪੱਲੇ ਨਿਰਾਸ਼ਾ ਹੀ ਪੈਣ ਦੀ ਸੰਭਾਵਨਾ ਦਿਖਾਈ ਦਿੰਦੀ ਹੈ। ਵਿਧਾਨ ਸਭਾ ਦੀਆਂ ਚੋਣਾਂ ਵਿਚ ਉਂਝ ਵੀ ਡੇਢ ਕੁ ਸਾਲ ਦਾ ਸਮਾਂ ਬਾਕੀ ਰਹਿ ਗਿਆ ਹੈ। ਇਸ ਸਮੇਂ ਜਿਸ ਤਰ੍ਹਾਂ ਅਕਾਲੀ ਦਲ ਵੱਖ-ਵੱਖ ਧੜਿਆਂ ਵਿਚ ਵੰਡਿਆ ਹੋਇਆ ਹੈ, ਉਸ ਨੂੰ ਮੁੱਖ ਰੱਖਦਿਆਂ ਅਜੇ ਤਕ ਅਜਿਹਾ ਨਹੀਂ ਜਾਪਦਾ ਕਿ ਇਹ ਉਦੋਂ ਤੱਕ ਮੁੜ ਉੱਭਰ ਕੇ ਰਾਜ ਦੀ ਰਾਜਨੀਤੀ ਵਿਚ ਕੋਈ ਅਹਿਮ ਰੋਲ ਅਦਾ ਕਰਨ ਦੇ ਸਮਰੱਥ ਹੋ ਸਕੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਬਣਾਈ ਗਈ ਭਰਤੀ ਕਮੇਟੀ ਭਾਵੇਂ ਭਰਤੀ ਦਾ ਅਮਲ ਪਾਰਦਰਸ਼ੀ ਢੰਗ ਨਾਲ ਮੁਕੰਮਲ ਕਰਕੇ ਅਕਾਲੀ ਦਲ ਨੂੰ ਮੁੜ ਮਜ਼ਬੂਤ ਕਰਨ ਦਾ ਦਾਅਵਾ ਕਰ ਰਹੀ ਹੈ ਪਰ ਪ੍ਰਧਾਨਗੀ ਲਈ ਹੁਣ ਤੋਂ ਹੀ ਇਸ ਵਿਚ ਕਸ਼ਮਕਸ਼ ਸ਼ੁਰੂ ਹੋਣ ਦੇ ਚਰਚੇ ਹਨ।

ਅਕਾਲੀ ਦਲ ਸਿਰਫ਼ ਰਾਜਨੀਤਕ ਖੇਤਰ ਵਿਚ ਹੀ ਹਾਸ਼ੀਏ 'ਤੇ ਨਹੀਂ ਹੈ, ਸਗੋਂ ਸਿੱਖ ਪੰਥ ਦੀ ਧਾਰਮਿਕ ਰਾਜਨੀਤੀ ਵਿਚ ਵੀ ਇਹ ਬੁਰੀ ਤਰ੍ਹਾਂ ਪਛੜ ਚੁੱਕਾ ਹੈ। ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਵਿਚ ਇਸ ਦਾ ਪ੍ਰਭਾਵ ਕਾਫੀ ਘਟ ਚੁੱਕਾ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਹੁਣ ਇਸ ਦਾ ਕੋਈ ਅਧਿਕਾਰ ਨਹੀਂ ਰਿਹਾ। ਤਖ਼ਤ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਅਤੇ ਉਥੋਂ ਦੇ ਤਖ਼ਤ ਦੇ ਕਾਰਜਕਾਰੀ ਜਥੇਦਾਰ ਬਲਦੇਵ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੌਜੂਦਾ ਜਥੇਦਾਰ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਵਿਚ ਪੰਜਾਬ ਦੇ ਸਿੰਘ ਸਾਹਿਬਾਨ ਦਰਮਿਆਨ ਤਿੱਖਾ ਟਕਰਾਅ ਚੱਲ ਰਿਹਾ ਹੈ। ਦੋਵਾਂ ਤਖ਼ਤਾਂ ਵਲੋਂ ਇਕ-ਦੂਜੇ ਨਾਲ ਸੰਬੰਧਿਤ ਸ਼ਖ਼ਸੀਅਤਾਂ ਨੂੰ ਤਨਖਾਹੀਏ ਕਰਾਰ ਦਿੱਤਾ ਜਾ ਰਿਹਾ ਹੈ, ਅਤੇ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੀ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਦੀ ਅਗਵਾਈ ਵਿਚ ਪੰਜ ਪਿਆਰਿਆਂ ਵਲੋਂ ਤਨਖਾਹੀਆ ਕਰਾਰ ਦਿੱਤਾ ਜਾ ਚੁੱਕਾ ਹੈ। ਸਿੱਖ ਪੰਥ ਦੇ ਧਾਰਮਿਕ ਇਤਿਹਾਸ ਵਿਚ ਇਸ ਤਰ੍ਹਾਂ ਦਾ ਨਮੋਸ਼ੀਜਨਕ ਵਰਤਾਰਾ ਸ਼ਾਇਦ ਹੀ ਪਹਿਲਾਂ ਕਦੇ ਵਾਪਰਿਆ ਹੋਵੇ। ਪੰਜਾਬ ਦੇ ਗੁਆਂਢੀ ਰਾਜ ਹਰਿਆਣਾ ਵਿਚ ਨਵੀਂ ਬਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਵੀ ਸ਼੍ਰੋਮਣੀ ਕਮੇਟੀ ਦੇ ਮੱਤਭੇਦ ਬਰਕਰਾਰ ਹਨ। ਹਰਿਆਣੇ ਦੇ ਇਤਿਹਾਸਕ ਗੁਰਦੁਆਰਿਆਂ ਦਾ ਕੰਮ ਕਾਰ ਸੰਭਾਲਣ ਤੋਂ ਬਾਅਦ ਹੁਣ ਹਰਿਆਣਾ ਦੀ ਗੁਰਦੁਆਰਾ ਕਮੇਟੀ ਸ਼ਾਹਬਾਦ ਮਾਰਕੰਡਾ ਦੇ ਮੈਡੀਕਲ ਕਾਲਜ ਨੂੰ ਆਪਣੇ ਅਧਿਕਾਰ ਵਿਚ ਲੈਣ ਲਈ ਸਰਗਰਮੀ ਦਿਖਾ ਰਹੀ ਹੈ। ਸ਼੍ਰੋਮਣੀ ਕਮੇਟੀ ਵਲੋਂ ਬਣਾਇਆ ਗਿਆ ਇਹ ਕਾਲਜ ਇਸ ਸਮੇਂ ਇਕ ਟਰੱਸਟ ਚਲਾ ਰਿਹਾ ਹੈ ਤੇ ਇਸ ਟਰੱਸਟ ਨੂੰ ਵਿੱਤੀ ਸਹਾਇਤਾ ਸ਼੍ਰੋਮਣੀ ਕਮੇਟੀ ਵਲੋਂ ਦਿੱਤੀ ਜਾਂਦੀ ਹੈ। ਹਰਿਆਣੇ ਦੀ ਗੁਰਦੁਆਰਾ ਕਮੇਟੀ ਇਸ ਨੂੰ ਯੂਨੀਵਰਸਿਟੀ ਬਣਾਉਣ ਦੇ ਬਹਾਨੇ ਨਾਲ ਆਪਣੇ ਕੰਟਰੋਲ ਵਿਚ ਲੈਣਾ ਚਾਹੁੰਦੀ ਹੈ, ਜਿਸ ਨਾਲ ਸ਼੍ਰੋਮਣੀ ਕਮੇਟੀ ਅਤੇ ਹਰਿਆਣੇ ਦੀ ਗੁਰਦੁਆਰਾ ਕਮੇਟੀ ਦਰਮਿਆਨ ਆਉਣ ਵਾਲੇ ਦਿਨਾਂ ਵਿਚ ਟਕਰਾਅ ਹੋਰ ਵਧ ਸਕਦਾ ਹੈ। ਇਸ ਸਮੇਂ ਸਿੱਖ ਪੰਥ ਵਿਚ ਨਾ ਤਾਂ ਕੋਈ ਵੱਡੀ ਅਜਿਹੀ ਰਾਜਨੀਤਕ ਸ਼ਖ਼ਸੀਅਤ ਹੈ, ਜਿਹੜੀ ਸਾਰੇ ਅਕਾਲੀ ਧੜਿਆਂ ਨੂੰ ਇਕ ਪਲੇਟਫਾਰਮ 'ਤੇ ਜਾਂ ਇਕ ਜਥੇਬੰਦੀ ਵਿਚ ਇਕੱਠੇ ਕਰ ਸਕੇ ਅਤੇ ਨਾ ਹੀ ਧਾਰਮਿਕ ਖੇਤਰ ਵਿਚ ਸਿੱਖ ਪੰਥ ਵਿਚ ਕੋਈ ਅਜਿਹੀ ਵੱਡੀ ਧਾਰਮਿਕ ਸ਼ਖ਼ਸੀਅਤ ਹੈ, ਜੋ ਤਖ਼ਤ ਸ੍ਰੀ ਹਜ਼ੂਰ ਸਾਹਿਬ, ਤਖ਼ਤ ਸ੍ਰੀ ਪਟਨਾ ਸਾਹਿਬ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਰਮਿਆਨ ਸਿੱਖ ਪੰਥ ਦੇ ਸਾਂਝੇ ਧਾਰਮਿਕ ਹਿਤਾਂ ਲਈ ਰਾਜਨੀਤਕ ਮਤਭੇਦਾਂ ਦੇ ਬਾਵਜੂਦ ਕੰਮਕਾਜੀ ਸਾਂਝ ਪੈਦਾ ਕਰ ਸਕੇ।


ਦੇਸ਼ ਦੀਆਂ ਅਜੋਕੀਆਂ ਰਾਜਨੀਤਕ ਸਥਿਤੀਆਂ ਅਤੇ ਸਿੱਖ ਪੰਥ ਦੇ ਧਾਰਮਿਕ ਸਰੋਕਾਰ ਇਹ ਮੰਗ ਕਰਦੇ ਹਨ ਕਿ ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਸਿੱਖ ਆਗੂ ਆਪਣੇ ਨਿੱਜੀ ਹਿੱਤਾਂ ਅਤੇ ਆਪਣੀ ਹਉਮੈ ਨੂੰ ਪਾਸੇ ਛੱਡ ਕੇ ਇਕ ਮੰਚ 'ਤੇ ਇਕੱਠੇ ਹੋ ਕੇ ਵਿਚਾਰ-ਵਟਾਂਦਰਾ ਕਰਨ ਅਤੇ ਆਪਸੀ ਏਕਤਾ ਲਈ ਕੋਈ ਰਸਤਾ ਕੱਢਣ। ਇਸ ਸੰਦਰਭ ਵਿਚ ਉਨ੍ਹਾਂ ਨੂੰ ਸ਼ਿਵ ਸੈਨਾ (ਯੂ.ਟੀ.ਬੀ.) ਅਤੇ ਮਹਾਰਾਸ਼ਟਰ ਨਵ ਨਿਰਮਾਣ ਸੈਨਾ ਦੇ ਆਗੂਆਂ ਕ੍ਰਮਵਾਰ ਊਧਮ ਠਾਕਰੇ ਅਤੇ ਰਾਜ ਠਾਕਰੇ ਵਲੋਂ 20 ਸਾਲਾਂ ਦੇ ਆਪਸੀ ਤਿੱਖੇ ਵਿਰੋਧ ਤੋਂ ਬਾਅਦ ਇਕ ਮੰਚ 'ਤੇ ਆਉਣ ਦੀ ਘਟਨਾ ਤੋਂ ਵੀ ਸਬਕ ਸਿੱਖਣ ਦੀ ਲੋੜ ਹੈ।

# ਸ਼ਹੀਦ ਭਾਈ ਤਾਰੂ ਸਿੰਘ ਅਤੇ ਸ਼ਹੀਦੀ ਸਥਾਨ ਦਾ ਪ੍ਰਸੰਗ

## ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

**ਦਿਲਜੀਤ ਸਿੰਘ ਬੇਦੀ**





ਸਿੱਖ ਕੌਮ ਦੀ ਆਨ ਤੇ ਸ਼ਾਨ ਲਈ ਹੱਸ-ਹੱਸ ਕੇ ਜਾਨਾਂ ਵਾਰਨ ਵਾਲੇ ਮਹਾਨ ਸ਼ਹੀਦਾਂ ਦੇ ਇਤਿਹਾਸ ਵਿਚ ਸ਼ਹੀਦ ਭਾਈ ਤਾਰੂ ਸਿੰਘ ਜੀ ਦਾ ਨਾਂਅ ਸੁਨਹਿਰੀ ਅੱਖਰਾਂ ਵਿਚ ਅੰਕਿਤ ਹੈ। ਬਾਬਾ ਬੰਦਾ ਸਿੰਘ ਬਹਾਦਰ ਤੇ ਸਾਥੀ ਸਿੰਘਾਂ ਦੀ ਸ਼ਹੀਦੀ ਉਪਰੰਤ ਲਾਹੌਰ ਦੇ ਗਵਰਨਰ ਜ਼ਕਰੀਆ ਖ਼ਾਨ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖ ਦਿੱਤੇ ਅਤੇ ਚੁਣ-ਚੁਣ ਕੇ ਸਿੱਖਾਂ ਨੂੰ ਮਾਰਿਆ ਜਾਣ ਲੱਗਾ। ਮੌਕੇ ਦੀ ਨਜ਼ਾਕਤ ਨੂੰ ਪਛਾਣਦੇ ਸਿੰਘ ਜੰਗਲਾਂ ਵਿਚ ਜਾ ਵਸੇ ਅਤੇ ਉੱਥੇ ਹੀ ਜਥੇਬੰਦਕ ਤਿਆਰੀਆਂ ਕਰਨ ਲੱਗੇ। ਇਲਾਕੇ ਦੇ ਸਿੰਘ ਜੰਗਲਾਂ 'ਚ ਰਹਿ ਰਹੇ ਯੋਧਿਆਂ ਨੂੰ ਲੰਗਰ-ਪਾਣੀ ਦੀ ਸੇਵਾ ਉਤਸ਼ਾਹ ਨਾਲ ਕਰਦੇ। ਪਿੰਡ ਪੂਹਲਾ ਜ਼ਿਲ੍ਹਾ ਅੰਮ੍ਰਿਤਸਰ (ਹੁਣ ਤਰਨਤਾਰਨ) ਦੇ ਵਸਨੀਕ ਭਾਈ ਤਾਰੂ ਸਿੰਘ ਵੀ ਇਨ੍ਹਾਂ ਹੀ ਸਿਦਕੀ ਸਿੰਘਾਂ 'ਚੋਂ ਇਕ ਸਨ। ਉਹ ਖੇਤੀਬਾੜੀ ਕਰਦੇ ਸਨ ਤੇ ਜਦੋਂ ਵੀ ਕਿਸੇ ਸਿੱਖ ਜਥੇ ਦੀ ਆਮਦ ਦਾ ਪਤਾ ਲਗਦਾ ਤਾਂ ਉਨ੍ਹਾਂ ਨੂੰ ਚਾਅ ਚੜ੍ਹ ਜਾਂਦਾ। ਉਨ੍ਹਾਂ ਦੀ ਭੈਣ ਤੇ ਮਾਤਾ ਬੜੇ ਪ੍ਰੇਮ ਨਾਲ ਲੰਗਰ ਤਿਆਰ ਕਰਦੇ ਅਤੇ ਭਾਈ ਤਾਰੂ ਸਿੰਘ ਜਥੇ ਦੇ ਸਿੰਘਾਂ ਨੂੰ ਲੰਗਰ ਪਹੁੰਚਾਉਣ ਦੀ ਸੇਵਾ ਕਰਦੇ। ਜੰਡਿਆਲੇ ਦੇ ਹਰਭਗਤ ਨਿਰੰਜਨੀਏ ਨੇ ਜ਼ਕਰੀਆ ਖ਼ਾਨ ਨੂੰ ਭਾਈ ਤਾਰੂ ਸਿੰਘ ਖ਼ਿਲਾਫ਼ ਸ਼ਿਕਾਇਤ ਕਰ ਦਿੱਤੀ।

ਜ਼ਕਰੀਆ ਖ਼ਾਨ ਨੇ ਤੁਰੰਤ ਭਾਈ ਤਾਰੂ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਸਿਪਾਹੀ ਭੇਜੇ। ਭਾਈ ਤਾਰੂ ਸਿੰਘ ਨੂੰ ਬੰਦੀ ਬਣਾ ਕੇ ਲਾਹੌਰ ਲਿਜਾਇਆ ਗਿਆ ਤੇ ਭਾਰੀ ਤਸੀਹੇ ਦਿੱਤੇ ਜਾਣ ਲੱਗੇ ਪਰ ਗੁਰੂ ਦਾ ਸਿੰਘ ਹਕੂਮਤ ਦੇ ਹਰ ਤਰ੍ਹਾਂ ਦੇ ਜ਼ੁਲਮਾਂ ਨੂੰ ਖਿੜੇ ਮੱਥੇ ਬਰਦਾਸ਼ਤ ਕਰਦਾ ਰਿਹਾ:

ਜਿਮ-ਜਿਮ ਸਿੰਘ ਕੋ ਤੁਰਕ ਸਤਾਵੈ
ਤਿਮ-ਤਿਮ ਮੁਖ ਸਿੰਘ ਲਾਲੀ ਆਵੈ
(ਪ੍ਰਾਚੀਨ ਪੰਥ ਪ੍ਰਕਾਸ਼)

ਭਾਈ ਤਾਰੂ ਸਿੰਘ ਨੂੰ ਜ਼ਕਰੀਆ ਖ਼ਾਨ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ, ਜਿੱਥੇ ਉਨ੍ਹਾਂ ਨੂੰ ਇਸਲਾਮ ਧਰਮ ਧਾਰਨ ਕਰਨ ਲਈ ਲਾਲਚ ਦਿੱਤੇ ਗਏ। ਭਾਈ ਸਾਹਿਬ ਦਾ ਗੁਰਸਿੱਖੀ ਪ੍ਰਤੀ ਦ੍ਰਿੜ੍ਹ ਨਿਸ਼ਚਾ ਵੇਖ ਸੂਬੇ ਨੇ ਭਾਈ ਸਾਹਿਬ ਦੇ ਕੇਸ ਕਤਲ ਕਰਨ ਦਾ ਹੁਕਮ ਸੁਣਾ ਦਿੱਤਾ। ਇਸ 'ਤੇ ਭਾਈ ਸਾਹਿਬ ਨੇ ਬਚਨ ਕੀਤਾ ਕਿ ਕੇਸ ਜੋ ਮੇਰੇ ਗੁਰੂ ਦੀ ਅਮਾਨਤ ਹਨ, ਇਨ੍ਹਾਂ ਨੂੰ ਅਲਹਿਦਾ ਕਰਨ ਦੀ ਥਾਂ ਜੇਕਰ ਆਪ ਮੇਰੀ ਜਾਨ ਵੀ ਲੈਣੀ ਚਾਹੋ ਤਾਂ ਮੈਂ ਤਿਆਰ ਹਾਂ। ਇਸ 'ਤੇ ਸੂਬੇ ਨੇ ਜਲਾਦ ਨੂੰ ਬੁਲਾ ਕੇ ਭਾਈ ਸਾਹਿਬ ਦੀ ਖੋਪਰੀ ਉਤਾਰਨ ਦਾ ਜ਼ਾਲਮਾਨਾ ਹੁਕਮ ਸੁਣਾ ਦਿੱਤਾ। ਭਾਈ ਸਾਹਿਬ ਨੇ ਸਿੱਖੀ ਨੂੰ ਕੇਸਾਂ-ਸੁਆਸਾਂ ਸੰਗ ਨਿਭਾਅ ਕੇ ਕੌਮ ਲਈ ਅਨੋਖੇ ਪੂਰਨੇ ਪਾਏ ਹਨ। ਇਸ ਤਰ੍ਹਾਂ ਭਾਈ ਤਾਰੂ ਸਿੰਘ ਨੇ ਹੱਸਦੇ ਹੋਏ ਖੋਪਰੀ ਲੁਹਾ ਕੇ ਇਹ ਦੱਸਿਆ ਕਿ ਸਿੱਖ ਲਈ ਉਸ ਦੇ ਕੇਸ ਜਾਨ ਤੋਂ ਵੀ ਪਿਆਰੇ ਹਨ। ਇਸ ਤਰ੍ਹਾਂ ਉਹ 1745 ਈ. ਨੂੰ ਸ਼ਹੀਦੀ ਪ੍ਰਾਪਤ ਕਰ ਗਏ।



ਪਰਉਪਕਾਰ ਦੀ ਮੂਰਤ ਭਾਈ ਤਾਰੂ ਸਿੰਘ ਦੀ ਬਰਸੀ ਇਸ ਵਾਰ ਵੀ ਲਾਹੌਰ 'ਚ ਸ਼ਹੀਦੀ ਸਥਾਨ ਭਾਈ ਤਾਰੂ ਸਿੰਘ ਦੀ ਸਮਾਧ ਵਿਖੇ ਨਹੀਂ ਮਨਾਈ ਜਾਵੇਗੀ। ਲਾਹੌਰ 'ਚ ਰੇਲਵੇ ਸਟੇਸ਼ਨ ਦੇ ਬਿਲਕੁਲ ਸਾਹਮਣੇ ਨੌਲੱਖਾ ਬਾਜ਼ਾਰ 'ਚ ਸਥਿਤ ਭਾਈ ਤਾਰੂ ਸਿੰਘ ਦੇ ਸ਼ਹੀਦੀ ਸਥਾਨ ਨੂੰ ਜਾਣ ਵਾਲੇ ਰਸਤੇ ਨੂੰ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਵਲੋਂ 6 ਸਾਲ ਪਹਿਲਾਂ ਸੀਲ ਕੀਤਾ ਗਿਆ ਸੀ। ਇਹ ਸਥਾਨ ਪਾਕਿਸਤਾਨੀ ਸਿੱਖਾਂ ਸਮੇਤ ਦੇਸ਼-ਵਿਦੇਸ਼ ਦੀ ਸੰਗਤ ਲਈ ਅਜੇ ਵੀ ਬੰਦ ਹੈ ਤੇ ਉਨ੍ਹਾਂ ਨੂੰ ਇੱਥੇ ਜਾਣ ਦੀ ਮਨਜ਼ੂਰੀ ਨਹੀਂ ਹੈ, ਜਿਸ ਕਰਕੇ ਸਿੱਖ ਸੰਗਤਾਂ 'ਚ ਭਾਰੀ ਰੋਸ ਹੈ। ਭਾਈ ਤਾਰੂ ਸਿੰਘ ਦੇ ਸ਼ਹੀਦੀ ਸਥਾਨ ਦੇ ਨਾਂਅ ਹਿੰਦੂ ਔਕਾਫ਼ ਵਲੋਂ ਲਗਾਈ 4-5 ਕਨਾਲ ਭੂਮੀ ਹਥਿਆਉਣ ਲਈ ਸੁਹੇਲ ਬੱਟ ਪੁੱਤਰ ਸਲਾਹੁਦੀਨ ਬੱਟ, ਰਜ਼ਾ ਬੱਟ, ਉਮੇਰ ਅਤੇ ਕੱਟੜਪੰਥੀ ਸਮੂਹ ਦਾਵਤ-ਏ-ਇਸਲਾਮੀ (ਬਰੇਲਵੀ) ਵਲੋਂ ਵਿਵਾਦ ਖੜ੍ਹਾ ਕਰਕੇ ਇਸ ਸਥਾਨ ਨੂੰ ਪੱਕੇ ਤੌਰ 'ਤੇ ਸੀਲ ਕਰਵਾਇਆ ਗਿਆ ਹੈ। ਪਾਕਿਸਤਾਨ ਲਾਹੌਰ ਵਿਖੇ ਗੁ. ਸ਼ਹੀਦ ਗੰਜ ਭਾਈ ਤਾਰੂ ਸਿੰਘ ਤੇ ਗੁ. ਸ਼ਹੀਦ ਸਿੰਘ ਸਿੰਘਣੀਆਂ ਨੇੜੇ-ਨੇੜੇ ਹਨ। ਲਾਹੌਰ 'ਚ ਗੁ. ਸ਼ਹੀਦ ਗੰਜ ਭਾਈ ਤਾਰੂ ਸਿੰਘ ਦੇ ਅਹਾਤੇ ਅੰਦਰ ਹਜ਼ਰਤ ਸ਼ਾਹ ਕਾਕੂ ਚਿਸ਼ਤੀ ਦੀ ਮਜ਼ਾਰ ਬਣਾਈ ਗਈ ਹੈ। ਕੋਈ ਅਨਸਖਾਵੀਂ ਘਟਨਾ ਨਾ ਵਾਪਰੇ ਇਸ ਲਈ ਸਰਕਾਰ ਨੇ ਗੁਰਦੁਆਰਾ ਸਾਹਿਬ ਨੂੰ ਸੀਲ ਕੀਤਾ ਹੋਇਆ ਹੈ।

ਇਸ ਧਰਮ-ਧਾਮ ਨੂੰ ਪ੍ਰਾਪਤ ਕਰਨ ਲਈ ਸਿੱਖ ਕੌਮ ਨੂੰ ਲੰਮਾ ਸੰਘਰਸ਼ ਕਰਨਾ ਪਿਆ, ਜਿਸ ਦਾ ਅੰਤਿਮ ਨਿਪਟਾਰਾ 2 ਮਈ 1940 ਈ. ਵਿਚ ਹੋਇਆ। ਇਸ ਦਾ ਸੰਬੰਧ ਲਾਹੌਰ ਦੇ ਲੰਡਾ ਬਾਜ਼ਾਰ 'ਚ ਸਥਿਤ ਗੁਰਦੁਆਰਾ 'ਸ਼ਹੀਦ ਗੰਜ' ਨਾਲ ਹੈ। ਇਹ ਉਸ ਥਾਂ 'ਤੇ ਬਣਿਆ ਹੋਇਆ ਹੈ, ਜਿੱਥੇ ਪਹਿਲਾਂ ਨਖਾਸ ਚੌਂਕ ਹੁੰਦਾ ਸੀ ਅਤੇ ਜਿੱਥੇ ਗੁਲਾਮਾਂ ਤੇ ਪਸ਼ੂਆਂ ਨੂੰ ਵੇਚਿਆ-ਖ਼ਰੀਦਿਆ ਜਾਂਦਾ ਸੀ। ਇੱਥੇ ਮੀਰ ਮੰਨੂ ਵੇਲੇ ਇਕ ਮਸਜਿਦ ਨੁਮਾ ਇਮਾਰਤ ਬਣਾਈ ਗਈ, ਜਿੱਥੇ ਬੈਠ ਕੇ ਮੁਗ਼ਲ ਸਰਕਾਰ ਦੇ ਕਾਜ਼ੀ ਤੇ ਮੁਫ਼ਤੀ ਉਨ੍ਹਾਂ ਲੋਕਾਂ ਨੂੰ ਮਾਰਨ ਦੀ ਸਜ਼ਾ ਦਿੰਦੇ ਸਨ, ਜੋ ਇਸਲਾਮ ਨਹੀਂ ਕਬੂਲਦੇ ਸਨ। ਇੱਥੇ ਹਜ਼ਾਰਾਂ ਦੀ ਗਿਣਤੀ 'ਚ ਸਿੰਘਾਂ, ਸਿੰਘਣੀਆਂ ਤੇ ਬੱਚਿਆਂ ਨੂੰ ਕਤਲ ਕੀਤਾ ਗਿਆ ਸੀ। ਭਾਈ ਤਾਰੂ ਸਿੰਘ ਦੀ ਸ਼ਹਾਦਤ ਵੀ ਇੱਥੇ ਹੀ ਹੋਈ ਸੀ।

ਜਦੋਂ ਪੰਜਾਬ 'ਚ ਦਲ ਖ਼ਾਲਸਾ (ਬੁੱਢਾ ਦਲ) ਨੇ ਸ਼ਕਤੀ ਅਰਜਿਤ ਕੀਤੀ ਤਾਂ ਇੱਥੇ ਗੁਰਦੁਆਰਾ ਸ਼ਹੀਦ ਗੰਜ ਦੀ ਸਥਾਪਨਾ ਕੀਤੀ ਗਈ। ਸਿੱਖ ਰਾਜ ਤੋਂ ਬਾਅਦ ਮੁਸਲਮਾਨਾਂ ਨੇ ਇਸ ਨੂੰ ਮਸਜਿਦ ਕਹਿ ਕੇ ਹੱਕ ਜਮਾਉਣ 'ਤੇ ਸਿੱਖ ਗੁਰਦੁਆਰਾ ਟ੍ਰਿਬਿਊਨਲ ਨੇ 20 ਜਨਵਰੀ 1930 ਈ. ਨੂੰ ਫ਼ੈਸਲਾ ਕੀਤਾ ਕਿ ਇਹ ਥਾਂ ਗੁਰਦੁਆਰਾ ਭਾਈ ਤਾਰੂ ਸਿੰਘ ਦੀ ਹੈ। ਫਿਰ ਮੁਸਲਮਾਨਾਂ ਨੇ ਹਾਈਕੋਰਟ 'ਚ ਅਪੀਲ ਕੀਤੀ, ਜੋ 1934 ਵਿਚ ਰੱਦ ਹੋ ਗਈ। ਫ਼ਲਸਰੂਪ ਲਾਹੌਰ ਦੀ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਾਰਚ 1935 'ਚ ਸ਼ਹੀਦ ਗੰਜ ਦਾ ਕਬਜ਼ਾ ਪ੍ਰਾਪਤ ਕਰ ਲਿਆ। ਸਿੱਖਾਂ ਨੇ 8 ਜੂਨ 1935 ਈ. ਨੂੰ ਪੁਰਾਣੀ ਇਮਾਰਤ ਨੂੰ ਢਾਹੁਣ ਦਾ ਕੰਮ ਆਰੰਭ ਕੀਤਾ ਤਾਂ 29 ਜੂਨ 1935 ਈ. ਨੂੰ ਮੁਸਲਮਾਨਾਂ ਦੇ ਹਜੂਮ ਨੇ ਅੜਿੱਕੇ ਦੀ ਕੋਸ਼ਿਸ਼ ਕੀਤੀ। ਲਾਹੌਰ ਦੇ ਡਿਪਟੀ ਕਮਿਸ਼ਨਰ ਨੇ ਹਾਲਾਤ ਵੇਖਦਿਆਂ ਕੰਮ ਰੁਕਵਾ ਦਿੱਤਾ। 8 ਜੁਲਾਈ ਨੂੰ ਸਿੱਖਾਂ ਨੇ ਮੁੜ ਕੰਮ ਸ਼ੁਰੂ ਕਰ ਦਿੱਤਾ। 30 ਅਕਤੂਬਰ 1935 ਈ. ਨੂੰ ਮੁਸਲਮਾਨਾਂ ਨੇ ਸ਼ਹੀਦ ਗੰਜ ਦਾ ਕਬਜ਼ਾ ਲੈਣ ਲਈ ਫਿਰ ਦਾਅਵਾ ਕਰ ਦਿੱਤਾ, ਜੋ 25 ਮਈ 1936 ਈ. ਨੂੰ ਖ਼ਾਰਜ ਕਰ ਦਿੱਤਾ। ਮੁਸਲਮਾਨਾਂ ਨੇ ਫਿਰ ਹਾਈਕੋਰਟ 'ਚ ਅਪੀਲ ਕੀਤੀ, ਜੋ 26 ਜਨਵਰੀ 1938 ਈ: ਨੂੰ ਨਾ-ਮਨਜ਼ੂਰ ਹੋ ਗਈ।

ਇਸ ਤੋਂ ਬਾਅਦ ਪ੍ਰਿਵੀ ਕੌਂਸ਼ਲ ਦੀ ਜੁਡੀਸ਼ੀਅਲ ਕਮੇਟੀ ਕੋਲ ਅਪੀਲ ਗਈ, ਜੋ 2 ਮਈ 1940 ਈ: ਨੂੰ ਰੱਦ ਹੋ ਗਈ। ਇਸ ਫ਼ੈਸਲੇ ਨਾਲ ਇਸ ਸੰਘਰਸ਼ ਦੀ ਸਮਾਪਤੀ ਹੋਈ। ਪਰ 1947 ਦੀ ਵੰਡ ਤੋਂ ਬਾਅਦ ਇਸ ਮਹਾਨ ਸਥਾਨ ਦੀ ਜੋ ਸੇਵਾ-ਸੰਭਾਲ ਹੋਣੀ ਚਾਹੀਦੀ ਸੀ, ਉਹ ਨਾ ਹੋ ਸਕੀ। ਅੱਜ ਵੀ ਕੁਝ ਮੁਸਲਮਾਨ ਤਾਕਤਾਂ ਸਮਾਧ ਦੇ ਨਾਲ ਲਗਦੇ 4 ਕਨਾਲ ਦੇ ਖਾਲੀ ਪਲਾਟ 'ਤੇ ਕਬਜ਼ਾ ਕਰਨ ਦੀਆਂ ਸਾਜ਼ਿਸ਼ਾਂ ਰਚ ਰਹੀਆਂ ਹਨ। ਜਿਸ ਜ਼ਮੀਨ 'ਤੇ ਸਮਾਧ ਸ਼ਹੀਦ ਭਾਈ ਤਾਰੂ ਸਿੰਘ ਅਤੇ ਇਸ ਦੇ ਸਾਹਮਣੇ ਗੁਰਦੁਆਰਾ ਸਿੰਘ ਸਿੰਘਣੀਆਂ ਸਥਾਪਤ ਹੈ, ਉਹ ਸਾਰੀ ਭੂਮੀ ਹਜ਼ਰਤ ਪੀਰ ਸ਼ਾਹ ਕਾਕੂ ਚਿਸ਼ਤੀ ਦੀ ਮਜ਼ਾਰ ਤੇ ਜ਼ਮੀਨਦੋਜ਼ ਹੋ ਚੁੱਕੀ ਸਮਾਧ ਸ਼ਹੀਦ ਗੰਜ ਦੀ ਹੈ।

# ਗੁਰਦੁਆਰਾ ਭਾਈ ਅਦਲੀ ਜਿਥੇ ਬਾਬਾ ਬਿਧੀ ਚੰਦ ਦੇ ਜੀਵਨ ਵਿਚ ਆਇਆ ਇੱਕ ਮਹੱਤਵਪੂਰਨ ਮੋੜ

**ਰਮੇਸ਼ ਬੱਗਾ ਚੋਹਲਾ**
ਮੋਬ:9463132719



ਗੁਰੂ ਨਾਨਕ ਨਾਮ-ਲੇਵਾ ਸੰਗਤ ਦੇ ਮਨ ਵਿਚ ਗੁਰਦੁਆਰਾ ਸਾਹਿਬ ਪ੍ਰਤੀ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਹੈ,ਕਿਉਂਕਿ ਇਨ੍ਹਾਂ ਰਾਹੀਂ ਆਤਮਿਕ ਸੋਝੀ ਦੀ ਪ੍ਰਾਪਤੀ ਦੇ ਨਾਲ-ਨਾਲ ਸਮਾਜਿਕ ਸਾਂਝ ਵੀ ਪੱਕੀ ਹੁੰਦੀ ਹੈ। ਗੁਰੂ ਵਾਕ ਹੈ- 'ਗੁਰੂ ਦੁਆਰੈ ਹੋਇ ਸੋਝੀ ਪਾਇਸੀ'

. ਗੁਰਦੁਆਰਾ ਸਾਹਿਬ ਵਿਚ ਨਿਤਨੇਮ ਨਾਲ ਆਉਣ ਵਾਲੀ ਸੰਗਤ ਨੂੰ ਇਹ ਸੋਝੀ (ਗਿਆਨ) ਗੁਰਬਾਣੀ, ਇਤਿਹਾਸ ਅਤੇ ਕਥਾ-ਵਿਚਾਰਾਂ ਰਾਹੀਂ ਪ੍ਰਦਾਨ ਕੀਤੀ ਜਾਂਦੀ ਹੈ ਜਿਹੜੀ ਮਾਨਵ-ਜੀਵਨ ਦਾ ਲਾਹਾ (ਪ੍ਰਾਣੀ ਤੂੰ ਆਇਆ ਲਾਹਾ ਲੈਣਿ) ਲੈਣ ਦੇ ਸਮਰੱਥ ਬਣਾਉਂਦੀ ਹੈ।ਇਕ ਸਮਰੱਥ ਵਿਅਕਤੀ ਹੀ ਆਪਣੀ ਸਹੀ ਮੰਜ਼ਿਲ (ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ) 'ਤੇ ਪਹੁੰਚ ਸਕਦਾ ਹੈ।ਭਟਕਣ ਦੀਆਂ ਗਲੀਆਂ ਵਿਚ ਫਿਰਦੇ ਜੀਵਾਂ ਨੂੰ ਉਨ੍ਹਾਂ ਦੀ ਅਸਲੀ ਮੰਜ਼ਿਲ ਤੱਕ ਪਹੁੰਚਾਉਣ ਵਿਚ ਜਿਥੇ ਗੁਰਮਤਿ ਗਿਆਨ ਦਾ ਵੱਡਮੁੱਲਾ ਯੋਗਦਾਨ ਰਿਹਾ ਹੈ,ਉਥੇ ਇਸ (ਗੁਰਮਿਤ) ਵਿਚਾਰਧਾਰਾ ਨੂੰ ਸਮਰਪਿਤ ਸਿੱਖਾਂ ਦੀ ਵੀ ਅਹਿਮ ਭੂਮਿਕਾ ਰਹੀ ਹੈ।ਇਸ ਤਰ੍ਹਾਂ ਦੀ ਭੂਮਿਕਾ ਨਿਭਾਉਣ ਵਾਲਿਆਂ ਵਿਚ ਹੀ ਸ਼ਾਮਿਲ ਹੈ ਇਤਿਹਾਸਕ ਕਸਬਾ ਚੋਹਲਾ ਸਾਹਿਬ ਦੇ ਵਸਨੀਕ ਅਤੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਪਿਆਰੇ ਸਿੱਖ ਭਾਈ ਅਦਲੀ ਜੀ ਦਾ ਨਾਮ।ਭਾਈ ਸਾਹਿਬ ਦੀ ਸਾਰਥਿਕ ਭੂਮਿਕਾ ਸਦਕਾ ਹੀ ਇੱਕ ਚੋਰ ਬਿਰਤੀ ਦਾ ਮਾਲਿਕ ਬਾਬਾ ਬਿਧੀ ਚੰਦ ਨਾ ਸਿਰਫ ਚੋਰੀ ਤੋਂ ਹੀ ਤੋਬਾ ਕਰ ਗਿਆ ਸਗੋਂ ਗੁਰੂ ਘਰ ਨੂੰ ਸਮਰਪਿਤ ਹੋ ਕੇ ਗੁਰੂ ਦਾ ਸੀਨਾ (ਬਿਧੀ ਚੰਦ ਛੀਨਾ ਗੁਰੂ ਕਾ ਸੀਨਾ) ਵੀ ਬਣ ਗਿਆ।

. ਇਤਿਹਾਸ ਵਿਚ ਮਿਲਦੇ ਹਵਾਲੇ ਅਨੁਸਾਰ ਬਹਾਦਰ ਬਾਬਾ ਬਿਧੀ ਚੰਦ ਦਾ ਮੁੱਢਲਾ ਜੀਵਨ (ਬਚਪਨ) ਉਨ੍ਹਾਂ ਦੇ ਨਾਨਕਾ ਪਿੰਡ ਸਰਹਾਲੀ ਵਿਚ ਬਤੀਤ ਹੋਇਆ ਜਿਸ ਨੂੰ 'ਸਰਹਾਲੀ ਚੋਰਾਂ ਵਾਲੀ' ਕਰਕੇ ਜਾਣਿਆਂ ਜਾਂਦਾ ਸੀ।ਨਾਨਕੇ ਪਿੰਡ ਦੇ ਮਾਹੌਲ ਨੇ ਬਿਧੀ ਚੰਦ ਦੇ ਬਾਲ ਮਨ 'ਤੇ ਅਜਿਹਾ ਅਸਰ ਕੀਤਾ ਕਿ ਉਹ ਜਵਾਨੀ ਦੀ ਦਹਲੀਜ਼ 'ਤੇ ਪਹੁੰਚ ਕੇ ਇੱਕ ਨਿਪੁੰਨ ਚੋਰ ਬਣ ਗਿਆ।ਆਲੇ-ਦੁਆਲੇ ਦੇ ਪਿੰਡਾਂ ਵਿਚੋਂ ਮਾਲ-ਡੰਗਰ ਚੋਰੀ ਕਰਨਾ ਉਸ ਦਾ ਕਸਬ ਬਣ ਗਿਆ।ਇਸ ਕਸਬ ਦੇ ਮੁਤਾਬਿਕ ਇੱਕ ਦਿਨ ਉਸ ਨੇ ਦੁਆਬੇ ਦੇ ਪਿੰਡ ਆਲੀ ਦੀਆਂ ਮੱਝਾਂ ਖੋਲ੍ਹ ਲਈਆਂ ਅਤੇ ਰਾਤੋ-ਰਾਤ ਟਿਕਾਣੇ ਲਗਾਉਣ ਲਈ ਚਾਲੇ ਪਾ ਦਿੱਤੇ।ਸਵੇਰੇ ਉੱਠਕੇ ਪਿੰਡ ਵਾਲਿਆਂ ਨੇ ਜਦੋਂ ਮੱਝਾਂ ਦੀਆਂ ਖੁਰਲੀਆਂ ਖਾਲੀ ਦੇਖੀਆਂ ਤਾਂ ਉਨ੍ਹਾਂ ਨੇ ਚੋਰ ਦਾ ਖੁਰਾ ਨੱਪ ਲਿਆ।ਜਿਹੜੇ ਰਾਹ ਖੁਰ ਲੱਗੇ ਸਨ ਪਿੰਡ ਵਾਲੇ ਨੱਪੀ ਜਾ ਰਹੇ ਸਨ।ਦਰਿਆ ਬਿਆਸ



ਗੁਰਦੁਆਰਾ ਬਾਬਾ ਅਦਲੀ ਜੀ, ਚੋਹਲਾ ਸਾਹਿਬ

ਵਿਚ ਪੈਣ ਕਰਕੇ ਭਾਵੇਂ ਖੁਰਾ-ਖੋਜ ਮਿਲਣ ਵਿਚ ਵਿਘਨ ਪੈ ਗਿਆ ਪਰ ਪਿੰਡ ਦੇ ਕੁੱਝ ਤਾਰੂ ਬੰਦੇ ਬਿਆਸ ਪਾਰ ਕਰ ਗਏ।.

.ਦਰਿਆ ਪਾਰ ਕਰਕੇ ਇਹ ਲੜੀ ਫਿਰ ਜੁੜ ਗਈ।ਇਸ ਲੜੀ ਦੇ ਨਾਲ ਪਿੰਡ ਵਾਲੇ ਵੀ ਅਗਾਂਹ ਵੱਧਣ ਲੱਗੇ ਅਤੇ ਵੱਧਦੇ- ਵੱਧਦੇ ਬਿਧੀ ਚੰਦ ਦੇ ਨੇੜੇ ਲੱਗ ਗਏ।ਪਿੱਛੇ ਆਉਂਦੀ ਵਾਹਰ (ਭੀੜ) ਨੂੰ ਦੇਖ ਕੇ ਬਾਬੇ ਬਿਧੀ ਚੰਦ ਨੇ ਮੱਝਾਂ ਪਿੰਡ ਚੋਹਲਾ ਸਾਹਿਬ ਨੇੜਲੇ ਇੱਕ ਛੱਪੜ ਵਿਚ ਵਾੜ ਦਿੱਤੀਆਂ ਅਤੇ ਆਪ ਉਸ ਕੁਟੀਆ ਵੱਲ ਨੂੰ ਹੋ ਤੁਰਿਆ ਜਿਹੜੀ ਛੱਪੜ ਦੇ ਕਿਨਾਰੇ ਨਜ਼ਰ ਆ ਰਹੀ ਸੀ।

. ਕੁਟੀਆ ਵਿਚ ਜਾ ਕੇ ਬਿਧੀ ਚੰਦ ਨੇ ਦੇਖਿਆ ਕਿ ਅੱਧਖੜ ਉਮਰ ਦਾ ਇੱਕ ਸਾਧੂ ਬੰਦਗੀ ਵਿਚ ਲੀਨ ਸੀ।ਸਾਧੂ ਦੇ ਸਨਮੁੱਖ ਹੋ ਕੇ ਬਿਧੀ ਚੰਦ ਨੇ ਕਿਹਾ-

'ਬਾਬਾ! ਮੈਂ ਚੋਰ ਹਾਂ, ਅੱਜ ਬਚਾ ਲੈ, ਫਿਰ ਕਦੇ ਚੋਰੀ ਨਹੀਂ ਕਰਾਂਗਾ।'

ਜਦੋਂ ਉਸ ਸਾਧੂ ਨੇ ਨੇਤਰ ਖੋਲ੍ਹ ਕੇ ਦੇਖਿਆ ਤਾਂ ਕਿਹਾ-

'ਸਾਧ ਦੇ ਕੋਲ ਚੋਰ ਨਹੀਂ ਸਿਰਫ ਸਾਧ ਹੀ ਟਿੱਕਦੇ ਨੇ,ਦੂਸਰਾ ਚੋਰ ਕਦੇ ਵੀ ਨਹੀਂ ਕਹਿੰਦਾ ਕਿ ਉਹ ਚੋਰ ਹੈ।ਹੁਣ ਤੂੰ ਸਾਡੇ ਕੋਲ ਆ ਗਿਆ ਹੈਂ,ਕਰਤਾਰ ਭਲੀ ਕਰੇਗਾ।'

. ਹੌਂਸਲਾ ਦੇ ਕੇ ਸਾਧੂ ਨੇ ਇੱਕ ਮਾਲਾ ਬਾਬਾ ਬਿਧੀ ਚੰਦ ਨੂੰ ਦਿੱਤੀ ਅਤੇ ਚੌਂਕੜਾ ਮਾਰ ਕੇ ਵਹਿਗੁਰੂ ਸਿਮਰਨ ਲਈ ਕਿਹਾ।ਸਾਧੂ ਦਾ ਇਸ਼ਾਰਾ ਸਮਝ ਕੇ ਬਿਧੀ ਚੰਦ ਵਹਿਗੁਰੂ ਦਾ ਜਾਪ ਕਰਨ ਲੱਗਾ।

.ਇਸ ਸਮੇਂ ਦੌਰਾਨ ਮੱਝਾਂ ਦੇ ਮਾਲਕ ਵੀ ਕੁੱਟੀਆ ਤੱਕ ਪਹੁੰਚ ਗਏ ਅਤੇ ਕਹਿਣ ਲੱਗੇ-

'ਬਾਬਾ! ਤੇਰੀ ਝੁੱਗੀ ਵਿਚ ਸਾਡਾ ਚੋਰ ਆਇਆ ਹੈ, ਇਸ ਨੂੰ ਬਾਹਰ ਕੱਢ ਦੇ ਅਸੀਂ ਇਸ ਦਾ ਅੱਜ ਹਿਸਾਬ (ਕੁਟਾਪਾ) ਕਰਨਾ ਹੈ।'

ਉਨ੍ਹਾਂ ਦੇ ਗੁੱਸੇ ਨੂੰ ਸ਼ਾਂਤ ਕਰਦਿਆਂ ਸਾਧੂ ਨੇ ਕਿਹਾ-

'ਭਲਿਓ ਲੋਕੋ! ਸਾਧ ਕੋਲ ਭਲਾ ਚੋਰ ਦਾ ਕੀ ਕੰਮ? ਤਹਾਨੂੰ ਕੋਈ ਭੁਲੇਖਾ ਪਿਆ ਹੈ, ਅੰਦਰ ਆ ਕੇ ਦੇਖ ਲਓ ਇਥੇ ਕੋਈ ਚੋਰ ਨਹੀਂ ਹੈ।' ਤਸੱਲੀ ਲਈ ਜਦੋਂ ਉਹ ਅੰਦਰ ਆਏ ਤਾਂ ਦੇਖਿਆ ਕਿ ਬਾਬਾ ਬਿਧੀ ਦੇ ਚੇਹਰੇ ਦੀ ਨੁਹਾਰ ਹੀ ਬਦਲ ਚੁੱਕੀ ਸੀ।ਇਹ ਸਭ ਉਸ ਮਹਾਂਪੁਰਖ ਦੀ ਸੰਗਤ ਕਰਕੇ ਹੋਇਆ ਸੀ।

.ਹੱਥ-ਪੱਲੇ ਕੁੱਝ ਨਾ ਪੈਣ ਤੇ ਜਦੋਂ ਪਿੰਡ ਆਲੀ ਦੇ ਲੋਕ ਵਾਪਸੀ ਪਾਉਣ ਲੱਗੇ ਤਾਂ ਸਾਧੂ ਨੇ ਆਵਾਜ਼ ਮਾਰ ਕੇ ਕਿਹਾ-

'ਗੁਰਮੁੱਖੋ! ਜਿਸ ਕਾਰਜ ਲਈ ਤੁਸੀਂ ਆਏ ਸੀ ਉਸ ਨੂੰ ਪੂਰਾ ਕਰਕੇ ਜਾਓ।ਤੁਹਾਡੀਆਂ ਮੱਝਾਂ ਉਸ ਛੱਪੜ ਵਿਚ ਹਨ ਜਾ ਕੇ ਪਛਾਣ ਲਉ।'

. ਪਿੰਡ ਦੇ ਪਤਵੰਤੇ ਜਦੋਂ ਛੱਪੜ ਕੋਲ ਗਏ ਤਾਂ ਉਨ੍ਹਾਂ ਨੂੰ ਸਾਰੀਆਂ ਮੱਝਾਂ ਬੂਰੀਆਂ ਨਜ਼ਰ ਆਈਆਂ ਕਿਉਂਕਿ ਵਧੇਰੇ ਸਮਾਂ ਚਿੱਕੜ ਵਿਚ ਰਹਿਣ ਕਰਕੇ ਉਨ੍ਹਾਂ ਦਾ ਆਪਣਾ (ਕਾਲਾ) ਰੰਗ ਬਦਲ ਗਿਆ ਸੀ।ਗੱਲ ਨਾ ਬਣੀ ਦੇਖ ਕੇ ਪਿੰਡ ਵਾਲੇ ਸਾਧੂ ਕੋਲ ਆ ਗਏ ਅਤੇ ਆਪਣੀ ਵਧੀਕੀ ਦੀ ਮੁਆਫ਼ੀ ਮੰਗਣ ਲੱਗੇ।

.ਸਾਧੂ ਨੇ ਬੜੇ ਪਿਆਰ ਨਾਲ ਉਨ੍ਹਾਂ ਨੂੰ ਸਾਰੀ ਗੱਲ ਸਮਝਾਈ ਅਤੇ ਗੁਰੂ ਨਾਨਕ ਦੇ ਘਰ ਦੀਆਂ ਬਰਕਤਾਂ/ਬਖ਼ਸ਼ਿਸ਼ਾਂ ਤੋਂ ਜਾਣੂੰ ਕਰਵਾਉਂਦਿਆਂ ਮੱਝਾਂ ਉਨ੍ਹਾਂ ਦੇ ਹਵਾਲੇ ਕਰ ਦਿੱਤੀਆਂ।ਮੱਝਾਂ ਦੇ ਮਾਲਕਾਂ ਨੇ ਧੰਨ-ਧੰਨ ਭਾਈ ਅਦਲੀ ਜੀ ਕਹਿ ਕੇ ਸੀਸ ਝੁਕਾਇਆ ਅਤੇ ਮੱਝਾਂ ਲੈ ਕੇ ਪਿੰਡ ਪਰਤ ਗਏ।

.ਇਸ ਅਦਲ (ਇਨਸਾਫ਼) ਨਾਲ ਚੋਹਲਾ ਸਾਹਿਬ ਦੇ ਇਲਾਕੇ ਵਿਚ ਸਾਧੂ ਦਾ ਨਾਂਅ ਭਾਈ ਅਦਲੀ ਜੀ ਪ੍ਰਚਲਿਤ ਹੋ ਗਿਆ ਅਤੇ ਉਸ ਦੀ ਸੋਭਾ ਦੂਣੀ ਹੋ ਗਈ।ਇਸ ਸਥਾਨ 'ਤੇ ਗੁਰਦੁਆਰਾ ਭਾਈ ਅਦਲੀ ਜੀ ਸਸ਼ੋਭਿਤ ਹੈ।

.ਇਸ ਅਦਲ ਤੋਂ ਪ੍ਰਭਾਵਿਤ ਹੋ ਕੇ ਬਾਬਾ ਬਿਧੀ ਚੰਦ ਵੀ ਗੁਰੂਕਿਆਂ ਦਾ ਹੋ ਗਿਆ ਅਤੇ ਬਾਕੀ ਦਾ ਸਾਰਾ ਜੀਵਨ ਉਸ ਨੇ ਗੁਰੂ-ਘਰ ਦੇ ਕਾਰਜਾਂ ਲੇਖੇ ਲਾ ਦਿੱਤਾ।

. ਛੇਵੇਂ ਪਾਤਸ਼ਾਹ ਦੀ ਕਿਰਪਾ ਨਾਲ ਕਈ ਅਸੰਭਵ ਕੰਮ ਵੀ ਉਸ ਨੇ ਕਰ ਦਿਖਾਏ ਅਤੇ ਸਿੱਖ ਇਤਿਹਾਸ ਵਿਚ 'ਭਾਈ ਬਿਧੀ ਚੰਦ ਛੀਨਾ ਗੁਰੂ ਕਾ ਸੀਨਾ' ਅਖਵਾਇਆ।

---0---


## ਭਾਈ ਮਨੀ ਸਿੰਘ ਜੀ ਸ਼ਹੀਦ ਨੂੰ ਸਮਰਪਿਤ ਗੁਰਮਤਿ ਸਮਾਗਮ



ਸਃ ਜਰਨੈਲ ਸਿੰਘ ਰਾਣਾ, ਗਿਆਨੀ ਜਤਿੰਦਰ ਸਿੰਘ ਨੂੰ ਪੁਸਤਕ ਭੇਟ ਕਰਦੇ ਹੋਏ ਅਤੇ ਭਾਈ ਸੁਰਿੰਦਰ ਪਾਲ ਸਿੰਘ ਦਾ ਸਨਮਾਨ ਕਰਦੇ ਹੋਏ ਸਾਬ ਖੱਬੇ ਤੋਂ ਢਿੱਲੋਂ, ਜਤਿੰਦਰ ਸਿੰਘ, ਰਾਣਾ, ਸੰਭਲ ਤੇ ਵਾਲੀਆ ਸਾਬ।

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਗੁਰਦੁਆਰਾ ਦਸ਼ਮੇਸ਼ ਲੈਸਟਰ ਵਿਖੇ ਮਹਾਨ ਲਾਸਾਨੀ ਅਮਰ ਸ਼ਹੀਦ ਭਾਈ ਮਨੀ ਸਿੰਘ ਜੀ ਦਾ 291ਵਾਂ ਸ਼ਹੀਦੀ ਦਿਹਾੜਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਸਹਿਤ ਮਨਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਸਜਾਏ ਗਏ ਵਿਸ਼ੇਸ਼ ਦੀਵਾਨ ਵਿੱਚ ਹਜੂਰੀ ਰਾਗੀ ਭਾਈ ਜਤਿੰਦਰ ਸਿੰਘ, ਗਿਆਨੀ ਸੁਖਚੈਨ ਸਿੰਘ ਤੇ ਭਾਈ ਰਮਨਦੀਪ ਸਿੰਘ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਦਮਦਮੀ ਟਕਸਾਲ ਦੇ ਬੁਲਾਰੇ ਗਿਆਨੀ ਸੁਰਿੰਦਰ ਪਾਲ ਸਿੰਘ ਨੇ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਜੀਵਨ 'ਤੇ ਖੋਜ ਭਰਪੂਰ ਰੋਸ਼ਨੀ ਪਾਈ। ਇਸ ਮੌਕੇ ਰਣਧੀਰ ਸਿੰਘ ਸੰਭਲ ਵੱਲੋਂ ਭਾਈ ਮਨੀ ਸਿੰਘ ਜੀ ਦੇ ਜੀਵਨ ਬਾਰੇ ਲਿਖੀ ਪੁਸਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਪਣੇ ਹੱਥੀਂ ਲਿਖ ਰਹੇ ਪਾਵਨ ਸਰੂਪ ਲੇਖਾਰੀ ਗਿਆਨੀ ਜਤਿੰਦਰ ਸਿੰਘ ਨੂੰ ਮੁੱਖ ਪ੍ਰਬੰਧਕ ਸਃ ਜਰਨੈਲ ਸਿੰਘ ਰਾਣਾ ਰਾਹੀਂ ਭੇਟ ਕੀਤੀ। ਇਸ ਸਮੇਂ ਗਿਆਨੀ ਸੁਰਿੰਦਰ ਪਾਲ ਸਿੰਘ ਨੂੰ ਰਾਣਾ ਜੀ ਨੇ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ। ਹੋਰਨਾਂ ਤੋਂ ਇਲਾਵਾ ਗਿਆਨੀ ਸੁਖਚੈਨ ਸਿੰਘ, ਸਃ ਜਗਤਾਰ ਸਿੰਘ ਰਾਹੋਂ, ਸਃ ਤਰਨਜੀਤ ਸਿੰਘ ਵਾਲੀਆ, ਚਰਨ ਸਿੰਘ, ਭਾਈ ਕੁਲਵੰਤ ਸਿੰਘ, ਕੁਲਤਾਰਨ ਸਿੰਘ ਲਾਲੀ, ਹਾਕਮ ਸਿੰਘ ਸੰਗਤਾਂ ਵਿੱਚ ਹਾਜ਼ਰ ਸਨ। ਸਟੇਜ ਸੰਚਾਲਨ ਇਤਿਹਾਸਕ ਦੀ ਰੋਸ਼ਨੀ ਵਿੱਚ ਗਿਆਨੀ ਰਣਧੀਰ ਸਿੰਘ ਸੰਭਲ ਅਤੇ ਜਸਪਾਲ ਸਿੰਘ ਢਿੱਲੋਂ ਨੇ ਬਾਖੂਬੀ ਕੀਤਾ।

ਲੜੀਵਾਰ ਨਾਵਲ




ਕਮਲ ਗਿੱਲ

Mob : +44 07454 394684

ਕਿਸ਼ਤ-33

# ਧੁੰਧਲੇ ਰਿਸ਼ਤੇ

**ਕਹਿੰਦਾ ਮਾਮ ਕਹਿੰਦੀ ਆ ਤੂੰ ਦੋ ਸਾਲਾਂ ਤੋਂ ਨਿਆਣੇ ਲੈ ਕੇ ਕਿਤੇ ਬਾਹਰ ਨਹੀਂ ਗਿਆ ਘੁੰਮਣ, ਮੈਂ ਹਰ ਵਾਰ ਕਿਹਾ ਕਿ ਪੈਸੇ ਨਹੀਂ ਹਨ ਮੇਰੇ ਕੋਲ। ਜੇ ਹੁਣ ਮੈਂ ਤੇਰੇ ਨਾਲ ਤੁਰ ਪਿਆ ਤਾਂ ਉਨ੍ਹਾਂ ਨੇ ਕਹਿਣਾ ਹੁਣ ਕਿੱਦਾਂ ਤੁਰ ਪਿਆ ਤੀਵੀਂ ਲਈ ਪੈਸੇ ਹੈਗੇ ਆ.... ਨਿਆਣਿਆਂ ਲਈ ਨਹੀਂ। ਤੈਨੂੰ ਪਤਾ ਮੈਂ ਜੁਆਇੰਟ ਫੈਮਿਲੀ 'ਚ ਰਹਿੰਦਾ ਆ ਮੈਨੂੰ ਬਹੁਤ ਕੁਝ ਸੋਚਣਾ ਪੈਂਦਾ ਆ। ਆਈ ਹੋਪ ਯੂ ਅੰਡਰਸਟੈਂਡ ।
''ਉਹ ਮਾਈ ਗੋਡ ਫਿਰ ਮਾਮ!'' ਫਿਰ ਤੁਸੀਂ ਕੀ ਕਿਹਾ?''
''ਕੁਝ ਨਹੀਂ ਮੈਂ ਕੀ ਕਹਿਣਾ ਸੀ, ਮੈਂ ਕਿਹਾ ਕੋਈ ਨਾ ਮਨ ਹੋਲਾ ਨਾ ਕਰੋ, ਆਪਾਂ ਨਹੀਂ ਜਾਂਦੇ ਬਾਹਰ ।''**




ਪਰ ਅਸਲੀਅਤ ਇਹ ਸੀ ਕਿ ਸਾਲ ਹੋ ਚੱਲਾ ਸੀ ਮੈਂ ਘਰ ਤੋਂ ਉਹਦੇ ਘਰ ਤੱਕ ਤੇ ਉਹ ਆਪਣੇ ਘਰ ਤੋਂ ਮੇਰੇ ਘਰ ਦਾ ਸਫਰ ਹੀ ਤੈਅ ਕਰ ਰਹੇ ਸਨ। ਕਿਉਬਾ ਹੁਣੀ ਤਾਂ ਪਤਾ ਨਹੀ ਕਿਸ ਕੋਨੇ ਵੜ ਗਏ ਸਨ । ਖ਼ੈਰ ਗੱਲ ਮੁਲਖ ਘੁੰਮਣ ਦੀ ਵੀ ਨਹੀਂ ਸੀ। ਗੱਲ ਵਾਅਦੇ ਕਰਨ ਦੀ ਸੀ ਝੂਠੇ ਵਾਅਦੇ। ਇੱਕ ਜਾਲ ਬੁਣਿਆ ਗਿਆ ਸੀ ਤੇ ਮੈਂ ਉਸ ਵਿਚ ਫੱਸ ਗਈ ਸੀ ਤੇ ਮਨ ਹਾਲੇ ਵੀ ਨਹੀਂ ਮੰਨ ਰਿਹਾ ਸੀ ਕਿ ਹੋ ਕੀ ਰਿਹਾ ਹੈ। ਮੈਂ ਆਪਣੇ ਵਲੋਂ ਸਭ ਠੀਕ ਕਰ ਕੇ ਚੱਲਣ ਦੀ ਕੋਸ਼ਿਸ਼ ਕਰ ਰਹੀ ਸੀ।

''ਫਿਰ ਤੁਸੀਂ ਕਿੱਥੇ ਬਰਥਡੇ ਮਨਾਉਣ ਗਏ... ਕਿਉਬਾ ਜਾਂ ਮੋਰਸ਼ਿਸ਼?''

''ਮੈ ਸ਼ਰਾਰਤੀ ਸਵਾਲ ਕੀਤਾ।''

ਮੇਰਾ ਸਵਾਲ ਸੁਣ ਉਹ ਆਪ ਵੀ ਹੱਸ ਪਈ।

''ਆਹੋ ਵਰਲਡ ਟੂਰ 'ਤੇ ਗਏ ਅਸੀਂ ਦੋਵੇਂ... ਨਹੀਂ ਦੋਵੇਂ ਨਹੀ ਸੌਰੀ ਤਿੰਨੇ ।''

''ਹੈ ਤਿੰਨੇ?'' ਤੀਜ਼ਾ ਕੌਣ ਕੈਲਾਸ਼ ਜੀ?''

ਮੈ ਤਿੰਨੇ ਸੁਣ ਕੇ ਪੁੱਛਿਆ।

ਉਹ ਇਸ ਵਾਰ ਖਿੜਖਿੜਾ ਕੇ ਹੱਸ ਪਈ।

''ਮੈਂ, ਮੇਰਾ ਪਤੀ ਤੇ ਉਸ ਦਾ ਰੋਕ।''

''ਹਾ ਹਾ..........''

ਇਸ ਵਾਰ ਅਸੀਂ ਦੋਵੇਂ ਬਹੁਤ ਹੱਸੀਆਂ।

''ਸੱਚੀ ਤੁਸੀਂ ਤਿੰਨੇ ਵਰਲਡ ਟੂਰ 'ਤੇ ਗਏ?''

ਇਸ ਵਾਰ ਮੈਂ ਸੀਰੀਅਸ ਹੋ ਕੇ ਪੁੱਛਿਆ।

''ਸਵਾਹ ਦੀ ਖੇਹ।''

ਮੈਂ ਉਸ ਨੂੰ ਜਦ ਵੀ ਪੁੱਛਦੀ ਕਿ ਆਪਾਂ ਕਦੋਂ ਬੁੱਕ ਕਰਨਾ ਉਹ ਟਾਲ ਦਿੰਦਾ। ਕੋਈ ਨਾ ਕਰਦੇ ਹਾਂ ਕਾਹਲੀ ਕਾਹਦੀ ਆ। ਇੱਕ ਦਿਨ ਮੈਂ ਕਿਹਾ ਕਿ ਸਿਰਫ ਦੋ ਵੀਕ ਰਹਿ ਗਈਆਂ ਜੇ ਆਪਾਂ ਜਾਣਾ ਹੈ ਕਿਤੇ ਤਾਂ ਬੁੱਕ ਕਰੀਏ। ਜੇ ਨਹੀਂ ਵੀ ਜਾਣਾ ਤਾਂ ਵੀ ਕੋਈ ਨਾ ਮੈਨੂੰ ਦੱਸ ਦਿਓ।

''ਫਿਰ ਕੀ ਬੋਲਿਆ?''

''ਉਹ ਜਿਸ ਦਾ ਡਰ ਸੀ।''

ਕਹਿੰਦਾ ਮਾਮ ਕਹਿੰਦੀ ਆ ਤੂੰ ਦੋ ਸਾਲਾਂ ਤੋਂ ਨਿਆਣੇ ਲੈ ਕੇ ਕਿਤੇ ਬਾਹਰ ਨਹੀਂ ਗਿਆ ਘੁੰਮਣ, ਮੈਂ ਹਰ ਵਾਰ ਕਿਹਾ ਕਿ ਪੈਸੇ ਨਹੀਂ ਹਨ ਮੇਰੇ ਕੋਲ। ਜੇ ਹੁਣ ਮੈਂ ਤੇਰੇ ਨਾਲ ਤੁਰ ਪਿਆ ਤਾਂ ਉਨ੍ਹਾਂ ਨੇ ਕਹਿਣਾ ਹੁਣ ਕਿੱਦਾਂ ਤੁਰ ਪਿਆ ਤੀਵੀਂ ਲਈ ਪੈਸੇ ਹੈਗੇ ਆ.... ਨਿਆਣਿਆਂ ਲਈ ਨਹੀਂ। ਤੈਨੂੰ ਪਤਾ ਮੈਂ ਜੁਆਇੰਟ ਫੈਮਿਲੀ 'ਚ ਰਹਿੰਦਾ ਆ ਮੈਨੂੰ ਬਹੁਤ ਕੁਝ ਸੋਚਣਾ ਪੈਂਦਾ ਆ। ਆਈ ਹੋਪ ਯੂ ਅੰਡਰਸਟੈਂਡ ।

''ਉਹ ਮਾਈ ਗੋਡ ਫਿਰ ਮਾਮ!'' ਫਿਰ ਤੁਸੀਂ ਕੀ ਕਿਹਾ?''

''ਕੁਝ ਨਹੀਂ ਮੈਂ ਕੀ ਕਹਿਣਾ ਸੀ, ਮੈਂ ਕਿਹਾ ਕੋਈ ਨਾ ਮਨ ਹੋਲਾ ਨਾ ਕਰੋ, ਆਪਾਂ ਨਹੀਂ ਜਾਂਦੇ ਬਾਹਰ ।''

ਫਿਰ ਆਪ ਹੀ ਕਹਿਣ ਲੱਗਾ ਚੱਲ ਆਪਾ ਇੱਥੇ ਯੂਕੇ 'ਚ ਹੀ ਚਾਰ ਪੰਜ ਦਿਨਾਂ ਲਈ ਆਇਲੋ ਔਫ ਵਾਈਟ ਜਾ ਆਵਾਂਗੇ, ਆਈ ਪ੍ਰੋਮਿਸ।

ਮੈਂ ਕਿਹਾ ਠੀਕ ਹੈ ਨੋ ਵਰੀਸ। ਜਿਵੇਂ ਤੁਸੀਂ ਖੁਸ਼।

ਹੁਣ ਅਸੀਂ ਵਾਰੀ ਸਿਰ ਆਉਂਦੇ-ਜਾਂਦੇ। ਦੋ ਵੀਕ ਬਾਅਦ ਦੋ ਰਾਂਤਾਂ ਲਈ ਵੀਕਐਂਡ 'ਤੇ ਮੈਂ ਜਾਂਦੀ ਤੇ ਉਸ ਤੋ ਬਾਅਦ ਦੋ ਵੀਕ ਬਾਅਦ ਉਹ ਮੇਰੇ ਕੋਲ ਆਉਂਦਾ। ਭਾਵ ਅਸੀਂ ਮਹੀਨੇ 'ਚ ਦੋ ਵਾਰ ਮਿਲਦੇ। ਇਸ ਵਾਰ ਮੇਰੀ ਵਾਰੀ ਸੀ, ਮੈਂ ਉੱਥੇ ਗਈ। ਮਾਤਾ ਦਾ ਉਹੀ ਬਹੇਵ ਮੂੰਹ ਜਿਹਾ ਫੁਲਾਇਆ ਨਾ ਚੱਜ ਨਾਲ ਗੱਲ ਕਰੇ ਨਾ ਬੋਲੇ ਹੁਣ ਮੈਂ ਵੀ ਚੁੱਪ ਹੀ ਰਹਿੰਦੀ। ਉਸ ਕੋਲ ਵੀ ਕੋਈ ਕੰਪਲੇਂਟ ਨਾ ਕਰਦੀ ਬਸ ਉਨ੍ਹਾਂ ਦੋਹਾਂ ਨੂੰ ਖਾਣਾ ਬਣਾ ਕੇ ਜ਼ਰੂਰ ਦਿੰਦੀ ਆਪਣੇ ਵੱਲੋਂ, ਦੋਹਾਂ ਨਾਲ ਟਾਈਮ ਵੀ ਸਪੈਂਡ ਕਰਦੀ ਗੱਲਾਂ ਵੀ ਕਰਦੀ।

''ਇੱਕ ਦਿਨ ਅਸੀਂ ਦੋਵੇਂ ਟੀਵੀ ਰੂਮ 'ਚ ਬੈਠੇ ਸੀ। ਮੈ ਕੁਝ ਲੈਣ ਕਿਚਨ ਵਿੱਚ ਗਈ। ਮਾਤਾ ਪਿਤਾ ਦੂਸਰੇ ਰੂਮ 'ਚ ਬੈਠਦੇ ਸਨ। ਮੈਂ ਕੋਲੋਂ ਲੰਘ ਕੇ ਕਿਚਨ 'ਚ ਜਾਣਾ ਸੀ ਉਹਨਾਂ ਦੀ ਮੇਰੇ ਵੱਲ ਪਿੱਠ ਸੀ ਮੈਨੂੰ ਦੇਖਿਆ ਨਾ ਉਨ੍ਹਾਂ।

ਕਿਚਨ ਦਾ ਇੱਕ ਦਰਵਾਜ਼ਾ ਉਸ ਰੂਮ ਵਿੱਚ ਵੀ ਖੁੱਲਦਾ ਸੀ ਉਹ ਦਰਵਾਜਾ ਖੁੱਲਾ ਹੋਣ ਕਰ ਕੇ ਉਨ੍ਹਾਂ ਦੀਆਂ ਗੱਲਾਂ ਸਾਫ ਮੇਰੇ ਕੰਨਾਂ ਤੱਕ ਪਹੁੰਚ ਰਹੀਆਂ ਸਨ ।

ਅਚਾਨਕ ਮੇਰੇ ਕੰਨੇ 'ਚ ਆਵਾਜ਼ ਆਈ,

''ਇਨ੍ਹਾਂ ਦੋਹਾਂ ਦੀ ਬਾਹਲੀ ਬਣਦੀ ਨਹੀਂ ਆ, ਚੁੜ ਚੁੜ ਹੰਦੀ ਰਹਿੰਦੀ ਆ। ਜਨਾਨੀ ਦੇਖਣ ਨੂੰ ਭੋਲੀ ਲੱਗਦੀ ਪਰ ਬਹੁਤ ਤੇਜ਼ ਆ, ਦੇਖ ਕਿੱਦਾਂ ਜੁੱਤੀ ਥੱਲੇ ਰੱਖਣਾ ਚਾਹੁੰਦੀ ਆ ਰਿੱਕੀ ਨੂੰ।'' ਮਗਰ-ਮਗਰ ਟੱਪਦਾ ਫਿਰਦਾ ਉਹ ਵੀ ਕਦੇ ਕਿਸੇ ਹੋਟਲ ਨੂੰ ਲੈ ਤੁਰਦਾ ਕਦੇ ਕਿਤੇ, ਸ਼ਰਮ ਨਹੀਂ ਆਉਂਦੀ ਰਿੱਕੀ ਨੂੰ ਵੀ। ਜੇ ਇੰਨਾਂ ਪਹਿਲੀ ਜਨਾਨੀ ਨੂੰ ਟਪਾ ਲੈਂਦਾ ਤਾਂ ਆਹ ਦਿਨ ਤਾਂ ਨਾ ਦੇਖਣਾ ਪੈਂਦਾ, ਦੂਜੀ ਰਨ ਵਾਲਾ।''

''ਮਾਤਾ ਪਿਤਾ ਨੂੰ ਦੱਸ ਰਹੀ ਸੀ ਮੇਰੇ ਬਾਰੇ ਬੀਰਾ।''

''ਬਾਪੂ ਨੇ ਕੀ ਕਿਹਾ ਉਸ ਦੀ ਗੱਲ ਸੁਣ ਕੇ, ਉਹ ਨਹੀਂ ਬੋਲਿਆ ਬੁੜੀ ਨੂੰ ਕਿ ਬਸ ਕਰ ਕਿਉਂ ਨਿਆਣਿਆਂ ਦਾ ਘਰ ਖਰਾਬ ਕਰਨ 'ਤੇ ਤੁਲੀ ਆ।''

ਬਾਪੂ ਦਾ ਨਾ ਪੁੱਛ, ਉਸ ਦੀ ਆਵਾਜ਼ ਕੰਨਾਂ 'ਚ ਆਉਂਦਿਆਂ ਤਾਂ ਮੈਂ ਸੁੰਨ ਹੀ ਹੋ ਗਈ।''

ਗਾਲ ਕੱਢ ਕੇ ਕਹਿੰਦਾ, ''ਦਫਾ ਮਾਰੇ ਭੈਣ...ਚ...ਦੀ (ਗਾਲ) ਨੂੰ, ਬਣਦੀ ਹੈ ਤਾਂ ਠੀਕ ਹੈ ਨਹੀਂ ਤਾਂ ਦਫਾ ਕਰੇ ਇੱਥੇ ਕਿਹੜਾ ਕੋਰਟ ਮੈਰਿਜ ਹੋਈ ਆ, ਇੱਦਾਂ ਦੇ ਭੈਣ...ਚ...ਦੀ (ਗਾਲ) ਦੇ ਸੌ ਰਿਸ਼ਤੇ ਬਣਦੇ ਤੇ ਸੌ ਟੁੱਟਦੇ ਜੱਟਾਂ ਦੇ ਪੁੱਤਾਂ ਦੇ।''

ਤੇ ਇਸ ਤੋਂ ਬਾਅਦ ਦੋਵੇਂ ਹੱਸਣ ਲੱਗ ਗਏ।''

''ਹਾਏ ਰੱਬਾ ਇੰਨੇ ਕਮੀਨੇ ਲੋਕ ਵੀ ਹਨ ਦੁਨੀਆਂ ਚ।''

ਕੈਲਾਸ਼ ਜੀ ਦੀਆਂ ਗੱਲਾਂ ਸੁਣ ਮੈਂ ਹੈਰਾਨ ਹੋ ਰਹੀ ਸੀ।

''ਉਨ੍ਹਾਂ ਨੂੰ ਪਤਾ ਨਹੀਂ ਲੱਗਾ ਕਿ ਤੁਸੀ ਗੱਲਾਂ ਸੁਣ ਲਈਆਂ?''

''ਨਹੀਂ, ਉਨ੍ਹਾਂ ਭਾਣੇ ਮੈਂ ਦੂਸਰੇ ਰੂਮ 'ਚ ਪਰਮ ਨਾਲ ਟੀਵੀ ਦੇਖ ਰਹੀ ਸੀ ।''

ਮੈਂ ਕੁੱਝ ਸਮੇਂ ਬਾਅਦ ਦੁਬਾਰਾ ਪਰਮ ਕੋਲ ਆ ਕੇ ਬਹਿ ਗਈ, ਮੇਰਾ ਬੋਲਣ ਦਾ ਮਨ ਨਹੀਂ ਹੋ ਰਿਹਾ ਸੀ ਮਨ ਕਰਦਾ ਸੀ ਕਾਰ ਚੁੱਕਾਂ ਤੇ ਵਾਪਸ ਘਰ ਆ ਜਾਂਵਾ ।

''ਤੁਸੀਂ ਪਰਮ ਨੂੰ ਕਿਉਂ ਨਹੀਂ ਦੱਸਿਆ?''

ਦੱਸਦੀ ਤਾਂ ਉਹਨੇ ਯਕੀਨ ਨਹੀ ਕਰਨਾ ਸੀ

ਜਦੋਂ ਰੱਬ ਨੇ ਕਿਸੇ ਦਾ ਮਿਲਣਾ ਲਿਖਿਆ ਹੁੰਦਾ ਹੈ ਤਾਂ ਸਾਰੀ ਕਾਇਨਾਤ ਵੀ ਵੀ ਸਾਥ ਦਿੰਦੀ ਹੈ...ਜ਼ਰਾਅ- ਜ਼ਰਾਅ ਸਾਥ ਦਿੰਦਾ ਹੈ ਤੇ ਜਦ ਵਿਛੜਨਾ ਹੁੰਦਾ ਹੈ ਤਾਂ ਆਪਣੇ ਵੀ ਪਰਾਏ ਬਣ ਜਾਂਦੇ ਹਨ। ਕੋਈ ਤੁਹਾਡਾ ਸਾਥ ਨਹੀ ਦਿੰਦਾ ਸਭ ਤੋੜਨ ਦੀ ਹੀ ਕੋਸ਼ਿਸ਼ ਕਰਦੇ ਹਨ।

ਮੈਂ ਬਹੁਤ ਵਾਰ ਸੋਚਦੀ ਹਾਂ ਕਿ ਮੇਰਾ ਕਸੂਰ ਕੀ ਸੀ! ਬਸ ਇਹੀ ਕਿ ਮੈਂ ਉਸ ਨੂੰ ਮੁਹੱਬਤ ਕੀਤੀ, ਆਪਣਾ ਸਭ ਕੁਝ ਸੌਂਪਿਆ ਉਸ ਨੂੰ ਆਪਣਾ ਸਮਝਿਆ।

''ਫਿਰ ਅਗਾਂਹ ਕੀ ਹੋਇਆ?''

ਦੂਸਰੇ ਦਿਨ ਅਸੀਂ ਉਸ ਦੇ ਭਰਾ ਭਰਜਾਈ ਦੇ ਘਰ ਜਾਣਾ ਸੀ।ਰਾਹ ਵਿੱਚ ਜਾਂਦਿਆ ਮੈਂ ਉਸ ਨਾਲ ਦੁਬਾਰਾ ਮੇਰੇ ਬਰਥਡੇ ਦੇ ਪਲੇਨ ਵਾਰੇ ਗੱਲ ਛੇੜੀ ।

ਉਸ ਦੇ ਅਨੁਸਾਰ ਜੋ ਉਸ ਨੇ ਵਾਅਦਾ ਕੀਤਾ ਸੀ, ਉਹ ਮੇਰੇ ਵੱਲ ਆਉਣਗੇ ਤੇ ਅਸੀਂ ਦੋ ਵੀਕਾਂ ਬਾਅਦ ਉੱਥੋਂ ਹੀ ਫੈਰੀ ਫੜ ਆਇਲ ਓਫ ਵਾਈਟ ਲਈ ਤੁਰਨਾ ਸੀ। ਮੇਰੇ ਬ੍ਰਥਡੇ ਲਈ ।

ਮੈਂ ਉਸ ਨੂੰ ਪੁੱਛਿਆ ਕਿ ਤੁਸੀਂ ਫਰਾਈਡੇ ਆਉਣਾ ਹੈ ਜਾਂ ਸੈਚਰਡੇ ਮੇਰੇ ਵੱਲ।

''ਨਹੀਂ ਤੂੰ ਆ ਜਾਈ ਫਰਾਈਡੇ ਇੱਧਰ।''

ਮੈਨੂੰ ਆਖਣ ਲੱਗ ਗਿਆ। ਮੈਂ ਕਿਹਾ ਕਿ ਆਪਾ ਤਾਂ ਆਇਲ ਓਫ ਵਾਇਟ ਨਹੀਂ ਜਾਣਾ ਉਸ ਵੀਕ ਐਂਡ। ਮੈਂ ਕਿਉਂ ਆਉਣਾ ਇੱਧਰ। ਫੈਰੀ ਤਾਂ ਮੇਰੇ ਵੱਲੋਂ ਫੜਨੀ ਹੈ ਆਪਾਂ।

''ਫਿਰ ਕੀ ਕਹਿੰਦਾ ਕੈਲਾਸ਼ ਜੀ!''

ਮੈਂ ਕਾਹਲੀ ਪੈ ਰਹੀ ਸੀ ਜਾਨਣ ਲਈ ।

ਕੁੱਝ ਨਾ ਪੁੱਛ ਵੀਰਾਂ।

ਕਹਿੰਦਾ ਮਾਮ ਦਾ ਬਰਥਡੇ ਤੇਰੇ ਤੋਂ ਇੱਕ ਦਿਨ ਪਹਿਲਾਂ ਆ, ਇੱਦਾਂ ਕਰ ਤੂੰ ਇੱਥੇ ਹੀ ਆ ਜਾਈਂ, ਆਪਾਂ ਵੀਕ ਐਂਡ ਤੇ ਤੇਰਾ ਤੇ ਮਾਮ ਦਾ ਦੋਹਾਂ ਦਾ ਕੇਕ ਕੱਠਿਆਂ ਦਾ ਘਰੇ ਹੀ ਕੱਟ ਲਵਾਂਗੇ। ਨਾਲ ਮਾਮ ਖੁਸ਼ ਹੋ ਜਾਵੇਗੀ ।

''ਓ ਮਾਈ ਗੋਡ, ਇੰਨਾਂ ਪਾਗਲ ਬੰਦਾ, ਪਹਿਲਾਂ ਯੋਰਪ, ਫਿਰ ਆਇਲ ਔਫ ਵਾਇਟ ਤੇ ਫਿਰ ਸਿੱਧਾ ਆਪਣੇ ਘਰ ਮਾਮ ਨਾਲ ਕੇਕ ਕੱਟਣ ਤੇ ਜਾ ਪਹੁੰਚਿਆ। ਕਾਂਟ ਬਲੀਵ ਇਟ ਉਹ ਕਰ ਕੀ ਰਿਹਾ ਸੀ ਕੈਲਾਸ਼ ਜੀ !''

ਮੈ ਹੈਰਾਨ ਸਾਂ।

''ਉਸ ਦੀ ਗੱਲ ਸੁਣ ਮੈਂ ਤਾਂ ਖੁਦ ਹੈਰਾਨ ਸੀ, ਵੀਕ ਦੀਆਂ ਕੰਮ ਤੋਂ ਛੁੱਟੀਆਂ ਦੋਹਾਂ ਨੇ ਲਈਆਂ ਸਨ। ਪਹਿਲਾ ਬਰਥਡੇ ਸੀ ਇੱਠਿਆਂ ਦਾ ਫਿਰ ਸਾਡੇ ਹਾਲਾਤ ਵੀ ਸਹੀ ਨਹੀਂ ਸਨ ਚੱਲ ਰਹੇ। ਮੈਂ ਸੋਚਦੀ ਸੀ ਕੱਲੇ ਥੋੜੇ ਦਿਨਾਂ ਲਈ ਬਾਹਰ ਜਾਵਾਂਗੇ ਤਾਂ ਕੁਝ ਸਾਡੇ 'ਚ ਫਰਕ ਵੀ ਆਵੇਗਾ ਸ਼ਾਇਦ ।''

ਪਰ ਸਭ ਕੁਝ ਫਿਰ ਬਦਲ ਗਿਆ।

ਬਹੁਤੀ ਵਾਰ ਉਸ ਦੀਆਂ ਗੱਲਾਂ ਮੈਂ ਇਗ-ਨੋਰ ਹੀ ਕਰ ਜਾਂਦੀ ਸੀ ਪਰ ਇਸ ਵਾਰ ਮੇਰੇ ਮਨ ਨੂੰ ਬਹੁਤ ਦੁੱਖ ਲੱਗਾ। ਮੈਂ ਤੜਫ ਉਠੀ ਮੈਨੂੰ ਲੱਗਾ ਇਹ ਸਹੀ ਨਹੀਂ ਹੋ ਰਿਹਾ ਮੇਰੇ ਨਾਲ।

''ਫਿਰ ਤੁਸੀਂ ਉਸ ਨੂੰ ਕਿਹਾ ਨਹੀ ਕਿ ਆਹ ਕੀ ਬੋਲ ਰਿਹਾ ਹੈ?''

''ਹਾਂ ਇਸ ਵਾਰ ਮੈਂ ਚੁੱਪ ਨਾ ਰਹੀ, ਮੈਂ ਉਸ ਨੂੰ ਆਖਿਆ ਕਿ ਇਹ ਸਹੀ ਨਹੀਂ ਹੈ।

**ਚਲਦਾ....**

# ਸ਼ਹੀਦ ਊਧਮ ਸਿੰਘ ਯਾਦਗਰੀ ਕਵੈਂਟਰੀ ਕਬੱਡੀ ਟੂਰਨਾਮੈਂਟ 2025 ਕੱਪ ਸੰਦੀਪ ਨੰਗਲ ਅੰਬੀਆਂ ਟੈਲਫੋਰਡ ਨੇ ਜਿੱਤਿਆ ਅਤੇ ਗ੍ਰੇਵਜ਼ੈਂਡ/ਬਾਰਕਿੰਗ ਉੱਪ ਜੇਤੂ ਰਹੀ

## ਯੋਧਾ ਸੁਰਖਪੁਰ ਸਰਬੋਤਮ ਜਾਫੀ ਅਤੇ ਬੂਰੀਆ ਸ਼ੇਸ਼ਰ ਸਰਬੋਤਮ ਧਾਵੀ ਬਣਿਆ

ਰਿਪੋਰਟ: ਮਨਪ੍ਰੀਤ ਸਿੰਘ ਬੱਧਨੀ ਕਲਾਂ
ਪੰਜਾਬ ਟਾਈਮਜ਼ ਪ੍ਰਤੀਨਿੱਧ ਯੂ ਕੇ
ਫੋਨ: 07899798363
ਈ ਮੇਲ: msbadhni@yahoo.co.uk



ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਨੂੰ ਹਰ ਸਾਲ ਵਿਸ਼ਵ ਭਰ ਵਿੱਚ ਯਾਦ ਕੀਤਾ ਜਾਂਦਾ ਹੈ, ਜਦੋਂ ਇਤਿਹਾਸ ਦੇ ਪੰਨੇ ਫਰੋਲਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਊਧਮ ਸਿੰਘ ਦਾ ਕਵੈਂਟਰੀ ਨਾਲ ਕਾਫੀ ਨੇੜਲਾ ਰਿਸ਼ਤਾ ਸੀ। ਆਪਣੇ ਮਿਸ਼ਨ ਨੂੰ ਪੂਰਾ ਕਰਨ ਤੋਂ ਪਹਿਲਾਂ ਇਸ ਸ਼ਹਿਰ ਵਿੱਚ ਉਹ ਰਹਿੰਦਾ ਰਿਹਾ ਹੈ। ਅਸ਼ਕੇ ਜਾਈਏ ਕਵੈਂਟਰੀ ਵਾਲਿਆਂ ਦੇ ਜੋ ਹਰ ਸਾਲ ਊਧਮ ਸਿੰਘ ਨੂੰ ਯਾਦ ਕਰਦੇ ਹਨ ।

ਕਵੈਂਟਰੀ ਦੇ ਕਬੱਡੀ ਪ੍ਰਮੋਟਰਾਂ ਅਤੇ ਸਾਬਕਾ ਕਬੱਡੀ ਖਿਡਾਰੀਆਂ ਦਾ ਇੰਗਲੈਂਡ ਵਿੱਚ ਕਬੱਡੀ ਸ਼ੁਰੂ ਕਰਨ ਵਿੱਚ ਵੀ ਅਹਿਮ ਯੋਗਦਾਨ ਹੈ, ਸਤਨਾਮ ਸਿੰਘ ਗਿੱਲ ਅਤੇ ਭਜਨ ਸਿੰਘ ਸਮਰਾ ਉਸ ਸਮੇਂ ਤੋਂ ਹੀ ਕਬੱਡੀ ਨਾਲ ਤੁਰੇ ਆ ਰਹੇ ਹਨ। ਜਾਣੀ ਮੂਹਰਲੀ ਕਤਾਰ ਵਿੱਚ ਕਵੈਂਟਰੀ ਦਾ ਨਾਮ ਆਉਂਦਾ ਹੈ। ਇਥੇ ਹੀ ਬੱਸ ਨਹੀਂ ਕਵੈਂਟਰੀ ਗਰਾਉਂਡ ਵਿੱਚ ਪਹੁੰਚੇ ਤਾਂ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਹਾਇਕ ਟੀਮ ਮੈਨੇਜਰ ਮਨਜੀਤ ਸਿੰਘ ਢੰਡਾ ਨੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਦੀ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਸ: ਰਾਜਿੰਦਰ ਸਿੰਘ ਮਾਣਕ ਨਾਲ ਜਾਣ ਪਹਿਚਾਣ ਕਰਵਾਈ ਤਾਂ ਸ: ਮਾਣਕ ਅਤੇ ਖੇਡ ਸਕੱਤਰ ਪ੍ਰਮਵੀਰ ਸਿੰਘ ਵਿਰਕ ਨੇ ਦੱਸਿਆ ਕਿ ਇਸ ਸਾਲ ਕਵੈਂਟਰੀ ਦੀਆਂ ਸੰਗਤਾਂ ਗੁਰ-ਦੁਆਰਾ ਸਾਹਿਬ ਦਾ 60ਵਾਂ ਸਥਾਪਨਾ ਦਿਵਸ ਮਨਾ ਰਹੀਆਂ ਹਨ। ਉਹਨਾਂ ਦੱਸਿਆ ਕਿ 5 ਸਤੰਬਰ 1965 ਨੂੰ ਸਿੱਖ ਸੰਗਤਾਂ ਦੇ ਯਤਨਾਂ ਸਦਕਾ ਪਹਿਲਾ ਗੁਰਦੁਆਰਾ ਕਵੈਂਟਰੀ ਵਿੱਚ ਸਥਾਪਿਤ ਹੋਇਆ ਸੀ, ਜਿਸ ਵਿੱਚ ਸਿੱਖੀ ਦੇ ਪ੍ਰਚਾਰ ਦੇ ਨਾਲ ਨਾਲ ਭਾਈਚਾਰੇ ਲਈ ਹੋਰ ਵੀ ਬਹੁਤ ਸਾਰੀਆਂ ਸੇਵਾਵਾਂ ਚੱਲ ਰਹੀਆਂ ਹਨ। ਉਸ ਸਮੇਂ ਤੋਂ ਹੀ ਗੁਰਦੁਆਰਾ ਪੰਜਾਬੀਆਂ ਦੀ ਵੱਡੀ ਖੇਡ ਕਬੱਡੀ ਦੀ ਪ੍ਰਫੁਲਤਾ ਲਈ ਸਹਿਯੋਗ ਕਰਦਾ ਆ ਰਿਹਾ ਹੈ।

ਟੂਰਨਾਮੈਂਟ ਦੇ ਪ੍ਰਬੰਧਕਾਂ ਵੱਲੋਂ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕਰੌਸ ਰੋਡ, ਗੁਰਦੁਆਰਾ ਦੂਖ ਨਿਵਾਰਨ ਸਾਹਿਬ, ਗੁਰਦੁਆਰਾ ਨਾਨਕਸਰ, ਰਾਮਗੜ੍ਹੀਆ ਗੁਰਦੁਆਰਾ, ਸ੍ਰੀ ਰਵਿਦਾਸ ਸਿੱਖ ਟੈਂਪਲ, ਇੰਡੀਅਨ ਕਮਿਊਨਿਟੀ ਸੈਂਟਰ, ਬੀ ਵੀ ਐਸ ਸਿੱਖ ਟੈਂਪਲ ਦੇ ਸੇਵਾਦਾਰਾਂ ਅਤੇ ਸੰਗਤਾਂ ਦਾ ਟੂਰਨਾਮੈਂਟ ਨੂੰ ਸਹਿਯੋਗ ਦੇਣ ਲਈ ਹਾਰਦਿਕ ਧੰਨਵਾਦ ਕੀਤਾ ਗਿਆ ।

ਕਵੈਂਟਰੀ ਦੇ ਕੇਂਦਰ ਵਿੱਚ ਬਣੇ ਰਘਬੀ ਸਟੇਡੀਅਮ ਵਿੱਚ ਕਰਵਾਏ ਗਏ ਕਬੱਡੀ ਟੂਰਨਾਮੈਂਟ ਵਿੱਚ ਇੰਗਲੈਂਡ ਭਰ ਦੇ 15 ਕਬੱਡੀ ਕਲੱਬਾਂ ਦੀਆਂ 8 ਟੀਮਾਂ ਅਤੇ ਚਾਰ ਬੀ ਗਰੁੱਪ ਦੀਆਂ ਟੀਮਾਂ ਦੇ ਸਾਨ੍ਹਾਂ ਵਰਗੇ ਭੇੜ ਹੋਏ। ਕਵੈਂਟਰੀ ਦੀ ਸਿਆਸਤ ਵਿੱਚ ਸਰਗਰਮੀ ਨਾਲ ਹਾਜ਼ਰੀ ਲਵਾ ਰਹੇ ਅਮਰਜੀਤ ਸਿੰਘ ਖੰਗੂੜਾ, ਗੀਤਾ ਬਾਜਵਾ, ਜੀਤ ਖੱਖ ਆਪਣੇ ਸਾਥੀਆਂ ਨਾਲ ਪ੍ਰਬੰਧ ਕਰਨ ਲਈ ਭੱਜ ਨੱਠ ਕਰ ਰਹੇ ਸੀ। ਸ਼ਿੰਦਰ ਪਾਹਲ, ਮੱਖਣ ਸ਼ੰਕਰੀਆ ਗਰਾਉਂਡ ਵਿੱਚ ਦੇਖ ਰੇਖ ਕਰ ਰਹੇ ਸੀ ਅਤੇ ਸ਼ੀਰਾ ਸੰਧੂ ਅੱਜ ਸਪੀਕਰ ਦੇ ਨਾਲ ਨਾਲ ਸਟੇਜ ਸਕੱਤਰ ਵਾਲਾ ਰੋਲ ਵੀ ਨਿਭਾ ਰਿਹਾ ਸੀ। ਸਰਪ੍ਰਸਤ ਸਤਨਾਮ ਸਿੰਘ ਗਿੱਲ, ਖਜ਼ਾਨਚੀ ਭਜਨ ਸਿੰਘ ਸਮਰਾ, ਚੇਅਰਮੈਨ ਅਵਤਾਰ ਸਿੰਘ ਢਿੱਲੋਂ, ਵਾਈਸ ਚੇਅਰਮੈਨ ਰਵਿੰਦਰ ਸੰਧੂ, ਪ੍ਰਧਾਨ ਜਸਕਰਨ ਸਿੰਘ ਔਜਲਾ, ਮੀਤ ਪ੍ਰਧਾਨ ਗੀਤਾ ਬਾਜਵਾ, ਸਕੱਤਰ ਰਾਕੇਸ਼ ਸੱਚਦੇਵ, ਜੁਆਇੰਟ ਸਕੱਤਰ ਅਮਰਜੀਤ ਖੰਗੂੜਾ, ਰਣਵੀਰ ਜ਼ੈਲਦਾਰ, ਸੁਖਜੀਤ ਢਿੱਲੋਂ, ਜਸਵੰਤ ਖੰਗੂੜਾ, ਮੱਖਣ ਸ਼ੰਕਰ, ਸ਼ੀਰਾ ਸੰਧੂ, ਜੀਤ ਖੱਖ, ਬਿੰਦਰ ਕੂਨਰ, ਮਨਜੀਤ ਢੰਡਾ, ਰਾਜ ਸੰਘੇੜਾ, ਤੀਰਥ ਗਿੱਲ ਅਤੇ ਸਾਥੀਆਂ ਦੀ ਅਗਵਾਈ ਵਿੱਚ ਸ਼ਾਨਦਾਰ ਪ੍ਰਬੰਧ ਕੀਤੇ ਹੋਏ ਸਨ।









ਪਹਿਲੇ ਮੈਚ ਵਿੱਚ ਲੰਡਨ ਟਾਈਗਰ ਨੂੰ ਬਾਬਾ ਦੀਪ ਸਿੰਘ ਕਬੱਡੀ ਕਲੱਬ ਨੇ 25/35.5 ਅੰਕਾਂ ਦੇ ਫਰਕ ਨਾਲ ਮਾਤ ਦਿੱਤੀ ਅਤੇ ਦੂਜੇ ਮੈਚ ਵਿੱਚ ਮਿਡਲੈਂਡ ਕਬੱਡੀ ਕਲੱਬ ਨੇ ਮੌੜ ਕਬੱਡੀ ਕਲੱਬ ਨੂੰ 37.5/33 ਅੰਕਾਂ ਨਾਲ ਹਰਾਇਆ। ਏ ਗਰੁੱਪ ਦੇ ਮੈਚ ਸ਼ੁਰੂ ਹੋਏ ਤਾਂ ਈਰਥ ਵੂਲਿਚ/ਸਾਊਥਾਲ ਅਤੇ ਹੇਜ਼ ਕਬੱਡੀ ਕਲੱਬ ਆਹਮੋ ਸਾਹਮਣੇ ਹੋਈਆਂ, ਪਹਿਲਾ ਮੈਚ ਹੀ ਦਰਸ਼ਕਾਂ ਨੂੰ ਮੁੱਲ ਮੋੜ੍ਹਨ ਵਾਲਾ ਸਵਾਦ ਦੇ ਗਿਆ, ਬਲਜਿੰਦਰ ਭਿੰਡਰ ਅੱਜ ਫਾਈਨਲ ਖੇਡਣਾ ਚਾਹੁੰਦਾ ਸੀ ਅਤੇ ਦੂਜੇ ਪਾਸੇ ਪਾਲਾ ਬਾਜਵਾ, ਕੰਮਾ ਔਜਲਾ, ਜੱਸੀ, ਲਵਲੀ ਦੇ ਨਾਲ ਜ਼ੈਲਾ, ਲਾਲਾ ਵੀ ਸੁਰਿੰਦਰ ਮਾਣਕ ਦੀ ਗੈਰ ਹਾਜ਼ਰੀ ਵਿੱਚ ਮੱਲ ਮਾਰਨੀ ਚਾਹੁੰਦੇ ਸੀ। ਮੱਖਣ ਸੰਧੂ ਤੋਂ ਢੇਰ ਸਾਰੀਆਂ ਆਸਾਂ ਲਾਈ ਬੈਠੇ ਪ੍ਰਮੋਟਰ ਖੁਬ ਹੱਲਾਸ਼ੇਰੀ ਦੇ ਰਹੇ ਸੀ, ਬਾਗੀ ਪ੍ਰਮਜੀਤਪੁਰੀਆ, ਬਿੱਕਾ, ਸੁਨੀਲ ਧਮਧਾਨ ਦੇ ਨਾਲ ਰੱਜ਼ੀ, ਚੱਕੀ, ਜੱਗਾ, ਅਮਨ ਲੁਹਾਰਾ ਪੂਰਾ ਤਾਣ ਲਾਉਂਦੇ, ਧਾਕ ਝਨੇ ਲੱਡੇ ਬਾਬੇ ਨੂੰ ਕਮਾਲ ਦਾ ਜੱਫਾ ਲਾਇਆ ਤਾਂ ਹੋਰ ਕੋਈ ਸਵਾਦੋ ਸਵਾਦ ਹੋ ਗਿਆ, ਬਾਬੇ ਲੱਡੇ ਨੂੰ ਰੋਕਣਾ ਕੋਈ ਸੌਖਾ ਕੰਮ ਨਹੀਂ, ਅਰਸ਼ ਬਰਨਾਲਾ, ਸੁਖਵੀਰ ਗੁਰੂਸਰੀਆ, ਇੰਦੂ ਦੀਆਂ ਰੇਡਾਂ, ਸ਼ਫੀਕ, ਲੱਖਾ, ਅਰਸ਼ ਲੁਹਾਰਾ ਅਤੇ ਸਾਥੀਆਂ ਦੀ ਜਾਫ ਨੇ ਹਰਜਿੰਦਰ ਬੋਈ, ਸੋਖਾ ਉਦੋਪੁਰ, ਸੋਨੀ ਬਿਲਗਾ, ਹਰਵੰਤ ਮੱਲੀ, ਜੋਗਾ ਢੱਡਵਾੜ, ਸ਼ੀਪਾ ਚਕਰ ਨੂੰ ਪੂਰਾ ਖੁਸ਼ ਕੀਤਾ। ਹੇਜ਼/ਡਰਬੀ ਨੇ ਇਹ ਮੈਚ ਈਰਥ ਵੂਲਿਚ/ਸਾਊਥਾਲ ਨੂੰ 35.5/33 ਅੰਕਾਂ ਦੇ ਫਰਕ ਨਾਲ ਜਿੱਤਿਆ।

ਟੂਰਨਾਮੈਂਟ ਦੀਆਂ ਰੌਣਕਾਂ ਵਧਾਉਣ ਲਈ ਲੱਖਾ ਗਾਜ਼ੀਪੁਰ, ਕੀਪਾ ਸੁਰਖਪੁਰ, ਪਿੰਦਰ ਪੰਡੋਰੀ, ਬਲਵਿੰਦਰ ਸਿੰਘ ਫਿੱਡਾ ਉਚੇਚੇ ਤੌਰ ਤੇ ਪਹੁੰਚੇ ਹੋਏ ਸੀ। ਜਿਹਨਾਂ ਦਾ ਕਬੱਡੀ ਕਲੱਬਾਂ ਅਤੇ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।

ਸਿੱਖ ਟੈਂਪਲ ਵੁਲਵਰਹੈਂਪਟਨ/ਗਿਮਡਵੇ ਨੇ ਅਗਲੇ ਮੈਚ ਵਿੱਚ ਲੈਸਟਰ/ਬਰੈਡਫੋਰਡ ਨੂੰ ਸਹਿਜੇ ਹੀ 39/24.5 ਨੇ ਅੰਕਾਂ ਦੇ ਫਰਕ ਨਾਲ ਹਰਾ ਦਿੱਤਾ। ਦੁੱਲਾ, ਮੇਸ਼ੀ, ਨਾਥ ਤੇ ਜਸ਼ਨ ਦੀਆਂ ਥਾਪੀਆਂ ਇੱਕ ਵਾਰ ਤਾਂ ਸਰੂਰ ਜਿਹਾ ਲਿਆ ਦਿੰਦੀਆਂ, ਪ੍ਰਤਾਪ ਕੰਡਿਆਣਾ, ਏਕਮ ਮੀਰਪੁਰੀਆ, ਅੰਮ੍ਰਿਤ ਔਲਖ ਤੇ ਸਾਥੀ ਦੀ ਤਕੜੀ ਜਾਫ ਲਾਇਨ ਨੇ ਸਾਬੀ ਸੰਧੂ, ਜੋਗਿੰਦਰ ਦੁਸਾਂਝ, ਮੰਗਾ, ਸ਼ੀਰਾ ਔਲਖ, ਅੰਮ੍ਰਿਤ ਬਰਮੀ, ਗੈਵਨ, ਸੋਨਾ ਨੂੰ ਅਗਲੇ ਰਾਉਂਡ ਵਿੱਚ ਪਹੁੰਚਾ ਦਿੱਤਾ। ਅੱਧੇ ਸਮੇਂ ਤੱਕ ਆਤੀ, ਅਜ਼ੀਮ ਚੱਠਾ, ਹਰਪਾਲ ਕਾਹਲਵਾਂ, ਸੁੱਖੀ ਮੌੜ ਅਤੇ ਸਾਥੀ ਮੁਕਾਬਲਾ ਕਰਦੇ ਰਹੇ ਪਰ ਬਾਅਦ ਵਿੱਚ ਗੱਲ ਨਾ ਬਣਾ ਸਕੇ। ਕੁਲਵੰਤ ਸੰਘਾ, ਨਿਰਮਲ ਲੱਡੂ, ਪਿਆਰਾ ਰੰਧਾਵਾ, ਦਲਬੀਰ ਸੈਂਹਬੀ, ਦੀਲਾ, ਸੁਰਿੰਦਰ ਅਤੇ ਸਾਥੀ ਟੀਮ ਦੀ ਕਾਰਗੁਜ਼ਾਰੀ ਤੋਂ ਖੁਸ਼ ਨਹੀਂ ਵਿਖਾਈ ਦੇ ਰਹੇ, ਇਸ ਵਿੱਚ ਕੋਈ ਸ਼ੱਕ ਨਹੀਂ ਕਬੱਡੀ ਖਡੇ ਸ਼ੌਂਕ ਦੀ ਐ, ਪ੍ਰਮੋਟਰਾਂ ਨੂੰ ਵੋਟਾਂ ਦੀ ਨਹੀਂ ਬਲਕਿ ਚੱਮਕਦੇ ਕੱਪ ਨੂੰ ਹੱਥ ਲਾਉਣ ਦੀ ਚਾਹ ਹੁੰਦੀ ਹੈ, ਉਹ ਵੀ ਖਿਡਾਰੀਆਂ ਵੱਲੋਂ ਜਿੱਤੇ ਕੱਪ ਨੂੰ।

ਸਲੋਹ/ਇਕਨਹਮ ਨੂੰ ਗ੍ਰੇਵਜ਼ੈਂਡ/ਬਾਰਕਿੰਗ ਨੇ ਟੂਰਨਾਮੈਂਟ ਦੇ 5ਵੇਂ ਮੈਚ ਵਿੱਚ ਸਖ਼ਥ ਮੁਕਾਬਲੇ ਪਿੱਛੋਂ 37/35.5 ਅੰਕਾਂ ਨਾਲ ਹਰਾਇਆ। ਸਲੋਹ ਵਾਲਿਆਂ ਨੂੰ ਜੇ ਸ਼ੀਰਾ ਬਾਬਾ ਜੇ ਲਲਕਰਾ ਮਾਰਦਾ ਤਾਂ ਦੂਜੇ ਪਾਸੇ ਸੱਤਾ ਮੁਠੱਡਾ ਕਾਲੀਆਂ ਐਨਕਾਂ ਉੱਪਰ ਥੱਲੇ ਕਰਦਾ ਚੱਲ ਲੋ ਚੱਕ ਲੋ ਕਰਦਾ। ਰਾਣਾ ਵਾਰ ਵਾਰ ਮੁੱਛਾ ਤੇ ਹੱਥ ਫੇਰਦਾ ਰਾਜਵਿੰਦਰ ਖਹਿਰੇ ਨਾਲ ਮੁਛਕੜੀਏਂ ਹੱਸਦਾ। ਸਤਿੰਦਰ ਗੋਲਡੀ, ਅਮਰੀਕ ਲੱਡੂ, ਗੋਗੀ, ਪਾਲੀ, ਬਿੰਦਰ ਦੇ ਚੋਬਰਾਂ ਨੂੰ ਆਖਿਰ ਰਾਜਾ ਪੱਧਰੀ, ਸਾਜ਼ੀ, ਮਹਾਲਾ ਗੋਬਿੰਦਰਪੁਰੀਆ, ਗੱਗੀ, ਸੋਹਣ ਅਤੇ ਸਾਥੀ ਨੇ ਪਛਾੜ ਦਿੱਤਾ।

ਟੈਲਫੋਰਡ ਨੇ ਕਵੈਂਟਰੀ/ਬ੍ਰਮਿੰਘਮ ਨੂੰ 42/30.5 ਅੰਕਾਂ ਦੇ ਵੱਡੇ ਫਰਕ ਨਾਲ ਸਹਿਜੇ ਹੀ ਹਰਾਇਆ। ਘਰਦਾ ਟੂਰਨਾਮੈਂਟ ਹੋਣ ਕਰਕੇ ਭਾਵੇਂ ਦੋਵੇਂ ਕਲੱਬਾਂ ਵੱਡੀਆਂ ਆਸਾਂ ਲਾਈ ਬੈਠੇ ਸੀ, ਪਰ ਖੁਸ਼ੀ ਦੁੱਗੇ ਵਰਗੇ ਉਸਤਾਦ ਖਿਡਾਰੀਆਂ ਅੱਗੇ ਪੇਸ਼ ਨਹੀਂ ਗਈ। ਫੂਲਾ ਸੂਸ਼ਕ ਨੇ ਹਿੰਦਾ, ਯੋਧਾ ਰੋਕੇ, ਯੋਧੇ ਸੁਰਖਪੁਰੀਏ ਨੇ ਪ੍ਰਦੀਪ ਰਾਓਵਾਲ ਨੂੰ ਹਿੱਕ ਨਾਲ ਲਾਇਆ, ਸੋਨੀ ਫੱਕਰਝੰਡੇ ਕਮਾਲਾਂ ਕਰ ਰਿਹਾ।

ਬਾਕੀ ਹਿਸਾ ਸਫਾ 40 ’ਤੇ ਪੜ੍ਹੋ →

## ਕਵੈਂਟਰੀ ਕਬੱਡੀ ਟੂਰਨਾਮੈਂਟ

39 ਸਫੇ ਦੀ ਬਾਕੀ

ਲੰਬੜ ਮੱਲੀਆਂ ਦੇ ਨਾਲ ਮਨਰਾਜ ਵੀ ਦਾਅ ਲਾ ਰਿਹਾ ਸੀ। ਹਿੰਦਾ ਖੀਰਾਂਵਾਲੀ, ਵਕਾਰ ਢਿੱਲੋਂ, ਸਦੀਕ, ਅਮਨ ਖੱਤਰੀ ਅਤੇ ਸਾਥੀ ਅੱਜ ਗੀਤੇ ਬਾਜਵੇ, ਮਨਜੀਤ ਢੰਡਾ, ਸਤਨਾਮ ਗਿੱਲ, ਭਜਨ ਸਮਰਾ, ਨੇਕਾ ਮੈਰੀਪੁਰ, ਸੁਖਦੇਵ ਸਿੱਧੂ, ਜੀਤ ਪੁਰੇਵਾਲ ਦੀਆਂ ਜੇਬਾਂ ਵਿੱਚੋਂ ਪੌਂਡ ਕਢਵਾ ਨਹੀਂ ਸਕੇ, ਭਾਵੇਂ ਕਦੇ ਕਦੇ ਲੋਰ ਵਿੱਚ ਖਿਡਾਰੀਆਂ ਦੀ ਹੌਂਲਸਾ ਅਫਜ਼ਾਈ ਕਰ ਰਹੇ ਸੀ, ਪਰ ਜਦੋਂ ਅੱਧੋ ਅੱਧ ਨੰਬਰਾਂ ਦਾ ਫਰਕ ਹੋਵੇ ਜੇਬ ਨੂੰ ਹੱਥ ਪਾਉਣ ਨੂੰ ਕਿੱਥੇ ਦਿਲ ਕਰਦਾ। ਇੰਦਰਪਾਲ ਬਾਜਵਾ ਪਾਣੀ ਦੀ ਬੋਤਲ ਫੜ੍ਹੀ ਕੋਚਿੰਗ ਕਰ ਰਿਹਾ ਸੀ, ਬਲਵਿੰਦਰ ਚੱਠਾ ਚੇਅਰਮੈਨੀ ਦੇ ਨਾਲ ਨਾਲ ਟੀਮ ਤੋਂ ਪੂਰਾ ਬਾਗੋ ਬਾਗ ਸੀ, ਸੁੱਖੀ ਬੈਂਸ, ਗੁਰਜੀਤ ਸੰਧੂ , ਮੇਸ਼ੀ ਕੂਨਰ ਖੁਸ਼ ਸੀ, ਕਿ ਅੱਜ ਕੱਪ ਆਪਣਾ ਹੀ ਐ।

ਮੈਚਾਂ ਦੇ ਨਾਲ ਨਾਲ ਸਥਾਨਿਕ ਕੌਂਸਲਰਾਂ, ਪੰਜਾਬ ਦੇ ਰਿਟ: ਡੀ ਆਈ ਜੀ ਜੇਲ੍ਹਾਂ ਸ: ਸੁਰਿੰਦਰ ਸਿੰਘ ਸੈਣੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਭਿੰਦਾ ਮੁਠੱਡਾ ਦੀ ਅਗਵਾਈ ਵਿੱਚ ਅਮਨ ਲੋਪੋ, ਤੇਲੂ ਭੱਟੀ, ਸੋਖਾ ਢੇਸੀ, ਦਵਿੰਦਰ ਚੜਿੱਕ, ਸਤਨਾਮ ਜੈਂਗੋ, ਮਿੱਠਾ ਦੁਰਗਾਪੁਰ ਨਾਲੋ ਨਾਲ ਅੱਖੀਂ ਡਿੱਠਾ ਹਾਲ ਬਿਆਨ ਕਰਦੇ ਰਹੇ। ਜਿਸ ਦਾ ਸਟੇਡੀਅਮ ਵਿੱਚ ਬੈਠੇ ਹਜ਼ਾਰਾਂ ਦਰਸ਼ਕਾਂ ਅਤੇ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਯੂ ਟਿਊਬ ਚੈਨਲ ਰਾਹੀਂ ਜੁੜੇ ਦੇਸ਼ ਵਿਦੇਸ਼ ਦੇ ਦਰਸ਼ਕਾਂ ਨੇ ਖੂਬ ਅਨੰਦ ਮਾਣਿਆਂ।

ਹੇਜ਼/ਡਰਬੀ ਨੂੰ ਗ੍ਰੇਵਜ਼ੈਂਡ/ਬਾਰਕਿੰਗ ਦੀ ਟੀਮ ਨੇ ਪਹਿਲੇ ਸੈਮੀਫਾਈਨਲ ਵਿੱਚ ਬੜੀ ਅਸਾਨੀ ਨਾਲ ਹਰਾ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ। ਅਰਸ਼ ਲੁਹਾਰਾ ਦਾ ਮਾਹਲੇ ਨੂੰ ਅਤੇ ਬਿੱਲਾ ਕੁਰੜ ਦੇ ਗੋਰਾ, ਸਾਜ਼ੀ ਨੂੰ ਲਾਏ ਜੱਫੇ ਦਰਸ਼ਕਾਂ ਨੂੰ ਪਸੰਦ ਆਏ। ਸੋਹਣ ਨੇ ਗੁਰਪ੍ਰੀਤ ਨੂੰ ਹਿੱਕ ਨਾਲ ਲਾਇਆ, ਰਾਜਾ ਪੱਧਰੀ, ਗੱਗੀ, ਬੂਟਾ ਅਤੇ ਸਾਥੀਆਂ ਨੇ 44.5/33 ਅੰਕਾਂ ਨਾਲ ਹੇਜ਼ ਡਰਬੀ ਨੂੰ ਹਰਾ ਕੇ ਅੱਜ ਦੇ ਕੱਪ ਨੂੰ ਹੱਥ ਪਾਉਣ ਲਈ ਰਾਹ ਪੱਧਰਾ ਕਰ ਲਿਆ।

ਦੂਜਾ ਸੈਮੀਫਾਈਨਲ ਤਾਂ ਕਮਾਲ ਦਾ ਸੀ ਦਰਸ਼ਕਾਂ ਹੁਣ ਸਟੇਡੀਅਮ ਨੂੰ ਥੱਲੇ ਆਉਣ ਨੂੰ ਕਾਹਲੇ ਪੈ ਰਹੇ ਸੀ, ਪ੍ਰਬੰਧਕਾਂ ਦੀਆਂ ਅਪੀਲਾਂ ਦਲੀਲਾਂ ਨੂੰ ਹੁਣ ਕਿੱਥੇ ਕੋਈ ਸੁਣਦਾ। ਬੱਸ ਕਬੱਡੀ ਦਿਸਦੀ ਸੀ, ਜਸ਼ਨ ਦੀ ਹੰਦਿਆਂ ਕੋਲ ਖ਼ੜ੍ਹ ਕੇ ਮਾਰੀ ਥਾਪੀ ਦਰਸ਼ਕਾਂ ਨੂੰ ਸਰੂਰ ਦਿੰਦੀ ਸੀ, ਬਸ ਇਹੀ ਵੇਖਣਾ ਚਾਹੁੰਦੇ ਸੀ, ਮੁੜਕੋ ਮੁੜਕੀ ਹੋਇਆ ਖੁਸ਼ੀ, ਸੋਨੀ ਫੱਕਰ ਝੰਡੇ, ਲੰਬੜ, ਫੁੱਲਾ, ਯੋਧਾ ਸੁਰਖਪੁਰੀਏ ਦਾ ਕਮਾਲ ਵੇਖਣ ਨੂੰ ਹਰ ਕੋਈ ਉਤਾਵਲਾ ਸੀ, ਵਿਸਲ ਵੱਜੀ ਤਾਂ ਮੈਚ ਸ਼ੁਰੂ ਸਾਬੀ ਸੰਧੂ, ਸੋਨਾ, ਸ਼ੀਰਾ ਔਲਖ, ਸਮਰਾ, ਅੰਮ੍ਰਿਤ ਬਰਮੀ, ਜੋਗਿੰਦਰ ਦੁਸਾਂਝ, ਮੰਗਾ ਇੱਕ ਹੱਥ ਜੇਬ ਨੂੰ ਪਾ ਕੇ ਗਰਾਊਂਡ ਵੱਲ ਟਿਕਟਿਕੀ ਲਾ ਕੇ ਵੇਖਦੇ ਸੀ, ਅੱਖ ਨ੍ਹੀ ਝਪਕਦੇ ਸੀ, ਕਿਸੇ ਕੋਈ ਸੀਨ ਨਾ ਨਿੱਕਲ ਜਾਵੇ। ਬਲਵਿੰਦਰ ਚੱਠਾ, ਸੁੱਖੀ ਬੈਂਸ, ਗੁਰਜੀਤ ਸੰਧੂ, ਇੰਦਰਪਾਲ ਬਾਜਵਾ ਪੂਰੇ ਬਾਗ ਬਾਗ ਸੀ। ਖੁਸ਼ੀ ਨੇ ਗੁਲਜ਼ਾਰੀ ਰੋਕਿਆ, ਸੋਨ ੀਨੇ ਨਾਥ ਤੇ ਦੁੱਲਾ, ਯੋਦੇ ਨੇ ਵੀ ਨਾਥ ਨੂੰ ਹਿੱਕ ਨਾਲ ਲਾਇਆ ਤੇ ਦੂਜੇ ਪਾਸੇ ਅੰਮ੍ਰਿਤ ਔਲਖਾਂ ਵਾਲੇ ਨੇ ਕੁਲਵਿੰਦਰ, ਰਾਕੇਸ਼, ਰਮਨ ਰੋਕੇ, ਸ਼ਾਕੇ ਨੇ ਕੁਲਵਿੰਦਰ ਡੱਕਿਆ। ਮੈਚ ਤਾਂ ਸਿਰੇ ਦਾ ਹੋਇਆ। ਕਬੱਡੀ ਦੇ ਆਸ਼ਕਾਂ ਦਾ ਸ਼ੌਂਕ ਵੱਖਰਾ ਹੀ ਹੈ, ਟੀਮ ਕੋਈ ਹੋਵੇ ਜਿਸ ਖਿਡਾਰੀ ਨੂੰ ਪਸੰਦ ਕਰਨ ਨੋਟ ਉਸੇ ਤੋਂ ਵਾਰ ਦਿੰਦੇ ਆ, ਜੱਸੀ, ਪਾਲਾ ਬਾਜਵਾ, ਬੁਲਟ, ਚਮਕੌਰ ਮਿਡਵੇ/ਵੁਲਵਰਹੈ਼ਪਟਨ ਦੇ ਖਿਡਾਰੀਆਂ ਤੇ 100/100 ਪੌਂਡ ਜੱਫੇ ਤੇ ਲਾ ਰਹੇ ਸੀ। ਗਹਿਗੱਚ ਹੋਏ ਇਸ ਮੁਕਬਾਲੇ ਵਿੱਚ ਟੈਲਫੋਰਡ ਨੇ 49.5/41 ਅੰਕਾਂ ਨਾਲ ਜਿੱਤ ਦਰਜ਼ ਕਰਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ।

ਬੀ ਟੀਮਾਂ ਵਿੱਚੋਂ ਮਿਡਲੈਂਡ ਟਾਈਗਰ ਨੇ ਬਾਬਾ ਦੀਪ ਸਿੰਘ ਕਬੱਡੀ ਕਲੱਬ ਨੂੰ 38/26.5 ਅੰਕਾਂ ਨਾਲ ਹਰਾ ਕੇ ਫਾਈਨਲ ਜਿੱਤਿਆ। ਏ ਟੀਮਾਂ ਦਾ ਫਾਈਨਲ ਹੋਣ ਲੱਗਾ ਤਾਂ ਦਰਸ਼ਕ ਫਿਰ ਗਰਾਊਂਡ ਵਿੱਚ ਬਥੇਰਾ ਰੌਲਾ ਪਾਉਣ ਪ੍ਰਬੰਧਕ, ਸਟੇਡੀਅਮ ਵਾਲੇ, ਸਕਿਊਰਿਟੀ ਵਾਲੇ ਪਰ ਕਿੱਥੇ ਕੋਈ ਸੁਣਦਾ। ਆਖਿਰ ਦਰਸ਼ਕਾਂ ਨੂੰ ਗਰਾਊਂਡ ਦੇ ਦੁਆਲੇ ਬੈਠਾ ਕੇ ਫਾਈਨਲ ਵਿਖਾ ਦਿੱਤਾ। ਪਹਿਲੇ ਅੱਧ ਤੱਕ ਤਾਂ ਗ੍ਰੇਵਜ਼ੈਂਡ/ਬਾਰਕਿੰਗ ਦੇ ਖਿਡਾਰੀਆਂ ਨੇ ਟੈਲਫੋਰਡ ਨਾਲ ਕਰੜੇ ਦੋ ਹੱਥ ਕੀਤੇ, 18/25.5 ਅੰਕਾਂ ਦੇ ਫਰਕ ਨਾਲ ਪਛੜਦੇ ਆਖਿਰ 34/49.5 ਅੰਕਾਂ ਨਾਲ ਟੈਲਫੋਰਡ ਜੇਤੂ ਬਣ ਕੇ ਅੱਜ ਦੇ ਕੱਪ ਨੂੰ ਜਿੱਤ ਕੇ ਲੈ ਗਈ। ਖੁਸ਼ੀ ਦੁੱਗਾ ਨੇ ਗੋਰੇ ਨੂੰ 500 ਪੌਂਡ ਦਾ ਜੱਫਾ ਲਾਇਆ, ਸੋਨੀ ਨੇ ਸਾਜ਼ੀ, ਯੋਧੇ ਨੇ ਕਮਾਲ ਦੀ ਖੇਡ ਵਿਖਾਈ ਸੋਨੀ, ਮਾਹਲੇ ਨੂੰ ਰੋਕਿਆ ਅਤੇ ਸੋਹਣ ਨੇ ਬੂਰੀਆ, ਕੁਲਵਿੰਦਰ, ਬੂਟੇ ਨੇ ਰਮਨ, ਗੱਗੀ ਨੇ ਕੁਲਵਿੰਦਰ ਰੋਕਿਆ। ਪਰ ਟੈਲਫੋਰਡ ਦੇ ਬੂਰੀਆ ਸਰਬੋਤਮ ਧਾਵੀ ਅਤੇ ਯੋਧਾ ਸੁਰਖਪੁਰੀਆ ਸਰਬੋਤਮ ਜਾਫੀ ਦਾ ਖਿਤਾਬ ਜਿੱਤਿਆਂ ਅੱਜ ਦਾ ਕੱਪ ਜਿੱਤ ਕੇ ਸੰਦੀਪ ਨੰਗਲ ਅੰਬੀਆਂ ਟੀਮ ਦੇ ਜੇਤੂ ਕੱਪਾਂ ਵਿੱਚ ਇੱਕ ਹੋਰ ਵਾਧਾ ਕਰ ਦਿੱਤਾ। ਗੀਤਾ ਬਾਜਵਾ, ਪਾਲਾ ਬਜਾਵਾ, ਕੰਮਾ, ਜੱਸੀ ਅਤੇ ਸਾਥੀਆਂ ਪੌਂਡਾਂ ਦੀ ਭਰਪੂਰ ਵਰਖਾ ਕੀਤੀ।

ਆਖਿਰ ਜੇਤੂ ਟੀਮ ਟੈਲਫੋਰਡ ਅਤੇ ਰਨਰ ਅੱਪ ਟੀਮ ਗ੍ਰੇਵਜ਼ੈਂਡ/ਬਾਰਕਿੰਗ ਨੂੰ ਪ੍ਰਬੰਧਕਾਂ ਸਤਨਾਮ ਸਿੰਘ ਗਿੱਲ, ਮਨਜੀਤ ਸਿੰਘ ਢੰਡਾ, ਅਮਰਜੀਤ ਸਿੰਘ ਖੰਗੂੜਾ, ਗੀਤਾ ਬਾਜਵਾ, ਰਾਜਿੰਦਰ ਸਿੰਘ ਮਾਣਕ ਅਤੇ ਸਾਥੀਆਂ ਨੇ ਜੇਤੂ ਕੱਪਾਂ ਨਾਲ ਨਿਵਾਜ਼ਿਆ। ਕੁੱਲ ਮਿਲਾ ਕੇ ਸ਼ਹੀਦੀ ਸਪੋਰਟਸ ਫੈਡਰੇਸ਼ਨ ਕਵੈਂਟਰੀ ਦਾ ਮੇਲ ਕਾਮਯਾਬ ਰਿਹਾ, ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਕਰਮਜੀਤ ਸਿੰਘ ਕੰਮਾ ਔਜਲਾ ਨੇ ਪ੍ਰਬੰਧਕ ਕਮੇਟੀ, ਦਰਸ਼ਕਾਂ ਅਤੇ ਸਥਾਨਿਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦਾ ਸਹਿਯੋਗ ਲਈ ਧੰਨਵਾਦ ਕੀਤਾ।

## ਸੁਪਰੀਮ ਕੋਰਟ ਵੱਲੋਂ ਸਿੱਖਿਆ ਵਿਭਾਗ ਦੇ 1,400 ਕਰਮੀਆਂ ਨੂੰ ਕੱਢਣ ਦੀ ਪ੍ਰਵਾਨਗੀ

**ਵਾਸ਼ਿੰਗਟਨ– ਸੁਪਰੀਮ ਕੋਰਟ ਨੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਸਿੱਖਿਆ ਵਿਭਾਗ ਨੂੰ ਖ਼ਤਮ ਕਰਨ ਦੀ ਆਪਣੀ ਯੋਜਨਾ ਨੂੰ ਮੁੜ ਲੀਹ 'ਤੇ ਲਿਆਉਣ ਅਤੇ ਲਗਭਗ 1,400 ਕਰਮਚਾਰੀਆਂ ਦੀ ਛੁੱਟੀ ਦੀ ਇਜਾਜ਼ਤ ਦੇ ਦਿੱਤੀ ਹੈ। ਤਿੰਨ ਲਿਬਰਲ ਜੱਜਾਂ ਦੇ ਅਸਹਿਮਤ ਹੋਣ ਦੇ ਬਾਵਜੂਦ ਅਦਾਲਤ ਨੇ ਸੋਮਵਾਰ ਨੂੰ ਬੋਸਟਨ ਵਿੱਚ ਯੂਐੱਸ ਜ਼ਿਲ੍ਹਾ ਜੱਜ ਮਯੋਂਗ ਜੌਨ ਦੇ ਇੱਕ ਹੁਕਮ ਨੂੰ ਰੋਕ ਦਿੱਤਾ, ਜਿਸ ਨੇ ਛੁੱਟੀਆਂ ਨੂੰ ਉਲਟਾਉਣ ਅਤੇ ਵਿਆਪਕ ਯੋਜਨਾ ਤੇ ਸਵਾਲ ਉਠਾਉਣ ਵਾਲਾ ਇੱਕ ਮੁੱਢਲਾ ਹੁਕਮ ਜਾਰੀ ਕੀਤਾ ਸੀ। ਜੌਨ ਨੇ ਲਿਖਿਆ, ਛੁੱਟੀਆਂ ਸੰਭਾਵਤ ਤੌਰ ਤੇ ਵਿਭਾਗ ਨੂੰ ਅਪਾਹਜ ਕਰ ਦੇਣਗੀਆਂ।**


## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ ਚੱਲ ਰਹੇ ਪੰਜਾਬੀ ਸਕੂਲ ਨੂੰ ਅਧਿਆਪਕਾਂ ਦੀ ਲੋੜ ਹੈ

## VACANCIES for Panjabi Teachers at Sri Guru Singh Sabha Gurdwara Derby

### We're Hiring: Punjabi Language Teachers

**Start date September 2025**

*** Are you passionate about teaching the Punjabi language and Sikh religion?**

* Join our team and make a meaningful impact by inspiring the next generation of Punjabi speakers.

**Sunday**: 11:45 Pre class preparation

12-13:30 Teaching including group assembly or activity

Potential for increased hours as we look to expand our sessions

### We're Looking For:

- Fluent speakers of Punjabi and English
- Experience teaching children or adults (formal or informal settings)
- Strong communication and classroom management skills
- A commitment to preservation of Sikhi and Gurmukhi and student success

### Desirable Qualifications:

- Teaching certification or equivalent experience in teaching Panjabi language
- Familiarity with Punjabi literature & Sikh history- You will receive Curriculum support

### What We Offer:

- A supportive and inclusive work environment
- Curriculum resources and ongoing training
- Opportunities to develop the school and teaching

*** Help us keep Sikhi and Gurmukhi language alive one student at a time.**

***Closing date for applications: Friday 8th August,***

**Successful applicants** - Provisional interview date: Sunday 17th August 2025

**Please Apply: Send your CV and a brief cover letter to:- paramjit.kaur@nhs.net**

**LOCATION: GURDWARA SRI GURU SINGH SABHA, PRINCES STREET, DERBY, DE23 8NT**

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

– ਲੇਖਕ –
ਗਿਆਨੀ ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਕਿਸ਼ਤ–2

ਸ਼ੰਕਰਾਚਾਰੀਆ ਦੇ ਰਚੇ ਗੀਤਾਂ ਅਤੇ ਬ੍ਰਹਮ ਸੂਤ੍ਰ ਦੇ ਭਾਸ਼ ਪ੍ਰਸਿੱਧ ਹਨ। ਬ੍ਰਹਮ ਸੂਤ੍ਰ ਤੇ ਗੀਤਾ ਦੇ ਭਾਸ਼ ਅਤੇ ਟੀਕੇ, ਪਿੱਛੋਂ ਹੋਰ ਅਚਾਰੀਆ ਨੇ ਭੀ ਲਿਖੇ। ਇਸ ਮੈਦਾਨ ਵਿੱਚ ਰਾਮਾਨੁਜ ਭੀ ਪਿੱਛੇ ਨਹੀਂ ਰਹੇ। ਉਨ੍ਹਾਂ ਗੀਤਾ ਅਤੇ ਬ੍ਰਹਮ ਸੂਤ੍ਰ ਦੇ ਨਾਲ ਇਕ ਤਾਮਲ ਪ੍ਰਬੰਧਮ ਦਾ ਭਾਸ਼ ਭੀ ਲਿਖਿਆ। ਸ਼ੰਕਰਾਚਾਰੀਆ ਨੇ ਏਨ੍ਹਾਂ ਭਾਸ਼ਾਂ ਤੇ ਵਿਆਖਿਆ ਰਾਹੀਂ ਅਦ੍ਵੈਤਮਤ ਦਾ ਸਿਧਾਂਤ ਪ੍ਰਚਾਰਿਆ। ਅਚਾਰੀਆ ਰਾਮਾਨੁਜ ਨੇ ਏਨ੍ਹਾਂ ਹੀ ਗ੍ਰੰਥਾਂ ਵਿੱਚੋਂ ਭਗਤੀ ਮੱਤ ਦੀ ਰੂਹ ਲੱਭੀ, ਅਵਤਾਰਵਾਦ ਦੀ ਉਪਾਸ਼ਨਾ ਉਭਾਰੀ। ਸਪੱਸ਼ਟ ਹੈ ਭਾਸ਼ ਲਿਖਣ ਵਾਲਿਆਂ ਦੀ ਸੋਚ ਸੁਤੰਤਰ ਨਹੀਂ, ਪਹਿਲੇ ਗ੍ਰੰਥਾਂ ਉੱਤੇ ਆਧਾਰਿਤ ਸੀ। ਇਹ ਵੱਖਰੀ ਗੱਲ ਹੈ ਉਨ੍ਹਾਂ ਅਰਥ ਤੇ ਵਿਆਖਿਆ ਕਰਕੇ ਸਿੱਟੇ ਮਨ–ਮਰਜ਼ੀ ਦੇ ਕੱਢੇ। ਆਪਣੀ ਸੋਚ, ਦਰਖਤ ਉੱਤੇ ਬੇਲ ਚੜ੍ਹਾਉਣ ਦੇ ਸਹਾਰੇ ਵਾਂਗ ਲਿਪਟਾਉਂਦੇ ਰਹੇ। ਇਸ ਤਰ੍ਹਾਂ ਦੇ ਸੀਮਾ ਆਧਾਰਿਤ ਵਿਆਖਿਆ ਗ੍ਰੰਥਾਂ ਦੀਆਂ ਰਚਨਾਵਾਂ ਉਨ੍ਹਾਂ ਦੀਆਂ ਸ੍ਵੈਭੂ ਰਚਨਾਵਾਂ ਕਦਾਚਿਤ ਨਹੀਂ ਸਨ।

ਇਸੇ ਤਰ੍ਹਾਂ ਕੁਰਾਨ ਦੀਆਂ ਤਸ਼ਰੀਹਾਂ ਲਿਖਣ ਦੀ ਰੀਤ ਭੀ ਚੱਲੀ। ਇਬਰਾਨੀ ਦੇਸ਼ਾਂ ਖਾਸ ਕਰ ਈਰਾਨ ਅਤੇ ਇਸਲਾਮੀ ਦੇਸ਼ਾਂ ਵਿੱਚ ਇਹ ਢੰਗ ਪ੍ਰਚੱਲਤ ਹੋਇਆ। ਸ਼ੰਕਰਚਾਰੀਆ ਅਤੇ ਮੌਲਾਨਾ ਰੂਮੀ ਦੇ ਕਥਨ ਕੁਝ ਅਜਿਹੇ ਪ੍ਰਚੱਲਤ ਹਨ ਜਿਨ੍ਹਾਂ ਵਿੱਚ ਕਿਸੇ ਵਸਤੂ ਦੀ ਇਕਸੁਰਤਾ ਹੈਰਾਨ ਕਰਨ ਵਾਲੀ ਹੈ। ਡਾ. ਰਾਧਾ ਕ੍ਰਿਸ਼ਨ ਜੀ ਦੇ ਕਥਨ ਮੁਤਾਬਕ:–

ਸ਼ੰਕਰਾਚਾਰੀਯ ਜੀ ਦਾ ਵਿਚਾਰ ਹੈ, ਸ਼ੰਕਰ ਨੇ ਬੁਧ ਮਤ ਦਾ, ਗਿਆਨ–ਸਾਰ ਉਸ ਮਤ ਨੂੰ ਗਲੇ ਨਾਲ ਲਗਾ ਕੇ ਆਪ ਚੂਸ ਲਿਆ, ਵਾਧੂ ਦਾ ਕਰਮਕਾਂਡ ਬੋਧ ਭਿਕਸ਼ੂਆਂ ਲਈ ਸੁੱਟ ਛੱਡਿਆ। ਅਜਿਹਾ ਹੀ ਕਥਨ ਮੌਲਾਨਾ ਰੂਮੀ ਦਾ ਹੈ, ਰੂਮੀ ਕਹਿੰਦੇ ਹਨ, ਕੁਰਾਨ ਦਾ ਤੱਤ ਗਿਆਨ, ਤਾਂ ਮੈਂ ਸਾਰਾ ਆਪਣੀ ਰਚਨਾ ਮਸਨਵੀ ਵਿੱਚ ਭਰ ਦਿੱਤਾ ਹੈ। ਹੱਡੀਆਂ ਮੌਲਾਣਿਆਂ ਲਈ ਛੱਡ ਦਿੱਤੀਆਂ ਹਨ।

ਗੁਰਬਾਣੀ ਕਿਸੇ ਪੁਰਾਤਨ ਗ੍ਰੰਥ, ਕਿਸੇ ਪੂਰਬ ਅਚਾਰੀਆ ਦਾ ਭਾਸ਼ ਟੀਕਾ ਜਾਂ ਤਸਰੀਹ ਨਹੀਂ। ਨਾ ਹੀ ਹੋਰ ਪਹਿਲੇ ਗ੍ਰੰਥਾਂ ਦਾ ਕੱਢਿਆ ਅਰਥ ਜਾਂ ਤੱਤ ਹੈ। ਗੁਰਬਾਣੀ ਗੁਰੂ ਸਾਹਿਬਾਨ ਦੇ ਨਿੱਜ ਅਨੁਭਵ ਦਾ ਪ੍ਰਕਾਸ਼ ਹੈ। ਜੋ ਉਨ੍ਹਾਂ ਨੂੰ ਹੁਕਮ ਇਲਾਹੀ ਦੇ ਰੂਪ ਵਿੱਚ ਪ੍ਰਾਪਤ ਹੋਇਆ। ਰੱਬੀ ਅਵੇਸ਼ ਰਾਹੀਂ ਉਤਰੀ ਦੈਵੀ ਪ੍ਰਤਿਭਾ, ਧੁਰ ਕੀ ਬਾਣੀ ਦੇ ਰਾਹੀਂ ਅਗੰਮੀ ਵਸਤੂ ਰੂਪਮਾਨ ਹੁੰਦੀ ਰਹੀ। ਬਾਣੀ ਦੇ ਕਾਵਿ ਅਤੇ ਸੰਗੀਤ ਦੇ ਰੰਗਲੇ ਚੋਲੇ ਦੇਖਕੇ ਬਾਣੀ ਦੇ ਸਰਸ ਤੇ ਸਹਿਜ ਸੁਭਾਉ, ਸਰਲ ਲਹਿਜੇ ਤੋਂ ਭੁਲੇਖੇ ਪੈ ਸਕਦੇ ਹਨ, ਇਸ ਲਈ ਕਿਹਾ ਹੈ। ਇਸ ਨੂੰ ਗੀਤ ਨਾ ਸਮਝਣਾ:–

**ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥ (ਗਉੜੀ ਕਬੀਰ–335)**

ਨਿਰਮਲ ਬੁੱਧੀ ਨਾਲ ਪੜ੍ਹਨ ਵਾਲੇ ਖੋਜੀ, ਵਿਚਾਰਵਾਨ ਜੋ ਸਿੱਖੀ ਦੇ ਪੈਰੋਕਾਰ ਭੀ ਨਹੀਂ, ਗੁਰਬਾਣੀ ਬਾਰੇ ਇਉਂ ਲਿਖਦੇ ਹਨ:–

ਗੁਰੂ ਗ੍ਰੰਥ ਸਾਹਿਬ ਸੱਚਮੁੱਚ ਦੁਨੀਆਂ ਦੀ ਆਤਮਿਕ ਵਿਚਾਰ ਦਾ ਸਰਵੋਤਮ ਖਜ਼ਾਨਾ ਹੈ। ਗੁਰੂ ਗ੍ਰੰਥ ਸਾਹਿਬ ਸਪੱਸ਼ਟ ਤੌਰ 'ਤੇ ਭਾਰਤੀ ਵਿਚਾਰਧਾਰਾ ਦਾ ਨਿਚੋੜ ਕਿਹਾ ਜਾ ਸਕਦਾ ਹੈ। ਜਿਉਂ ਜਿਉਂ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਦਾ ਗਿਆ ਮੇਰਾ ਇਸ ਨਾਲ ਪਿਆਰ ਵੱਧਦਾ ਗਿਆ। ਦੁਨੀਆਂ ਵਿੱਚ ਕੋਈ ਐਸੀ ਹੋਰ ਧਾਰਮਿਕ ਪੁਸਤਕ ਨਹੀਂ ਹੈ ਜਿਸ ਦਾ ਇੰਨਾ ਉੱਚਾ ਪੱਧਰ ਹੈ ਜਿੰਨਾਂ ਕਿ ਗੁਰੂ ਗ੍ਰੰਥ ਸਾਹਿਬ ਦਾ। (ਡਰਾਕਨ ਗਰੀਨਲੀਜ਼)

ਗੁਰੂ ਗ੍ਰੰਥ ਸਾਹਿਬ ਮਨੁੱਖੀ ਭਾਵਨਾਵਾਂ ਤੇ ਪ੍ਰਮਾਮਤਾਂ ਨਾਲ ਇਕ ਸੁਰਤਾ ਦਾ ਬਿਆਨ ਕਰਨ ਦਾ ਜ਼ਰੀਆ ਹੈ। ਮੈਂ ਦੂਜੇ ਧਰਮ–ਗ੍ਰੰਥਾਂ ਦੀਆਂ ਪੁਸਤਕਾਂ ਪੜ੍ਹੀਆਂ ਹਨ ਪਰ ਇਹੋ ਜਿਹੀ ਮਨੁੱਖੀ ਮਨ ਨੂੰ ਖਿੱਚ ਪਾਣ ਵਾਲੀ ਸ਼ਕਤੀਸ਼ਾਲੀ ਕੋਈ ਪੁਸਤਕ ਨਹੀਂ ਵੇਖੀ। (ਮਿਸ ਪਰਲ ਐਸ–ਬੱਕ)

ਗੁਰੂਆਂ ਦੀ ਜਿਉਂਦੀ ਜਾਗਦੀ ਭਾਵਨਾ ਅੱਜ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਪ੍ਰਾਪਤ ਹੈ। ਇਸ ਵਿੱਚ ਗੁਰੂਆਂ ਅਤੇ ਸੰਤਾਂ ਭਗਤਾਂ ਦੀ ਬਾਣੀ ਵੀ ਹੈ। ਦੱਸਵੇਂ ਗੁਰੂ ਨਾਨਕ (ਗੁਰੂ ਗੋਬਿੰਦ ਸਿੰਘ) ਨੇ ਧਰਤੀ ਦੇ ਲੋਕਾਂ ਦੇ ਲਾਭ ਲਈ, ਆਪਣੇ ਪੈਰੋਕਾਰਾਂ ਨੂੰ ਆਤਮਿਕ ਰੋਸ਼ਨੀ ਦਿੱਤੀ। (ਸਾਧੂ ਟੀ. ਐਲ. ਵਾਸਵਾਨੀ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੁਝ ਚੋਣਵੇਂ ਸ਼ਬਦਾਂ ਦਾ ਅੰਗ੍ਰੇਜ਼ੀ ਅਨੁਵਾਦ, ਗੁਰੂ ਨਾਨਕ ਜੀ ਦੀ ਪੰਜ ਸੌ ਸਾਲਾ ਸ਼ਤਾਬਦੀ ਸਮੇਂ ਪ੍ਰਕਾਸ਼ਤ ਹੋਇਆ। ਉਸ ਰਾਹੀਂ ਵਿਚਾਰਾਂ ਦੇ ਕੁਝ ਤੱਤ ਸਾਹਮਣੇ ਆਏ। ਇਹ ਇਕ ਮੁੱਢਲੀ ਜਾਣ ਪਛਾਣ ਕਰਾਉਣ ਵਾਲਾ ਸਹਿਜ ਸੁਭਾਈ ਜਿਹਾ ਯਤਨ ਸੀ। ਇਸ ਦੀ ਭੂਮਿਕਾ ਪ੍ਰਸਿੱਧ ਇਤਿਹਾਸਕਾਰ ਅਤੇ ਚਿੰਤਕ, ਐਰਨਲਡ ਟਾਇਨਸੀ ਨੇ ਲਿਖੀ। ਉਸ ਦੇ ਪ੍ਰਾਰੰਭਕ ਵਿਚਾਰਾਂ ਦਾ ਸਾਰ ਇਸ ਤਰ੍ਹਾਂ ਹੈ:–

ਇਹ ਗ੍ਰੰਥ ਕਈ ਕਾਰਨਾਂ ਕਰਕੇ ਮਹਾਨ ਹੈ। ਸਾਰੇ ਉਘੇ ਧਰਮ ਗ੍ਰੰਥਾਂ ਨਾਲੋਂ ਇਹ ਗ੍ਰੰਥ ਸਰਵੋਤਮ ਤੇ ਸਤਿਕਾਰਯੋਗ ਹੈ। ਇਸ ਦੇ ਭਾਵ ਸਿੱਖਾਂ ਤੋਂ ਵੱਧ ਮੁਸਲਮਾਨਾਂ ਲਈ ਕੁਰਾਨ, ਇਸਾਈਆਂ ਲਈ ਬਾਈਬਲ ਅਤੇ ਯਹੂਦੀਆਂ ਲਈ ਤੋਰਾਹ ਤੋਂ ਵੀ ਵੱਧ ਸਤਿਕਾਰਯੋਗ ਹਨ। ਆਦਿ (ਗੁਰੂ) ਗ੍ਰੰਥ ਸਿੱਖਾਂ ਦਾ ਸਰਬਕਾਲਿਕ (ਰੂਹਾਨੀ) ਗੁਰੂ ਹੈ। ਇਹ ਪ੍ਰਾਚੀਨ ਕਾਲ ਤੋਂ ਸਖਸ਼ੀ ਗੁਰੂਆਂ ਦੀ ਲੜੀ, ਜੋ ਪਹਿਲੇ ਗੁਰੂ ਨਾਨਕ ਤੋਂ ਆਰੰਭ ਹੁੰਦੀ ਹੈ, ਦੀ ਅੰਤਮ ਬਖ਼ਸ਼ਸ਼ ਹੈ।

ਸ਼ਾਇਦ ਗੁਰੂ ਨਾਨਕ ਆਪਣੇ ਆਪ ਨੂੰ ਇਸ ਬਾਣੀ ਦਾ ਰਚੇਤਾ ਕਹਿਣ ਵਿੱਚ ਸੰਕੋਚ ਮਈ ਹਨ। ਆਪ ਇਹੋ ਗੱਲ ਕਹਿਣ ਨੂੰ ਮਹਾਨਤਾ ਦਿੰਦੇ ਹਨ ਕਿ ਉਹ ਇਕ ਰੱਬੀ ਪ੍ਰਕਾਸ਼ ਨੂੰ ਲਿਆਉਣ ਵਾਲੇ ਹਨ। ਗੁਰੂ ਨਾਨਕ ਦੀ ਮਨੁੱਖਤਾ ਲਈ ਬੁਨਿ–ਆਦੀ ਸੱਚਾਈ ਅਤੇ ਪ੍ਰਮਾਤਮਾਂ ਤੱਕ ਪਹੁੰਚ ਸੇਵਾ ਤਿਆਗ ਰਾਹੀਂ ਹੈ ਅਤੇ ਅਸਲ ਵਿੱਚ ਇਹ ਇਕ ਸਰਵੋਤਮ ਧਰਮ ਦਾ ਉੱਚਤਮ ਸੰਦੇਸ਼ ਹੈ, ਜਿਸ ਨੇ ਆਪਣੀ ਹੋਂਦ ਨੂੰ ਪੂਰਨਤਾ ਦਿੱਤੀ ਹੈ।


ਹਿੰਦੂ ਮੁਸਲਮਾਨਾਂ ਦੀ ਡੂੰਘੀ ਸਾਂਝ ਮਿਲਾਪ ਅਤੇ ਉੱਚੀ ਰੂਹਾਨੀ ਸਾਂਝ, ਦਾ ਗੌਰਵ ਸਿੱਖਾਂ ਨੂੰ ਉਨ੍ਹਾਂ ਵਿਸ਼ੇਸ਼ਤਾਈਆਂ ਕਾਰਨ ਹੈ ਜੋ ਆਦਿ ਗ੍ਰੰਥ ਵਿੱਚ ਹਨ।

ਆਦਿ ਗ੍ਰੰਥ ਸਰਬਲੌਕਿਕ ਗ੍ਰੰਥ ਹੈ। ਇਸ ਵਿੱਚ ਪੁਰਾਤਨ ਭਗਤਾਂ ਦੀ ਬਾਣੀ ਹੈ। ਜਿਸ ਨੂੰ ਗੁਰੂ ਨਾਨਕ ਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂਆਂ ਨੇ ਪੂਰਨ ਕੀਤਾ। ਇਸ ਵਿੱਚ ਕਈ ਹਿੰਦੂ ਮੁਸਲਮਾਨ ਭਗਤਾਂ ਦੀ ਬਾਣੀ ਹੈ। ਉਨ੍ਹਾਂ ਦੀ ਬਾਣੀ ਨੂੰ ਆਦਿ (ਗੁਰੂ) ਗ੍ਰੰਥ ਵਿੱਚ ਇਸ ਲਈ ਅਸਥਾਨ ਪ੍ਰਾਪਤ ਹੋਇਆ ਕਿਉਂਕਿ ਸੰਪਾਦਕ ਨੇ ਇਨ੍ਹਾਂ ਭਗਤਾਂ ਨੂੰ ਅਸਲ ਵਿੱਚ ਸਿੱਖ ਜਾਣਿਆ। (ਭਾਵੇਂ ਉਹ ਸਿੱਖ ਧਰਮ ਤੋਂ ਪਹਿਲਾਂ ਹੋਏ ਤੇ ਉਨ੍ਹਾਂ ਬਾਣੀ ਭੀ ਪਹਿਲਾਂ ਲਿਖੀ), ਉਨ੍ਹਾਂ ਨੇ ਸਰਬ–ਸੰਸਾਰਕ ਰੂਹਾਨੀ ਸੱਚਾਈ ਨੂੰ ਉਤਸ਼ਾਹਿਤ ਕੀਤਾ ਅਤੇ ਸਰਬ–ਸੰਸਾਰਕ ਰੂਹਾਨੀ ਸੱਚਾਈ 'ਤੇ ਜ਼ੋਰ ਦਿੱਤਾ ਜੋ ਉਨ੍ਹਾਂ ਦੇ ਆਪਣੇ ਧਰਮ ਵਿੱਚ ਸਨ ਅਤੇ ਇਹ ਸੱਚਾਈਆਂ ਹਰ ਸਮੇਂ, ਹਰ ਇਤਕਾਦ ਦੇ ਲੋਕਾਂ ਨਾਲ ਅਪਣਾਈਆਂ ਤੇ ਮਿਲਾਈਆਂ ਜਾ ਸਕਦੀਆਂ ਹਨ।

ਮਨੁੱਖੀ ਧਰਮ ਦਾ ਭਵਿੱਖ ਧੁੰਦਲਾ ਹੋ ਸਕਦਾ ਹੈ, ਪਰ ਇਕ ਗੱਲ ਸਪੱਸ਼ਟ ਹੈ, ਵਰਤਮਾਨ ਧਰਮ ਹੁਣ ਇਕ ਦੂਜੇ ਤੋਂ ਪਹਿਲਾਂ ਨਾਲੋਂ ਵਧੇਰੇ ਪ੍ਰਭਾਵਕਾਰੀ ਹੋ ਰਹੇ ਹਨ ਅਤੇ ਉਨ੍ਹਾਂ ਵਿੱਚ ਇਕ ਦੂਜੇ ਨਾਲ ਸਾਂਝ ਵੱਧ ਰਹੀ ਹੈ, ਭਾਵੇਂ ਉਹ ਸੰਸਾਰ ਦੇ ਕਿਸੇ ਮਨੁੱਖ ਜਾਤੀ ਦੇ ਧਰਮ ਹਨ। ਇਨ੍ਹਾਂ ਧਰਮ ਗੋਸ਼ਟੀਆਂ ਵਿੱਚ ਸਿੱਖਾਂ ਦੇ ਧਾਰਮਿਕ (ਗੁਰੂ) ਗ੍ਰੰਥ ਦੇ ਨਿਵੇਕਲਾ ਅਸਥਾਨ ਤੇ ਉੱਚੀਆਂ ਕਦਰਾਂ ਹਨ। ਇਹ ਧਰਮ ਆਪਣੇ ਆਪ ਵਿੱਚ ਕੀਰਤੀ–ਥੰਮ ਹੈ ਜਿਸ ਨੇ ਦੋਹਾਂ ਧਰਮਾਂ ਵਿੱਚ ਰੂਹਾਨੀ ਮਿਲਾਪ ਪੈਦਾ ਕੀਤਾ, ਜਿਨ੍ਹਾਂ ਦੀਆਂ ਬੁਨਿਆਦੀ ਰਮਜ਼ਾਂ ਮੇਲ ਨਹੀਂ ਸਨ ਖਾਂਦੀਆਂ।

ਉਪਰ ਦਿੱਤੀਆਂ ਟੂਕਾਂ ਉਸ ਭੂਮਿਕਾ ਵਾਲੇ ਲੇਖ ਦਾ ਸੰਖੇਪ ਸਾਰ ਹਨ, ਜੋ ਇਤਿਹਾਸ ਦੇ ਉਘੇ ਚਿੰਤਕ ਤੇ ਫਿਲਾਸ–ਫਰ ਨੇ ਗੁਰੂ ਨਾਨਕ ਸ਼ਤਾਬਦੀ ਸਮੇਂ ਲਿਖਿਆ ਅਤੇ ਪੁਸਤਕ ਦੇ ਆਰੰਭ ਵਿੱਚ ਛਪਿਆ ਸੀ।

ਵਿਦਵਾਨ ਲੇਖਕ ਦੀ ਇਕ ਲਾਈਨ ਹੇਠਾਂ ਅਸੀਂ ਲਕੀਰ ਲਗਾਈ ਹੈ, ਆਪ ਨੇ ਲਿਖਿਆ ਹੈ, –ਸੰਪਾਦਕ ਨੇ ਜਿਨ੍ਹਾਂ ਭਗਤਾਂ ਦੀ ਬਾਣੀ ਚੜ੍ਹਾਈ ਹੈ, ਉਨ੍ਹਾਂ ਨੂੰ ਸਿੱਖ ਜਾਣਿਆ ਹੈ, ਇਹ ਗੱਲ ਠੀਕ ਹੈ ਕਿ ਉਹ ਭਗਤ ਗੁਰੂ ਕੇ ਸਿੱਖ ਸਨ। ਗੁਰੂ ਨਾਨਕ




ਜੀ ਦੇ ਚਲਾਣੇ ਪਿੱਛੋਂ ਚਵ੍ਹੀ ਪੰਝੀ ਸਾਲ ਦੇ ਵਿੱਚਕਾਰ ਲਿਖੀਆਂ ਗੋਇੰਦਵਾਲ ਵਾਲੀਆਂ ਪੋਥੀਆਂ ਵਿੱਚ ਇਕ ਕੀਮਤੀ ਸੂਚਨਾ ਇਸ ਤਰ੍ਹਾਂ ਲਿਖੀ ਹੋਈ ਹੈ:–

ਨਾਮਾ ਕਬੀਰ ਭਗਤ ਗੁਰੂ ਬਾਬੇ ਦੇ ਅਤੇ ਗੁਰੂ ਅਮਰਦਾਸ ਜੀ ਦੀ ਆਪਣੀ ਬਾਣੀ ਹੈ, ਨਾਮਾ ਛੀਬਾ ਕਬੀਰ ਜੁਲਾਹਾ ਪੂਰੇ ਗੁਰਿ ਤੇ ਗਤਿ ਪਾਈ।

ਇਸ ਤੋਂ ਇਹ ਫਿਕਰਾ ਸੋਧਣ ਯੋਗ ਹੋ ਜਾਂਦਾ ਹੈ– ਭਾਵੇਂ ਉਹ ਭਗਤ ਸਿੱਖ ਧਰਮ ਤੋਂ ਪਹਿਲਾਂ ਹੋਏ। ਉਨ੍ਹਾਂ ਨੇ ਬਾਣੀ ਵੀ ਪਹਿਲਾਂ ਰਚੀ। ਸੰਪਾਦਕ ਨੇ ਭਗਤਾਂ ਨੂੰ ਸਿੱਖ ਜਾਣਕੇ ਜੋ ਬਾਣੀ ਚੜ੍ਹਾਈ ਇਹ ਠੀਕ ਹੈ। ਜਿਸ ਬਾਣੀ ਦੇ ਰਚਨਹਾਰ ਬਾਰੇ ਪਹਿਲਾਂ ਹੋਣ ਦੇ ਭੁਲੇਖੇ ਦੱਸੇ ਹਨ ਉਹ ਕਥਨ ਗੁਰੂ ਅਮਰਦਾਸ ਜੀ ਦੀ ਬਾਣੀ ਦੀ ਲੋਅ ਵਿੱਚ ਗਲਤ ਹੋ ਜਾਂਦੀ ਹੈ। ਮੁੱਖ ਪ੍ਰਸ਼ਨ ਹੈ ਕਿ ਪਹਿਲੇ ਹੋਏ ਭਗਤ ਗੁਰੂ ਜੀ ਦੇ ਸਿੱਖ ਕਿਵੇਂ ਹੋਏ?

ਗੁਰੂ ਗ੍ਰੰਥ ਸਾਹਿਬ ਜੀ ਦੇ ਅਧਿਐਨ ਕਰਨ ਵਾਲਿਆਂ ਨੂੰ ਇਹ ਪ੍ਰਸ਼ਨ ਸਮਝਣ ਦੀ ਲੋੜ ਹੈ। ਅਸਾਡੀ ਇਹ ਪੁਸਤਕ ਏਸੇ ਮੁੱਦੇ ਨੂੰ ਸਪੱਸ਼ਟ ਕਰਨ ਲਈ ਹੋਂਦ ਵਿੱਚ ਆਈ ਹੈ। ਦੂਜਾ ਪਹਿਲੂ ਟਾਇਨਬੀ ਸਾਹਿਬ ਨੇ ਇਹ ਸੁਝਾਇਆ ਹੈ ਕਿ ਗੁਰੂ ਗ੍ਰੰਥ ਸਾਹਿਬ ਤੇ ਸਿੱਖ ਧਰਮ, ਸਰਬ ਸਾਂਝੇ ਨਿਜ਼ਾਮ ਦੀ ਅਗਵਾਈ ਕਰਦਾ ਹੈ, ਜ਼ਮਾਨੇ ਦੀ ਵੰਗਾਰ ਹੈ ਵਿਦਵਾਨ ਨਿਤਰਨ ਇਸ ਸੰਬੰਧੀ ਭਾਸ਼ ਤਿਆਰ ਕਰਨ, ਜਿਨ੍ਹਾਂ ਤੋਂ ਸੰਸਾਰ ਦੇ ਲੋਕਾਂ ਨੂੰ ਬਹੁ ਪਵੇ। ਸਰਬਸਾਂਝੇ ਨਿਜ਼ਾਮ ਦੀ ਰਚਨਾ ਲਈ ਗੁਰੂ ਗ੍ਰੰਥ ਸਾਹਿਬ ਨੂੰ ਭਵਿੱਖ ਦੀ ਮਨੁੱਖਤਾ ਦਾ ਜੀਵਨ ਅਧਾਰ ਬਨਾਣ। ਵੱਖੋ ਵੱਖਰੇ ਢੰਗਾਂ ਨਾਲ ਹੋਰ ਵਿਦਵਾਨਾਂ ਨੇ ਭੀ ਫ਼ਖ਼ਰ ਕਰਨਯੋਗ ਸੱਚਾਈ ਅੰਕਤ ਕੀਤੀ ਹੈ।

ਪੱਛਮੀ ਵਿਦਵਾਨਾਂ ਦੇ ਖਿਆਲਾਂ ਉੱਤੇ ਝਾਤੀ ਮਾਰਨ ਦੇ ਨਾਲ ਨਾਲ ਕੁਝ ਭਾਰਤੀ ਚਿੰਤਕਾਂ ਦੇ, ਧਰਮ ਬਾਰੇ ਟੁੰਬਣ ਵਾਲੇ ਖਿਆਲ ਮੰਡਲਾਂ ਵਿੱਚੋਂ ਦੀ ਗੁਜ਼ਰਨ ਦਾ ਲਾਭ ਉਠਾਉਣਾ ਠੀਕ ਰਹੇਗਾ। ਮੂਲ ਰੂਪ ਵਿੱਚ ਜੈਨ ਧਰਮ ਦੇ ਉਦਾਰ ਮੰਨੇ ਜਾਂਦੇ ਇਕ ਮਹਾਨ ਵਿਦਵਾਨ, ਅਚਾਰੀਆ ਸੁੱਖ ਲਾਲ ਸੰਘਵੀ, ਸਾਡੀ ਜਾਣ ਪਛਾਣ ਦੇ ਘੇਰੇ ਤੋਂ ਦੂਰ ਹਨ।

ਬਾਕੀ ਹਿਸਾ ਅਗਲੇ ਹਫਤੇ ਪੜ੍ਹੋ

# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਯਾਦਾ ਨੂੰ ਕਾਇਮ ਰੱਖਣ ਲਈ ਸਾਰੀਆਂ ਪੰਥਕ ਧਿਰਾਂ ਨੂੰ ਸੁਹਿਰਦ ਹੋਣ ਦੀ ਲੋੜ

## ਪੰਥ ਵਿੱਚ ਦੁਬਿਧਾ ਅਤੇ ਆਪਸੀ ਵਿਵਾਦ ਨੂੰ ਖਤਮ ਕਰਨ ਲਈ ਡਰਬੀ ਵਿਖੇ ਪੰਥਕ ਕਾਨਫਰੰਸ ਆਯੋਜਿਤ



ਰਾਜਿੰਦਰ ਸਿੰਘ ਪੁਰੇਵਾਲ, ਨਵਜੋਤ ਕੌਰ ਵਿਰਕ, ਦਲਜੀਤ ਸਿੰਘ ਵਿਰਕ, ਰਾਜਾ ਸਿੰਘ ਕੰਗ, ਡਾ: ਗੁਰਨਾਮ ਸਿੰਘ, ਅਵਤਾਰ ਸਿੰਘ, ਰਣਜੀਤ ਸਿੰਘ ਸੀਹਰਾ, ਕੁਲਵੰਤ ਸਿੰਘ ਢੇਸੀ, ਚੰਦਰ ਸ਼ੇਖਰ ਸਿੰਘ ਗੁਰੂ, ਮਨਪ੍ਰੀਤ ਸਿੰਘ, ਭਗਵਾਨ ਸਿੰਘ ਜੋਹਲ

ਡਰਬੀ (ਪੰਜਾਬ ਟਾਈਮਜ਼) – ਤਖਤ ਸ੍ਰੀ ਪਟਨਾ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰਾਂ ਦਰਮਿਆਨ ਬਣੇ ਤਣਾਅ ਅਤੇ ਖਾਲਸਾ ਜੀ ਦੇ ਧਾਰਮਕ-ਰਾਜਨੀਤਿਕ ਗਲਿਆਰਿਆਂ ਵਿਚ ਪੈਦਾ ਹੋਈ ਦੁਬਿਧਾ ਵਾਲੀ ਸਥਿਤੀ ਨੂੰ ਦੂਰ ਕਰਨ ਲਈ ਪਿਛਲੇ ਐਤਵਾਰ ਨੂੰ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਪੰਥਕ ਕਾਨਫਰੰਸ ਕਰਵਾਈ ਗਈ ਜਿਸ ਵਿਚ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿੱਚੋਂ ਆਏ ਪੰਥਕ ਵਿਦਵਾਨਾਂ ਅਤੇ ਪੰਥਕ ਬੁਲਾਰਿਆਂ ਨੇ ਖਾਲਸਾ ਪੰਥ ਵਿਚ ਏਕਤਾ ਅਤੇ ਇਤਫਾਕ ਨੂੰ ਬਣਾਈ ਰੱਖਣ ਲਈ ਆਪਣੇ ਵਿਚਾਰ ਪ੍ਰਗਟ ਕੀਤੇ। ਇਹ ਪੰਥਕ ਕਾਨਫਰੰਸ ਪੰਥਕ ਆਗੂ ਭਾਈ ਰਾਜਿੰਦਰ ਸਿੰਘ ਪੁਰੇਵਾਲ ਦੀ ਪਹਿਲ ਕਦਮੀ ਉਤੇ ਕਰਵਾਈ ਗਈ। ਇਸ ਕਾਨਫਰੰਸ ਵਿਚ ਲੱਗਭੱਗ ਹਰ ਕਿਸਮ ਦੇ ਵਿਚਾਰਾਂ ਅਤੇ ਵਿਚਾਰ-ਧਾਰਾਵਾਂ ਵਾਲੇ ਆਗੂਆਂ ਨੇ ਪੰਥ ਦੇ ਭਲੇ ਅਤੇ ਏਕੇ ਲਈ ਆਪਣੇ ਵਿਚਾਰ ਪ੍ਰਗਟ ਕੀਤੇ ।

ਹਫਤਾਵਾਰੀ ਪਾਠ ਦੇ ਭੋਗ ਤੋਂ ਉਪਰੰਤ ਗੁਰੂ ਘਰ ਦੇ ਹਜੂਰੀ ਰਾਗੀ ਜਥੇ ਨੇ ਰਸਭਿੰਨਾ ਕੀਰਤਨ ਕੀਤਾ। ਗੁਰਦੁਆਰਾ ਸਾਹਿਬ ਦੇ ਜਨਰਲ ਸੈਕਟਰੀ ਰਾਜਿੰਦਰ ਸਿੰਘ ਪੁਰੇਵਾਲ ਨੇ ਆਖਿਆ ਕਿ ਵਰਤਮਾਨ ਸਮੇਂ ਦੋ ਤਖਤ ਸਾਹਿਬਾਨ ਦਰਮਿਆਨ ਜੋ ਤਕਰਾਰ ਚੱਲ ਰਿਹਾ ਹੈ ਉਹ ਖਾਲਸਾ ਪੰਥ ਦੀ ਏਕਤਾ ਅਤੇ ਪ੍ਰਤੀਬਧਤਾ ਨੂੰ ਢਾਹ ਲਗਾ ਰਿਹਾ ਹੈ ਇਸ ਲਈ, ਪੰਜ ਸਿੰਘ ਸਾਹਿਬਾਨ ਅਤੇ ਹੋਰ ਸੁਹਿਰਦ ਸਿੱਖ ਆਗੂਆਂ ਨੂੰ ਇਸ ਦੁਬਿਧਾ ਭਰੀ ਸਥਿਤੀ ਵਿਚ ਆਪਣੀ ਸਕਾਰਾਤਮਕ ਭੂਮਿਕਾ ਨਿਭਾਉਣੀ ਚਾਹੀਦੀ ਹੈ। ਉਹਨਾਂ ਕਾਨਫਰੰਸ ਵਿਚ ਪੇਸ਼ ਕੀਤੇ ਜਾਣ ਵਾਲੇ ਮਤਿਆਂ ਬਾਰੇ ਵੀ ਸੰਗਤਾਂ ਨੂੰ ਜਾਣਕਾਰੀ ਦਿੱਤੀ ਗਈ। ਉਹਨਾਂ ਕਿਹਾ, ਸਿੰਘ ਸਭਾ ਡਰਬੀ ਦਾ ਹਮੇਸ਼ਾ ਹੀ ਇਹ ਯਤਨ ਰਿਹਾ ਹੈ ਕਿ ਹਰ ਪੰਥਕ ਮਸਲੇ ਬਾਰੇ ਉਹ ਪਹਿਲ ਕਦਮੀ ਕਰਕੇ ਵਿਦੇਸ਼ੀ ਸਿੱਖਾਂ ਦੇ ਵਿਚਾਰਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜ ਤਖਤ ਸਾਹਿਬਾਨ ਤੱਕ ਪਹੁੰਚਦਾ ਕਰਨ । ਇਸ ਮੌਕੇ ਬੀਬੀ ਨਵਜੋਤ ਕੌਰ ਵਿਰਕ ਨੇ ਕਿਹਾ ਕਿ ਸਾਨੂੰ ਆਪਣੇ ਬੱਚਿਆਂ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ, ਖਾਸ ਕਰਕੇ ਛੋਟੀ ਉਮਰ ਤੋਂ ਹੀ ਉਹਨਾਂ ਨੂੰ ਆਪਣੀ ਬੋਲੀ, ਗੁਰਮਤਿ ਵਿੱਦਿਆ ਦੇਣੀ ਚਾਹੀਦੀ ਹੈ । ਉਹਨਾਂ ਕਿਹਾ ਜਦੋਂ ਅਸੀਂ ਕਦੇ ਬਾਹਰ ਸਫ਼ਰ ਵੀ ਕਰਦੇ ਹਾਂ ਤਾਂ ਬੱਚਿਆਂ ਨੂੰ ਏਧਰ ਓਧਰ ਦੀਆਂ ਗੱਲਾਂ ਦੀ ਬਜਾਈ ਗੁਰਬਾਣੀ ਕੀਰਤਨ ਸੁਣਨ, ਸੁਨਾਉਣ ਵੱਲ ਤਵੱਜੋਂ ਦੇਣੀ ਚਾਹੀਦੀ ਹੈ।

ਪ੍ਰੋ: ਦਲਜੀਤ ਸਿੰਘ ਵਿਰਕ ਨੇ ਆਖਿਆ ਕਿ ਵਰਤਮਾਨ ਪੰਥਕ ਸੰਕਟ ਜਿਆਦਾ ਤਾਂ ਕੁਝ ਲੋਕਾਂ ਦੀ ਨਿੱਜੀ ਹਉਮੈਂ ਵਿੱਚੋਂ ਉਭਰਿਆ ਹੋਇਆ ਨਜ਼ਰ ਆਉਂਦਾ ਹੈ। ਕਿਉਂਕਿ ਸ੍ਰੀ ਅਕਾਲ ਤਖਤ ਸਾਹਿਬ ਅਤੇ ਤਖਤ ਸ੍ਰੀ ਪਟਨਾ ਸਾਹਿਬ ਦਰਮਿਆਨ ਪੈਦਾ ਹੋਏ ਭੁਲੇਖੇ ਕੁਝ ਸੁਹਿਰਦ ਸਿੱਖ ਵਿਦਵਾਨਾਂ ਦੇ ਸਹਿਯੋਗ ਨਾਲ ਨਿਪਟ ਗਏ ਸਨ ਪਰ ਕਿਸੇ ਵਿਅਕਤੀ ਨੇ ਆਪਣੀ ਵਿਸ਼ੇਸ਼ਤਾ ਨੂੰ ਉਜਾਗਰ ਕਰਨ ਲਈ ਇਨ੍ਹਾਂ ਨੂੰ ਤੂਲ ਦਿੱਤੀ ਹੈ। ਡਾਕਟਰ ਦਲਜੀਤ ਸਿੰਘ ਨੇ ਸਮੁੱਚੀ ਸਿੱਖ ਸੰਗਤ ਅਤੇ ਲੀਡਰ ਸਾਹਿਬਾਨ ਨੂੰ ਬੇਨਤੀ ਕੀਤੀ ਕਿ ਪੰਥਕ ਭਲੇ ਲਈ ਉਹ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਅਨੁਸਾਰ ਆਪਣਾਂ ਜੀਵਨ ਨਿਰਬਾਹ ਕਰਨ ।

ਡਾਕਟਰ ਗੁਰਨਾਮ ਸਿੰਘ ਨੇ ਸਿੱਖ ਪੰਥ ਨੂੰ ਅਪੀਲ ਕੀਤੀ ਕਿ ਸਾਡੇ ਉਤੇ ਨਾ ਕੇਵਲ ਰਾਜਸੀ ਹਮਲੇ ਹੋ ਰਹੇ ਹਨ ਬਲਕਿ ਇਸਦੇ ਨਾਲ ਹੀ ਕੌਮ ਉਤੇ ਸਿਧਾਂਤਕ ਹਮਲੇ ਵੀ ਹੋ ਰਹੇ ਹਨ ਜਿਨ੍ਹਾਂ ਦੇ ਟਾਕਰੇ ਲਈ ਸਾਨੂੰ ਆਪਣੇ ਆਰਥਕ ਸਰੋਤਾਂ ਨੂੰ ਡੂੰਘੀ ਖੋਜ ਅਤੇ ਸਿੱਖ ਇਤਿਹਾਸਕਾਰੀ ਵੱਲ ਲਗਾਉਣਾਂ ਚਾਹੀਦਾ ਹੈ। ਉਨ੍ਹਾਂ ਦੁੱਖ ਪ੍ਰਗਟ ਕੀਤਾ ਕਿ ਸਾਡੇ ਜ਼ਿਆਦਾ ਸਰੋਤ ਇਮਾਰਤਾਂ ਉਸਾਰਨ ਤੇ ਹੀ ਲੱਗ ਰਹੇ ਹਨ, ਸਿੱਖ ਇਤਿਹਾਸ ਅਤੇ ਗੁਰਬਾਣੀ ਦੀ ਖੋਜ ਉਤੇ ਬਹੁਤ ਘੱਟ ਸਰੋਤ ਲੱਗ ਰਹੇ ਹਨ। ਜੇ ਇਹ ਸਥਿਤੀ ਜਾਰੀ ਰਹੀ ਤਾਂ ਕੁਝ ਸਮੇਂ ਬਾਅਦ ਸਾਡੀ ਹੋਂਦ ਦਾ ਸਵਾਲ ਬਹੁਤ ਵੱਡਾ ਹੋ ਕੇ ਸਾਡੇ ਸਾਹਮਣੇ ਆ ਜਾਵੇਗਾ। ਡਾਕਟਰ ਗੁਰ-ਨਾਮ ਸਿੰਘ ਨੇ ਪੰਥਕ ਸੰਸਥਾਵਾਂ ਦੇ ਕਾਰਜ ਲਈ ਪੰਚ ਪਰਧਾਨੀ ਸਿਸਟਮ ਨੂੰ ਅਪਨਾਉਣ ਦੀ ਵਕਾਲਤ ਵੀ ਕੀਤੀ ।

ਭਾਈ ਰਾਜਮਨਵਿੰਦਰ ਸਿੰਘ ਰਾਜਾ ਕੰਗ ਨੇ ਆਪਣੇ ਭਾਸ਼ਣ ਦੌਰਾਨ ਇਸ ਗੱਲ ਦੀ ਜ਼ੋਰਦਾਰ ਵਕਾਲਤ ਕੀਤੀ ਕਿ ਅਸੀਂ ਰਹਿਤ ਮਰਯਾਦਾ ਦੇ ਜਾਂ ਹੋਰ ਛੋਟੇ ਮੋਟੇ ਮਤਭੇਦ ਪਾਸੇ ਰੱਖ ਕੇ ਸਾਂਝੀ ਪੰਥਕ ਸ਼ਕਤੀ ਦੇ ਤੌਰ ਤੇ ਵਿਚਰੀਏ। ਉਨ੍ਹਾਂ ਆਖਿਆ ਕਿ ਸਾਰੇ ਪੰਥਕ ਆਗੂ ਸਤਕਾਰਯੋਗ ਹਨ, ਇਸ ਲਈ ਸਾਨੂੰ ਸਾਰੀਆਂ ਪੰਥਕ ਜਥੇਬੰਦੀਆਂ, ਟਕਸਾਲਾਂ, ਅਖੰਡ ਕੀਰਤਨੀ ਜਥਾ ਅਤੇ ਮਿਸ਼ਨਰੀ ਸਿੰਘਾਂ ਨੂੰ ਬਰਾਬਰ ਦਾ ਸਤਿਕਾਰ ਦੇ ਕੇ ਪੰਥਕ ਏਕਤਾ ਦਾ ਸਬੂਤ ਦੇਣ ਚਾਹੀਦਾ ਹੈ। ਭਾਈ ਰਾਜਮਨਵਿੰਦਰ ਸਿੰਘ ਨੇ ਆਖਿਆ ਕਿ ਪੰਥ ਨੂੰ ਨਵੀਂ ਸਿੱਖ ਲੀਡਰਸ਼ਿਪ ਪ੍ਰਦਾਨ ਕਰਨ ਲਈ 2 ਦਸੰਬਰ ਦੇ ਹੁਕਮਨਾਮੇ ਇਕ ਰਾਹ ਦਰਸਾ-ਵਾ ਹਨ। ਜਿਹੜੇ ਉਨ੍ਹਾਂ ਹੁਕਮਨਾਮਿਆਂ ਨੂੰ ਪਿਠ ਦੇ ਰਹੇ ਹਨ ਉਹ ਪੰਥਕ ਕਾਜ ਦੇ ਸਹਾਈ ਨਹੀਂ ਹੋ ਰਹੇ। ਉਹਨਾਂ ਨੇ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਕਾਰਜਕਾਰੀ ਜਥੇਦਾਰ ਵਜੋਂ ਨਿਯੁਕਤੀ ਉਤੇ ਵੀ ਸਵਾਲ ਚੁੱਕੇ।

ਭਾਈ ਚੰਦਰ ਸ਼ੇਖਰ ਸਿੰਘ ਗੁਰੂ ਨੇ ਬੇਨਤੀ ਕੀਤੀ ਕਿ ਆਪਾਂ ਵਿਦੇਸ਼ੀ ਸਿੱਖਾਂ ਦਾ ਇਕ ਸੰਗਠਨ ਬਣਾਈਏ ਜਿਸ ਵਿੱਚ ਹਰ ਮੁਲਕ ਵਿੱਚੋਂ ਪੰਜ ਸਿੰਘਾਂ ਨੂੰ ਲੈ ਲਿਆ ਜਾਵੇ ਤਾਂ ਕਿ ਉਹ ਪੰਥਕ ਸੰਗਠਨ ਵਿਦੇਸ਼ੀ ਸਿੱਖਾਂ ਦੀ ਅਵਾਜ਼ ਤਖਤ ਸਾਹਿਬਾਨ ਅਤੇ ਸ਼੍ਰੋਮਣੀ ਕਮੇਟੀ ਤੱਕ ਪਹੁੰਚਦੀ ਕਰਨ। ਭਾਈ ਸਾਹਿਬ ਨੇ ਇਹ ਗਿਲਾ ਵੀ ਕੀਤਾ ਕਿ ਵਿਦੇਸ਼ੀ ਸਿੱਖਾਂ ਦੀ ਅਵਾਜ਼ ਉਸ ਸਤਿਕਾਰ ਨਾਲ ਨਹੀਂ ਸੁਣੀ ਜਾਂਦੀ ਜਿਵੇਂ ਸੁਣੀ ਜਾਣੀ ਚਾਹੀਦੀ ਹੈ ਪਰ ਫਿਰ ਵੀ ਸਾਨੂੰ ਵਿਦੇਸ਼ੀ ਸਿੱਖਾਂ ਦੇ ਮਸਲੇ ਸੰਗਠਿਤ ਅਵਾਜ਼ ਵਿਚ ਉਠਾਉਂਦੇ ਰਹਿਣਾਂ ਚਾਹੀਦਾ ਹੈ।

ਅਵਤਾਰ ਸਿੰਘ ਪੱਤਰਕਾਰ ਨੇ, ਸ੍ਰੀ ਅਕਾਲ ਤਖਤ ਸਾਹਿਬ ਦੇ ਰੂਹਾਨੀ ਸੰਕਲਪ ਦੀ ਫਿਲਾਸਫੀ ਅਤੇ ਇਸਦੇ ਸਿਖ ਮਾਨਸਿਕਤਾ ਨਾਲ ਗਹਿਰੇ ਰਿਸ਼ਤੇ ਦੀ ਵਿਆਖਿਆ ਕਰਦਿਆਂ ਆਖਿਆ ਕਿ ਦੁਸ਼ਮਣ ਸਾਨੂੰ ਆਪਣੇ ਅਧਿਆਤਮਕ ਸੋਮੇ ਤੋਂ ਤੋੜਨ ਲਈ ਕਾਫੀ ਸਰਗਰਮੀ ਨਾਲ ਕਾਰਜ ਕਰ ਰਿਹਾ ਹੈ। ਦੁਸ਼ਮਣ ਦੇ ਇਸ ਹਮਲੇ ਨੂੰ ਪਛਾੜਨ ਲਈ ਇਕ ਤਾਂ ਸਾਨੂੰ ਆਪਣੀ ਇਤਿਹਾਸਕਾਰੀ ਅਤੇ ਖੋਜ ਪਰੰਪਰਾ ਨੂੰ ਮੁੜ ਤੋਂ ਸੰਗਠਿਤ ਕਰਨਾ ਪਵੇਗਾ ਦੂਜਾ ਸਾਨੂੰ ਦਸਮ ਪਿਤਾ ਦੇ ਨਾਦੀ ਪੁੱਤਰ ਹੋਣ ਦੇ ਨਾਤੇ ਉਨ੍ਹਾਂ ਧਾਰਮਕ ਵਖਰੇਵਿਆਂ ਨੂੰ ਉਛਾਲਣ ਤੋਂ ਗੁਰੇਜ ਕਰਨਾ ਪਵੇਗਾ ਜਿਹੜੇ ਅਕਸਰ ਹੀ ਸਾਡੀ ਏਕਤਾ ਦਰਮਿਆਨ ਆ ਖੜ੍ਹਦੇ ਹਨ। ਉਨ੍ਹਾਂ ਆਖਿਆ ਕਿ ਗੁਰੂ ਸਾਹਿਬ ਦੇ ਪੁਤਰ-ਧੀਆਂ ਹੋਣ ਦੀ ਸਾਡੀ ਸਾਂਝ ਉਨ੍ਹਾਂ ਵਖਰੇਵਿਆਂ ਨਾਲੋਂ ਬਹੁਤ ਮਜ਼ਬੂਤ ਹੈ ਜੋ ਦੁਸ਼ਮਣ ਨੇ ਸਾਡੇ ਦਰਮਿਆਨ ਪੈਦਾ ਕਰ ਦਿੱਤੇ ਹਨ। ਸਾਨੂੰ ਵਖਰੇਵਿਆਂ ਦੇ ਨਾਲ ਰਹਿਣ ਦੀ ਸੱਭਿਅਕ ਆਦਤ ਮਜ਼ਬੂਤ ਕਰਨੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਵਰਤਮਾਨ ਪੰਥਕ ਸੰਕਟ ਦੇ ਸੰਦਰਭ ਵਿਚ ਸਰਬੱਤ ਖਾਲਸਾ ਨੂੰ ਮੁੜ ਕਾਰਜਸ਼ੀਲ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

ਪੰਥਕ ਵਿਦਵਾਨ ਲੇਖਕ ਭਾਈ ਕੁਲਵੰਤ ਸਿੰਘ ਢੇਸੀ ਨੇ ਵੀ ਵਰਤਮਾਨ ਪੰਥਕ ਸੰਕਟ ਦੇ ਸੰਦਰਭ ਵਿਚ ਮਤਭੇਦ ਤਿਆਗ ਕੇ ਗੁਰੂ ਮਤ ਅਨੁਸਾਰ ਕਾਰਜ ਕਰਨ ਦੀ ਬੇਨਤੀ ਕੀਤੀ। ਆਪ ਜੀ ਨੇ ਸਿੱਖ ਇਤਿਹਾਸਕਾਰੀ ਦੀ ਖੱਬੇ-ਪੱਖੀ ਵਿਆਖਿਆ ਨੂੰ ਵੀ ਨਕਾਰਨ ਦੀ ਅਪੀਲ ਕੀਤੀ। ਰਾਮਗੜ੍ਹੀਆ ਕੌਂਸਲ ਯੂ ਕੇ ਅਤੇ ਰਾਮਗੜ੍ਹੀਆ ਸਭਾ ਡਰਬੀ ਦੇ ਸੇਵਾਦਾਰ ਭਾਈ ਰਣਜੀਤ ਸਿੰਘ ਸੀਹਰਾ ਨੇ ਵੀ ਆਪਣੇ ਵਿਚਾਰ ਪਰਗਟ ਕਰਦੇ ਹੋਏ ਪੰਥਕ ਏਕਤਾ ਨੂੰ ਮਜ਼ਬੂਤ ਕਰਨ ਦੀ ਗੱਲ ਕੀਤੀ।

ਪੰਥਕ ਵਿਦਵਾਨ ਤੇ ਲੇਖਕ ਭਾਈ ਭਗਵਾਨ ਸਿੰਘ ਜੌਹਲ ਨੇ ਸੰਬੋਧਨ ਕਰਦੇ ਕਿਹਾ ਕਿ ਪੰਥ ਵਿੱਚ ਦੂਰੀਆਂ ਵਧ ਰਹੀਆਂ ਹਨ, ਪੰਥ ਦੇ ਭਲੇ ਅਤੇ ਚੜ੍ਹਦੀ ਕਲਾ ਲਈ ਸਾਰੀਆਂ ਧਿਰਾਂ ਨੂੰ ਪੰਥ ਲਈ ਸਮਰਪਿਤ ਹੋਣ ਦੀ ਲੋੜ ਹੈ ਤੇ ਇਹ ਦੂਰੀਆਂ ਮਿਟਾਉਣ ਵਿੱਚ ਹੀ ਪੰਥ ਦਾ ਭਲਾ ਹੈ।

ਵਰਲਡ ਸਿੱਖ ਪਾਰਲੀਮੈਂਟ ਦੇ ਜਨਰਲ ਸਕੱਤਰ ਭਾਈ ਮਨਪ੍ਰੀਤ ਸਿੰਘ ਨੇ ਕਿਹਾ ਕਿ ਸਿੱਖਾਂ ਦੇ ਸਾਰੇ ਮਸਲਿਆਂ ਦਾ ਹੱਲ ਪੰਥ ਦੀ ਅਜ਼ਾਦ ਹਸਤੀ ਕਾਇਮ ਕਰਕੇ ਹੀ ਹੋ ਸਕਦਾ ਹੈ । ਸਾਨੂੰ ਸਾਰਿਆਂ ਨੂੰ ਆਪਸੀ ਮੱਤਭੇਦ ਭੁਲਾ ਕੇ ਖਾਲਿਸਤਾਨ ਦੀ ਅਜ਼ਾਦੀ ਲਈ ਜ਼ੋਰ ਲਾਉਣਾ ਚਾਹੀਦਾ ਹੈ, ਪਰ ਸਿੱਖਾਂ ਦਾ ਦੁਸ਼ਮਣ ਤੁਹਾਡੀ ਤਾਕਤ ਨੂੰ ਖੇਰੂੰ ਖੇਰੂੰ ਕਰਨ ਲਈ ਆਏ ਦਿਨ ਮੱਤਭੇਦ ਪੈਦਾ ਕਰਕੇ ਪੰਥ ਨੂੰ ਕਮਜ਼ੋਰ ਕਰਨ ਦੀ ਹਰ ਕੋਸ਼ਿਸ਼ ਕਰ ਰਿਹਾ ਹੈ।

ਭਾਈ ਦੁਪਿੰਦਰਜੀਤ ਸਿੰਘ (ਪੋਲਿਟੈਕਸ ਪੰਜਾਬ ਚੈਨਲ) ਪਹੁੰਚੇ ਸਨ, ਪਰ ਸਿਹਤ ਠੀਕ ਨਾ ਹੋਣ ਕਾਰਨ ਉਹ ਸਟੇਜ ਤੋਂ ਹਾਜ਼ਰੀ ਨਾ ਲਵਾ ਸਕੇ । ਇਹਨਾਂ ਦੇ ਇਲਾਵਾ ਬਹੁਤ ਸਾਰੇ ਜਿਹੜੇ ਆਗੂ ਇਸ ਕਾਨਫਰੰਸ ਵਿੱਚ ਪਹੁੰਚ ਨਹੀਂ ਸਕੇ ਉਹਨਾਂ ਨੇ ਫੋਨ ਕਰਕੇ ਜਾਂ ਲਿਖ ਕੇ ਆਪਣੇ ਸੁਝਾਅ ਤੇ ਵਿਚਾਰ ਸਾਂਝੇ ਕਰਨ ਲਈ ਭੇਜੇ, ਉਹਨਾਂ ਵਿੱਚ ਵਰਲਡ ਸਿੱਖ ਪਾਰਲੀਮੈਂਟ ਦੇ ਸਪੋਕਸਮੈਨ ਭਾਈ ਜੋਗਾ ਸਿੰਘ, ਜਥੇਦਾਰ ਮਹਿੰਦਰ ਸਿੰਘ ਖਹਿਰਾ, ਭਾਈ ਅਵਤਾਰ ਸਿੰਘ ਸੰਘੇੜਾ, ਮਾਸਟਰ ਕੁਲਵਿੰਦਰ ਸਿੰਘ (ਸਰੀ ਕੈਨੇਡਾ), ਸ: ਗੁਰਦੇਵ ਸਿੰਘ ਚੌਹਾਨ ਪ੍ਰਧਾਨ (ਸ਼੍ਰੋ: ਅਕਾਲੀ ਦਲ ਯੂਕੇ), ਪ੍ਰਿੰਸੀਪਲ ਸੁਜਿੰਦਰ ਸਿੰਘ ਸੰਘਾ, ਭਾਈ ਗੁਰਦੇਵ ਸਿੰਘ ਜਥੇਦਾਰ (ਸਾਹਿਬਜ਼ਾਦਾ ਫਤਹਿ ਸਿੰਘ ਤਰਨਾ ਦਲ), ਸ: ਹਰਦਿਆਲ ਸਿੰਘ ਢਿੱਲੋਂ, ਸ: ਜਗਤਾਰ ਸਿੰਘ ਗਿੱਲ (ਗੁਰ-ਦੁਆਰਾ ਏਡ), ਪ੍ਰੋ: ਬਲਵਿੰਦਰਪਾਲ ਸਿੰਘ, ਸ: ਪ੍ਰਮਿੰਦਰਪਾਲ ਸਿੰਘ ਖਾਲਸਾ (ਸਿੱਖ ਸੇਵਕ ਸੁਸਾਇਟੀ ਇੰ:) ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ, ਗਿਆਨੀ ਤ੍ਰਿਬੇਦੀ ਸਿੰਘ ਆਦਿ ਸ਼ਾਮਿਲ ਹਨ ।

ਉਕਤ ਆਗੂਆਂ ਨੇ ਪੇਸ਼ ਕੀਤੇ ਗਏ ਤਕਰੀਬਨ ਬਹੁਤੇ ਮਤਿਆਂ ਨਾਲ ਸਹਿਮਤੀ ਪ੍ਰਗਟਾਈ ਅਤੇ ਪੰਥਕ ਏਕਤਾ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਨ ਮਰਯਾਦਾ ਨੂੰ ਕਾਇਮ ਰੱਖਣ ਲਈ ਅਕਾਲ ਤਖ਼ਤ ਦੇ ਜਥੇਦਾਰ ਸਾਹਿਬਾਨ ਦੀ ਨਿਯੁਕਤੀ/ਚੋਣ ਅਤੇ ਕੰਮ ਕਾਜ, ਅਧਿਕਾਰਾਂ ਅਤੇ ਜਿੰਮੇਵਾਰਆਂ ਪ੍ਰਤੀ ਕੋਈ ਲਿਖਤੀ ਵਿਧਾਨ ਹੋਣਾ ਚਾਹੀਦਾ ਹੈ ।

ਪੰਥਕ ਸੇਵਾਦਾਰ, ਪ੍ਰਿੰ: ਡਾ: ਸੁਜਿੰਦਰ ਸਿੰਘ ਸੰਘਾ ਓ ਬੀ ਈ ਆਪ ਤਾਂ ਨਹੀਂ ਆ ਸਕੇ, ਉਹਨਾਂ ਆਪਣੇ ਵਿਚਾਰ ਹੇਠਾਂ ਲਿਖੇ ਅਨੁਸਾਰ ਭੇਜੇ: 1 ਵਿਸ਼ਵ ਵਿਆਪਕ ਸਿੱਖ-ਪੰਥ ਵਾਸਤੇ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਦੀ ਰਹਿਨੁਮਾਈ 'ਚ, ਸਾਡੇ ਪੰਜੇ ਤਖਤ ਅਤੇ ਜਥੇਦਾਰ ਸਾਹਿਬਾਨ ਇਤਿਹਾਸਕ, ਤਤਕਾਲੀਨ ਅਤੇ ਭਵਿੱਖਤ ਪ੍ਰਮੁੱਖਤਾ ਰੱਖਦੇ ਹਨ । 2 ਪੰਜੇ ਤਖਤ ਅਤੇ

ਬਾਕੀ ਹਿੱਸਾ 43 ਪੰਨੇ ਤੇ

# ਗੁਰਦੁਆਰਾ ਸਿੰਘ ਸਭਾ ਡਰਬੀ ਵਿਖੇ ਆਯੋਜਿਤ ਕੀਤੀ ਕਾਨਫਰੰਸ ਵਿੱਚ ਪਾਸ ਕੀਤੇ ਗਏ ਮਤੇ

ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰਾਂ ਦੇ ਦਰਮਿਆਨ ਉਪਜੇ ਮੌਜੂਦਾ ਸੰਕਟ ਦੇ ਕਾਰਨ 13 ਜੁਲਾਈ 2025 ਨੂੰ ਸਿੰਘ ਸਭਾ ਡਰਬੀ ਵਿਖੇ ਪੰਥਕ ਕਾਨਫਰੰਸ ਬੁਲਾਈ ਗਈ। ਤਖ਼ਤਾਂ ਦੇ ਜਥੇਦਾਰਾਂ ਵਿਚ ਅਜਿਹਾ ਮਾਹੌਲ ਬਣਨ ਦੇ ਨਾਲ ਦੇਸ਼ ਵਿਦੇਸ਼ ਦੀ ਸਮੁੱਚੀ ਸਿੱਖ ਸੰਗਤ ਦੁਬਿਧਾ ਵਿੱਚ ਹੈ ਤੇ ਇਸ ਸਥਿਤੀ ਨੂੰ ਗੰਭੀਰਤਾ ਨਾਲ ਲੈ ਰਹੀ ਹੈ। ਜਿਸ ਕਾਰਨ ਸ੍ਰੀ ਗੁਰੂ ਸਿੰਘ ਸਭਾ ਡਰਬੀ ਅਤੇ ਗ੍ਰੇਟ ਬਾਰ ਬਰਮਿੰਘਮ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਵੱਲੋਂ ਇਸ ਮੌਜੂਦਾ ਸੰਕਟ ਬਾਰੇ ਯੂ ਕੇ ਦੇ ਉਘੇ ਸਿੱਖ ਸਕਾਲਰਾਂ, ਵਿਦਵਾਨਾਂ ਤੇ ਆਗੂਆਂ ਦੀ ਇਹ ਕਾਨਫਰੰਸ ਸੱਦੀ ਗਈ ਹੈ, ਜਿਸ ਵਿਚ ਹੇਠਾਂ ਲਿਖੇ ਮਤੇ ਪੇਸ਼ ਕੀਤੇ ਗਏ ਹਨ ਅਤੇ ਬੁਲਾਰਿਆਂ ਨੇ ਇਹਨਾਂ ਮਤਿਆਂ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਸੰਗਤਾਂ ਪਾਸੋਂ ਸਹਿਮਤੀ ਲਈ ਗਈ:

ਮਤਾ 1) ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰਾਂ ਦਰਮਿਆਨ ਪੈਦਾ ਹੋਏ ਸੰਕਟ ਨੂੰ ਸ਼੍ਰੋਮਣੀ ਕਮੇਟੀ ਤੁਰੰਤ ਸਮਾਪਤ ਕਰਕੇ ਸਾਜਗਾਰ ਮਾਹੌਲ ਬਨਾਉਣ ਲਈ ਯਤਨ ਕਰੇ । ਤਖ਼ਤਾਂ ਦੇ ਜਥੇਦਾਰਾਂ ਦੀ ਚੋਣ/ਨਿਯੁਕਤੀ ਅਤੇ ਕੰਮ-ਕਾਜ ਸਬੰਧੀ ਸ਼੍ਰੋ: ਗੁ: ਪ੍ਰ: ਕਮੇਟੀ ਵੱਲੋਂ ਬਣਾਈ ਗਈ ਸਲਾਹਕਾਰ ਕਮੇਟੀ ਵਿੱਚ ਲਏ ਗਏ ਵਿਅਕਤੀਆਂ ਵਿੱਚੋਂ ਬਹੁਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪੰਥ ਪ੍ਰਵਾਣਤ ਰਹਿਤ ਮਰਯਾਦਾ ਨੂੰ ਮੰਨਦੇ ਹੀ ਨਹੀਂ। ਅੱਜ ਦੇ ਇਕੱਠ ਵਿੱਚ ਸਮੁੱਚੀ ਸੰਗਤ ਵੱਲੋਂ ਇਹ ਮਤਾ ਪਾਸ ਕੀਤਾ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਜਾਂ ਚੋਣ ਬਾਰੇ ਪੁਨਰ ਵਿਚਾਰ ਕਰੇ ਅਤੇ ਸਲਾਹਕਾਰ ਕਮੇਟੀ ਵਿਚ ਜਿਹੜੇ ਸੱਜਣ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਨੂੰ ਨਹੀਂ ਮੰਨਦੇ ਉਹਨਾਂ ਨੂੰ ਜਾਂ ਤਾਂ ਇਸ ਕਮੇਟੀ ਤੋਂ ਬਾਹਰ ਰੱਖਿਆ ਜਾਵੇ ਜਾਂ ਉਹਨਾਂ ਪਾਸੋਂ ਲਿਖਤੀ ਰੂਪ ਵਿਚ ਪੰਥ ਪ੍ਰਵਾਣਿਤ ਰਹਿਤ ਮਰਯਾਦਾ ਨੂੰ ਮੰਨਣ ਦਾ ਹਲਫ਼ ਲਿਆ ਜਾਵੇ।

ਮਤਾ 2) ਵਿਦੇਸ਼ਾਂ ਵਿੱਚ ਵਸਦੇ ਲੱਖਾਂ ਸਿੱਖਾਂ ਨੂੰ ਇਸ ਸਲਾਹਕਾਰ ਕਮੇਟੀ ਵਿੱਚ ਬਹੁਤ ਘੱਟ ਨੁਮਾਇੰਦਗੀ ਦਿੱਤੀ ਗਈ । ਅੱਜ ਦਾ ਇਕੱਠ ਇਹ ਮਤਾ ਪਾਸ ਕਰਦਾ ਹੈ ਕਿ ਵਿਦੇਸ਼ਾਂ ਵਿੱਚੋਂ ਹੋਰ ਵੀ ਉਘੇ ਸਿੱਖ ਵਿਦਵਾਨ/ ਸਕਾਲਰ ਇਸ ਕਮੇਟੀ ਵਿੱਚ ਲਏ ਜਾਣੇ ਚਾਹੀਦੇ ਹਨ ।

ਮਤਾ 3) ਅੱਜ ਦਾ ਇਕੱਠ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਸ਼ਹੀਦੀਆਂ ਪਾਉਣ ਵਾਲੇ ਅਤੇ ਜੇਹਲਾਂ ਵਿਚ ਬੰਦ ਸਿੰਘਾਂ ਅਤੇ ਵੱਖ-ਵੱਖ ਖੇਤਰ ਵਿਚ ਪੰਥ ਦੀਆਂ ਸੇਵਾਵਾਂ ਕਰ ਰਹੇ ਸਿੰਘਾਂ ਦਾ ਸਤਿਕਾਰ ਕਰਦਾ ਹੈ ਤੇ ਗੁਰੂ ਚਰਨਾਂ ਵਿਚ ਉਹਨਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦਾ ਹੈ । ਹਲੇਮੀ ਰਾਜ ਲਈ ਸ਼ਹੀਦੀਆਂ ਪਾਉਣ ਵਾਲੇ ਸਾਰੇ ਸਿੰਘਾਂ ਸਿੰਘਣੀਆਂ ਨੂੰ ਪੰਥ ਦੇ ਕੌਮੀ ਸ਼ਹੀਦ ਕਰਾਰ ਦਿੰਦਾ ਹੈ ।

ਮਤਾ 4) ਸੌਦਾ ਸਾਧ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਅਣਮੰਗਿਆਂ ਹੀ ਮੁਆਫ਼ੀ ਦੇਣ ਸਮੇਂ ਜਿਹੜੇ ਪੰਜ ਸਿੰਘ ਸਾਹਿਬਾਨ ਵੱਲੋਂ ਉਸ ਸਮੇਂ ਦੇ ਜਥੇਦਾਰ ਅਤੇ ਮੁਆਫ਼ੀ ਦੇਣ ਵਾਲਿਆਂ ਦਾ ਵਿਰੋਧ ਕੀਤਾ ਗਿਆ ਸੀ, ਉਹਨਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਬਰਖਾਸਤ ਕਰ ਦਿੱਤਾ ਗਿਆ ਸੀ। ਪਰ ਉਹਨਾਂ ਸਿੰਘ ਸਾਹਿਬਾਨ ਨੇ ਪੰਥ ਦੀ ਮਰਯਾਦਾ ਕਾਇਮ ਰੱਖੀ, ਉਹ ਆਪਣੇ ਹੱਕ ਲਈ ਕਦੇ ਕਿਸੇ ਅਦਾਲਤ ਵਿੱਚ ਨਹੀਂ ਗਏ, ਬਲਕਿ ਸੰਗਤ ਵਿੱਚ ਵਿਚਰਦੇ ਹੋਏ ਨਿੱਜੀ ਤੌਰ ਤੇ ਪੰਥਕ ਸੇਵਾਵਾਂ ਕਰਦੇ ਰਹੇ ਹਨ । ਦੂਜੇ ਪਾਸੇ ਉਕਤ ਗਲਤੀ ਕਰਨ ਵਾਲਿਆਂ ਨੂੰ ਮਾਫ਼ ਕਰਕੇ ਬਹਾਲ ਵੀ ਕਰ ਦਿੱਤਾ ਗਿਆ, ਪਰ ਇਹਨਾਂ ਸਿੰਘ ਸਾਹਿਬਾਨ ਨੂੰ ਬਹਾਲ ਕਿਉਂ ਨਹੀਂ ਕੀਤਾ ਜਾ ਰਿਹਾ। ਅੱਜ ਦੇ ਇਕੱਠ ਵੱਲੋਂ ਪਾਸ ਕੀਤਾ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਇਹਨਾਂ ਸਿੰਘ ਸਾਹਿਬਾਨ ਨੂੰ ਛੇਤੀ ਤੋਂ ਛੇਤੀ ਬਹਾਲ ਕਰੇ ਤਾਂ ਜੋ ਉਹ ਮੁੜ ਪੰਥ ਦੀ ਸੇਵਾ ਜਾਰੀ ਰੱਖ ਸਕਣ ।

ਮਤਾ 5) 2015 ਨੂੰ ਚੱਬੇ ਦੀ ਧਰਤੀ ਤੇ ਲੱਖਾਂ ਸੰਗਤਾਂ ਦੇ ਇਕੱਠ ਵਿਚ ਥਾਪੇ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦਾ ਪੂਰਾ ਸਤਿਕਾਰ ਕਰਦਾ ਹੈ । ਪਰ ਜਿਹੜੇ ਹੁਣ ਸ਼੍ਰੋਮਣੀ ਕਮੇਟੀ ਵੱਲੋਂ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਕਾਰਜਕਾਰੀ ਜਥੇਦਾਰ ਦੀ ਸੇਵਾ ਦਿੱਤੀ ਗਈ ਹੈ, ਉਹ ਵੀ ਇਸ ਮੌਕੇ ਪੰਥ ਦੀਆਂ ਸੇਵਾਵਾਂ ਪਹਿਲੇ ਜਥੇਦਾਰਾਂ ਨਾਲੋਂ ਠੀਕ ਢੰਗ ਨਾਲ ਨਿਭਾਅ ਰਹੇ ਹਨ।

ਮਤਾ 6) ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸ਼੍ਰੋਮਣੀ ਕਮੇਟੀ ਦੇ ਨੌਕਰੀ-ਪੇਸ਼ਾ /ਤਨਖਾਹਦਾਰ ਨਹੀਂ ਹੋਣੇ ਚਾਹੀਦੇ । ਉਹ ਅਜ਼ਾਦ ਤੌਰ ਤੇ ਕੋਈ ਉਘਾ ਸਥਾਨ ਰੱਖਣ ਵਾਲੇ, ਸਿੱਖੀ ਦਾ ਪ੍ਰਚਾਰ ਕਰਨ ਵਾਲੇ ਵਿਦ-ਵਾਨ, ਕੋਈ ਰਿਟਾਇਰਡ ਅਹੁਦੇ ਦੇ ਗੁਰਸਿੱਖ ਅਫ਼ਸਰ ਜੋ ਸਿੱਖੀ ਨੂੰ ਭੈ-ਭਾਵਨੀ ਨਾਲ ਮੰਨਣ ਵਾਲੇ ਹੋਣ ਉਹਨਾਂ ਨੂੰ ਜਥੇਦਾਰ ਦੀ ਸੇਵਾ ਦੇਣੀ ਚਾਹੀਦੀ ਹੈ । ਉਹਨਾਂ ਦੇ ਫ਼ੈਸਲੇ ਕਿਸੇ ਵੀ ਬਾਹਰੀ ਪ੍ਰਭਾਵ ਅਤੇ ਦਬਾਅ ਤੋਂ ਮੁਕਤ ਹੋਣੇ ਚਾਹੀਦੇ ਹਨ । ਜੇ ਉਹਨਾਂ ਨੂੰ ਬਾਹਰ ਵਿਦੇਸ਼ ਵੀ ਜਾਣਾ ਪਵੇ ਤਾਂ ਉਹ ਨਿੱਜੀ ਯਾਤਰਾ ਦੀ ਬਜਾਏ ਅਹਿਮ ਪੰਥਕ ਕਾਰਜਾਂ ਲਈ ਹੀ ਮੀਟਿੰਗਾਂ ਵਿਚ ਸ਼ਾਮਿਲ ਹੋਣ ਲਈ ਪਾਬੰਦ ਹੋਣੇ ਚਾਹੀਦੇ ਹਨ ।

ਮਤਾ 7) ਤਖ਼ਤ ਸਾਹਿਬਾਨ ਦੇ ਜਥੇਦਾਰ ਗੈਰ ਪੰਥਕ ਸਿਆਸੀ ਪਾਰਟੀਆਂ ਨਾਲ ਮੀਟਿੰਗਾਂ ਕਰਨ ਤੋਂ ਪ੍ਰਹੇਜ਼ ਕਰਨ । ਉਹਨਾਂ ਨੂੰ ਸਿੱਖੀ ਦੇ ਪ੍ਰਚਾਰ ਤੇ ਪਾਸਰ ਲਈ ਹੀ ਸੰਗਤਾਂ ਵਿਚ ਵਿਚਰਨਾ ਚਾਹੀਦਾ ਹੈ ।

ਮਤਾ 8) ਜਿਹੜੀਆਂ ਸੰਪਰਦਾਵਾਂ, ਸੰਸਥਾਵਾਂ ਤੇ ਜਥੇਬੰਦੀਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪੰਥ ਪ੍ਰਵਾਣਿਤ ਰਹਿਤ ਮਰਯਾਦਾ ਤੇ ਅਸੂਲਾਂ ਨੂੰ ਨਹੀਂ ਮੰਨਦੀਆਂ, ਉਹਨਾਂ ਦੇ ਪ੍ਰਭਾਵ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਿਲਕੁਲ ਮੁਕਤ ਹੋਣੇ ਚਾਹੀਦੇ ਹਨ।

ਮਤਾ 9) ਬਹੁਤ ਸਾਰੇ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਵਿੱਚ ਸਾਬਤ ਸੂਰਤ ਗੁਰਸਿੱਖ ਨਹੀਂ ਹਨ । ਸ਼੍ਰੋਮਣੀ ਗੁ: ਪ੍ਰ: ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦੇਸ਼ ਵਿਦੇਸ਼ ਦੀ ਸਮੁੱਚੀ ਸੰਗਤ ਨੂੰ ਇਸ ਸਬੰਧੀ ਆਦੇਸ਼ ਜਾਰੀ ਹੋਣ ਕਿ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਵਿਚ ਅਹਿਮ ਅਹੁਦਿਆਂ ਦੇ ਸੇਵਾਦਾਰ ਸਾਬਤ ਸੂਰਤ ਗੁਰਸਿੱਖ ਹੋਣੇ ਚਾਹੀਦੇ ਹਨ।

ਮਤਾ 10) ਜਿਹੜੀਆਂ ਪੰਥ ਦੀਆਂ ਸ਼ਖਸੀਅਤਾਂ ਨੂੰ ਲੰਮਾ ਸਮਾਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਛੇਕਿਆ ਗਿਆ ਸੀ, ਪਰ ਬਾਅਦ ਵਿਚ ਉਹ ਸੰਗਤ ਵਿਚ ਵਿਚਰਦਿਆਂ ਪੰਥ ਦੀ ਸੇਵਾ ਗੁਰਮਤਿ ਅਨੁਸਾਰ ਜਾਰੀ ਰੱਖ ਰਹੇ ਹਨ, ਉਹਨਾਂ ਨੂੰ ਪੰਥ ਵਿਚ ਸ਼ਾਮਿਲ ਕਰਨ ਲਈ ਮੁੜ ਵਿਚਾਰ ਕੀਤੀ ਜਾਵੇ ਅਤੇ ਉਹਨਾਂ ਨੂੰ ਪੰਥ ਵਿਚ ਮੁੜ ਸ਼ਾਮਿਲ ਹੋਣ ਦਾ ਮੌਕਾ ਦਿਤਾ ਜਾਣਾ ਚਾਹੀਦਾ ਹੈ ।

ਮਤਾ 11) ਇਸ ਸਮੇਂ ਪੰਥ ਦੀਆਂ ਬਹੁਤ ਜ਼ਿਆਦਾ ਸ਼ਾਖਾਵਾਂ ਦੇ ਰੂਪ ਵਿੱਚ ਸੰਸਥਾਵਾਂ, ਜਥੇਬੰਦੀਆਂ, ਸੰਪਰਦਾਵਾਂ, ਧਾਰਮਿਕ ਸਥਾਨ (ਡੇਰੇ ਆਦਿ) ਹਨ । ਜਿਹੜੀ ਸੰਸਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੀ ਹੈ ਤੇ ਉਥੇ ਨਿਸ਼ਾਨ ਸਾਹਿਬ ਲੱਗਾ ਹੈ ਜਾਂ ਜਿਸ ਸਥਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ, ਉਹ ਸਾਰੀਆਂ ਸੰਸਥਾਵਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਰਜਿਸਟਰ ਕਰਨ ਦਾ ਕੋਈ ਵਿਧਾਨ ਬਣਨਾ ਚਾਹੀਦਾ ਹੈ ।

ਮਤਾ 12) ਪੰਜਾਬ ਵਿਚ ਇਸ ਸਮੇਂ ਬਹੁਤ ਹੀ ਜੁਰਮ ਵਧ ਗਿਆ ਹੈ, ਹਰ ਪਾਸੇ ਨਸ਼ੇ ਅਤੇ ਭ੍ਰਿਸ਼ਟਾਚਾਰ ਫੈਲ ਗਿਆ ਹੈ। ਆਓ ਆਪਾਂ ਮਿਲ ਕੇ ਪੰਜਾਬ ਵਿੱਚ ਅਜਿਹਾ ਹਲੇਮੀ ਰਾਜ ਸਥਾਪਤ ਕਰਨ ਲਈ ਯਤਨਸ਼ੀਲ ਹੋਈਏ, ਜਿੱਥੇ ਜੁਰਮ ਤੇ ਬੇਇਨਸਾਫ਼ੀ ਨਾ ਹੋਵੇ, ਹਰ ਇੱਕ ਨੂੰ ਨਿਆਂ ਮਿਲੇ । ਸਭ ਨੂੰ ਮੁੱਢਲੇ ਮਨੁੱਖੀ ਹੱਕ ਮਿਲਣ 'ਤੇ ਸਮਾਜ ਦੇ ਸਾਰੇ ਲੋਕ ਨਿਸ਼ਚਿੰਤ ਹੋ ਕੇ ਆਪਣੇ ਕੰਮ ਕਾਜ ਕਰ ਸਕਣ ਅਤੇ ਬਾਹਰੋਂ ਵਿਦੇਸ਼ਾਂ ਤੋਂ ਪੂੰਜੀ ਲਾਉਣ ਵਾਲੇ ਵੀ ਪੰਜਾਬ ਵਿੱਚ ਆਪਣਾ ਸਰਮਾਇਆ ਅਤੇ ਆਪਣੇ ਆਪ ਨੂੰ ਸੁਰੱਖਿਅਤ ਸਮਝਣ, ਪੰਜਾਬ ਦੇ ਨੌਜਵਾਨ ਬੱਚੇ ਬੱਚੀਆਂ ਵੀ ਅਜ਼ਾਦੀ ਨਾਲ ਵਿਚਰਦੇ ਹੋਏ ਆਪਣੀ ਪੜ੍ਹਾਈ ਕਰਨ ਅਤੇ ਤਰੱਕੀ ਕਰ ਸਕਣ ਤੇ ਜਿਥੇ ਸਾਰੇ ਵਰਗਾਂ ਦੇ ਲੋਕ ਆਪਸ ਵਿੱਚ ਭਾਈਚਾਰੇ ਨਾਲ ਮਿਲ ਕੇ ਰਹਿ ਸਕਣ।



ਜਿਹੜੇ ਆਗੂ ਪਹੁੰਚ ਨਹੀਂ ਸਕੇ ਖੱਬੇ ਤੋਂ - ਭਾਈ ਜੋਗਾ ਸਿੰਘ, ਜਥੇ: ਮਹਿੰਦਰ ਸਿੰਘ ਖਹਿਰਾ, ਅਵਤਾਰ ਸਿੰਘ ਸੰਘੇੜਾ, ਮਾ: ਕੁਲਵਿੰਦਰ ਸਿੰਘ, ਸ: ਗੁਰਦੇਵ ਸਿੰਘ ਚੌਹਾਨ, ਪ੍ਰਿੰ: ਸੁਜਿੰਦਰ ਸਿੰਘ ਸੰਘਾ, ਭਾਈ ਗੁਰਦੇਵ ਸਿੰਘ, ਹਰਦਿਆਲ ਸਿੰਘ ਢਿੱਲੋਂ, ਜਗਤਾਰ ਸਿੰਘ ਗਿੱਲ, ਪ੍ਰੋ: ਬਲਵਿੰਦਰਪਾਲ ਸਿੰਘ, ਪ੍ਰਮਿੰਦਰਪਾਲ ਸਿੰਘ ਖਾਲਸਾ, ਗਿ: ਗੁਰਬਖਸ਼ ਸਿੰਘ ਗੁਲਸ਼ਨ, ਗਿ: ਤ੍ਰਿਬੇਦੀ ਸਿੰਘ

## ਡਰਬੀ ਵਿਖੇ ਪੰਥਕ ਕਾਨਫਰੰਸ

42 ਪੰਨੇ ਦਾ ਬਾਕੀ ਹਿੱਸਾ

ਜਥੇਦਾਰ ਸਾਹਿਬਾਨ ਗੁਰਮਤਿ ਅਨੁਸਾਰ ਰੂਹਾਨੀ, ਇਖਲਾਕੀ ਅਤੇ ਦਾਰਸ਼ਨਿਕ ਅਗਵਾਈ ਦੇਣ । 3 ਸਾਡੇ ਤਖਤ, ਚਲੰਤ ਸਿਆਸਤ ਅਤੇ ਸਿਆਸਤੀ ਧੜਿਆਂ ਤੋਂ ਉਪਰ ਰਹਿਕੇ, ਨਿਰਲੇਪਤਾ ਨਾਲ ਸਮੁੱਚੇ ਸਿੱਖ-ਪੰਥਕ ਮਸਲਿਆਂ ਹਿਤ ਅਗਵਾਈ ਦੇਣ। 4 ਜਥੇਦਾਰ ਸਾਹਿਬਾਨਾਂ ਦੀ ਨਿਯੁਕਤੀ, ਕਾਰਜਕਾਲ, ਬਰਖਾਸਤਗੀ, ਕਾਰਜਸ਼ੀਲਤਾ, ਯੋਗਤਾਵਾਂ ਆਦਿ ਸਬੰਧਿਤ ਵਿਧੀ-ਵਿਧਾਨ, ਸ਼੍ਰੋ ਗੁ ਪ੍ਰ ਕ ਨੂੰ ਆਏ ਸੁਝਾਵਾਂ ਅਨੁਸਾਰ ਸਥਾਪਤ ਹੋਣ। (ਇਸ ਲੇਖਕ ਵੱਲੋਂ ਵੀ ਸੁਝਾਅ ਭੇਜੇ ਗਏ ਸਨ। ਪੰਜ ਤਖਤ ਸਾਹਿਬਾਨ ਜੇ ਆਪ, ਮੌਜੂਦਾ ਟਕਰਾਅ ਦੀ ਸਥਿਤੀ 'ਚੋਂ ਮੁਕਤ ਨਹੀਂ ਹੁੰਦੇ ਤਾਂ ਸ਼੍ਰੋ: ਗੁ: ਪ੍ਰ: ਕਮੇਟੀ ਦਾ ਜਨਰਲ ਇਜਲਾਸ ਤੁਰੰਤ ਫੈਸਲਾ ਕੁੰਨ ਅਗਵਾਈ ਦੇਵੇ ।


ਪਰਮਿੰਦਰਪਾਲ ਸਿੰਘ ਖਾਲਸਾ ਮੁਖ ਸੇਵਾਦਾਰ ਸਿੱਖ ਸੇਵਕ ਸੋਸਾਇਟੀ (ਇੰਟਰਨੈਸ਼ਨਲ) ਪੰਜਾਬ: ਸਰਬੱਤ ਖਾਲਸਾ ਨਾਲ ਜੁੜਿਆ ਅਕਾਲ ਤਖਤ ਸਾਹਿਬ, ਅਟੱਲ ਮਾਰਗ ਦਰਸ਼ਕ ਹੈ, ਜਿਥੋਂ ਗੁਰਮਤੇ ਜਨਮ ਲੈਂਦੇ ਨੇ। ਇਹ ਉਹ ਪਵਿੱਤਰ ਧਰਤੀ ਹੈ, ਜਿੱਥੇ ਸਰਬੱਤ ਖਾਲਸੇ ਦੀ ਆਵਾਜ਼ ਗੂੰਜਦੀ ਹੈ, ਜਿੱਥੇ ਹਰ ਸਿੱਖ ਮਾਈ-ਭਾਈ ਦਾ ਦਿਲ ਧੜਕਦਾ ਹੈ। ਪਰ ਤਖਤ ਪਟਨਾ ਸਾਹਿਬ ਵੱਲੋਂ ਅਕਾਲ ਤਖਤ ਸਾਹਿਬ ਦੇ ਖੇਤਰ ਵਿਚ ਦਖਲ ਅੰਦਾਜੀ ਸਰਬੱਤ ਖਾਲਸਾ ਨੂੰ ਚੈਲਿੰਜ ਹੈ। ਅਕਾਲ ਤਖਤ ਸਾਹਿਬ, ਦੀ ਮਰਿਆਦਾ ਨੂੰ ਚੁਣੌਤੀ ਦੇਣਾ, ਖਾਲਸਾ ਪੰਥ ਦੀਆਂ ਜੜ੍ਹਾਂ ਨੂੰ ਪੁੱਟਣ ਵਰਗਾ ਹੈ ।

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ: ਬਹੁਤ ਸਾਰੇ ਸਿੱਖ ਵਿਦੇਸ਼ਾਂ ਵਿਚ ਵਸਦੇ ਹਨ ਜਿਹਨਾਂ ਨੂੰ, ਨਾ ਹੀ ਕਦੇ ਸ਼ਰੋਮਣੀ ਕਮੇਟੀ ਅਤੇ ਨਾ ਕਿਸੇ ਸਲਾਹਕਾਰ ਕਮੇਟੀ ਵਿਚ ਨੁਮਾਇੰਦਗੀ ਦਿੱਤੀ ਜਾਂਦੀ ਹੈ। ਉਹਨਾਂ ਨੂੰ ਵੀ ਪੰਥ ਦੇ ਵੱਡੇ ਹਿਤਾਂ ਨੂੰ ਮੁੱਖ ਰੱਖਦਿਆਂ ਬਣਦੀ ਨੁਮਾਇੰਦਗੀ ਦ੍ਰਿਤੀ ਜਾਣੀ ਚਾਹੀਦੀ ਹੈ। ਇਸ ਤਰਾਂ ਕਰਨ ਨਾਲ ਤਾਲਮੇਲ ਵਧੇਗਾ, ਸਿੱਖੀ ਦੇ ਪਰਚਾਰ ਤੇ ਪਰਸਾਰ ਨੂੰ ਹੋਰ ਬੱਲ ਮਿਲੇਗਾ ਤੇ ਸਿੱਖੀ ਘੇਰਾ ਵੱਡਾ ਹੋਵੇਗਾ ।

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ : ਸ਼੍ਰੋਮਣੀ ਕਮੇਟੀ ਵੱਲੋਂ ਸਥਾਪਤ ਕੀਤੀ ਗਈ ਕਮੇਟੀ ਵਿਚ ਇਹਨਾਂ ਡੇਰੇਦਾਰਾਂ ਦੀ ਥਾਂ ਵਿਸ਼ਵ ਪੱਧਰ ਦੇ ਸਿੱਖ ਸਕਾਲਰ ਅਕਾਲ ਤਖਤ ਸਾਹਿਬ ਦੀ ਰਹਿਤ ਮਰਿਆਦਾ ਨੂੰ ਮੰਨਣ ਵਾਲੀਆਂ ਜਥੇਬੰਦੀਆਂ ਨੂੰ ਸ਼ਾਮਲ ਕਰੇ। ਸਿੱਖ ਮਿਸ਼ਨਰੀ ਕਾਲਜ, ਅਖੰਡ ਕੀਰਤਨੀ ਜਥੇ ਵਰਗੀਆਂ ਸੰਸਥਾਵਾਂ ਚੋਂ ਅਤੇ ਵਿਦੇਸ਼ੀ ਸਿੱਖ ਵਿਦਵਾਨਾਂ ਨੂੰ ਸ਼ਾਮਲ ਕਰਕੇ ਕਮੇਟੀ ਨੂੰ 101 ਮੈਂਬਰੀ ਕਰਨ ਦੀ ਲੋੜ ਹੈ, ਤਾਂ ਜੋ ਪੰਥ ਦੀ ਸਾਰੀ ਰੂਹ ਇਸ ਵਿੱਚ ਸਮਾਏ ਤਾਂ ਜੋ ਸਹੀ ਫ਼ੈਸਲਾ ਹੋ ਸਕੇ। ਜਥੇਦਾਰਾਂ ਦਾ ਸਿਆਸੀ ਪਾਰਟੀਆਂ ਤੋਂ ਦੂਰ ਰਹਿਣਾ ਜਰੂਰੀ ਹੈ। ਸੁਝਾਅ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇੱਕ ਨੀਤੀ ਜਾਰੀ ਕੀਤੀ ਜਾਵੇ, ਜਿਸ ਵਿੱਚ ਜਥੇਦਾਰਾਂ ਦੀ ਸਿਆਸੀ ਨਿਰਪੱਖਤਾ ਨੂੰ ਸਪੱਸ਼ਟ ਕੀਤਾ ਜਾਵੇ।

-0-

# ਸਿਹਤ ਤੇ ਸੁੰਦਰਤਾ



## ਤੁਲਸੀ ਸਿੱਕਰੀ, ਖਾਰਸ਼ ਨੂੰ ਮਿੰਟਾਂ 'ਚ ਕਰਦੀ ਦੂਰ



ਤੁਲਸੀ 'ਚ ਐਂਟੀਬੈਕਟੀਰੀਅਲ ਅਤੇ ਐਂਟੀਫੰਗਲ ਗੁਣ ਹੁੰਦੇ ਹਨ, ਜੋ ਸਿਰ ਦੀ ਚਮੜੀ ਤੋਂ ਫੰਗਸ ਅਤੇ ਬੈਕਟੀਰੀਆ ਨੂੰ ਖਤਮ ਕਰਦੇ ਹਨ। ਇਹ ਸਿੱਕਰੀ ਦੀ ਮੁੱਖ ਵਜ੍ਹਾ ਬਣਨ ਵਾਲੇ ਕਾਰਕਾਂ ਨੂੰ ਜੜ੍ਹ ਤੋਂ ਦੂਰ ਕਰਦੇ ਹਨ। ਤੁਲਸੀ ਦੀਆਂ ਪੱਤੀਆਂ ਲੈ ਕੇ ਪੀਸ ਲਓ ਅਤੇ ਇਸ ਪੇਸਟ ਨੂੰ ਸਿੱਧਾ ਸਿਰ ਦੀ ਚਮੜੀ 'ਤੇ ਲਗਾਓ। 20-25 ਮਿੰਟ ਰੱਖਣ ਤੋਂ ਬਾਅਦ ਕੋਸੇ ਪਾਣੀ ਨਾਲ ਧੋ ਲਓ।

ਤੁਲਸੀ ਅਤੇ ਨਿੰਮ ਦੀਆਂ ਪੱਤੀਆਂ ਨੂੰ ਉਬਾਲ ਕੇ, ਠੰਡਾ ਕਰ ਲਓ। ਇਸ ਪਾਣੀ ਨਾਲ ਹਫ਼ਤੇ 'ਚ 2 ਵਾਰੀ ਸਿਰ ਧੋਵੋ। ਇਹ ਤਰੀਕਾ ਸਿਰ ਨੂੰ ਸਾਫ਼ ਰੱਖਣ ਦੇ ਨਾਲ ਨਾਲ ਸਿੱਕਰੀ ਨੂੰ ਰੋਕਣ 'ਚ ਮਦਦ ਕਰਦਾ ਹੈ।

ਤੁਲਸੀ ਦੀਆਂ ਪੱਤੀਆਂ ਨੂੰ ਨਾਰੀਅਲ ਦੇ ਤੇਲ 'ਚ ਉਬਾਲ ਲਵੋ ਅਤੇ ਠੰਡਾ ਹੋਣ 'ਤੇ ਇਸ ਤੇਲ ਨਾਲ ਸਿਰ ਦੀ ਮਾਲਿਸ਼ ਕਰੋ। ਇਹ ਨਾ ਸਿਰਫ਼ ਸਿੱਕਰੀ ਦੂਰ ਕਰਦਾ ਹੈ, ਸਗੋਂ ਵਾਲਾਂ ਨੂੰ ਚਮਕਦਾਰ ਤੇ ਮਜ਼ਬੂਤ ਵੀ ਬਣਾਉਂਦਾ ਹੈ।

## ਪੇਟ ਦੀ ਚਰਬੀ ਘਟਾਉਣ ਲਈ ਪੀਉ ਮੂੰਗੀ ਦਾਲ ਦਾ ਪਾਣੀ, ਸਰੀਰ ਨੂੰ ਡੀਟੌਕਸ ਕਰਨ ਦੇ ਨਾਲ-ਨਾਲ ਭਾਰ ਵੀ ਘਟੇਗਾ



ਕੀ ਤੁਸੀਂ ਜਾਣਦੇ ਹੋ ਕਿ ਮੂੰਗੀ ਦਾਲ ਦਾ ਪਾਣੀ ਢਿੱਡ ਦੀ ਚਰਬੀ ਘਟਾਉਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ? ਹਾਂ, ਮੂੰਗੀ ਦਾਲ ਦਾ ਪਾਣੀ ਪੀਣ ਨਾਲ ਢਿੱਡ ਦੀ ਚਰਬੀ ਘੱਟ ਹੋ ਸਕਦੀ ਹੈ। ਨਾਲ ਹੀ, ਇਹ ਪਾਚਨ ਕਿਰਿਆ ਲਈ ਬਹੁਤ ਫਾਇਦੇਮੰਦ ਹੈ। ਮੂੰਗੀ ਦਾਲ ਦਾ ਪਾਣੀ ਪਾਚਨ ਤੰਤਰ ਨੂੰ ਮਜ਼ਬੂਤ ਬਣਾਉਂਦਾ ਹੈ - ਮੂੰਗੀ ਦਾਲ ਦਾ ਪਾਣੀ ਫਾਈਬਰ ਨਾਲ ਭਰਪੂਰ ਹੁੰਦਾ ਹੈ, ਜੋ ਪਾਚਨ ਕਿਰਿਆ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦਾ ਹੈ।

ਇਹ ਕਬਜ਼, ਗੈਸ ਅਤੇ ਐਸਿਡਿਟੀ ਵਰਗੀਆਂ ਸਮੱਸਿਆਵਾਂ ਨੂੰ ਦੂਰ ਕਰਕੇ ਮੈਟਾਬੋਲਿਜ਼ਮ ਨੂੰ ਵਧਾਉਂਦਾ ਹੈ, ਜੋ ਭਾਰ ਘਟਾਉਣ ਵਿੱਚ ਮਦਦ ਕਰਦਾ ਹੈ। ਮੂੰਗੀ ਦਾਲ ਦਾ ਪਾਣੀ ਕੈਲੋਰੀ ਵਿੱਚ ਬਹੁਤ ਘੱਟ ਹੁੰਦਾ ਹੈ, ਪਰ ਇਹ ਪ੍ਰੋਟੀਨ, ਵਿਟਾਮਿਨ ਅਤੇ ਖਣਿਜਾਂ ਦਾ ਇੱਕ ਚੰਗਾ ਸਰੋਤ ਹੈ। ਇਸਨੂੰ ਪੀਣ ਨਾਲ ਸਰੀਰ ਨੂੰ ਜ਼ਰੂਰੀ ਪੋਸ਼ਣ ਮਿਲਦਾ ਹੈ ਅਤੇ ਭੁੱਖ ਨੂੰ ਵੀ ਕੰਟਰੋਲ ਕਰਦਾ ਹੈ। ਮੂੰਗੀ ਦੀ ਦਾਲ ਦਾ ਪਾਣੀ ਸਰੀਰ ਵਿੱਚੋਂ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢਣ ਵਿੱਚ ਮਦਦ ਕਰਦਾ ਹੈ।

ਇਹ ਜਿਗਰ ਅਤੇ ਗੁਰਦੇ ਦੇ ਕੰਮ ਨੂੰ ਬਿਹਤਰ ਬਣਾ ਕੇ ਚਰਬੀ ਦੇ ਪਾਚਕ ਕਿਰਿਆ ਨੂੰ ਤੇਜ਼ ਕਰਦਾ ਹੈ। ਇਸ ਵਿੱਚ ਮੌਜੂਦ ਪ੍ਰੋਟੀਨ ਅਤੇ ਫਾਈਬਰ ਸਰੀਰ ਦੇ ਪਾਚਕ ਕਿਰਿਆ ਨੂੰ ਸਰਗਰਮ ਕਰਦੇ ਹਨ, ਜੋ ਕੈਲੋਰੀ ਨੂੰ ਤੇਜ਼ੀ ਨਾਲ ਸਾੜਦੇ ਹਨ ਅਤੇ ਪੇਟ ਦੀ ਚਰਬੀ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ।

ਮੂੰਗੀ ਦੀ ਦਾਲ ਦਾ ਪਾਣੀ ਕਿਵੇਂ ਬਣਾਇਆ ਜਾਵੇ?

ਸਮੱਗਰੀ :

1 ਕੱਪ ਮੂੰਗੀ ਦੀ ਦਾਲ (ਹਰਾ ਜਾਂ ਪੀਲਾ) 3-4 ਕੱਪ ਪਾਣੀ, ਸਵਾਦ ਅਨੁਸਾਰ ਨਮਕ, 1 ਚਮਚ ਜੀਰਾ, ਹਰੀ ਮਿਰਚ ਜਾਂ ਅਦਰਕ।

ਵਿਧੀ :

ਮੂੰਗੀ ਦੀ ਦਾਲ ਨੂੰ ਚੰਗੀ ਤਰ੍ਹਾਂ ਧੋ ਕੇ 2-3 ਘੰਟਿਆਂ ਲਈ ਭਿਓ ਦਿਓ। ਭਿੱਜੀ ਹੋਈ ਦਾਲ ਵਿੱਚ 3-4 ਕੱਪ ਪਾਣੀ ਪਾ ਕੇ ਪ੍ਰੈਸ਼ਰ ਕੁੱਕਰ ਵਿੱਚ 3-4 ਸੀਟੀਆਂ ਤੱਕ ਪਕਾਓ। ਹੁਣ ਦਾਲ ਨੂੰ ਛਾਣ ਲਓ ਅਤੇ ਇਸਦਾ ਪਾਣੀ ਵੱਖ ਕਰੋ।

ਸੁਆਦ ਅਨੁਸਾਰ ਇਸ ਵਿੱਚ ਨਮਕ, ਜੀਰਾ ਜਾਂ ਅਦਰਕ ਪਾ ਕੇ ਪੀਓ। ਮੂੰਗੀ ਦੀ ਦਾਲ ਦਾ ਪਾਣੀ ਕਦੋਂ ਪੀਣਾ ਹੈ? ਸਵੇਰੇ ਖਾਲੀ ਪੇਟ- ਸਵੇਰੇ ਖਾਲੀ ਪੇਟ ਮੂੰਗੀ ਦੀ ਦਾਲ ਦਾ ਪਾਣੀ ਪੀਣਾ ਭਾਰ ਘਟਾਉਣ ਲਈ ਸਭ ਤੋਂ ਵੱਧ ਫਾਇਦੇਮੰਦ ਹੁੰਦਾ ਹੈ।

ਖਾਣ ਤੋਂ ਪਹਿਲਾਂ- ਖਾਣਾ ਖਾਣ ਤੋਂ ਅੱਧਾ ਘੰਟਾ ਪਹਿਲਾਂ ਇਸਨੂੰ ਪੀਣ ਨਾਲ ਭੁੱਖ ਘੱਟਦੀ ਹੈ ਅਤੇ ਜ਼ਿਆਦਾ ਕੈਲੋਰੀ ਦੀ ਮਾਤਰਾ ਨਹੀਂ ਹੁੰਦੀ।

ਰਾਤ ਨੂੰ ਰਾਤ ਦੇ ਖਾਣੇ ਦੇ ਨਾਲ- ਰਾਤ ਨੂੰ ਹਲਕਾ ਖਾਣਾ ਖਾਣ ਤੋਂ ਬਾਅਦ ਮੂੰਗੀ ਦੀ ਦਾਲ ਦਾ ਪਾਣੀ ਪੀਣ ਨਾਲ ਪਾਚਨ ਕਿਰਿਆ ਚੰਗੀ ਹੁੰਦੀ ਹੈ। ਭਾਰ ਘਟਾਉਣ ਲਈ ਇਨ੍ਹਾਂ ਗੱਲਾਂ ਵੱਲ ਧਿਆਨ ਦਿਓ। ਮੂੰਗੀ ਦੀ ਦਾਲ ਦੇ ਪਾਣੀ ਨਾਲ ਸਿਹਤਮੰਦ ਖੁਰਾਕ ਲੈਣਾ ਯਕੀਨੀ ਬਣਾਓ।

ਰੋਜ਼ਾਨਾ ਘੱਟੋ-ਘੱਟ 30 ਮਿੰਟ ਲਈ ਕੋਈ ਵੀ ਕਸਰਤ ਕਰੋ। ਬਹੁਤ ਜ਼ਿਆਦਾ ਨਮਕ ਜਾਂ ਤੇਲ ਦੀ ਵਰਤੋਂ ਨਾ ਕਰੋ। ਦਿਨ ਵਿੱਚ ਘੱਟੋ-ਘੱਟ 2-3 ਲੀਟਰ ਪਾਣੀ ਪੀਓ।

## * ਚੂੰਢਾਂ-ਪ੍ਹੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਸ਼ਸ਼ੀ ਥਰੂਰ ਨੇ ਅਮਰਜੈਂਸੀ ਨੂੰ 'ਕਾਲਾ ਅਧਿਆਏ' ਦੱਸਿਆ- ਇਕ ਖ਼ਬਰ

-ਨੀ ਉਹ ਲੰਬੜਾਂ ਦਾ ਮੁੰਡਾ ਬੋਲੀ ਹੋਰ ਬੋਲਦਾ।




*ਸਿਰਫ਼ 11 ਮਿੰਟ ਦੇ ਸੈਸ਼ਨ ਦੀ ਕਾਰਵਾਈ 'ਤੇ ਕਰੋੜਾਂ ਰੁਪਏ ਬਰਬਾਦ ਕੀਤੇ।- ਪਰਗਟ ਸਿੰਘ

-ਚੋਰਾਂ ਦੇ ਕੱਪੜੇ ਤੇ ਡਾਂਗਾਂ ਦੇ ਗਜ਼।



*ਯੂਕਰੇਨ ਨੂੰ ਹੋਰ ਹਥਿਆਰ ਭੇਜੇਗਾ ਅਮਰੀਕਾ- ਇਕ ਖ਼ਬਰ


-ਚੜ੍ਹ ਜਾ ਬੱਚਾ ਸੂਲ਼ੀ, ਰਾਮ ਭਲੀ ਕਰੇਗਾ।



*ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਚਾਲੇ ਮੱਤਭੇਦਾਂ ਨੂੰ ਜਲਦ ਦੂਰ ਕੀਤਾ ਜਾਵੇ- ਬਿਹਾਰ ਸਿੱਖ ਫ਼ੈਡਰੇਸ਼ਨ

-ਬਿੱਲੀ ਦੇ ਗਲ਼ ਟੱਲੀ ਕੌਣ ਬੰਨ੍ਹੇ ਭਾਈ।

*ਸੋਨਾ ਹੋਇਆ 99,370 ਰੁਪਏ ਦਾ 10 ਗ੍ਰਾਮ- ਇਕ ਖ਼ਬਰ



-ਭੱਠ ਪਿਆ ਸੋਨਾ ਜਿਹੜਾ ਜੇਬ ਨੂੰ ਕੁਤਰੇ।

*ਹਰਿਆਣਾ ਦੇ ਸਾਬਕਾ ਵਿਧਾਇਕ ਨੂੰ ਵਾਪਸ ਜੇਲ੍ਹ ਜਾਣ ਦੇ ਹੁਕਮ- ਇਕ ਖ਼ਬਰ

-ਰੋਂਦੀ ਮਾਂ ਸੁੰਦਰ ਦੀ ਖੜ੍ਹ ਕੇ, ਕਿਹੜਾ ਦੇਵੇ ਧੀਰਾਂ।



*ਸਿਰਫ਼ 11 ਮਿੰਟ ਹੀ ਚੱਲਿਆ ਪੰਜਾਬ ਵਿਧਾਨ ਸਭਾ ਦਾ ਸੈਸ਼ਨ- ਇਕ ਖ਼ਬਰ

-ਵੈਸੇ ਅਸੀਂ ਤਾਂ 10 ਮਿੰਟ ਹੀ ਰੱਖੇ ਸੀ, ਇਕ ਮਿੰਟ ਉੱਪਰ ਹੋ ਜਾਣ ਦਾ ਸਾਨੂੰ ਅਫ਼ਸੋਸ ਹੈ।



*ਹੁਣ ਸੰਯੁਕਤ ਕਿਸਾਨ ਮੋਰਚੇ ਵਿਚ ਸਿਆਸੀ ਪਾਰਟੀਆਂ ਨਾਲ ਤਾਲਮੇਲ ਨੂੰ ਲੈ ਕੇ ਮੱਤਭੇਦ- ਇਕ ਖ਼ਬਰ

-ਜਿਹਨੂੰ ਢੂੰਡਣਾ ਉਹ ਤੇ ਲੱਭਣਾ ਨਹੀਂ, ਬਾਕੀ ਖੇਡ ਸਭ ਕੂੜ ਹਵਸ ਦੀ ਏ।



*ਇਜ਼ਰਾਈਲ ਨੇ ਟਰੰਪ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕੀਤਾ- ਇਕ ਖ਼ਬਰ

-ਤੇਰਾ ਕੀ ਘਟਣਾ ਸਰਦਾਰਾ, ਕੈਂਠਾ ਪਾ ਦੇ ਮੇਰੇ ਯਾਰ ਨੂੰ।



*ਬੀਬੀ ਪਰਮਜੀਤ ਕੌਰ ਖਾਲੜਾ ਨਹੀਂ ਲੜਨਗੇ ਕੋਈ ਵੀ ਚੋਣ- ਇਕ ਖ਼ਬਰ

-ਜਿੰਨਾ ਨ੍ਹਾਤੀ, ਓਨਾ ਹੀ ਪੁੰਨ।



*ਸਰਕਾਰੀ ਕੰਮਕਾਰ ਲਈ ਮਿਲਦਾ ਹਾਂ, ਮੇਰੀ ਅਮਿਤ ਸ਼ਾਹ ਨਾਲ ਕਾਹਦੀ ਦੋਸਤੀ?- ਭਗਵੰਤ ਮਾਨ

-ਦੋ ਘੁੱਟ ਪੀ ਕੇ ਦਾਰੂ, ਪੈਰ 'ਤੇ ਮੁੱਕਰ ਗਿਆ।



*ਅਮਨ ਅਰੋੜਾ ਨੇ ਮੁਆਫ਼ੀ ਨਾ ਮੰਗੀ ਤਾਂ ਮਾਣਹਾਨੀ ਦਾ ਮੁਕੱਦਮਾ ਕਰਾਂਗਾ- ਮਨਜਿੰਦਰ ਸਿੰਘ ਸਿਰਸਾ

-ਸਾਡੇ ਨਾਲ਼ ਕੀ ਪਾਇਆ ਈ ਵੈਰ ਕਾਕਾ, ਮੱਥਾ ਸੌਂਕਣਾਂ ਵਾਂਗ ਕੀ ਡਾਹਿਆ ਈ।



*ਵਿਰੋਧੀਆਂ ਦੇ ਸਵਾਲਾਂ ਤੋਂ ਡਰਦਿਆਂ ਸਰਕਾਰ ਨੇ 11 ਮਿੰਟ ਦਾ ਸੈਸ਼ਨ ਰੱਖਿਆ- ਪਰਤਾਪ ਸਿੰਘ ਬਾਜਵਾ

-ਹੁਣ ਤੂੰ ਕਿਧਰ ਗਿਆ, ਜੇਠ ਬੋਲੀਆਂ ਮਾਰੇ।

*ਭਾਰੀ ਮੀਂਹ ਕਾਰਨ ਹਿਮਾਚਲ ਵਿਚ 249 ਸੜਕਾਂ ਬੰਦ ਅਤੇ 750 ਜਲ ਯੋਜਨਾਵਾਂ ਪ੍ਰਭਾਵਤ- ਇਕ ਖ਼ਬਰ

-ਆਪੇ ਫ਼ਾਥੜੀਏ ਤੈਨੂੰ ਕੌਣ ਛੁਡਾਵੇ।



*ਮਜੀਠੀਆ ਦਾ ਕੇਸ ਦੁਬਾਰਾ ਖੁਲ੍ਹਵਾਓ, ਮੈਂ ਸਭ ਕੁਝ ਸਾਹਮਣੇ ਰੱਖ ਦਿਆਂਗਾ- ਚੱਟੋਪਾਧਿਆਇ

-ਅੱਗੇ ਬੀਬੀ ਟੱਪਣੀ, ਪਿੱਛੇ ਢੋਲਾਂ ਦੀ ਘਮਸਾਨ।

* * * * * *

# ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਦੌਰਾਨ ਸ਼੍ਰੋਮਣੀ ਕਮੇਟੀ ਤਿਆਰੀਆਂ ਵਿਚ ਜੁਟੀ

ਪੰਥਕ ਹਲਚਲ

## ✪ ਕਮੇਟੀ ਬਾਰੇ ਪੰਥਕ ਧਿਰਾਂ ਵਿੱਚ ਅਸੰਤੁਸ਼ਟੀ: ਸਾਂਝੀਵਾਲਤਾ ਤੇ ਏਕਤਾ ਦੀ ਨੁਮਾਇੰਦਗੀ ਦੀ ਘਾਟ ✪ ਸਿੱਖ ਪੰਥ ਦੀਆਂ ਚੁਣੌਤੀਆਂ, ਸਿੱਖਿਆ ਅਤੇ ਸਿਹਤ ਸੰਸਥਾਵਾਂ ਦੀ ਲੋੜ ਬਾਰੇ ਸ਼੍ਰੋਮਣੀ ਕਮੇਟੀ ਚਿੰਤਤ ਕਿਉਂ ਨਹੀਂ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਯਾਦਗਾਰੀ ਢੰਗ ਨਾਲ ਮਨਾਉਣ ਦੀਆਂ ਵਿਆਪਕ ਯੋਜਨਾਵਾਂ ਦਾ ਐਲਾਨ ਕੀਤਾ ਹੈ। ਨਵੰਬਰ 2025 ਵਿੱਚ ਹੋਣ ਵਾਲੇ ਇਸ ਇਤਿਹਾਸਕ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਦੀ ਰੂਪ-ਰੇਖਾ ਤਿਆਰ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਇੱਕ ਉੱਚ ਪੱਧਰੀ ਤਾਲਮੇਲ ਕਮੇਟੀ ਦੀ ਮੀਟਿੰਗ ਅੰਮ੍ਰਿਤਸਰ ਵਿਖੇ ਹੋਈ। ਇਸ ਮੀਟਿੰਗ ਵਿੱਚ ਸਿੱਖ ਪੰਥ ਦੀਆਂ ਪ੍ਰਮੁੱਖ ਸ਼ਖਸੀਅਤਾਂ, ਵਿਦਵਾਨਾਂ ਅਤੇ ਪੰਥਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਸਮਾਗਮਾਂ ਦੀਆਂ ਮੁੱਖ ਯੋਜਨਾਵਾਂ ਵਿੱਚ ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਕੇਂਦਰੀ ਗ੍ਰਹਿ ਮੰਤਰੀ, ਲੋਕ ਸਭਾ ਸਪੀਕਰ, ਚੀਫ ਜਸਟਿਸ ਅਤੇ ਵੱਖ-ਵੱਖ ਰਾਜਾਂ ਦੇ ਮੁੱਖ ਮੰਤਰੀਆਂ ਸਮੇਤ ਦੇਸ਼-ਵਿਦੇਸ਼ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਸੱਦਾ ਦੇਣ ਦਾ ਫੈਸਲਾ ਸ਼ਾਮਲ ਹੈ। ਇਸ ਦੇ ਨਾਲ ਹੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ, ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਂਅ ’ਤੇ ਇੱਕ ਵਿਸ਼ੇਸ਼ ਚੇਅਰ ਸਥਾਪਤ ਕੀਤੀ ਜਾਵੇਗੀ। ਸ਼ਤਾਬਦੀ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਆਸਾਮ ਤੋਂ ਸ਼ੁਰੂ ਹੋਵੇਗਾ, ਜੋ 23 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮਾਪਤ ਹੋਵੇਗਾ। ਇਸ ਦੌਰਾਨ 51 ਹਜ਼ਾਰ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ, ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਾਥੀ ਸਿੱਖਾਂ-ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਬਾਬਾ ਜੀਵਨ ਸਿੰਘ ਜੀ ਅਤੇ ਭਾਈ ਲੱਖੀ ਸ਼ਾਹ ਵਣਜਾਰਾ-ਨੂੰ ਸਮਰਪਿਤ ਸਮਾਗਮ ਵੀ ਕਰਵਾਏ ਜਾਣਗੇ। ਇਸ ਤੋਂ ਇਲਾਵਾ, ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਸ਼ਹੀਦੀ ਨਾਲ ਸਬੰਧਤ ਸੈਮੀਨਾਰਾਂ ਦਾ ਆਯੋਜਨ ਕੀਤਾ ਜਾਵੇਗਾ। ਇੱਕ ‘ਕੌਫੀ ਟੇਬਲ ਬੁੱਕ’ ਤਿਆਰ ਕੀਤੀ ਜਾਵੇਗੀ, ਜੋ ਗੁਰੂ ਸਾਹਿਬ ਦੇ ਯੋਗਦਾਨ ਨੂੰ ਪ੍ਰਕਾਸ਼ਮਾਨ ਕਰੇਗੀ। ਸੋਸ਼ਲ ਮੀਡੀਆ ’ਤੇ ਗੁਰੂ ਸਾਹਿਬ ਦੇ ਜੀਵਨ ਅਤੇ ਸਿਧਾਂਤਾਂ ਨੂੰ ਲੈ ਕੇ ਪ੍ਰੇਰਣਾਦਾਇਕ ਵੀਡੀਓਜ਼ ਵੀ ਪ੍ਰਸਾਰਿਤ ਕੀਤੇ ਜਾਣਗੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਗੁਰਤਾਗੱਦੀ ਦਿਵਸ ਨੂੰ ਵੀ ਇਸੇ ਸ਼ਤਾਬਦੀ ਦੇ ਨਾਲ ਜੋੜ ਕੇ ਮਨਾਇਆ ਜਾਵੇਗਾ, ਜਿਸ ਵਿੱਚ ਵਿਸ਼ੇਸ਼ ਗੁਰਮਤਿ ਸਮਾਗਮ ਅਤੇ ਪ੍ਰੋਗਰਾਮ ਸ਼ਾਮਲ ਹੋਣਗੇ।

ਉੱਚ ਪੱਧਰੀ ਤਾਲਮੇਲ ਕਮੇਟੀ ਦੀ ਪਲੇਠੀ ਇਕੱਤਰਤਾ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਤੋਂ ਇਲਾਵਾ ਸ਼੍ਰੋਮਣੀ ਅਕਾਲੀ



### 350 ਸਾਲਾ ਸ਼ਹੀਦੀ ਸ਼ਤਾਬਦੀ: ਸ਼੍ਰੋਮਣੀ ਕਮੇਟੀ ਕੰਨੜ ਭਾਸ਼ਾ ਵਿਚ ਛਾਪੇਗੀ ਨੌਵੇਂ ਪਾਤਸ਼ਾਹ ਬਾਰੇ ਕਿਤਾਬਚਾ

ਅੰਮ੍ਰਿਤਸਰ-ਕਰਨਾਟਕ ਵਿੱਚ ਸੰਗਤ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਸਾਹਿਬ ਦਾ ਇਤਿਹਾਸ ਕੰਨੜ ਭਾਸ਼ਾ ਵਿੱਚ ਸੰਗ੍ਰਹਿਤ ਕੀਤਾ ਜਾਵੇਗਾ। ਸੂਬੇ ਅੰਦਰ ਸਿੱਖੀ ਪ੍ਰਚਾਰ ਅਤੇ ਵਿਸ਼ੇਸ਼ ਕਰਕੇ ਬੱਚਿਆਂ ਨੂੰ ਪੰਜਾਬੀ ਅਤੇ ਗੁਰਬਾਣੀ ਦੀ ਜਾਣਕਾਰੀ ਦੇਣ ਲਈ ਪ੍ਰਚਾਰਕ ਭੇਜੇ ਜਾਣਗੇ ਅਤੇ ਗੁਰੂ ਘਰ ਵਿਖੇ ਲਾਇਬਰੇਰੀ ਲਈ ਕਿਤਾਬਾਂ ਭੇਜੀਆਂ ਜਾਣਗੀਆਂ। ਇਹ ਦਾਅਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ ਹੈ, ਜੋ ਸ਼ਤਾਬਦੀ ਸਮਾਗਮਾਂ ਦੀਆਂ ਤਿਆਰੀਆਂ ਨੂੰ ਲੈ ਕੇ ਬੰਗਲੁਰੂ ਵਿੱਚ ਗਏ ਹੋਏ ਹਨ।

(ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਰਘੂਜੀਤ ਸਿੰਘ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਬਾਬਾ ਹਰਨਾਮ ਸਿੰਘ ਖ਼ਾਲਸਾ ਵਲੋਂ ਗਿਆਨੀ ਸਾਹਿਬ ਸਿੰਘ, ਬਾਬਾ ਸੇਵਾ ਸਿੰਘ ਕਾਰਸੇਵਾ ਖਡੂਰ ਸਾਹਿਬ ਵਲੋਂ ਬਾਬਾ ਗੁਰਪ੍ਰੀਤ ਸਿੰਘ, ਬਾਬਾ ਸੁਖਵਿੰਦਰ ਸਿੰਘ ਭੂਰੀਵਾਲੇ, ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ, ਮਹੇਸ਼ਇੰਦਰ ਸਿੰਘ ਗਰੇਵਾਲ, ਪਰਮਜੀਤ ਸਿੰਘ ਸਰਨਾ, ਮਨਜੀਤ ਸਿੰਘ ਜੀ. ਕੇ., ਸਵਾਮੀ ਜੀ ਸੁੱਕੀ ਚੋਈ ਵਾਲੇ ਹੁਸ਼ਿਆਰਪੁਰ, ਸਿੱਖ ਵਿਦਵਾਨ ਡਾ. ਬਲਕਾਰ ਸਿੰਘ, ਡਾ. ਇੰਦਰਜੀਤ ਸਿੰਘ ਗੋਗੋਆਣੀ, ਡਾ. ਕੇਹਰ ਸਿੰਘ, ਡਾ. ਅਮਰਜੀਤ ਸਿੰਘ, ਡਾ. ਪਰਮਵੀਰ ਸਿੰਘ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਆਦਿ ਸ਼ਾਮਿਲ ਸਨ।

### ਪੰਥਕ ਧਿਰਾਂ ਵਿੱਚ ਅਸੰਤੁਸ਼ਟੀ ਅਤੇ ਸਵਾਲ

ਸਿੱਖ ਵਿਦਵਾਨਾਂ ਅਤੇ ਪੰਥਕ ਧਿਰਾਂ ਦੇ ਵਡੇ ਵਰਗ ਵਿੱਚ ਕੌਮਾਂਤਰੀ ਪੱਧਰ ਉਪਰ ਇਸ ਸਬੰਧੀ ਅਸੰਤੁਸ਼ਟੀ ਦੇ ਸੁਰ ਸੁਣਾਈ ਦੇ ਰਹੇ ਹਨ। ਬਹੁਤ ਸਾਰੇ ਸਿੱਖ ਵਿਦਵਾਨ ਅਤੇ ਪੰਥਕ ਜਥੇਬੰਦੀਆਂ ਦਾ ਮੰਨਣਾ ਹੈ ਕਿ ਸ਼ਤਾਬਦੀ ਸਮਾਗਮਾਂ ਦੀ ਤਿਆਰੀ ਲਈ ਗਠਿਤ ਉੱਚ ਪੱਧਰੀ ਤਾਲਮੇਲ ਕਮੇਟੀ ਵਿੱਚ ਸਮੁੱਚੇ ਸਿੱਖ ਪੰਥ ਦੀ ਨੁਮਾਇੰਦਗੀ ਨਹੀਂ ਕੀਤੀ ਗਈ। ਇਸ ਕਮੇਟੀ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਉਨ੍ਹਾਂ ਦੇ ਸਮਰਥਕ ਸਿੱਖ ਸੰਤਾਂ ਅਤੇ ਡੇਰੇਦਾਰਾਂ ਦੀ ਪ੍ਰਮੁੱਖਤਾ ਨੂੰ ਲੈ ਕੇ ਸਵਾਲ ਉੱਠ ਰਹੇ ਹਨ।ਸਿੱਖ ਵਿਦਵਾਨ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਨੇ ਸਮਾਗਮਾਂ ਦੀ ਰੂਪ-ਰੇਖਾ ਵਿੱਚ ਸਿਆਸੀ ਅਤੇ ਵੀਆਈਪੀ ਸੱਜਣਾਂ ਨੂੰ ਸੱਦਣ, ਪੁਸਤਕਾਂ ਛਾਪਣ ਅਤੇ ਨਗਰ ਕੀਰਤਨ ਸਜਾਉਣ ਵਰਗੇ ਪ੍ਰੋਗਰਾਮਾਂ ’ਤੇ ਜ਼ੋਰ ਦਿੱਤਾ ਹੈ, ਪਰ ਗਰੀਬ ਅਤੇ ਹਾਸ਼ੀਏ ’ਤੇ ਜੀਵਨ ਬਤੀਤ ਕਰ ਰਹੇ ਸਿੱਖਾਂ ਨੂੰ ਜੋੜਨ ਦੀ ਦਿਸ਼ਾ ਵਿੱਚ ਕੋਈ ਠੋਸ ਯੋਜਨਾ ਨਹੀਂ ਬਣਾਈ। ਉਨ੍ਹਾਂ ਦਾ ਮੰਨਣਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਸੁਨੇਹਾ ਸਮਾਨਤਾ, ਨਿਆਂ ਅਤੇ ਮਾਨਵਤਾ ਦੀ ਸੁਰੱਖਿਆ ਸੀ, ਪਰ ਸਮਾਗਮਾਂ ਦੀ ਯੋਜਨਾਬੰਦੀ ਵਿੱਚ ਇਸ ਸੁਨੇਹੇ ਨੂੰ ਅਮਲੀ ਜਾਮਾ ਪਹਿਨਾਉਣ ਦੀ ਥਾਂ ਸਿਆਸੀ ਅਤੇ ਸਤਹੀ ਪ੍ਰਦਰਸ਼ਨ ਨੂੰ ਜ਼ਿਆਦਾ ਮਹੱਤਵ ਦਿੱਤਾ ਜਾ ਰਿਹਾ ਹੈ।

ਪੱਤਰਕਾਰ ਬਘੇਲ ਸਿੰਘ ਧਾਲੀਵਾਲ ਨੇ ਕਿਹਾ ਕਿ ਕਿਹਾ, ‘‘ਸ਼੍ਰੋਮਣੀ ਕਮੇਟੀ ਨੂੰ ਸਮੁੱਚੇ ਸਿੱਖ ਪੰਥ ਦੀ ਨੁਮਾਇੰਦਗੀ ਕਰਨੀ ਚਾਹੀਦੀ ਸੀ। ਪਰ ਇਸ ਕਮੇਟੀ ਵਿੱਚ ਸਿਰਫ਼ ਇੱਕ ਸਿਆਸੀ ਧੜੇ ਅਤੇ ਉਸ ਦੇ ਸਮਰਥਕ ਸੰਤਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਨਾਲ ਸਮਾਗਮਾਂ ਦੀ ਸਾਂਝੀਵਾਲਤਾ ਦੀ ਭਾਵਨਾ ’ਤੇ ਸਵਾਲ ਉੱਠਦੇ ਹਨ।’’ ਇਸ ਤੋਂ ਇਲਾਵਾ, ਕੁਝ ਪੰਥਕ ਜਥੇਬੰਦੀਆਂ ਨੇ ਸਵਾਲ ਉਠਾਇਆ ਹੈ ਕਿ ਸ਼੍ਰੋਮਣੀ ਕਮੇਟੀ ਨੇ ਸਮਾਗਮਾਂ ਦੀ ਤਿਆਰੀ ਵਿੱਚ ਸਿੱਖ ਪੰਥ ਦੀਆਂ ਉਹ ਜਥੇਬੰਦੀਆਂ ਅਤੇ ਵਿਦਵਾਨਾਂ ਨੂੰ ਸ਼ਾਮਲ ਨਹੀਂ ਕੀਤਾ, ਜੋ ਸਿੱਖੀ ਦੇ ਮੁਢਲੇ ਸਿਧਾਂਤਾਂ ਅਤੇ ਗੁਰਮਤਿ ਮਰਯਾਦਾ ਦੀ ਸਖਤੀ ਨਾਲ ਪਾਲਣਾ ਕਰਦੇ ਹਨ। ਡੇਰੇਦਾਰਾਂ ਨੂੰ ਸ਼ਾਮਲ ਕੀਤਾ ਗਿਆ ਜੋ ਅਕਾਲ ਤਖਤ ਸਾਹਿਬ ਦੀ ਪੰਥ ਪ੍ਰਵਾਨਿਤ ਰਹਿਤ ਮਰਿਯਾਦਾ ਨਹੀਂ ਮੰਨਦੇ।

ਸਿੱਖ ਪੰਥ ਅੱਜ ਕਈ ਸਮਾਜਿਕ ਅਤੇ ਧਾਰਮਿਕ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ, ਜਿਨ੍ਹਾਂ ਵਿੱਚ ਗਰੀਬ ਸਿੱਖ ਪਰਿਵਾਰਾਂ ਦਾ ਧਰਮ ਪਰਿਵਰਤਨ, ਸਿੱਖ ਨੌਜਵਾਨਾਂ ਵਿੱਚ ਸਿੱਖੀ ਸਿਧਾਂਤਾਂ ਪ੍ਰਤੀ ਉਦਾਸੀਨਤਾ, ਅਤੇ ਸਿੱਖ ਸੰਸਥਾਵਾਂ ਵਿੱਚ ਪਾਰਦਰਸ਼ਤਾ ਦੀ ਘਾਟ ਸ਼ਾਮਲ ਹਨ। ਕਈ ਸਿੱਖ ਵਿਦਵਾਨਾਂ ਅਤੇ ਸਮਾਜ ਸੇਵੀਆਂ ਨੇ ਸ਼੍ਰੋਮਣੀ ਕਮੇਟੀ ’ਤੇ ਸਵਾਲ ਉਠਾਇਆ ਹੈ ਕਿ ਉਹ ਗੁਰੂ ਦੀ ਗੋਲਕ ਦੇ ਵੱਡੇ ਹਿੱਸੇ ਨੂੰ ਸਮਾਜਿਕ ਅਤੇ ਵਿੱਦਿਅਕ ਸੰਸਥਾਵਾਂ ਉਸਾਰਨ ਦੀ ਬਜਾਏ ਸਤਹੀ ਅਤੇ ਸਿਆਸੀ ਪ੍ਰੋਗਰਾਮਾਂ ’ਤੇ ਖਰਚ ਕਰ ਰਹੀ ਹੈ। ਇਸ ਸਬੰਧ ਵਿੱਚ, ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਕੈਨੇਡਾ ਨੇ ਕਿਹਾ, ‘‘ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਸੁਨੇਹਾ ਸੀ ਸਮਾਜ ਦੇ ਕਮਜ਼ੋਰ ਵਰਗਾਂ ਦੀ ਸੁਰੱਖਿਆ ਅਤੇ ਸਮਾਨਤਾ। ਸ਼੍ਰੋਮਣੀ ਕਮੇਟੀ ਨੂੰ ਇਸ ਸ਼ਤਾਬਦੀ ਨੂੰ ਮੌਕੇ ਵਜੋਂ ਵਰਤਣਾ ਚਾਹੀਦਾ ਸੀ, ਜਿਸ ਨਾਲ ਗਰੀਬ ਸਿੱਖ ਪਰਿਵਾਰਾਂ ਨੂੰ ਸਿੱਖਿਆ, ਸਿਹਤ ਅਤੇ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਏ ਜਾਣ।’’

ਉਨ੍ਹਾਂ ਅੱਗੇ ਕਿਹਾ ਕਿ ਹੋਰ ਘੱਟ-ਗਿਣਤੀ ਭਾਈਚਾਰਿਆਂ, ਜਿਵੇਂ ਕਿ ਈਸਾਈ ਅਤੇ ਮੁਸਲਮਾਨ, ਨੇ ਆਪਣੀਆਂ ਵਿੱਦਿਅਕ ਅਤੇ ਸਿਹਤ ਸੰਸਥਾਵਾਂ ਦੇ ਜ਼ਰੀਏ ਆਪਣੇ ਭਾਈਚਾਰਿਆਂ ਨੂੰ ਮਜ਼ਬੂਤ ਕੀਤਾ ਹੈ, ਪਰ ਸ਼੍ਰੋਮਣੀ ਕਮੇਟੀ ਅਜਿਹੀਆਂ ਸੰਸਥਾਵਾਂ ਸਥਾਪਤ ਕਰਨ ਵਿੱਚ ਪਿੱਛੇ ਰਹਿ ਗਈ ਹੈ।ਖ਼ਾਸ ਤੌਰ ’ਤੇ, ਪੰਜਾਬ ਅਤੇ ਹੋਰ ਰਾਜਾਂ ਵਿੱਚ ਸਿੱਖ ਭਾਈਚਾਰੇ ਦੇ ਗਰੀਬ ਵਰਗਾਂ ਵਿੱਚ ਧਰਮ ਪਰਿਵਰਤਨ ਦੀ ਸਮੱਸਿਆ ਗੰਭੀਰ ਹੁੰਦੀ ਜਾ ਰਹੀ ਹੈ। ਕਈ ਸਿੱਖ ਪਰਿਵਾਰ, ਖਾਸ ਕਰਕੇ ਦਲਿਤ ਅਤੇ ਆਰਥਿਕ ਤੌਰ ’ਤੇ ਕਮਜ਼ੋਰ ਸਿੱਖ, ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਘਾਟ ਕਾਰਨ ਹੋਰ ਧਰਮਾਂ ਵੱਲ ਆਕਰਸ਼ਿਤ ਹੋ ਰਹੇ ਹਨ। ਡਾਕਟਰ ਧਾਲੀਵਾਲ ਦਾ ਮੰਨਣਾ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਗੁਰੂ ਦੀ ਗੋਲਕ ਦੀ ਵਰਤੋਂ ਸਿੱਖੀ ਦੇ ਪ੍ਰਚਾਰ, ਸਿੱਖਿਆ ਸੰਸਥਾਵਾਂ ਅਤੇ ਹਸਪਤਾਲ ਸਥਾਪਤ ਕਰਨ ਲਈ ਕਰਨੀ ਚਾਹੀਦੀ ਸੀ, ਜਿਸ ਨਾਲ ਸਿੱਖ ਪੰਥ ਨੂੰ ਸਮਾਜਿਕ ਅਤੇ ਆਰਥਿਕ ਤੌਰ ’ਤੇ ਮਜ਼ਬੂਤ ਕੀਤਾ ਜਾ ਸਕੇ।

ਸ਼੍ਰੋਮਣੀ ਕਮੇਟੀ ਦੀਆਂ ਮੌਜੂਦਾ ਨੀਤੀਆਂ ਅਤੇ ਪ੍ਰਬੰਧਕੀ ਢਾਂਚੇ ’ਤੇ ਸਿੱਖ ਸੰਗਤਾਂ ਅਤੇ ਵਿਦਵਾਨਾਂ ਵੱਲੋਂ ਸਮੇਂ-ਸਮੇਂ ’ਤੇ ਸਵਾਲ ਉਠਦੇ ਰਹੇ ਹਨ। ਬਹੁਤ ਸਾਰੇ ਸਿੱਖਾਂ ਦਾ ਮੰਨਣਾ ਹੈ ਕਿ ਸ਼੍ਰੋਮਣੀ ਕਮੇਟੀ ’ਤੇ ਸਿਆਸੀ ਦਖਲਅੰਦਾਜ਼ੀ ਅਤੇ ਨੌਕਰਸ਼ਾਹੀ ਦਾ ਪ੍ਰਭਾਵ ਵਧਦਾ ਜਾ ਰਿਹਾ ਹੈ, ਜਿਸ ਕਾਰਨ ਇਹ ਸੰਸਥਾ ਆਪਣੇ ਮੁਢਲੇ ਉਦੇਸ਼ਾਂ-ਗੁਰਦੁਆਰਿਆਂ ਦਾ ਸੁਚਾਰੂ ਪ੍ਰਬੰਧ ਅਤੇ ਸਿੱਖੀ ਦਾ ਪ੍ਰਚਾਰ ਤੋਂ ਭਟਕ ਰਹੀ ਹੈ। ਸ਼ਤਾਬਦੀ ਸਮਾਗਮਾਂ ਦੀ ਤਿਆਰੀ ਵਿੱਚ ਵੀ ਸਿਆਸੀ ਧੜਿਆਂ ਦੀ ਸ਼ਮੂਲੀਅਤ ਨੂੰ ਲੈ ਕੇ ਸੰਗਤ ਵਿੱਚ ਨਾਰਾਜ਼ਗੀ ਦੇਖੀ ਜਾ ਰਹੀ ਹੈ।

# ਕਾਵਿ-ਕਿਆਰੀ

## ਪੌਦਿਆਂ ਨੂੰ ਲਗਾਉਂਦੇ ਜੋ



ਪੌਦਿਆਂ ਨੂੰ ਲਗਾਉਂਦੇ ਜੋ
ਵਾਤਾਵਰਨ ਖੁਸ਼ਹਾਲ ਬਣਾਉਂਦੇ ਉਹ ,
ਆਪ ਵੀ ਵਧੀਆ ਜ਼ਿੰਦਗੀ ਜਿਉਂਦੇ
ਦੂਜਿਆਂ ਨੂੰ ਵੀ ਹਸਾਉਂਦੇ ਉਹ।
ਜੀਅ - ਜੰਤ ਦੀ ਸੇਵਾ ਕਰਕੇ
ਜੀਵਨ ਸਫਲ ਬਣਾਉਂਦੇ ਉਹ ,
ਸਭ ਲਈ ਖੁਸ਼ਨੁਮਾ ਮਾਹੌਲ ਸਿਰਜ ਕੇ
' ਇਨਸਾਨੀਅਤ ਧਰਮ ' ਨਿਭਾਉਂਦੇ ਉਹ।
ਪੌਦਿਆਂ ਨੂੰ ਲਗਾਉਂਦੇ ਜੋ
ਸਭ ਨੂੰ ਹਸਾਉਂਦੇ ਉਹ ,
ਪੰਛੀ - ਪਰਿੰਦਿਆਂ ਲਈ ਘਰ ਬਣਾ ਕੇ
ਖੁਸ਼ਬੋਆਂ ਹੀ ਫੈਲਾਉਂਦੇ ਉਹ।
ਪੌਦਿਆਂ ਦੀ ਸੇਵਾ - ਸੰਭਾਲ ਕਰਕੇ
ਪਰਉਪਕਾਰ ਕਮਾਉਂਦੇ ਉਹ ,
ਹਰ ਇੱਕ ਲਈ ਸ਼ੁੱਧ ਹਵਾ ਦੇ ਕੇ
ਚੰਗੇ ਨਾਗਰਿਕ ਦਾ ਫਰਜ਼ ਨਿਭਾਉਂਦੇ ਉਹ।
ਬਰਸਾਤ ਦੇ ਮੌਸਮ ਵਿੱਚ
ਵੱਧ ਤੋਂ ਵੱਧ ਪੌਦੇ ਲਗਾਉਂਦੇ ਜੋ ,
ਵਰਖਾ ਦਾ ਤਿਉਹਾਰ ਖੂਬ
ਮਨੁੱਖਤਾ ਲਈ ਮਨਾਉਂਦੇ ਉਹ।
ਪੌਦਿਆਂ ਨੂੰ ਦਰੱਖ਼ਤ ਬਣਾ ਕੇ
ਕੁਦਰਤ ਨੂੰ ਖਿਲਖਿਲਾਉਂਦੇ ਉਹ ,
ਪੌਦਿਆਂ ਨੂੰ ਲਗਾਉਂਦੇ ਜੋ
ਵਾਤਾਵਰਨ ਖੁਸ਼ਹਾਲ ਬਣਾਉਂਦੇ ਉਹ ,
' ਇਨਸਾਨੀਅਤ ਦੇ ਪਹਿਰੇਦਾਰ ' ਅਖਵਾਉਂਦੇ ਉਹ
' ਮਾਨਵਤਾ ਧਰਮ ' ਨਿਭਾਉਂਦੇ ਉਹ।

ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ
ਸ਼੍ਰੀ ਅਨੰਦਪੁਰ ਸਾਹਿਬ

## ਮੇਰੀ ਮਾਂ

ਮਹਿੰਦਰ ਸਿੰਘ ਮਾਨ



ਤੂੰ ਮੈਨੂੰ ਗੋਦੀ ਚੁੱਕ ਕੇ ਖਿਡਾਇਆ,
ਮੈਨੂੰ ਰੋਂਦੇ ਨੂੰ ਗਲ਼ ਨਾਲ ਲਾਇਆ।
ਤੇਰੀਆਂ ਸੁਣ ਕੇ ਲੋਰੀਆਂ ਤੇ ਬਾਤਾਂ,
ਮੇਰੀਆਂ ਚੰਗੀਆਂ ਲੰਘਦੀਆਂ ਸੀ ਰਾਤਾਂ।
ਹੌਲੀ ਹੌਲੀ ਮੈਨੂੰ ਬੋਲਣਾ ਸਿਖਾਇਆ,
ਵੱਡਿਆਂ ਦਾ ਆਦਰ ਕਰਨਾ ਸਿਖਾਇਆ।
ਤੂੰ ਮੇਰੇ ਲਈ ਕੀਤੀਆਂ ਦਿਨ ਰਾਤ ਦੁਆਵਾਂ,
ਤਾਂ ਹੀ ਨੇੜੇ ਮੇਰੇ ਆਈਆਂ ਨਾ ਬਲਾਵਾਂ।
ਫਿਰ ਤੂੰ ਮੈਨੂੰ ਸਕੂਲੇ ਪੜ੍ਹਨਾ ਪਾਇਆ,
ਘਰ ਆਏ ਨੂੰ ਹੋਮ ਵਰਕ ਕਰਾਇਆ।
ਹੌਲੀ ਹੌਲੀ ਕੀਤੀ ਪੜ੍ਹਾਈ ਮੈਂ ਪੂਰੀ,
ਮੈਨੂੰ ਮਿਲੇ ਨੌਕਰੀ, ਖਾਹਿਸ਼ ਸੀ ਤੇਰੀ।
ਫਿਰ ਮੈਂ ਕੀਤਾ ਬੈਂਕ ਦਾ ਟੈਸਟ ਪਾਸ,
ਨੌਕਰੀ ਮਿਲਣ ਦੀ ਬੱਝ ਗਈ ਆਸ।
ਇੰਟਰਵਿਊ ਪਿੱਛੋਂ ਮਿਲ ਗਈ ਨੌਕਰੀ,
ਰੱਬ ਨੇ ਤੇਰੀ ਫਰਿਆਦ ਸੁਣ ਲਈ।
ਮਾਏ ਮੇਰੀਏ ਇਹੋ ਹੈ ਖਾਹਿਸ਼ ਮੇਰੀ,
ਮਿਲਦੀ ਰਹੇ ਮੈਨੂੰ ਸਦਾ ਠੰਢੀ ਛਾਂ ਤੇਰੀ।

## ਗਜ਼ਲ (ਸਾਵਣ)

ਰਾਜਿੰਦਰ ਪਰਦੇਸੀ





ਬੰਬਾਂ, ਅੱਗਾ, ਨਾਲ ਕਰੋਪੀ ਹੜ੍ਹ ਦੀ ਲਿਆਇਆ ਸਾਵਣ ।
ਉਹਨਾਂ ਦੇ ਦਿਲ ਨੂੰ ਇਹ ਫਿਰ ਵੀ ਕਿੰਨਾ ਭਾਇਆ ਸਾਵਣ ।
ਕਿੰਨੇ ਪੰਛੀ ਬੇਘਰ ਕੀਤੇ ਕਿੰਨੇ ਬਿਰਖ਼ ਉਖਾੜੇ,
ਫਿਰ ਵੀ ਸਤਰੰਗੀਆਂ ਪੀਘਾਂ, ਵਾਹ ਤੇਰੀ ਮਾਇਆ ਸਾਵਣ ।

ਸਾਵਣ ਦੇ ਵਾਰਸ ਇਹ ਤਕ ਕੇ ਝੂਰ ਰਹੇ ਹੋਣੇ ਨੇ,
ਮੰਗਿਆ ਸੀ ਕਿਸ ਨਾਲ, ਗਿਆ ਕਿਸ ਨਾਲ ਵਿਹਾਇਆ ਸਾਵਣ।

ਛਤਰੀ ਵਾਲੇ ਜਾ ਘਰ ਪਹੁੰਚੇ ਸੀਸ ਸਲਾਮਤ ਲੈ ਕੇ,
ਆਪਾਂ ਨੰਗੇ ਸਿਰ ਤੇ ਗੜ੍ਹਿਆਂ ਨਾਲ ਮਨਾਇਆ ਸਾਵਣ ।

ਸਾਵਣ ਦੀ ਉਸ ਪੌਣ ਜਹੀ ਦੇ ਦਿਲ ਨੂੰ ਪੁਛ ਕੇ ਵੇਖੋ,
ਜਿਸ ਨੇ ਬੈਠ ਬਨੇਰੇ ਤੇ ਚੁਪ ਚਾਪ ਲੰਘਾਇਆ ਸਾਵਣ ।

ਰਾਤ ਡਰੌਣੀ ਮਨ ਦੇ ਜੁਗਨੂੰ ਪਲ ਪਲ ਜਗਦੇ ਬੁਝਦੇ,
ਸਜਣਾ ਸਾਡਾ ਘੁਟ ਭਰ ਚਲਿਆ ਇਹ ਤਿਰਹਾਇਆ ਸਾਵਣ।


ਤੇਰੇ ਨਗਰੀਂ ਦਸ ਕੈਸਾ ਹੈ ਪਰ ਸਾਡੇ ਤਾਂ ਪਿੰਡੀਂ,
ਤਿੜਕੇ ਬੱਦਲ ਜ਼ਖ਼ਮੀ ਪੌਣਾਂ ਲੈ ਕੇ ਆਇਆ ਸਾਵਣ ।

ਕਿਉਂ ਲੋਕਾਂ ਦੇ ਘਰ ਨਾ ਰੋੜ੍ਹੇ ਕਿਉ ਊਧਮੂਲ ਨ ਚੁੱਕੇ,
ਕਰ ਕਰ ਸਿਫਤਾਂ ਕਵੀਆਂ ਜਦ ਐਨਾ ਮਛਰਾਇਆ ਸਾਵਣ ।

ਸੋਕੇ ਝੱਲੇ, ਡੋਬੇ ਖਾਧੇ ਹਰ ਸਾਵਣ "ਪਰਦੇਸੀ"
ਬਿਨ ਗਿਣਿਆਂ ਦਸ ਸਕਦੇ ਹਾਂ ਤਰਵੰਜਵਾਂ ਆਇਆ ਸਾਵਣ ।




## ਚਸਕਾ-ਏ-ਕੁਰਸੀ



ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ ਕੇ

ਪ੍ਰਧਾਨਗੀ ਵਾਲੀ ਭਾਵਨਾ, ਹਰ ਥਾਂ ਭਾਰੂ ਜਾਪੇ,
ਦਿਸ ਰਹੇ ਦੁਨੀਆ 'ਚ, ਇਸ ਦੇ ਬੜੇ ਸਿਆਪੇ।

ਪਰ ਅਧੀਨ ਹੋ ਕੇ ਨਾ, ਕੋਈ ਅੱਜ ਰਹਿਣਾ ਚਾਹੇ,
ਜਿੱਥੇ ਵੀ ਹੋਵੇ ਕੁਰਸੀ, ਉਸ ਵੱਲ ਨੱਠ ਨੱਠ ਜਾਵੇ।

ਕੀ ਲੇਖਕ ਕੀ ਨੇਤਾ, ਸਭ ਨੂੰ ਇੱਕੋ ਬੀਮਾਰੀ,
ਲਾਇਲਾਜ ਰੋਗ ਰਹੇ, ਚਿੰਬੜਿਆ ਉਮਰਾ ਸਾਰੀ।

ਧਰਮ ਦੇ ਕਰਮ ਵੀ ਕੁਰਸੀ, ਬਿਨਾ ਨਾ ਪੂਰਣ ਹੁੰਦੇ,
ਹਰ ਥਾਂ ਦੇਖੋ ਕਾਰੇ, ਕੁਰਸੀ ਦੇ ਬੜੇ ਹੀ ਗੁੰਡੇ।

ਸਿਆਣਪਾਂ ਛਿੱਕੇ ਟੰਗ ਕੇ, ਝੁੱਗੇ ਚੌੜ ਕਰਾ ਕੇ,
ਕਰਨ ਲਾਲਸਾਵਾਂ ਜ਼ਾਹਿਰ, ਵਿੱਚ ਚੌਰਾਹੇ ਆ ਕੇ।

ਪੱਗੋ ਹੱਥੀਂ ਹੁੰਦੇ, ਕਈ ਮੈਂ ਥਾਂ ਥਾਂ ਡਿੱਠੇ,
ਤਿੰਨ ਲੱਤੀਆਂ ਕੁਰਸੀਆਂ ਨੂੰ, ਮਾਰਨ ਘੁੱਟ ਘੁੱਟ ਜੱਫੇ।

ਖੁਸ ਜਾਏ ਜੇ ਕੁਰਸੀ, ਲੈਂਦੇ ਹੋਕੇ 'ਤੇ ਹਾਵੇ,
ਜਾਨ ਜਾਵੇ ਤਾਂ ਜਾਵੇ, ਹਾਏ ਕੁਰਸੀ ਨਾ ਜਾਵੇ!

ਪੁੱਠਾ ਵਗਦਾ ਹੈ ਚਲਣ, ਜਿਸ ਵਿੱਚ ਕਈ ਜਾਂਦੇ ਰੁੜ੍ਹਦੇ,
ਜੇ ਹੱਥ ਨਾ ਆਵੇ ਕੁਰਸੀ, ਤੜਫਦੇ ਨਿੱਤ ਹੀ ਕੁੜ੍ਹਦੇ।

ਆਓ ਕਰੀਏ ਕਿਨਾਰਾ, ਇਨ੍ਹਾਂ ਤੋਂ ਬਚ ਕੇ ਰਹੀਏ,
ਐਸੇ ਪੁਰਸ਼ਾਂ ਨੂੰ ਸਿਆਣੇ, ਹੁਣ ਕਿਵੇਂ ਅਸੀਂ ਕਹੀਏ?

## ਕਵਿਤਾ

ਰੱਬਾ ਉਹਦੇ ਕਾਬਲ ਕਰਦੇ
ਜਾਂ ਫਿਰ ਮੈਨੂੰ ਪਾਗਲ ਕਰਦੇ

ਜੇ ਉਹ ਹਾਸਲ ਹੋ ਨਈਂ ਸਕਦਾ
ਹਰ ਹਾਸਲ ਲਾ-ਹਾਸਲ ਕਰਦੇ

ਇਸ਼ਕ ਅਦਾਰਾ ਖੋਲ੍ਹਿਆ ਜਿੰਨ੍ਹਾਂ
ਮਾੜਾ ਬਾਲ ਨਈਂ ਦਾਖਲ ਕਰਦੇ

ਇਕ ਦੂਜੇ ਦੀ ਭਾਲ ਵਿੱਚ ਲੰਘੀ
ਰਲ਼ ਕੇ ਬਹਿੰਦੇ ਗੱਲ ਸ਼ੱਲ ਕਰਦੇ

ਕਈ ਤੱਕੇ ਨੇ ਝੂਠੇ ਆਸ਼ਕ
ਇਸ਼ਕ ਦੀ ਤਸਬੀਹ ਪਲ ਪਲ ਕਰਦੇ

ਭੁੱਲ ਭੁਲੇਖੇ ਈ ਤੱਕ ਲੈ ਮੈਨੂੰ
ਖੁਦਰਾ ਵੇਲਾ ਮਖ਼ਮਲ ਕਰਦੇ

ਇਕ ਦੂਜੇ ਦੀ ਜਿੰਦੜੀ ਬੁਸ਼ਰਾ
ਰੱਬ ਨਈਂ ਬੰਦੇ ਮੁਸ਼ਕਲ ਕਰਦੇ

-ਬੁਸ਼ਰਾ ਨਾਜ਼

✶ ✶ ✶ ✶ ✶

# ਅਮਰੀਕਾ ਦੀ 500% ਟੈਰਿਫ ਦੀ ਧਮਕੀ: ਭਾਰਤ ਦੀ ਰੂਸੀ ਤੇਲ ਖਰੀਦਣ ਤੋਂ ਅਮਰੀਕਾ ਔਖਾ

ਇੰਟਰਨੈਸ਼ਨਲ ਨਿਊਜ ਸਟੋਰੀ

## ✪ ਰੂਸ-ਪਾਕਿਸਤਾਨ ਦੀ ਨਵੀਂ ਸਾਂਝ: ਭਾਰਤ ਹੁਣ ਮਿੱਤਰ ਦੇਸਾਂ ਤੋਂ ਇਕੱਲਾ ਪੈਣ ਲੱਗਾ ✪ ਭਾਰਤ ਹੁਣ ਸਸਤਾ ਤੇਲ ਕਿਥੋਂ ਖਰੀਦਕੇ ਆਪਣੀ ਆਰਥਿਕਤਾ ਬਚਾਏਗਾ? ✪ ਚੌਰਾਹੇ 'ਤੇ ਭਾਰਤ: ਅਮਰੀਕੀ ਦਬਾਅ ਤੇ ਰੂਸੀ ਦੋਸਤੀ ਦਰਮਿਆਨ ਸੰਤੁਲਨ ਰਖਣਾ ਬਣਿਆ ਧਰਮ ਸੰਕਟ

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ, ਭਾਰਤ ਵਰਗੇ ਦੇਸ਼ਾਂ ਦਾ ਲੱਕ ਤੋੜਨ ਦੀ ਤਾਕ ਵਿੱਚ ਨੇ। ਗੱਲ ਸਿੱਧੀ ਜਿਹੀ ਹੈ - ਰੂਸ ਤੋਂ ਤੇਲ ਖਰੀਦਣ ਵਾਲਿਆਂ ਨੂੰ ਅਮਰੀਕੀ ਸੈਨੇਟਰਾਂ ਨੇ 500% ਟੈਰਿਫ ਦੀ ਖੁੱਲ੍ਹੀ ਧਮਕੀ ਦੇ ਰੱਖੀ ਹੈ। ਹੁਣੇ ਜਿਹੇ ਸੈਂਕਸ਼ਨਿੰਗਰਸ਼ੀਆ ਐਕਟ ਆਫ 2025 ਨਾਮ ਦਾ ਇੱਕ ਬਿੱਲ ਹੈ, ਜਿਹੜਾ ਰੂਸ ਦੀ ਤੇਲ ਅਤੇ ਗੈਸ ਵਾਲੀ ਚੰਗੇ ਚੱਲ ਰਹੇ ਬਿਜਨਸ ਨੂੰ ਬੰਦ ਕਰਨ ਦੀ ਸਾਜਿਸ਼ ਜਾਪਦਾ ਹੈ। ਭਾਰਤ, ਜਿਹੜਾ ਰੂਸ ਦਾ ਸਭ ਤੋਂ ਵੱਡਾ ਤੇਲ ਖਰੀਦਣ ਵਾਲਾ ਦੇਸ਼ ਬਣ ਚੁੱਕਾ ਹੈ, ਹੁਣ ਇਸ ਅਮਰੀਕੀ ਚਾਲ ਦਾ ਸਾਹਮਣੇ ਕਰ ਰਿਹਾ ਹੈ। ਓਧਰ, ਰੂਸ ਨੇ ਪਾਕਿਸਤਾਨ ਨੂੰ "ਮਹੱਤਵਪੂਰਨ ਸਾਂਝੇਦਾਰ" ਤੇ "ਸੁਭਾਵਕ ਸਹਿਯੋਗੀ" ਦਾ ਖਿਤਾਬ ਦੇ ਕੇ ਭਾਰਤ ਦੀਆਂ ਚਿੰਤਾਵਾਂ ਨੂੰ ਹੋਰ ਵਧਾ ਦਿੱਤਾ ਹੈ। ਅਮਰੀਕਾ ਦੇ ਸਿਆਸਤਦਾਨਾਂ ਸੈਨੇਟਰ ਲਿੰਡਸੇ ਗ੍ਰਾਹਮ ਤੇ ਰਿਚਰਡ ਬਲੂਮੈਂਥਲ, ਭਾਰਤ ਤੇ ਚੀਨ ਵੱਲ ਉਂਗਲ ਚੁੱਕੀ ਹੈ। ਇਹਨਾਂ ਦਾ ਕਹਿਣਾ ਹੈ ਕਿ ਜੇ ਤੁਸੀਂ ਰੂਸੀ ਤੇਲ ਖਰੀਦਣਾ ਜਾਰੀ ਰੱਖਿਆ, ਤਾਂ ਅਸੀਂ ਤੁਹਾਡੀ ਆਰਥਿਕਤਾ ਜਾਮ ਕਰ ਦਿਆਂਗੇ। 500% ਟੈਰਿਫ ਦਾ ਮਤਲਬ ਸਮਝੋ - ਜੇ ਇੱਕ ਬੈਰਲ ਤੇਲ ਦੀ ਕੀਮਤ 100 ਡਾਲਰ ਹੈ, ਤਾਂ ਤੁਹਾਨੂੰ 600 ਡਾਲਰ ਅਦਾ ਕਰਨੇ ਪੈਣਗੇ। ਇਹ ਕੋਈ ਮਾਮੂਲੀ ਝਟਕਾ ਨਹੀਂ, ਸਗੋਂ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਤੋੜਨ ਵਾਲੀ ਗੱਲ ਹੈ।

ਵਾਸ਼ਿੰਗਟਨ ਪੋਸਟ ਦੀ ਰਿਪੋਰਟ ਮੁਤਾਬਕ, ਇਹ ਬਿੱਲ ਰੂਸ ਨੂੰ ਯੂਕਰੇਨ ਜੰਗ ਦੀ ਫੰਡਿੰਗ ਤੋਂ ਰੋਕਣ ਦੀ ਕੋਸ਼ਿਸ਼ ਹੈ, ਪਰ ਇਸ ਦਾ ਸਿੱਧਾ ਨਿਸ਼ਾਨਾ ਭਾਰਤ ਤੇ ਚੀਨ ਵਰਗੇ ਦੇਸ਼ ਹਨ, ਜਿਹੜੇ ਰੂਸ ਦੀ 70% ਊਰਜਾ ਖਰੀਦ ਰਹੇ ਨੇ। ਅਮਰੀਕੀ ਸੈਨੇਟਰ ਰਿਚਰਡ ਬਲੂਮੈਂਥਲ ਨੇ ਰੋਮ ਵਿੱਚ ਯੂਕਰੇਨ ਦੇ ਸਮਰਥਨ ਵਿੱਚ ਹੋਈ ਇੱਕ ਕਾਨਫਰੰਸ ਵਿੱਚ ਸਾਫ ਲਫਜ਼ਾਂ ਵਿੱਚ ਕਿਹਾ ਕਿ "ਅਸੀਂ ਰੂਸੀ ਤੇਲ ਖਰੀਦਣ ਵਾਲਿਆਂ ਦੀ ਕਮਰ ਤੋੜ ਦਿਆਂਗੇ।"



### ਰੂਸ ਦੀ ਪਾਕਿਸਤਾਨ ਨਾਲ਼ ਨਵੀਂ ਸਾਂਝ: ਭਾਰਤ ਦੀ ਚਿੰਤਾ

ਬੀਤੇ ਦਿਨੀਂ ਰੂਸ ਦੇ ਉਪ-ਪ੍ਰਧਾਨ ਮੰਤਰੀ ਐਲੇਕਸੀ ਓਵਰਚੁਕ ਨੇ ਪਾਕਿਸਤਾਨ ਨੂੰ "ਮਹੱਤਵਪੂਰਨ ਸਾਝੇਦਾਰ" ਤੇ "ਸੁਭਾਵਕ ਸਹਿਯੋਗੀ" ਦੱਸਿਆ। ਇਹ ਗੱਲ ਉਦੋਂ ਸਾਹਮਣੇ ਆਈ, ਜਦੋਂ ਪਾਕਿਸਤਾਨੀ ਪ੍ਰਤੀਨਿਧੀ ਮੰਡਲ ਮਾਸਕੋ ਵਿੱਚ ਇਨੋਪ੍ਰੋਮ ਵਪਾਰਕ ਮੇਲੇ ਵਿੱਚ ਸ਼ਾਮਲ ਹੋਇਆ। ਰੂਸ ਨੇ ਪਾਕਿਸਤਾਨ ਨਾਲ਼ ਰੇਲਵੇ ਸੰਪਰਕ, ਕਾਰਗੋ ਟਰੇਨ, ਤੇ ਕਰਾਚੀ ਵਿੱਚ ਨਵੀਂ ਸਟੀਲ ਮਿੱਲ ਸਥਾਪਤ ਕਰਨ ਦੀਆਂ ਗੱਲਾਂ ਸ਼ੁਰੂ ਕਰ ਦਿੱਤੀਆਂ ਨੇ। ਇਹ ਗੱਲ ਭਾਰਤ ਲਈ ਸੰਕਟ ਦਾ ਵਿਸ਼ਾ ਹੈ। ਭਾਰਤ-ਰੂਸ ਦੋਸਤੀ ਦੀਆਂ ਜੜ੍ਹਾਂ ਡੂੰਘੀਆਂ ਨੇ, ਪਰ ਪਾਕਿਸਤਾਨ ਨਾਲ਼ ਰੂਸ ਦੀ ਇਹ ਨਵੀਂ ਸਾਂਝ ਭਾਰਤ ਦੇ ਮਨ ਵਿੱਚ ਸ਼ੱਕ ਦੀ ਸੂਈ ਚੁਭੋ ਰਹੀ ਹੈ। ਗਲੋਬਲ ਟਾਈਮਜ਼ ਦੀ ਰਿਪੋਰਟ ਮੁਤਾਬਕ, ਰੂਸ ਨੇ ਕਈ ਵਾਰ ਕਿਹਾ ਹੈ ਕਿ ਭਾਰਤ ਨਾਲ਼ ਉਸ ਦੀ ਦੋਸਤੀ ਦੀ ਤੁਲਨਾ ਕਿਸੇ ਹੋਰ ਦੇਸ਼ ਨਾਲ਼ ਨਹੀਂ ਕੀਤੀ ਜਾ ਸਕਦੀ। ਪਰ ਪਾਕਿਸਤਾਨ ਨਾਲ਼ ਵਧਦੀ ਨੇੜਤਾ ਨੇ ਭਾਰਤ ਦੇ ਸਿਆਸੀ ਗਲਿਆਰਿਆਂ ਵਿੱਚ ਚਰਚਾ ਛੇੜ ਦਿੱਤੀ ਹੈ। ਇਸ ਸਾਰੀ ਖੇਡ ਵਿੱਚ ਭਾਰਤ ਜਿਵੇਂ ਚੌਰਾਹੇ 'ਤੇ ਖੜ੍ਹਾ ਹੈ - ਇੱਕ ਪਾਸੇ ਅਮਰੀਕਾ ਦੀਆਂ ਧਮਕੀਆਂ, ਦੂਜੇ ਪਾਸੇ ਰੂਸ ਦੀ ਪਾਕਿਸਤਾਨ ਨਾਲ਼ ਵਧਦੀ ਦੋਸਤੀ। ਭਾਰਤ ਦੀ ਮੁਸ਼ਕਲ ਇਹ ਹੈ ਕਿ ਉਹ ਨਾ ਤਾਂ ਅਮਰੀਕਾ ਨੂੰ ਪੂਰੀ ਤਰ੍ਹਾਂ ਨਾਰਾਜ਼ ਕਰ ਸਕਦਾ ਹੈ, ਨਾ ਹੀ ਰੂਸ ਨਾਲ਼ ਸਦੀਆਂ ਪੁਰਾਣੀ ਦੋਸਤੀ ਨੂੰ ਤੋੜ ਸਕਦਾ ਹੈ। ਵਾਸ਼ਿੰਗਟਨ ਪੋਸਟ ਮੁਤਾਬਕ, ਅਮਰੀਕਾ ਦੀ ਸਖਤੀ ਦਾ ਮਕਸਦ ਰੂਸ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਨਾ ਹੈ, ਪਰ ਇਸ ਦੀ ਮਾਰ ਭਾਰਤ ਵਰਗੇ ਦੇਸ਼ਾਂ 'ਤੇ ਪੈ ਰਹੀ ਹੈ। ਭਾਰਤ ਨੇ ਹੁਣ ਤੱਕ ਅਮਰੀਕੀ ਧਮਕੀਆਂ ਅੱਗੇ ਨਾ ਝੁਕਣ ਦੀ ਨੀਤੀ ਅਪਣਾਈ ਹੈ, ਪਰ ਜੇ ਇਹ ਬਿੱਲ ਪਾਸ ਹੋ ਜਾਂਦਾ ਹੈ, ਤਾਂ ਭਾਰਤ ਨੂੰ ਨਵੇਂ ਸਿਰੇ ਤੋਂ ਰਣਨੀਤੀ ਬਣਾਉਣੀ ਪਵੇਗੀ।

ਇਸ ਗੱਲ ਦਾ ਵਿਰੋਧ ਭਾਰਤ ਦੇ ਤੇਲ ਮੰਤਰੀ ਹਰਦੀਪ ਸਿੰਘ ਪੁਰੀ ਨੇ ਕੀਤਾ। ਗਲੋਬਲ ਟਾਈਮਜ਼ ਅਨੁਸਾਰ ਪੁਰੀ ਨੇ ਜਵਾਬ ਵਿੱਚ ਕਿਹਾ, "ਰੂਸੀ ਤੇਲ 'ਤੇ ਕਦੇ ਵੀ ਕੋਈ ਗਲੋਬਲ ਪਾਬੰਦੀ ਨਹੀਂ ਸੀ। ਅਸੀਂ ਸਸਤਾ ਤੇਲ ਖਰੀਦ ਕੇ ਨਾ ਸਿਰਫ਼ ਆਪਣੀ ਊਰਜਾ ਸੁਰੱਖਿਆ ਨੂੰ ਮਜ਼ਬੂਤ ਕਰ ਰਹੇ ਹਾਂ, ਸਗੋਂ ਵਿਸ਼ਵ ਬਾਜ਼ਾਰ ਨੂੰ ਸਥਿਰ ਰੱਖਣ ਵਿੱਚ ਵੀ ਮਦਦ ਕਰ ਰਹੇ ਹਾਂ।"


ਅਸਲੀਅਤ ਇਹ ਹੈ ਕਿ ਭਾਰਤ ਦੀ ਅਰਥਵਿਵਸਥਾ ਤੇਲ ਉਪਰ ਚੱਲਦੀ ਹੈ, ਤੇ ਰੂਸੀ ਨੇ ਭਾਰਤ ਨੂੰ ਸਸਤਾ ਤੇਲ ਦੇਕੇ ਭਾਰਤ ਦੀ ਅਰਥ-ਵਿਵਸਥਾ ਵਿਚ ਯੋਗਦਾਨ ਪਾਇਆ ਹੈ। ਅਲ ਜਜ਼ੀਰਾ ਦੀ ਰਿਪੋਰਟ ਮੁਤਾਬਕ, 2022 ਵਿੱਚ ਜਦੋਂ ਯੂਕਰੇਨ ਜੰਗ ਸ਼ੁਰੂ ਹੋਈ ਸੀ, ਭਾਰਤ ਨੇ ਰੂਸ ਤੋਂ ਸਿਰਫ਼ 2% ਤੇਲ ਖਰੀਦਿਆ ਸੀ।

ਪਰ ਹੁਣ, 2025 ਵਿੱਚ, ਇਹ ਅੰਕੜਾ 40% 'ਤੇ ਪਹੁੰਚ ਗਿਆ ਹੈ। ਰੂਸ ਨੇ ਪੱਛਮੀ ਪਾਬੰਦੀਆਂ ਦੇ ਬਾਅਦ ਭਾਰਤ ਨੂੰ ਭਾਰੀ ਛੋਟ 'ਤੇ ਤੇਲ ਵੇਚਣਾ ਸ਼ੁਰੂ ਕੀਤਾ, ਜਿਸ ਨਾਲ਼ ਭਾਰਤ ਦਾ ਆਯਾਤ ਬਿੱਲ ਘਟਿਆ ਤੇ ਊਰਜਾ ਸੁਰੱਖਿਆ ਮਜ਼ਬੂਤ ਹੋਈ।

ਆਰ.ਟੀ. ਇੰਟਰਨੈਸ਼ਨਲ ਦੀ ਰਿਪੋਰਟ ਦੱਸਦੀ ਹੈ ਕਿ 2015 ਵਿੱਚ ਭਾਰਤ-ਰੂਸ ਵਪਾਰ ਸਿਰਫ਼ 6.1 ਅਰਬ ਡਾਲਰ ਸੀ, ਜੋ 2024 ਵਿੱਚ 72 ਅਰਬ ਡਾਲਰ 'ਤੇ ਪਹੁੰਚ ਗਿਆ। ਇਸ ਵਿੱਚੋਂ 55 ਅਰਬ ਡਾਲਰ ਦਾ ਹਿੱਸਾ ਸਿਰਫ਼ ਤੇਲ ਦਾ ਹੈ। ਅਜਿਹੇ ਵਿੱਚ, ਜੇ ਅਮਰੀਕਾ 500% ਟੈਰਿਫ ਲਾਉਂਦਾ ਹੈ, ਤਾਂ ਭਾਰਤ ਦੀ ਅਰਥਵਿਵਸਥਾ ਦੀ ਗੱਡੀ ਦਾ ਪਹੀਆ ਜਾਮ ਹੋ ਸਕਦਾ ਹੈ। ਤੇਲ ਦੀਆਂ ਕੀਮਤਾਂ 120-130 ਡਾਲਰ ਪ੍ਰਤੀ ਬੈਰਲ 'ਤੇ ਪਹੁੰਚਣ ਦੀ ਸੰਭਾਵਨਾ ਹੈ, ਜਿਸ ਨਾਲ਼ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਸਕਦੀਆਂ ਨੇ।

ਹਾਲੇ ਤੱਕ ਭਾਰਤ ਨੇ ਅਮਰੀਕੀ ਧਮਕੀਆਂ ਅੱਗੇ ਗੋਡੇ ਨਹੀਂ ਟੇਕੇ। ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਸੈਨੇਟਰ ਲਿੰਡਸੇ ਗ੍ਰਾਹਮ ਨਾਲ਼ ਗੱਲਬਾਤ ਕਰਕੇ ਸਾਫ ਕਰ ਦਿੱਤਾ ਕਿ ਭਾਰਤ ਦੀ ਊਰਜਾ ਸੁਰੱਖਿਆ ਸਭ ਤੋਂ ਅੱਗੇ ਹੈ। ਗਲੋਬਲ ਟਾਈਮਜ਼ ਨੇ ਜੈਸ਼ੰਕਰ ਦੇ ਹਵਾਲੇ ਨਾਲ਼ ਲਿਖਿਆ, "ਜਿੱਥੋਂ ਸਸਤਾ ਤੇਲ ਮਿਲੇਗਾ, ਓਥੋਂ ਖਰੀਦੀਏ। ਅਸੀਂ ਵਿਸ਼ਵ ਬਾਜ਼ਾਰ ਨੂੰ ਸਥਿਰ ਰੱਖਣ ਵਿੱਚ ਯੋਗਦਾਨ ਦੇ ਰਹੇ ਹਾਂ।"

ਅਲ ਜਜ਼ੀਰਾ ਦੀ ਰਿਪੋਰਟ ਮੁਤਾਬਕ, ਜੇ ਭਾਰਤ ਰੂਸੀ ਤੇਲ ਨਾ ਖਰੀਦਦਾ, ਤਾਂ ਤੇਲ ਦੀਆਂ ਕੀਮਤਾਂ 200 ਡਾਲਰ ਪ੍ਰਤੀ ਬੈਰਲ ਤੱਕ ਜਾ ਸਕਦੀਆਂ ਸਨ।



## ਅੰਮ੍ਰਿਤਸਰ ਵਿੱਚ ਗੁਟਕਾ ਸਾਹਿਬ ਦੀ ਬੇਅਦਬੀ!

### ✪ ਕੂੜੇ ਵਾਲੀ ਗੱਡੀ ਵਿੱਚੋਂ ਮਿਲੇ ਅੰਗ



ਅੰਮ੍ਰਿਤਸਰ-ਇੱਥੇ ਰਣਜੀਤ ਐਵੇਨਿਊ ਵਿੱਚ ਕੂੜੇ ਵਾਲੀ ਗੱਡੀ ਵਿੱਚੋਂ ਪਵਿੱਤਰ ਗੁਟਕਾ ਸਾਹਿਬ ਦੇ ਅੰਗ ਮਿਲੇ ਹਨ। ਸਿੱਖ ਜਥੇਬੰਦੀਆਂ ਨੇ ਇਨ੍ਹਾਂ ਦੀ ਬੇਅਦਬੀ ਮੰਨਦਿਆਂ ਥਾਣਾ ਰਣਜੀਤ ਐਵੇਨਿਊ ਵਿੱਚ ਰੋਸ ਜਤਾਉਂਦਿਆਂ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ। ਪੁਲਿਸ ਅਧਿਕਾਰੀ ਰੋਬਿਨ ਹੰਸ ਨੇ ਇਸ ਮਾਮਲੇ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਜਲਦੀ ਹੀ ਇਹ ਪਤਾ ਲਗਾਇਆ ਜਾਵੇਗਾ ਕਿ ਇਹ ਅੰਗ ਕਿੱਥੋਂ ਆਏ ਤੇ ਕਿਸ ਨੇ ਸੁੱਟੇ। ਉਨ੍ਹਾਂ ਕਿਹਾ ਕਿ ਜੋ ਵੀ ਦੋਸ਼ੀ ਹੋਵੇਗਾ, ਉਸ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਠੱਗ ਪਾਸਟਰਾਂ ਦੇ ਟੂਣੇ ਤੇ ਅਣਗਹਿਲੀ ਕਾਰਨ ਨੌਜਵਾਨ ਦੀ ਜਾਨ ਚਲੀ ਗਈ

## ✪ ਜਥੇਦਾਰ ਗੜਗੱਜ ਨੇ ਠੱਗ ਪਾਸਟਰਾਂ ਤੋਂ ਪੀੜਤ ਪਰਿਵਾਰ ਨਾਲ ਕੀਤੀ ਮੁਲਾਕਾਤ, ਸਾਂਝਾ ਕੀਤਾ ਦੁੱਖ

ਪਟਿਆਲਾ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪਟਿਆਲਾ ਦੇ ਪਿੰਡ ਖੁਸਰੋਪੁਰ ਵਿਖੇ ਉਸ ਪਰਿਵਾਰ ਨਾਲ ਮੁਲਾਕਾਤ ਕੀਤੀ, ਜਿਸ ਦੇ 16 ਸਾਲਾ ਲੜਕੇ ਦੀ ਮੌਤ ਭਾਦਸੋਂ ਰੋਡ 'ਤੇ ਸਿੱਧੂਵਾਲ ਵਿਖੇ ਅਖੌਤੀ ਪਾਦਰੀਆਂ ਦੀ ਸਭਾ ਵਿੱਚ ਹੋਈ ਸੀ। ਜਥੇਦਾਰ ਨੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਘਟਨਾ ਦੀ ਪੂਰੀ ਜਾਣਕਾਰੀ ਲਈ। ਪਰਿਵਾਰ ਨੇ ਦੱਸਿਆ ਕਿ ਲੜਕੇ ਨੂੰ ਕਣਕ ਦੀ ਐਲਰਜੀ ਸੀ, ਜਿਸ ਕਾਰਨ ਉਹ ਪਹਿਲਾਂ ਮੈਡੀਕਲ ਇਲਾਜ ਕਰਵਾਉਂਦੇ ਸਨ, ਪਰ ਬਾਅਦ ਵਿੱਚ ਅਖੌਤੀ ਪਾਦਰੀਆਂ ਦੇ ਸੰਪਰਕ ਵਿੱਚ ਆ ਗਏ, ਜਿਨ੍ਹਾਂ ਨੇ ਰੋਗ ਠੀਕ ਕਰਨ ਦਾ ਦਾਅਵਾ ਕੀਤਾ। ਪਰਿਵਾਰ ਨੂੰ ਉਮੀਦ ਸੀ ਕਿ ਲੜਕਾ ਠੀਕ ਹੋ ਜਾਵੇਗਾ, ਪਰ ਸਭਾ ਵਿੱਚ ਅਣਗਹਿਲੀ ਕਾਰਨ ਉਸ ਦੀ ਜਾਨ ਚਲੀ ਗਈ।

ਅਖੌਤੀ ਪਾਦਰੀਆਂ 'ਤੇ ਧਰਮ ਪਰਿਵਰਤਨ ਦਾ ਦੋਸ਼-ਪਰਿਵਾਰ ਨੇ ਦੱਸਿਆ ਕਿ ਉਹ ਸਿੱਖੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪੂਰਾ ਵਿਸ਼ਵਾਸ ਰੱਖਦੇ ਹਨ, ਪਰ ਮ੍ਰਿਤਕ ਦਾ ਪਿਤਾ ਬਿਮਾਰੀ ਠੀਕ ਕਰਨ ਦੇ ਭਰਮ ਵਿੱਚ ਪਾਦਰੀਆਂ ਦੇ ਚੱਕਰ ਵਿੱਚ ਫਸ ਗਿਆ। ਪਾਦਰੀ ਗਰੀਬੀ ਦਾ ਫਾਇਦਾ ਉਠਾ ਕੇ ਬੱਚਿਆਂ




ਨੂੰ ਵਰਗਲਾਉਂਦੇ ਸਨ ਅਤੇ ਧਰਮ ਪਰਿਵਰਤਨ ਲਈ ਉਕਸਾਉਂਦੇ ਸਨ। ਉਨ੍ਹਾਂ ਨੂੰ ਗੁਰਦੁਆਰਿਆਂ ਜਾਣ ਅਤੇ ਲੰਗਰ ਛਕਣ ਤੋਂ ਵੀ ਮਨ੍ਹਾ ਕੀਤਾ ਜਾਂਦਾ ਸੀ। ਜਥੇਦਾਰ ਨੇ ਪੰਜਾਬ ਦੇ ਲੋਕਾਂ ਨੂੰ ਅਜਿਹੇ ਪਖੰਡੀਆਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ।

ਜਥੇਦਾਰ ਨੇ ਮੰਗੀ ਸਖ਼ਤ ਕਾਰਵਾਈ- ਜਥੇਦਾਰ ਗੜਗੱਜ ਨੇ ਪਟਿਆਲਾ ਦੇ ਐਸਐਸਪੀ ਵਰੁਣ ਸ਼ਰਮਾ ਨਾਲ ਫੋਨ 'ਤੇ ਗੱਲ ਕਰਕੇ ਦੋਸ਼ੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਅਖੌਤੀ ਪਾਦਰੀਆਂ ਦੀਆਂ ਗਤੀਵਿਧੀਆਂ 'ਤੇ ਰੋਕ ਲਾਉਣ ਅਤੇ ਪੀੜਤ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਕਿਹਾ। ਜਥੇਦਾਰ ਨੇ ਗੁਰਬਾਣੀ ਜਾਪ ਅਤੇ ਅਰਦਾਸ ਕਰਕੇ ਪਰਿਵਾਰ ਨੂੰ ਸਬਰ ਦਾ ਬਲ ਮੰਗਿਆ। ਉਨ੍ਹਾਂ ਨੇ ਸਾਰੇ ਧਰਮਾਂ ਦੇ ਲੋਕਾਂ ਨੂੰ ਸਾਂਝ ਨਾਲ ਰਹਿਣ ਅਤੇ ਗੁੰਮਰਾਹ ਕਰਨ ਵਾਲਿਆਂ ਤੋਂ ਸੁਚੇਤ ਰਹਿਣ ਦੀ ਸਲਾਹ ਦਿੱਤੀ।

## ਮਜੀਠੀਆ ਨੂੰ ਅਦਾਲਤ ਵੱਲੋਂ ਰਾਹਤ !

✪ ਅਦਾਲਤ ਨੇ ਵਿਜੀਲੈਂਸ ਵੱਲੋਂ ਘਰ ਦੀ ਤਲਾਸ਼ੀ 'ਤੇ ਤੁਰੰਤ ਪਾਬੰਦੀ ਲਗਾਈ



ਚੰਡੀਗੜ੍ਹ-ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਜੇਲ੍ਹ ਵਿੱਚ ਬੰਦ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਮੁਹਾਲੀ ਅਦਾਲਤ ਤੋਂ ਵੱਡੀ ਰਾਹਤ ਮਿਲੀ ਹੈ। ਅਦਾਲਤ ਨੇ ਵਿਜੀਲੈਂਸ ਵੱਲੋਂ ਉਨ੍ਹਾਂ ਦੇ ਘਰ ਦੀ ਤਲਾਸ਼ੀ 'ਤੇ ਤੁਰੰਤ ਪਾਬੰਦੀ ਲਗਾ ਦਿੱਤੀ ਅਤੇ ਕਿਹਾ ਕਿ ਹੁਣ ਸਿਰਫ਼ ਜਾਇਦਾਦ ਦਾ ਮੁਲਾਂਕਣ ਹੀ ਕੀਤਾ ਜਾ ਸਕਦਾ ਹੈ, ਉਹ ਵੀ ਮਜੀਠੀਆ ਦੇ ਵਕੀਲ ਦੀ ਮੌਜੂਦਗੀ ਵਿੱਚ ਅਤੇ ਪਹਿਲਾਂ ਤੋਂ ਨੋਟਿਸ ਦੇਣ ਤੋਂ ਬਾਅਦ। ਮਜੀਠੀਆ ਦੇ ਵਕੀਲ ਅਰਸ਼ਦੀਪ ਕਲੇਰ ਨੇ ਅਦਾਲਤ ਵਿੱਚ ਪਟੀਸ਼ਨ ਦਾਇਰ ਕਰਕੇ ਕਿਹਾ ਕਿ ਵਿਜੀਲੈਂਸ ਟੀਮ ਪਹਿਲਾਂ ਹੀ ਅੰਮ੍ਰਿਤਸਰ, ਮਜੀਠਾ ਅਤੇ ਦਿੱਲੀ ਵਿੱਚ ਸਥਿਤ ਤਿੰਨ ਜਾਇਦਾਦਾਂ ਦੀ ਤਲਾਸ਼ੀ ਲੈ ਚੁੱਕੀ ਹੈ। ਉਸ ਦੌਰਾਨ, ਵਿਜੀਲੈਂਸ ਦਾ ਜਾਂਚ ਅਧਿਕਾਰੀ ਮੌਜੂਦ ਨਹੀਂ ਸੀ, ਜਿਸ ਕਾਰਨ ਕਾਨੂੰਨ ਦੀਆਂ ਹਦਾਇਤਾਂ ਦੀ ਉਲੰਘਣਾ ਹੋਈ। ਅਦਾਲਤ ਨੇ ਇਸਨੂੰ ਗੰਭੀਰਤਾ ਨਾਲ ਲਿਆ ਅਤੇ ਹੋਰ ਕਿਸੇ ਵੀ ਤਲਾਸ਼ੀ 'ਤੇ ਪਾਬੰਦੀ ਲਗਾ ਦਿੱਤੀ।

## ਬੇਅਦਬੀ ਬਿੱਲ 'ਤੇ ਤਿੱਖੀ ਬਹਿਸ ਛਿੜੀ

5 ਸਫ਼ੇ ਦੀ ਬਾਕੀ

ਅੱਜ ਜੋ ਬਿੱਲ ਲਿਆਂਦਾ ਗਿਆ ਹੈ ਉਹ 2018 ਦੇ ਬਿੱਲ ਵਰਗਾ ਹੀ ਹੈ।

ਭਾਜਪਾ ਵਿਧਾਇਕ ਜੰਗੀ ਲਾਲ ਮਹਾਜਨ ਨੇ ਬਿੱਲ ਦਾ ਸਮਰਥਨ ਕਰਦਿਆਂ ਸੁਝਾਅ ਦਿੱਤਾ ਕਿ ਸਨਾਤਨ ਧਰਮ ਦੀ ਮੂਰਤੀ ਪੂਜਾ ਅਤੇ ਪ੍ਰਾਣ ਪ੍ਰਤਿਸ਼ਠਾ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਜਾਵੇ।

ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਇਆਲੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਹੋਰ ਧਾਰਮਿਕ ਗ੍ਰੰਥ ਹਨ, ਜਿਨ੍ਹਾਂ ਦਾ ਸਤਿਕਾਰ ਤੇ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦਾ ਨਿਰਾਦਰ ਨਹੀਂ ਹੋਣਾ ਚਾਹੀਦਾ। ਸਾਰੀਆਂ ਪਾਰਟੀਆਂ ਨੂੰ ਇੱਕਜੁੱਟ ਹੋ ਕੇ ਕਾਨੂੰਨ ਪਾਸ ਕਰਵਾਉਣਾ ਚਾਹੀਦਾ ਹੈ।

ਵਿਧਾਨ ਸਭਾ ਵਿਚ ਬੇਅਦਬੀ ਖ਼ਿਲਾਫ਼ ਬਿੱਲ 'ਤੇ ਬਹਿਸ ਕਰਦਿਆਂ ਵਿਧਾਇਕ ਡਾ. ਸੁਖਵਿੰਦਰ ਸੁੱਖੀ ਨੇ ਕਿਹਾ ਕਿ ਜੇ ਪਹਿਲਾਂ ਅਜਿਹੇ ਕਾਨੂੰਨ ਬਣਦੇ ਤਾਂ ਬਰਗਾੜੀ ਅਤੇ ਕੋਟਕਪੂਰਾ ਵਰਗੇ ਕਾਂਡ ਨਾ ਵਾਪਰਦੇ। ਡਾ. ਅੰਬੇਡਕਰ ਅਤੇ ਸਰਦਾਰ ਭਗਤ ਸਿੰਘ ਸਾਡੇ ਉਹ ਨਾਇਕ ਹਨ ਜਿਨ੍ਹਾਂ ਦੀ ਬਦੌਲਤ ਅੱਜ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਪੰਨੂ ਵਰਗੇ ਲੋਕ ਸਾਡੇ ਇਨ੍ਹਾਂ ਨਾਇਕਾਂ ਦਾ ਅਪਮਾਨ ਕਰਦੇ ਹਨ ਲਿਹਾਜ਼ਾ, ਅਜਿਹੀ ਤਜਵੀਜ਼ ਹੋਣੀ ਚਾਹੀਦੀ ਹੈ ਕਿ ਸਾਡੇ ਨਾਇਕ ਜਿਨ੍ਹਾਂ ਦੀ ਬਦੌਲਤ ਅਸੀਂ ਇਥੋਂ ਤਕ ਪਹੁੰਚੇ ਹਾਂ ਨੂੰ ਵੀ ਬੇਅਦਬੀ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਵਿਚਕਾਰ ਬਹਿਸ ਨੇ ਸਦਨ ਦਾ ਮਾਹੌਲ ਗਰਮ ਕਰ ਦਿਤਾ। ਵਿੱਤ ਮੰਤਰੀ ਨੇ ਕਿਹਾ 1986 ਵਿੱਚ ਨਕੋਦਰ ਕਾਂਡ ਵਿਚ ਪੁਲੀਸ ਫਾਇਰਿੰਗ 'ਚ ਚਾਰ ਨੌਜਵਾਨ ਮਾਰੇ ਗਏ ਸਨ ਜਿਨ੍ਹਾਂ ਵਿਚੋਂ ਇੱਕ ਨੌਜਵਾਨ ਬਲਧੀਰ ਸਿੰਘ ਪਿੰਡ ਰਾਮਗੜ੍ਹ ਦਾ ਸੀ ਜਿੱਥੋਂ ਦੇ ਸੁਖਪਾਲ ਖਹਿਰਾ ਹਨ।

ਉਨ੍ਹਾਂ ਕਿਹਾ ਕਿ ਪਿੰਡ ਰਾਮਗੜ੍ਹ ਵਿੱਚ ਬਲਧੀਰ ਸਿੰਘ ਦਾ ਯਾਦਗਾਰੀ ਗੇਟ ਬਣਾਏ ਜਾਣ ਮੌਕੇ ਖਹਿਰਾ ਦੇ ਪਿਤਾ ਸੁਖਜਿੰਦਰ ਸਿੰਘ ਨੇ ਵਿਰੋਧ ਕੀਤਾ ਸੀ। ਚੀਮਾ ਨੇ ਕਿਹਾ ਕਿ 1986 ਦੀ ਇਸ ਘਟਨਾ ਦੇ ਮਾਮਲੇ ਵਿੱਚ ਹਾਲੇ ਤੱਕ ਐੱਫਆਈਆਰ ਵੀ ਦਰਜ ਨਹੀਂ ਹੋਈ ਹੈ ਅਤੇ ਉਸ ਵੇਲੇ ਦੀ ਸਰਕਾਰ ਵਿੱਚ ਖਹਿਰਾ ਦੇ ਪਿਤਾ ਸੁਖਜਿੰਦਰ ਸਿੰਘ ਸਿੱਖਿਆ ਮੰਤਰੀ ਸਨ। ਇਸ ਮਗਰੋਂ ਖਹਿਰਾ ਭੜਕ ਉੱਠੇ। ਖਹਿਰਾ ਨੇ ਕਿਹਾ ਕਿ ਚੀਮਾ ਵੱਲੋਂ ਪਿੰਡ ਰਾਮਗੜ੍ਹ ਦੇ ਕਿਸੇ ਜ਼ਮਾਨਤ ਜ਼ਬਤ ਬੰਦੇ ਵੱਲੋਂ ਦਿੱਤੇ ਗ਼ਲਤ ਤੱਥ ਸਦਨ ਵਿਚ ਪੇਸ਼ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਅਪਰੇਸ਼ਨ ਬਲੈਕ ਥੰਡਰ ਦੇ ਵਿਰੋਧ ਵਿੱਚ ਉਨ੍ਹਾਂ ਦੇ ਪਿਤਾ ਸੁਖਜਿੰਦਰ ਸਿੰਘ ਅਤੇ ਅਮਰਿੰਦਰ ਸਿੰਘ ਨੇ ਵਜ਼ਾਰਤ ਤੋਂ ਅਸਤੀਫ਼ੇ ਦਿੱਤੇ ਸਨ।

ਚੀਮਾ ਨੇ ਉਸ ਮਗਰੋਂ ਖਹਿਰਾ 'ਤੇ ਡਰੱਗ ਤਸਕਰਾਂ ਨਾਲ ਸਬੰਧਾਂ ਦੇ ਇਲਜ਼ਾਮ ਲਾ ਦਿੱਤੇ ਅਤੇ 2015 ਦੇ ਡਰੱਗ ਕੇਸ ਦਾ ਹਵਾਲਾ ਦਿੱਤਾ। ਚੀਮਾ ਨੇ ਕਿਹਾ ਕਿ ਇਸੇ ਡਰੱਗ ਕੇਸ ਕਰਕੇ ਖਹਿਰਾ ਤਤਕਾਲੀ ਅਕਾਲੀ ਸਰਕਾਰ ਮੌਕੇ ਬਾਦਲਾਂ ਅਤੇ ਮਜੀਠੀਆ ਦੇ ਪੈਰੀਂ ਪੈਂਦੇ ਰਹੇ ਸਨ। ਜਦੋਂ ਸਦਨ ਵਿੱਚ ਕਾਫ਼ੀ ਰੌਲਾ-ਰੱਪਾ ਵਧ ਗਿਆ ਤਾਂ ਸਪੀਕਰ ਨੇ ਖਹਿਰਾ ਨੂੰ ਅਨੁਸ਼ਾਸਨ ਵਿੱਚ ਰਹਿਣ ਦੀ ਤਾੜਨਾ ਵੀ ਕੀਤੀ। ਦੂਜੇ ਪਾਸੇ 'ਆਪ' ਵਿਧਾਇਕ ਅਮਨ ਅਰੋੜਾ ਨੇ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਈਆਂ, ਕਿਹਾ, "ਅਸੀਂ ਐਫਆਈਆਰ ਦਰਜ ਕੀਤੀਆਂ, ਐਸਆਈਟੀ ਬਣਾਈ, ਬਾਦਲਾਂ ਨੂੰ ਦੋਸ਼ੀ ਬਣਾਇਆ, ਜੋ ਪਹਿਲੀਆਂ ਸਰਕਾਰਾਂ ਨਹੀਂ ਕਰ ਸਕੀਆਂ।" ਪਰ ਵਿਰੋਧੀਆਂ ਨੇ ਇਸ ਨੂੰ ਸਿਆਸੀ ਡਰਾਮਾ ਕਿਹਾ। ਇਸ ਦੌਰਾਨ ਸਦਨ ਵਿਚ 19 'ਆਪ' ਅਤੇ 6 ਕਾਂਗਰਸੀ ਵਿਧਾਇਕਾਂ ਦੀ ਗੈਰਹਾਜ਼ਰੀ ਨੇ ਵੀ ਸਵਾਲ ਖੜ੍ਹੇ ਕੀਤੇ ਕਿ ਇਹ ਰਾਜਨੀਤਕ ਲੋਕ ਪੰਜਾਬ ਦੇ ਮੁੱਦਿਆਂ ਬਾਰੇ ਕਿੰਨੇ ਕੁ ਸੁਹਿਰਦ ਹਨ।

### ਸ਼੍ਰੋਮਣੀ ਕਮੇਟੀ ਤੇ ਪੰਥਕ ਜਥੇਬੰਦੀਆਂ ਦੀ ਸਖ਼ਤ ਚੇਤਾਵਨੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਬਿੱਲ 'ਤੇ ਸਖ਼ਤ ਇਤਰਾਜ਼ ਜਤਾਇਆ। ਉਨ੍ਹਾਂ ਨੇ ਆਖਿਆ, "ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਜੀਵਤ ਗੁਰੂ ਹਨ, ਕੋਈ ਸਧਾਰਨ ਕਿਤਾਬ ਨਹੀਂ। ਇਸ ਨੂੰ ਹੋਰ ਧਰਮਾਂ ਦੇ ਗ੍ਰੰਥਾਂ ਨਾਲ ਜੋੜਨਾ ਸਿੱਖ ਭਾਵਨਾਵਾਂ 'ਤੇ ਸੱਟ ਮਾਰਨ ਵਰਗਾ ਹੈ।"

ਉਨ੍ਹਾਂ ਨੇ ਸਰਕਾਰ ਦੀ ਨੀਅਤ 'ਤੇ ਸਵਾਲ ਉਠਾਉਂਦਿਆਂ ਕਿਹਾ, "ਜਦੋਂ ਤੱਕ ਬਰਗਾੜੀ ਤੇ ਬਹਿਬਲ-ਕੋਟਕਪੂਰਾ ਦੇ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲਦੀ, ਸਰਕਾਰ ਦੀ ਗੱਲ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ।"

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸ਼੍ਰੋਮਣੀ ਅਕਾਲੀ ਦਲ ਵਾਰਿਸ ਨੇ ਵੱਖ ਵੱਖ ਬਿਆਨਾਂ ਵਿਚ ਪੰਜਾਬ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਰਿਆਦਾ ਲਈ ਵੱਖਰਾ ਕਾਨੂੰਨ ਨਾ ਬਣਿਆ, ਤਾਂ ਸਾਂਝਾ ਕਾਨੂੰਨ ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ ਤੇ ਮਹਾਨਤਾ ਨੂੰ ਘਟਾਏਗਾ। ਉਨ੍ਹਾਂ ਨੇ ਮੰਗ ਕੀਤੀ ਕਿ 2015 ਦੀਆਂ ਬੇਅਦਬੀ ਘਟਨਾਵਾਂ ਦੇ ਦੋਸ਼ੀਆਂ ਨੂੰ ਜਲਦ ਸਜ਼ਾ ਦਿੱਤੀ ਜਾਵੇ, ਨਹੀਂ ਤਾਂ ਇਹ ਮਸਲਾ ਸਮਾਜਿਕ ਤੇ ਸਿਆਸੀ ਤੂਫ਼ਾਨ ਦਾ ਰੂਪ ਲੈ ਸਕਦਾ ਹੈ।

## ਨਕੋਦਰ ਕਾਂਡ - ਗੁੰਮ ਰਿਪੋਰਟ ਦੀ ਤਲਾਸ਼ ਲਈ ਕਮੇਟੀ ਬਣੀ

1986 ਦੇ ਨਕੋਦਰ ਬੇਅਦਬੀ ਤੇ ਗੋਲੀ ਕਾਂਡ ਨੇ ਵੀ ਸਦਨ ਵਿਚ ਗੂੰਜ ਪਾਈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਦਾ 'ਐਕਸ਼ਨ ਟੇਕਨ ਰਿਪੋਰਟ' ਵਾਲਾ ਹਿੱਸਾ ਗੁੰਮ ਹੈ। ਸਦਨ ਨੇ ਇਸ ਦੀ ਤਲਾਸ਼ ਲਈ ਕਮੇਟੀ ਬਣਾਉਣ ਦਾ ਫ਼ੈਸਲਾ ਕੀਤਾ। ਨਕੋਦਰ ਵਿਚ 2 ਫਰਵਰੀ 1986 ਨੂੰ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਵਿਚ ਪੰਜ ਪਵਿੱਤਰ ਬੀੜਾਂ ਅਗਨ ਭੇਟ ਹੋਈਆਂ ਸਨ , ਅਤੇ 4 ਫਰਵਰੀ ਨੂੰ ਪੁਲਿਸ ਫਾਇਰਿੰਗ ਵਿਚ ਚਾਰ ਨੌਜਵਾਨ ਸ਼ਹੀਦ ਹੋ ਗਏ ਸਨ।

## ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ



ਅਨੰਦਪੁਰ ਸਾਹਿਬ ਦੇ ਗੁਰਦੁਆਰੇ ਸੰਖੇਪ ਤੌਰ 'ਤੇ ਇਹ ਹਨ:

**1. ਗੁਰਦੁਆਰਾ ਗੁਰੂ ਕੇ ਮਹਿਲ:** ਇਹ ਗੁਰਦੁਆਰਾ ਬਹੁਤ ਪੁਰਾਤਨ ਹੈ। ਇਥੇ ਗੁਰੂ ਤੇਗ਼ ਬਹਾਦਰ ਸਾਹਿਬ ਨੇ 1665 ਵਿੱਚ ਰਹਿਣ ਵਾਸਤੇ ਮਕਾਨ ਤਾਮੀਰ ਕੀਤਾ ਸੀ। ਇਥੇ ਵੱਖ-ਵੱਖ ਸਮਿਆਂ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ, ਗੁਰੂ ਗੋਬਿੰਦ ਸਿੰਘ ਸਾਹਿਬ, ਮਾਤਾ ਨਾਨਕੀ, ਮਾਤਾ ਗੁਜਰੀ, ਮਾਤਾ ਬਸੀ, ਮਾਤਾ ਸੁਲੱਖਣੀ, ਮਾਤਾ ਹਰੀ, ਬੀਬੀ ਰੂਪ ਕੌਰ, ਮਾਤਾ ਜੀਤ ਕੌਰ, ਮਾਤਾ ਸੁੰਦਰ ਕੌਰ, ਮਾਤਾ ਸਾਹਿਬ ਕੌਰ, ਚਾਰ ਸਾਹਿਬਜ਼ਾਦੇ ਰਹੇ ਹਨ। ਰਾਣੀ ਚੰਪਾ ਤੇ ਰਾਜਾ ਤੀਰ ਚੰਦ ਵੀ ਇਸੇ ਥਾਂ ਆ ਕੇ ਠਹਿਰਦੇ ਰਹੇ ਸਨ। ਗੁਰਦੁਆਰਾ ਭੋਰਾ ਸਾਹਿਬ, ਮੰਜੀ ਸਾਹਿਬ ਅਤੇ ਦਮਦਮਾ ਸਾਹਿਬ ਇਸੇ ਇਮਾਰਤ ਦਾ ਹੀ ਹਿੱਸਾ ਹਨ।

**2. ਗੁਰਦੁਆਰਾ ਭੋਰਾ ਸਾਹਿਬ:** ਇਹ ਗੁਰਦੁਆਰਾ ਗੁਰੂ ਕੇ ਮਹਿਲ ਵਾਲੀ ਇਮਾਰਤ ਦੇ ਵਿੱਚਕਾਰ ਹੈ। ਇਸ ਥਾਂ ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਨੇ ਇਕ ਭੋਰਾ ਬਣਵਾਇਆ ਸੀ, ਜਿਥੇ ਬੈਠ ਕੇ ਉਹ ਬੰਦਗੀ ਕਰਿਆ ਕਰਦੇ ਸਨ। ਇਕ ਰਿਵਾਇਤ ਮੁਤਾਬਕ ਆਪ ਨੇ ਇਸੇ ਥਾਂ ਬੈਠ ਕੇ ਗੁਰਬਾਣੀ ਵੀ ਉਚਾਰੀ ਸੀ।

**3. ਗੁਰਦੁਆਰਾ ਮੰਜੀ ਸਾਹਿਬ:** ਇਹ ਗੁਰਦੁਆਰਾ ਵੀ ਗੁਰੂ ਕੇ ਮਹਿਲ ਦੇ ਵਿਹੜੇ ਦਾ ਇਕ ਹਿੱਸਾ ਹੈ। ਇਸ ਥਾਂ 'ਤੇ ਗੁਰੂ ਤੇਗ਼ ਬਹਾਦਰ ਸਾਹਿਬ ਦੀਵਾਨ ਲਾਉਂਦੇ ਸਨ ਅਤੇ ਸੰਗਤਾਂ ਨੂੰ ਸੰਬੋਧਨ ਕਰਦੇ ਸਨ। 25 ਮਈ 1675 ਦੇ ਦਿਨ ਇਸੇ ਥਾਂ 'ਤੇ ਕਸ਼ਮੀਰੀ ਪੰਡਤਾਂ ਦਾ ਇਕ ਜਥਾ ਪੰਡਤ ਕਿਰਪਾ ਦੱਤ ਦੀ ਜਥੇਦਾਰੀ ਹੇਠ ਗੁਰੂ ਤੇਗ਼ ਬਹਾਦਰ ਸਾਹਿਬ ਕੋਲ ਆ ਕੇ ਫਰਿਆਦੀ ਹੋਇਆ ਸੀ ਤੇ ਔਰੰਗਜ਼ੇਬ ਦੇ ਜ਼ੁਲਮਾਂ ਦੀ ਦਾਸਤਾਨ ਸੁਣਾਈ ਸੀ, ਗੁਰੂ ਸਾਹਿਬ ਤੋਂ ਮਦਦ ਮੰਗੀ ਸੀ। ਗੁਰੂ ਸਾਹਿਬ ਨੇ ਬਚਨ ਕੀਤਾ ਕਿ ਇਸ ਕਾਰਜ ਵਾਸਤੇ ਸੀਸ ਦੇਣਾ ਪੈਣਾ ਹੈ।

**4. ਗੁਰਦੁਆਰਾ ਦਮਦਮਾ ਸਾਹਿਬ:** ਇਹ ਗੁਰਦੁਆਰਾ ਵੀ ਗੁਰੂ ਕੇ ਮਹਿਲ ਦੀ ਇਮਾਰਤ ਵਿੱਚ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਇਸ ਜਗ੍ਹਾ 'ਤੇ ਬੈਠ ਕੇ ਸੰਗਤਾਂ ਨੂੰ ਦਰਸ਼ਨ ਦੇਂਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਗੁਰਗੱਦੀ ਵੀ ਇਸੇ ਥਾਂ ਦਿੱਤੀ ਗਈ ਸੀ। ਮਾਰਚ 1698 ਨੂੰ ਮਸੰਦਾਂ ਦੀ ਪਰਖ ਇਸੇ ਥਾਂ ਹੋਈ ਸੀ ਅਤੇ ਮੁਜ਼ਰਿਮ ਮਸੰਦਾਂ ਨੂੰ ਸਜ਼ਾ ਦਿੱਤੀ ਗਈ ਸੀ। ਇਸ ਗੁਰਦੁਆਰੇ ਦੇ ਕੋਲ ਹੀ ਇਕ ਖੂਹ ਹੈ, ਜਿਸ ਦੇ ਕੰਢੇ 'ਤੇ ਮੁਜ਼ਰਿਮ ਮਸੰਦਾਂ ਨੂੰ ਸਾੜਿਆ ਗਿਆ ਸੀ।

**5. ਗੁਰਦੁਆਰਾ ਸੀਸ ਗੰਜ ਸਾਹਿਬ:** ਇਹ ਥਾਂ ਪਹਿਲਾਂ ਚੱਕ ਨਾਨਕੀ ਦੀ ਹਦੂਦ ਤੋਂ ਬਾਹਰ ਸੀ। ਬਾਅਦ ਵਿੱਚ ਅਨੰਦਪੁਰ ਸਾਹਿਬ ਦੀ ਹਦੂਦ ਦਾ ਹਿੱਸਾ ਬਣੀ। ਹੁਣ ਇਹ ਥਾਂ ਸ਼ਹਿਰ ਦੇ ਵਿੱਚਕਾਰ ਹੈ। ਇਸੇ ਥਾਂ ਗੁਰੂ ਗੋਬਿੰਦ ਸਿੰਘ ਜੀ ਨੇ 17 ਨਵੰਬਰ 1675 ਦੇ ਦਿਨ ਗੁਰੂ ਤੇਗ਼ ਬਹਾਦਰ ਸਾਹਿਬ ਦੇ ਸੀਸ ਦਾ ਸਸਕਾਰ ਕੀਤਾ ਸੀ। 5-6 ਦਸੰਬਰ 1705 ਦੀ ਰਾਤ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਛੱਡਿਆ ਤਾਂ ਇਸ ਥਾਂ ਭਾਈ ਗੁਰਬਖਸ਼ ਸਿੰਘ ਉਦਾਸੀ ਨੂੰ ਸੇਵਾ-ਸੰਭਾਲ ਵਾਸਤੇ ਮੁਕੱਰਰ ਕਰ ਕੇ ਟੁਰੇ ਸਨ।

**6. ਗੁਰਦੁਆਰਾ ਅਕਾਲ ਬੁੰਗਾ:** ਇਹ ਉਹ ਥਾਂ ਹੈ ਜਿਥੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਸੀਸ ਦੇ ਸਸਕਾਰ ਮਗਰੋਂ ਜੁੜੀਆਂ ਸਿੱਖ ਸੰਗਤਾਂ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭਾਣਾ ਮੰਨਣ, ਤਕੜੇ ਹੋਣ, ਧਰਮ ਦੀ ਰੱਖਿਆ ਕਰਨ ਅਤੇ ਜ਼ੁਲਮ ਦੇ ਖਿਲਾਫ ਜੰਗ ਵਾਸਤੇ ਤਿਆਰ-ਬਰ-ਤਿਆਰ ਹੋਣ ਵਾਸਤੇ ਆਖਿਆ ਸੀ। ਇਹ ਥਾਂ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਬਿਲਕੁੱਲ ਨੇੜੇ ਹੈ।

**7. ਗੁਰਦੁਆਰਾ ਮੰਜੀ ਸਾਹਿਬ (ਦੁਮਾਲਗੜ੍ਹ ਸਾਹਿਬ):** ਇਹ ਗੁਰ-ਦੁਆਰਾ ਕੇਸਗੜ੍ਹ ਸਾਹਿਬ ਦੇ ਸਾਹਮਣੇ ਉੱਤਰ ਵੱਲ ਹੈ। ਇਸ ਦੇ ਨਾਲ ਹੀ ਗੁਰੂ ਸਾਹਿਬ ਸਾਹਿਬਜ਼ਾਦਿਆਂ ਨੂੰ ਖੇਡਾਂ ਤੇ ਵਰਜਿਸ਼ ਕਰਾਇਆ ਕਰਦੇ ਸਨ। ਇਥੇ ਗੁਰੂ ਸਾਹਿਬ ਜਵਾਨਾਂ ਤੇ ਬੱਚਿਆਂ ਵਿੱਚ ਕੁਸ਼ਤੀਆਂ ਅਤੇ ਹੋਰ ਮੁਕਾਬਲੇ ਕਰਾਇਆ ਕਰਦੇ ਸਨ।

ਅਜਮੇਰ ਚੰਦ ਦੀਆਂ ਫੌਜਾਂ ਨੇ 2 ਦਸੰਬਰ 1703 ਦੇ ਦਿਨ ਅਨੰਦਪੁਰ ਸਾਹਿਬ 'ਤੇ ਹਮਲਾ ਕੀਤਾ ਸੀ। ਉਸ ਸਮੇਂ ਇਸੇ ਥਾਂ ਗੁਰੂ ਸਾਹਿਬ ਬੋਹੜ ਹੇਠਾਂ ਬੈਠੇ ਸਨ। ਉਸ ਸਮੇਂ ਗੁਰੂ ਸਾਹਿਬ ਦੇ ਨਾਲ ਭਾਈ ਮੋਹਕਮ ਸਿੰਘ, ਭਾਈ ਉਦੈ ਸਿੰਘ, ਭਾਈ ਸਾਹਿਬ ਸਿੰਘ, ਭਾਈ ਹਿੰਮਤ ਸਿੰਘ ਤੇ ਭਾਈ ਆਲਮ ਸਿੰਘ ਨੱਚਣਾ ਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਵੀ ਬੈਠੇ ਸਨ। ਅਜਮੇਰ ਚੰਦ ਦੀਆਂ ਫੌਜਾਂ ਦੇ ਹਮਲੇ ਦਾ ਟਾਕਰਾ ਕਰਨ ਵਾਸਤੇ ਭਾਈ ਮਾਨ ਸਿੰਘ ਨਿਸ਼ਾਨਚੀ ਦੀ ਅਗਵਾਈ ਵਿੱਚ ਸਿੱਖ ਫੌਜਾਂ ਡਟੀਆਂ ਹੋਈਆਂ ਸਨ। ਇਸ ਲੜਾਈ ਵਿੱਚ ਭਾਈ ਮਾਨ ਸਿੰਘ ਜ਼ਖਮੀ ਹੋ ਕੇ ਡਿੱਗ ਪਏ ਤੇ ਨਾਲ ਹੀ ਨਿਸ਼ਾਨ ਸਾਹਿਬ ਵੀ ਟੁੱਟ ਗਿਆ। ਜਦੋਂ ਗੁਰੂ ਸਾਹਿਬ ਨੂੰ ਇਹ ਖ਼ਬਰ ਮਿਲੀ ਤਾਂ ਉਨ੍ਹਾਂ ਉਸੇ ਵੇਲੇ ਆਪਣੀ ਛੋਟੀ ਦਸਤਾਰ (ਕੇਸਕੀ) ਤੋਂ ਇਕ ਫ਼ੱਰਰਾ ਲਾਹਿਆ ਅਤੇ ਦਸਤਾਰ ਵਿੱਚ ਲਗਾ ਲਿਆ। ਗੁਰੂ ਸਾਹਿਬ ਨੇ ਐਲਾਨ ਕੀਤਾ ਕਿ ਅੱਗੇ ਤੋਂ ਖ਼ਾਲਸੇ ਦਾ ਨੀਲਾ ਨਿਸ਼ਾਨ ਸਾਹਿਬ ਕਦੇ ਵੀ ਨਹੀਂ ਟੁੱਟੇਗਾ। ਗੁਰੂ ਸਾਹਿਬ ਨੂੰ ਦੇਖ ਕੇ ਕੋਲ ਬੈਠੇ ਮੁਖੀ ਸਿੱਖਾਂ ਨੇ ਵੀ ਇੰਝ ਫ਼ੱਰਰੇ ਲਾਹ ਕੇ ਦਸਤਾਰਾਂ ਵਿੱਚ ਸਜਾ ਲਏ। ਇਸੇ ਘਟਨਾ ਤੋਂ ਮਗਰੋਂ ਫ਼ੱਰਰਾ (ਦੁਮਾਲਾ) ਸਜਾਉਣ ਦੀ ਸ਼ੁਰੂਆਤ ਹੋਈ। ਇਸੇ ਕਾਰਨ ਗੁਰਦੁਆਰੇ ਨੂੰ ਦੁਮਾ-ਲਾ ਸਾਹਿਬ ਜਾਂ ਦੁਮਾਲਗੜ੍ਹ ਸਾਹਿਬ ਵੀ ਆਖਿਆ ਜਾਂਦਾ ਹੈ।

**8. ਗੁਰਦੁਆਰਾ ਸ਼ਹੀਦੀ ਬਾਗ:** ਇਹ ਗੁਰਦੁਆਰਾ ਕਿਲ੍ਹਾ ਅਨੰਦਗੜ੍ਹ ਦੇ ਐਨ ਸਾਹਮਣੇ ਹੈ। ਇਥੇ ਗੁਰੂ ਸਾਹਿਬ ਦਾ ਬਾਗ ਹੁੰਦਾ ਸੀ। ਅਨੰਦਪੁਰ ਸਾਹਿਬ ਦੇ ਲੰਮੇ ਘੇਰੇ ਦੌਰਾਨ ਕਈ ਸਿੰਘ ਸ਼ਹੀਦ ਹੋਏ। ਇਸੇ ਕਾਰਨ ਇਹ ਸ਼ਹੀਦੀ ਬਾਗ ਕਰਕੇ ਮਸ਼ਹੂਰ ਹੋਇਆ। ਅਜੋਕਾ ਗੁਰਦੁਆਰਾ 20ਵੀਂ ਸਦੀ ਵਿੱਚ ਬਣਿਆ ਹੈ। ਸ. ਮੰਗਲ ਸਿੰਘ ਫੌਜੀ ਨੇ ਕਈ ਵਰ੍ਹੇ ਇਥੇ ਸੇਵਾ ਕੀਤੀ।

**9. ਗੁਰਦੁਆਰਾ ਮਾਤਾ ਜੀਤ ਕੌਰ ਜੀ:** ਦੇਖੋ ਅਗੰਮਪੁਰ ਅੱਖਰ।

**ਪੁਸਤਕ ਸੂਚੀ:-**

(1) ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990
(2) ਸੰਤੋਖ ਸਿੰਘ- ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਅੰਮ੍ਰਿਤਸਰ, 1926-37
(3) ਤਾਰਾ ਸਿੰਘ- ਸ੍ਰੀ ਗੁਰੂ ਤੀਰਥ ਸੰਗ੍ਰਹਿ, ਕਨਖੱਲ, 1975
(4) ਠਾਕਰ ਸਿੰਘ ਗਿ.- ਸ੍ਰੀ ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923
(5) ਤਰਲੋਚਨ ਸਿੰਘ- ਗੁਰੂ ਤੇਗ਼ ਬਹਾਦਰ, ਦਿੱਲੀ, 1967
(6) ਦਿਲਗੀਰ, ਹਰਜਿੰਦਰ ਸਿੰਘ (ਡਾ.)- ਅਨੰਦਪੁਰ ਸਾਹਿਬ, ਅੰਮ੍ਰਿਤਸਰ 1998
(7) ਦਿਲਗੀਰ, ਹਰਜਿੰਦਰ ਸਿੰਘ (ਡਾ.)- ਦੀ ਰੈਫ਼ਰੈਂਸ ਬੁੱਕ, ਕੈਨੇਡਾ, 1997
(8) ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ, ਜਿਲਦ ਪਹਿਲੀ, ਪਟਿਆਲਾ, 1998
(9) ਫੌਜਾ ਸਿੰਘ- ਗੁਰੂ ਤੇਗ਼ ਬਹਾਦਰ, ਯਾਤਰਾ, ਪ੍ਰੰਪਰਾਵਾਂ ਤੇ ਯਾਦ ਚਿੰਨ੍ਹ, ਪਟਿਆਲਾ, 1976

ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ

## ਹਰਮੀਤ ਸਿੰਘ ਸੰਧੂ ਨੇ ਅਕਾਲੀ ਦਲ ਛਡਿਆ


### ✪ ਜ਼ਿਮਨੀ ਚੋਣ ਲਈ ਤਰਨ ਤਾਰਨ ਤੋਂ ਹੋ ਸਕਦੇ ਹਨ 'ਆਪ' ਦੇ ਉਮੀਦਵਾਰ



ਚੰਡੀਗੜ੍ਹ-ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਕਰੀਬੀ ਰਹੇ ਸੰਧੂ ਨੂੰ ਤਰਨਤਾਰਨ ਉਪ ਚੋਣ ਵਿੱਚ 'ਆਪ' ਦਾ ਉਮੀਦਵਾਰ ਬਣਾਇਆ ਜਾ ਸਕਦਾ ਹੈ। ਕਿਹਾ ਜਾ ਰਿਹਾ ਹੈ ਕਿ ਉਪ ਚੋਣ ਲਈ ਤਰਨਤਾਰਨ ਵਿੱਚ 'ਆਪ' ਦੀ ਟਿਕਟ ਲਈ ਕਈ ਦਾਅਵੇਦਾਰ ਸਨ ਜਿਸ ਕਾਰਨ 'ਆਪ' ਨੇ ਇੱਕ ਨਿੱਜੀ ਕੰਪਨੀ ਤੋਂ ਸਰਵੇਖਣ ਕਰਵਾਇਆ। ਸਰਵੇਖਣ ਅਨੁਸਾਰ ਹਰਮੀਤ ਸਿੰਘ ਸੰਧੂ ਉਪ ਚੋਣ ਜਿੱਤਣ ਦੇ ਸਮਰੱਥ ਪਾਏ ਗਏ। ਇਹ ਹਲਕਾ 'ਆਪ' ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੇ ਦਿਹਾਂਤ ਤੋਂ ਬਾਅਦ ਖਾਲੀ ਐਲਾਨਿਆ ਜਾ ਚੁੱਕਾ ਹੈ। ਹਰਮੀਤ ਸਿੰਘ ਸੰਧੂ ਨੇ ਤਰਨ ਤਾਰਨ ਵਿਧਾਨ ਸਭਾ ਹਲਕੇ ਤੋਂ ਸਾਲ 2002 ਦੀਆਂ ਵਿਧਾਨ ਸਭਾ ਚੋਣਾਂ ਵਿਚ ਸੁਰਿੰਦਰ ਸਿੰਘ ਕੈਰੋਂ ਦੀ ਰਹਿਨੁਮਾਈ ਹੇਠ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ ਸੀ ਅਤੇ ਉਸ ਸਮੇਂ ਅਕਾਲੀ ਦਲ ਦੇ ਉਮੀਦਵਾਰ ਅਲਵਿੰਦਰਪਾਲ ਸਿੰਘ ਪੱਖੋਕੇ ਨੂੰ ਹਰਾ ਕੇ ਵਿਧਾਨ ਸਭਾ ਪੁੱਜੇ ਸਨ। 2007 ਦੀਆਂ ਵਿਧਾਨ ਸਭਾ ਚੋਣਾਂ ਵਿਚ ਹਰਮੀਤ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਉਮੀਦਵਾਰ ਬਣਾਇਆ ਤੇ ਉਹ ਕਾਂਗਰਸ ਦੇ ਮਨਜੀਤ ਸਿੰਘ ਘਸੀਟਪੁਰਾ ਨੂੰ ਹਰਾ ਕੇ ਵਿਧਾਨ ਸਭਾ ਪੁੱਜੇ। ਜਦੋਂਕਿ 2012 ਦੀਆਂ ਚੋਣਾਂ ਵਿਚ ਵੀ ਹਰਮੀਤ ਸਿੰਘ ਸੰਧੂ ਨੇ ਕਾਂਗਰਸੀ ਉਮੀਦਵਾਰ ਡਾ. ਧਰਮਬੀਰ ਅਗਨੀਹੋਤਰੀ ਨੂੰ ਹਰਾ ਕੇ ਜਿੱਤ ਦੀ ਹੈਟ੍ਰਿਕ ਬਣਾ ਲਈ। ਹਾਲਾਂਕਿ ਸਾਲ 2017 ਵਿਚ ਕਾਂਗਰਸ ਅਤੇ 2022 ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਕੋਲੋਂ ਚੋਣ ਹਾਰ ਗਏ। ਵਰਣਨਯੋਗ ਹੈ ਕਿ ਹਰਮੀਤ ਸਿੰਘ ਸੰਧੂ ਅਕਾਲੀ ਦਲ ਦੀ ਸਰਕਾਰ ਵਿਚ 2 ਵਾਰੀ ਮੁੱਖ ਪਾਰਲੀਮੈਂਟ ਸਕੱਤਰ ਰਹੇ ਤੇ ਅਕਾਲੀ ਦਲ ਦੇ ਮੀਤ ਪ੍ਰਧਾਨ ਹੁੰਦੇ ਹੋਏ 19 ਨਵੰਬਰ 2024 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਸੀ। 27 ਜੂਨ ਨੂੰ ਤਰਨ ਤਾਰਨ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦਾ ਦਿਹਾਂਤ ਹੋ ਗਿਆ ਤੇ ਇਸ ਸੀਟ ਨੂੰ ਖਾਲੀ ਵੀ ਐਲਾਨ ਦਿੱਤਾ ਗਿਆ ਸੀ।

# ਡੇਰਾ ਮੁਖੀ 'ਤੇ ਨਪੁੰਸਕਤਾ ਕੇਸ: ਪੀੜਤ ਨੂੰ ਧਮਕੀਆਂ

### ✪ ਗਵਾਹ ਨੇ ਅਮਰੀਕਾ 'ਚ ਮੰਗੀ ਪਨਾਹ, ਵੀਡੀਓ ਕਾਨਫਰੰਸਿੰਗ ਰਾਹੀਂ ਜਿਰ੍ਹਾ ਦੀ ਮੰਗ



ਚੰਡੀਗੜ੍ਹ-ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ 'ਤੇ ਨਪੁੰਸਕਤਾ ਕੇਸ ਵਿੱਚ ਮੁੱਖ ਗਵਾਹ ਨੇ ਧਮਕੀਆਂ ਮਿਲਣ ਦਾ ਦੋਸ਼ ਲਾਇਆ ਅਤੇ ਅਮਰੀਕਾ 'ਚ ਪਨਾਹ ਲਈ ਅਰਜ਼ੀ ਦਿੱਤੀ। ਉਸ ਨੇ ਪੰਚਕੂਲਾ ਅਦਾਲਤ ਵਿਚ ਵਕੀਲ ਨਵਕਿਰਨ ਸਿੰਘ ਰਾਹੀਂ ਕਿਹਾ ਕਿ ਜਾਨ ਦਾ ਖਤਰਾ ਹੋਣ ਕਾਰਨ ਉਹ ਜੂਨ 2024 'ਚ ਪਤਨੀ ਅਤੇ ਤਿੰਨ ਬੱਚਿਆਂ ਨਾਲ ਅਮਰੀਕਾ ਚਲਾ ਗਿਆ। ਉਹ ਵੀਡੀਓ ਕਾਨਫਰੰਸਿੰਗ ਰਾਹੀਂ ਜਿਰ੍ਹਾ ਕਰਾਉਣ ਨੂੰ ਤਿਆਰ ਹੈ, ਪਰ ਰਾਮ ਰਹੀਮ ਨੇ ਇਸ ਦਾ ਵਿਰੋਧ ਕੀਤਾ। ਪੀੜਤ ਦੀ ਪਟੀਸ਼ਨ 'ਤੇ 2015 'ਚ ਸੀਬੀਆਈ ਨੇ ਕੇਸ ਦਰਜ ਕੀਤਾ ਸੀ ਅਤੇ 2018 'ਚ ਡਾਕਟਰਾਂ ਦੀ ਮਿਲੀਭੁਗਤ ਨਾਲ ਨਪੁੰਸਕਤਾ ਦੀ ਚਾਰਜਸ਼ੀਟ ਦਾਖਲ ਕੀਤੀ। ਗਵਾਹ ਨੇ ਦੱਸਿਆ ਕਿ ਡੇਰਾ ਪੈਰੋਕਾਰਾਂ ਤੋਂ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਉਸ ਦੀ ਪਤਨੀ ਅਤੇ ਬੱਚੇ ਆਰਥਿਕ ਤੰਗੀ ਕਾਰਨ ਟੋਹਾਣਾ ਵਾਪਸ ਆਏ ਹਨ। ਸੀਬੀਆਈ ਨੇ ਸੁਰੱਖਿਆ ਅਤੇ ਵੀਡੀਓ ਕਾਨਫਰੰਸਿੰਗ ਲਈ ਅਰਜ਼ੀ 'ਤੇ ਜਵਾਬ ਦੇਣ ਲਈ ਸਮਾਂ ਮੰਗਿਆ ਹੈ।

# ਅੰਮ੍ਰਿਤਸਰ ਵਿਚ ਹੋਟਲ ਮਾਲਕ ਮੈਨੇਜਰ ਨਾਲ ਮਿਲ ਕੇ ਚਲਾ ਰਿਹਾ ਸੀ ਦੇਹ ਵਪਾਰ ਦਾ ਧੰਦਾ



ਅੰਮ੍ਰਿਤਸਰ-ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ, ਰਾਮਬਾਗ ਥਾਣੇ ਦੀ ਪੁਲਿਸ ਨੇ ਹੁਸੈਨਪੁਰਾ ਚੌਕ ਨੇੜੇ ਇੱਕ ਹੋਟਲ ਵਿੱਚ ਵੇਸਵਾਗਮਨੀ ਦਾ ਕਾਰੋਬਾਰ ਚਲਾਉਣ ਦੇ ਦੋਸ਼ ਵਿੱਚ ਤਿੰਨ ਲੋਕਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪੁਲਿਸ ਵੱਲੋਂ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਹੋਟਲ ਦਾ ਮਾਲਕ, ਵਿਨੋਦ ਕੁਮਾਰ, ਜੋ ਕਿ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਕਦਗਿਲ ਖੁਰਦ ਦਾ ਰਹਿਣ ਵਾਲਾ ਹੈ, ਫਰਾਰ ਹੈ। ਥਾਣਾ ਇੰਚਾਰਜ ਅਮਨਦੀਪ ਕੌਰ ਨੇ ਦੱਸਿਆ ਕਿ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਸਾਹਿਲ, ਵਾਸੀ ਗਲੀ ਨੰਬਰ ਛੇ, ਸੁੰਦਰ ਨਗਰ ਅਤੇ ਹਿਮਾਂਸ਼ੂ, ਵਾਸੀ ਤਿਲਕ ਨਗਰ, ਨਵੀਂ ਦਿੱਲੀ ਵਜੋਂ ਹੋਈ ਹੈ। ਪੁਲਿਸ ਅਨੁਸਾਰ ਤਰਨਤਾਰਨ ਦੇ ਰਹਿਣ ਵਾਲੇ ਵਿਨੋਦ ਨੇ ਹੁਸੈਨਪੁਰਾ ਨੇੜੇ ਇੱਕ ਹੋਟਲ ਲਿਆ ਹੈ। ਉਹ ਅੰਮ੍ਰਿਤਸਰ ਅਤੇ ਆਸ ਪਾਸ ਦੇ ਇਲਾਕਿਆਂ ਤੋਂ ਕੁੜੀਆਂ ਲਿਆਉਂਦਾ ਹੈ ਅਤੇ ਆਪਣੇ ਹੋਟਲ ਵਿੱਚ ਵੇਸਵਾਗਮਨੀ ਦਾ ਕਾਰੋਬਾਰ ਚਲਾਉਂਦਾ ਹੈ। ਜਦੋਂ ਪੁਲਿਸ ਨੇ ਇਸ ਆਧਾਰ 'ਤੇ ਕਾਰਵਾਈ ਕੀਤੀ ਤਾਂ ਸਾਰਾ ਮਾਮਲਾ ਸਪੱਸ਼ਟ ਹੋ ਗਿਆ। ਵਿਨੋਦ ਕੁਮਾਰ ਮੌਕੇ ਤੋਂ ਭੱਜ ਗਿਆ। ਮੈਨੇਜਰ ਸਾਹਿਲ ਅਤੇ ਗਾਹਕ ਹਿਮਾਂਸ਼ੂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪਤਾ ਲੱਗਾ ਹੈ ਕਿ ਪੁਲਿਸ ਨੇ ਹੋਟਲ ਤੋਂ ਕੁਝ ਕੁੜੀਆਂ ਵੀ ਬਰਾਮਦ ਕੀਤੀਆਂ ਹਨ। ਉਸਨੂੰ ਆਪਣੀ ਪਛਾਣ ਛੁਪਾਉਣ ਅਤੇ ਅਦਾਲਤ ਅਤੇ ਉੱਚ ਅਧਿਕਾਰੀਆਂ ਨੂੰ ਸੂਚਿਤ ਕਰਨ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ ਹੈ।


**CHANGE OF NAME**

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ______________________

SON / DAUGHTER / WIFE OF MR ______________________

WHOSE PERMANENT ADDRESS IN INDIA IS ______________________

______________________

AND IS NOW LIVING AT ______________________

______________________ HEREBY GIVE NOTICE OF MY INTENTION

TO CHANGE MY NAME TO ______________________

TEL ______________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


# ਪੁਲਸੀਆਂ ਤੋਂ ਪੀੜਤ ਕਰਨਲ ਬਾਠ ਮਾਮਲੇ ਦੀ ਹਾਈਕੋਰਟ ਨੇ ਜਾਂਚ ਸੀਬੀਆਈ ਨੂੰ ਸੌਂਪੀ



ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇੱਕ ਅਹਿਮ ਫ਼ੈਸਲੇ ਵਿਚ ਪਟਿਆਲਾ ਵਿਚ ਕਰਨਲ ਬਾਠ 'ਤੇ ਹੋਏ ਹਮਲੇ ਦੀ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ ਹੈ। ਕਰਨਲ ਬਾਠ ਦਾ ਪਰਿਵਾਰ ਚੰਡੀਗੜ੍ਹ ਪੁਲੀਸ ਵੱਲੋਂ ਗਠਿਤ ਸਿੱਟ ਦੀ ਜਾਂਚ ਤੋਂ ਸੰਤੁਸ਼ਟ ਨਹੀਂ ਸੀ, ਜਿਸ ਤੋਂ ਬਾਅਦ ਹਾਈ ਕੋਰਟ ਨੇ ਹੁਣ ਇਹ ਜਾਂਚ ਸੀਬੀਆਈ ਹਵਾਲੇ ਕੀਤੀ ਹੈ। ਕਰਨਲ ਬਾਠ ਨੇ ਪਹਿਲਾਂ ਪਾਈ ਪਟੀਸ਼ਨ ਵਿੱਚ ਕਿਹਾ ਸੀ ਕਿ ਉਨ੍ਹਾਂ ਅਤੇ ਉਨ੍ਹਾਂ ਦੇ ਪੁੱਤਰ 'ਤੇ 13-14 ਮਾਰਚ ਦੀ ਰਾਤ ਨੂੰ ਪਟਿਆਲਾ ਵਿੱਚ 'ਬੇਰਹਿਮੀ ਨਾਲ' ਹਮਲਾ ਕੀਤਾ ਗਿਆ ਸੀ। ਉਨ੍ਹਾਂ ਇੰਸਪੈਕਟਰ-ਰੈਂਕ ਦੇ ਪੰਜਾਬ ਪੁਲੀਸ ਦੇ ਚਾਰ ਅਧਿਕਾਰੀਆਂ ਅਤੇ ਉਨ੍ਹਾਂ ਦੇ ਹਥਿਆਰਬੰਦ ਮੁਲਾਜ਼ਮਾਂ 'ਤੇ ਬਿਨਾਂ ਕਿਸੇ ਭੜਕਾਹਟ ਦੇ ਉਨ੍ਹਾਂ ਉੱਤੇ ਹਮਲਾ ਕਰਨ, ਉਨ੍ਹਾਂ ਦਾ ਅਧਿਕਾਰਤ ਆਈਡੀ ਕਾਰਡ ਅਤੇ ਮੋਬਾਈਲ ਫੋਨ ਖੋਹਣ ਅਤੇ ਝੂਠੇ ਮੁਕਾਬਲਿਆਂ ਦੀਆਂ ਧਮਕੀਆਂ ਦੇਣ ਦਾ ਦੋਸ਼ ਲਗਾਇਆ ਸੀ।

## ਕੈਲੀਫੋਰਨੀਆ ਵਿੱਚ ਪ੍ਰਵਾਸੀਆਂ ਦੀ ਫੜੋਫੜੀ 'ਤੇ ਜੱਜ ਨੇ ਲਾਈ ਆਰਜੀ ਰੋਕ

### * ਸੰਘੀ ਅਧਿਕਾਰੀਆਂ ਨੂੰ ਛਾਪਾ ਮਾਰਨ ਤੋਂ ਪਹਿਲਾਂ ਜਾਇਜ਼ ਕਾਰਨ ਦੱਸਣ ਲਈ ਕਿਹਾ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਪੂਰੇ ਦੱਖਣੀ ਕੈਲੀਫੋਰਨੀਆ ਵਿੱਚ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਗੈਰ ਕਨੂੰਨੀ ਪ੍ਰਵਾਸੀਆਂ ਨੂੰ ਫੜਨ ਲਈ ਜਨਤਿਕ ਤੇ ਕੰਮ ਵਾਲੀਆਂ ਥਾਵਾਂ ਉਪਰ ਛਾਪੇ ਮਾਰਨ ਕਾਰਨ ਬਣੇ ਬੇਯਕੀਨੀ ਵਾਲੇ ਮਾਹੌਲ ਦੇ ਦਰਮਿਆਨ ਇਕ ਜੱਜ ਨੇ ਆਰਜੀ ਤੌਰ 'ਤੇ ਪ੍ਰਵਾਸੀਆਂ ਵਿਰੁੱਧ ਕਾਰਵਾਈ 'ਤੇ ਰੋਕ ਲਾ ਦਿੱਤੀ ਹੈ। ਜੱਜ ਨੇ ਦਾਇਰ ਇਕ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸੰਘੀ ਅਧਿਕਾਰੀਆਂ ਨੂੰ ਕਿਹਾ ਹੈ ਕਿ ਲਾਸ ਏਂਜਲਸ ਸਮੇਤ ਕੈਲਫੋਰਨੀਆ ਦੇ ਕੇਂਦਰੀ ਜਿਲੇ ਵਿਚ ਪ੍ਰਵਾਸੀਆਂ ਦੀਆਂ ਗ੍ਰਿਫਤਾਰੀਆਂ ਤੋਂ ਪਹਿਲਾਂ ਇਸ ਸਬੰਧੀ ਉਚਿੱਤ ਕਾਰਨ ਦੱਸਿਆ ਜਾਵੇ। ਜੱਜ ਨੇ ਕਿਹਾ ਕਿ ਜਾਤ, ਨਸਲ , ਧਰਮ ਜਾਂ ਭਾਸ਼ਾ ਦੇ ਆਧਾਰ 'ਤੇ ਕਿਸੇ ਨੂੰ ਵੀ ਗ੍ਰਿਫਤਾਰ ਨਾ ਕੀਤਾ ਜਾਵੇ। ਜੱਜ ਦੇ ਇਹ ਆਦੇਸ਼ ਬੀਤੇ ਦਿਨ ਭੰਗ ਦੇ ਇਕ ਫਾਰਮ ਤੋਂ ਅੰਦਾਜਨ 200 ਪ੍ਰਵਾਸੀਆਂ ਦੀ ਗ੍ਰਿਫਤਾਰੀ ਤੋਂ ਬਾਅਦ ਆਏ ਹਨ। ਬਿਨਾਂ ਕੋਈ ਕਾਰਨ ਦੱਸੇ ਪ੍ਰਵਾਸੀਆਂ ਦੀ ਫੜੋਫੜੀ ਕਾਰਨ ਪ੍ਰਵਾਸੀ ਕਾਮਿਆਂ ਤੇ ਸੰਘੀ ਅਧਿਕਾਰੀਆਂ ਵਿਚਾਲੇ ਟਕਰਾਅ ਵਾਲੇ ਹਾਲਾਤ ਬਣ ਗਏ ਹਨ। ਛਾਪੇ ਦੌਰਾਨ ਸੰਘੀ ਏਜੰਟਾਂ ਉਪਰ ਹਮਲਾ ਹੋਣ ਦੀ ਵੀ ਖਬਰ ਹੈ। ਲਾਏ ਏਂਜਲਸ ਵਿੱਚ ਇਸ ਛਾਪੇਮਾਰੀ ਵਿਰੁੱਧ ਪਦਰਸ਼ਨ ਵੀ ਕੀਤਾ ਗਿਆ ਹੈ ਜਿਸ ਵਿੱਚ ਕਿਰਤੀਆਂ, ਧਾਰਮਿੱਕ ਆਗੂਆਂ ਤੇ ਪ੍ਰਵਾਸੀ ਹੱਕਾਂ ਦੇ ਅਲੰਬਰਦਾਰਾਂ ਨੇ ਟਰੰਪ ਪ੍ਰਸ਼ਾਸਨ ਦੀ ਕਰੜੀ ਨਿੰਦਾ ਕੀਤੀ ਹੈ। ਲਾਸ ਏਂਜਲਸ ਦੀ ਮੇਅਰ ਕਾਰੇਨ ਬਾਸ ਨੇ ਪ੍ਰਵਾਸੀ ਭਾਈਚਾਰਿਆਂ ਦੇ ਹੱਕਾਂ ਦੀ ਰਾਖੀ ਲਈ ਇਕ ਆਦੇਸ਼ ਉਪਰ ਦਸਤਖਤ ਕੀਤੇ ਹਨ। ਉਨਾਂ ਨੇ ਇਮੀਗ੍ਰਸ਼ੇਨ ਅਧਿਕਾਰੀਆਂ ਉਪਰ ਦੋਸ਼ ਲਾਇਆ ਕਿ ਉਹ ਧੱਕਾ ਕਰ ਰਹੇ ਹਨ ਤੇ ਉਹ ਗੁੰਡਿਆਂ ਵਾਂਗ ਵਿਵਹਾਰ ਕਰ ਰਹੇ ਹਨ।

## ਦਰਾਮਦ-ਬਰਾਮਦ ਘੁਟਾਲੇ ਵਿੱਚ ਭਗੌੜੀ ਭਾਰਤੀ ਮੋਨਿਕਾ ਕਪੂਰ ਨੂੰ ਕੀਤਾ ਭਾਰਤ ਹਵਾਲੇ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-2002 ਵਿਚ ਦਰਾਮਦ-ਬਰਾਮਦ ਘੁਟਾਲੇ ਸਬੰਧੀ ਦਾਇਰ ਇਕ ਮਾਮਲੇ ਵਿੱਚ ਭਗੌੜੀ ਭਾਰਤੀ ਔਰਤ ਮੋਨਿਕਾ ਕਪੂਰ ਨੂੰ ਅਮਰੀਕਾ ਨੇ ਭਾਰਤ ਦੇ ਹਵਾਲੇ ਕਰ ਦਿੱਤਾ ਹੈ। ਮੈਸਰਜ ਮੋਨਿਕਾ ਓਵਰਸੀਜ ਦੀ ਮਾਲਕਣ ਮੋਨਿਕਾ ਕਪੂਰ ਨੂੰ ਸੀ.ਬੀ ਆਈ ਦੇ ਸਪੁਰਦ ਕੀਤਾ ਗਿਆ। ਮੋਨਿਕਾ ਕਪੂਰ ਦੀ ਹਵਾਲਗੀ ਦੋ ਦਹਾਕਿਆਂ ਬਾਅਦ ਸੰਭਵ ਹੋਈ ਹੈ। ਸੀ ਬੀ ਆਈ ਅਨੁਸਾਰ 1998 ਵਿੱਚ ਮੋਨਿਕਾ ਕਪੂਰ ਨੇ ਆਪਣੇ ਭਰਾਵਾਂ ਰਾਜਨ ਖੰਨਾ ਤੇ ਰਾਜੀਵ ਖੰਨਾ ਨਾਲ ਮਿਲ ਕੇ ਫਰਜੀ ਬਰਾਮਦ ਦਸਤਾਵੇਜ਼ ਬਣਾਏ। ਬਣਾਏ ਗਏ ਫਰਜੀ ਦਸਤਾਵੇਜਾਂ ਵਿੱਚ ਸ਼ਿੱਪਿੰਗ ਬਿੱਲ, ਚਲਾਨ ਤੇ ਬੈਂਕ ਸਰਟੀਫਿਕੇਟ ਸ਼ਾਮਿਲ ਹਨ ਜਿਨਾਂ ਦੇ ਆਧਾਰ 'ਤੇ ਉਨਾਂ ਨੇ ਕਰ ਮੁੱਕਤ ਸੋਨੇ ਦੀ ਦਰਾਮਦ ਵਾਸਤੇ ਲਾਇਸੰਸ ਪ੍ਰਾਪਤ ਕੀਤਾ। ਸੀ ਬੀ ਆਈ ਅਨੁਸਾਰ ਇਨਾਂ ਨੇ ਇਹ ਲਾਇਸੰਸ ਮੈਸਰਜ ਦੀਪ ਐਕਸਪੋਰਟਸ ਅਹਿਮਦਾਬਾਦ ਨੂੰ ਵੇਚ ਦਿੱਤਾ। ਮੈਸਰਜ ਦੀਪ ਐਕਸਪੋਰਟਸ ਨੇ ਇਸ ਲਾਇਸੰਸ ਦੇ ਆਧਾਰ 'ਤੇ ਟੈਕਸ ਮੁਕਤ ਸੋਨਾ ਦਰਾਮਦ ਕੀਤਾ ਜਿਸ ਕਾਰਨ ਸਰਕਾਰੀ ਖਜ਼ਾਨੇ ਨੂੰ ਵੱਡਾ ਨੁਕਸਾਨ ਪੁੱਜਾ। ਮੋਨਿਕ ਵਿਰੁੱਧ 24 ਅਪ੍ਰੈਲ 2010 ਨੂੰ ਗੈਰ ਜਮਾਨਤੀ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਗਿਆ ਸੀ ਤੇ ਉਸ ਤੋਂ ਬਾਅਦ ਰੈਡ ਕਾਰਨਰ ਨੋਟਿਸ ਜਾਰੀ ਹੋਇਆ ਸੀ।

## ਕੌਮੀ ਇਨਸਾਫ ਮੋਰਚੇ ਦੀ 22 ਜੁਲਾਈ ਨੂੰ ਸਾਂਝੀ ਮੀਟਿੰਗ

### ✪ 4 ਅਗਸਤ ਨੂੰ ਪੁਤਲੇ ਸਾੜਨ ਦਾ ਐਲਾਨ, 15 ਅਗਸਤ ਨੂੰ ਰੋਸ ਰੈਲੀ



ਚੰਡੀਗੜ੍ਹ-ਕੌਮੀ ਇਨਸਾਫ ਮੋਰਚੇ ਦੀ ਤਾਲਮੇਲ ਕਮੇਟੀ ਨੇ 22 ਜੁਲਾਈ ਨੂੰ ਚੰਡੀਗੜ੍ਹ ਦੇ ਕਿਸਾਨ ਭਵਨ ਵਿੱਚ ਧਾਰਮਿਕ, ਕਿਸਾਨ, ਸਮਾਜਿਕ, ਮਨੁੱਖੀ ਅਧਿਕਾਰ, ਵਪਾਰੀ, ਮਜ਼ਦੂਰ ਅਤੇ ਦਲਿਤ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਸੱਦੀ ਹੈ। ਮੋਰਚੇ ਨੇ 4 ਅਗਸਤ ਨੂੰ ਜ਼ਿਲ੍ਹਾ ਹੈਡਕੁਆਰਟਰਾਂ 'ਤੇ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਦੇ ਪੁਤਲੇ ਸਾੜਨ ਅਤੇ 15 ਅਗਸਤ ਨੂੰ ਰੋਸ ਰੈਲੀ ਕੱਢਣ ਦਾ ਐਲਾਨ ਕੀਤਾ। ਮੋਰਚੇ ਨੇ ਸਰਕਾਰ 'ਤੇ ਵਾਅਦਾ-ਖਿਲਾਫੀ ਦਾ ਦੋਸ਼ ਲਾਇਆ ਅਤੇ ਕਿਹਾ ਕਿ ਸ਼ੰਭੂ-ਖਨੌਰੀ ਬਾਰਡਰ 'ਤੇ ਕਿਸਾਨਾਂ ਨੂੰ ਗ੍ਰਿਫਤਾਰ ਕਰਨ ਅਤੇ ਉਨ੍ਹਾਂ ਦਾ ਸਮਾਨ ਲੁੱਟਣ ਦੀ ਖੁੱਲ੍ਹ ਦੇਣ ਵਾਲੀ ਸਰਕਾਰ ਤੋਂ ਇਨਸਾਫ ਦੀ ਉਮੀਦ ਨਹੀਂ।

# The Gurdwara Handbook Launched by Gurdwara Aid

on Monday 14th July 2025 at Attlee Suite, Portcullis House, Westminster, London SW1A 2JR








Sikh Organisations from across the UK joined forces to showcase an astonishing exhibition of projects and collaborations spearheading them towards a better and brighter future.

Over 200 guests, including Parliamentarians and Civil Servants gathered in Parliament to celebrate the exceptional work of Sikh-led organisations at a special event held in the Attlee Suite, Portcullis House. The event showcased an impressive and wide-ranging array of initiatives in areas such as education, healthcare, safeguarding, youth development, social justice, environmental sustainability and community support. The event was hosted by Gurdwara Aid to coincide with the release of their equally impressive how to guide - The Gurdwara Handbook.

Quite simply, a comprehensive resource developed to support UK Gurdwara committees with governance, compliance, safeguarding, and long-term strategic planning.

It was though the chapters of the Handbook had been weaved through the exhibitors who all recognised the need for a shift in the community mindset towards operational excellence in parallel with spiritual and political leadership, Gurdwara Aid media lead Sundeep Kaur said, " This event highlighted the growing momentum within the community to modernise systems while remaining grounded in Sikh values".

**Celebrating Seva in the Modern Context**

Gurdwaras and Sikh organisations in the UK remain deeply rooted in Gurbani, Dharam Parchaar, and Seva [ adherence to Sikh teaching and selfless service]. However, today's trustees and volunteers must also navigate increasingly complex responsibilities in areas such as finance, charity regulation, health & safety, safeguarding and legal compliance.

**Launch of The Gurdwara Handbook**

Developed by Gurdwara Aid, The Gurdwara Handbook was recently unveiled as a sector-wide resource for improving Gurdwara operations. It includes the financial, legal, and governance frameworks for a Gurdwara and Sikh charities. This is being complemented by online resources, including a full suite of customisable policies and procedures, with soon to follow safeguarding guidance in both English and Punjabi and accredited training. Printed copies of the Handbook were distributed to Gurdwara representatives, charity trustees, and Sikh community leaders attending the event.

Shaping the Future of Sikh Institutions ed a unique platform for dialogue between Sikh civil society leaders and policymakers.

**Speakers and Highlights**

*The event attracted over 50 MP`s, Peers and Civil Servants with featured contributions from a diverse range of speakers including:*

Lord Khan, Faith Minister, Hon Gurinder Singh Josan MP (host and sponsor), Hon Tan Singh Dhesi MP, RH Pat McFadden MP, Mike Wood MP, Sir Jeremy Wright KC, John Garbutt – Kings Representative - High Sheriff of Greater London, Jagtar Singh Gill – Community & Political Engagement Lead, Harvinder Singh Rai –Strategy & Commercial Engagement Lead, Mandip Singh – Policy & Governance Lead, Paramjit Kaur Matharu – Gurdwara Aid Spokesperson & Media lead,

Each speaker addressed the unique challenges and opportunities facing Sikh institutions today and the importance of collaboration, innovation, and professional standards across the sector.

**Exhibition of Sikh Initiatives**

Attendees explored a vibrant exhibition featuring over 70 Sikh organisations, showcasing work in fields such as: Education & Youth – Sikh Education Council, BOSS, Sikh Games, Basics of Sikhi Sikh Professional Networks – Sikhs in Academia, Sikhs in Law, Sikhs in Banking &Finance, Sikh Dentists & Doctors Association, National Sikh Police Association. The diversity and scale of grassroots efforts impressed both Parliamentarians and civil society guests.

**Photo Gallery and Media Coverage:**

Photos from the event will be made available via Gurdwara Aid's website and social channels. Press and community media are encouraged to help amplify the work of these organisations by highlighting the event and its outcomes.

**Media Contact:**
media@gurdwaraaid.org
www.gurdwaraaid.org

# ਸ਼ਹੀਦ ਊਧਮ ਸਿੰਘ ਯਾਦਗਾਰੀ ਕਵੈਂਟਰੀ ਕਬੱਡੀ ਟੂਰਨਾਮੈਂਟ 2025 ਕੱਪ ਸੰਦੀਪ ਨੰਗਲ ਅੰਬੀਆਂ ਟੈਲਫੋਰਡ ਨੇ ਜਿੱਤਿਆ ਅਤੇ ਗ੍ਰੇਵਜ਼ੈਂਡ/ਬਾਰਕਿੰਗ ਉੱਪ ਜੇਤੂ ਰਹੀ



## ਯੋਧਾ ਸੁਰਖਪੁਰ ਸਰਬੋਤਮ ਜਾਫੀ ਅਤੇ ਬੂਰੀਆ ਸ਼ੇਸ਼ਰ ਸਰਬੋਤਮ ਧਾਵੀ ਬਣਿਆ



ਜਾਰੀ ਕਰਤਾ: ਗੁਰੂ ਨਾਨਕ ਪ੍ਰਕਾਸ਼ ਗੁਰਦੁਆਰਾ ਕਵੈਂਟਰੀ ਅਤੇ ਕਵੈਂਟਰੀ ਏਸ਼ੀਅਨ ਸਪੋਰਟਸ ਫੈਡਰੇਸ਼ਨ

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# 'ਆਪ' ਤੋਂ ਮੁਅੱਤਲ ਸਾਬਕਾ ਵਿਧਾਇਕ ਸੰਦੋਆ ਨੇ ਮੁੱਖ ਮੰਤਰੀ ਨੂੰ ਭੇਜਿਆ ਸਪੱਸ਼ਟੀਕਰਨ

## ✪ ਕਿਹਾ ਕਿ ਆਪਣੇ ਇਲਾਕੇ ਦੇ ਲੋਕਾਂ ਦਾ ਸਮਰਥਨ ਕਰਨਾ ਅਪਰਾਧ ਕਿਵੇਂ ?'

ਰੂਪਨਗਰ-ਆਮ ਆਦਮੀ ਪਾਰਟੀ ਵੱਲੋਂ 11 ਜੁਲਾਈ, 2025 ਨੂੰ ਰੂਪਨਗਰ ਵਿਧਾਨ ਸਭਾ ਹਲਕੇ ਤੋਂ 2017 ਤੋਂ 2022 ਤੱਕ ਵਿਧਾਇਕ ਰਹੇ ਅਮਰਜੀਤ ਸਿੰਘ ਸੰਦੋਆ ਨੂੰ ਮੁਅੱਤਲ ਕਰਨ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ, ਸੰਦੋਆ ਨੇ ਇਸ ਸਬੰਧ ਵਿੱਚ ਮੁੱਖ ਮੰਤਰੀ ਨੂੰ ਆਪਣਾ ਸਪੱਸ਼ਟੀਕਰਨ ਭੇਜਿਆ ਹੈ ਅਤੇ ਆਪਣੀ ਸਥਿਤੀ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਇੱਥੇ ਇਹ ਲਿਖਣਾ ਜ਼ਰੂਰੀ ਹੈ ਕਿ ਸੜਕ ਹਾਦਸੇ ਵਿੱਚ ਮਾਰੇ ਗਏ ਇੱਕ ਔਰਤ ਦੇ ਮਾਮਲੇ ਵਿੱਚ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਕੀਤੇ ਜਾ ਰਹੇ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਲਈ ਸੰਦੋਆ ਵਿਰੁੱਧ ਇਹ ਅਨੁਸ਼ਾਸਨੀ ਕਾਰਵਾਈ ਕੀਤੀ ਗਈ ਹੈ।



ਇਸ ਵਿਰੋਧ ਪ੍ਰਦਰਸ਼ਨ ਵਿੱਚ, ਸੰਦੋਆ ਨੇ ਪੀੜਤ ਪਰਿਵਾਰ ਦੇ ਸਮਰਥਨ ਵਿੱਚ ਆਪਣੀ ਆਵਾਜ਼ ਬੁਲੰਦ ਕੀਤੀ ਅਤੇ ਪ੍ਰਸ਼ਾਸਨ ਦੇ ਨਾਲ-ਨਾਲ ਸੱਤ ਮੌਜੂਦਾ 'ਆਪ' ਵਿਧਾਇਕਾਂ 'ਤੇ ਕਾਰਵਾਈ ਕਰਨ ਵਿੱਚ ਢਿੱਲ ਵਰਤਣ ਦਾ ਦੋਸ਼ ਲਗਾਇਆ। ਇਸ ਤੋਂ ਤੁਰੰਤ ਬਾਅਦ ਪਾਰਟੀ ਨੇ ਉਨ੍ਹਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ। ਅਨੁਸ਼ਾਸਨੀ ਕਾਰਵਾਈ ਸਬੰਧੀ ਪੱਤਰ 'ਆਪ' ਦੇ ਸੂਬਾ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਵੱਲੋਂ 11 ਜੁਲਾਈ ਨੂੰ ਜਾਰੀ ਕੀਤਾ ਗਿਆ ਸੀ। ਇਸ ਕਾਰਵਾਈ ਤੋਂ ਬਾਅਦ ਸੰਦੋਆ ਨੇ ਆਪਣਾ ਪੱਖ ਸਪੱਸ਼ਟ ਕਰਦਿਆਂ ਕਿਹਾ ਕਿ ਉਹ ਸ਼ੁਰੂ ਤੋਂ ਹੀ ਆਪਣੇ ਇਲਾਕੇ ਦੇ ਲੋਕਾਂ ਪ੍ਰਤੀ ਪੂਰੀ ਵਫ਼ਾਦਾਰੀ ਨਾਲ ਖੜ੍ਹੇ ਹਨ ਅਤੇ ਹਮੇਸ਼ਾ ਉਨ੍ਹਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਦੇ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਹਲਕੇ ਵਿੱਚ ਵਾਪਰੇ ਇੱਕ ਸੜਕ ਹਾਦਸੇ ਵਿੱਚ ਇੱਕ ਔਰਤ ਦੀ ਮੌਤ ਹੋ ਗਈ, ਜਦੋਂ ਕਿ ਉਨ੍ਹਾਂ ਦੀ ਧੀ ਸਮੇਤ ਦੋ ਹੋਰ ਔਰਤਾਂ ਗੰਭੀਰ ਜ਼ਖ਼ਮੀ ਹੋ ਗਈਆਂ, ਜਿਨ੍ਹਾਂ ਦਾ ਇਲਾਜ ਪੀਜੀਆਈ ਚੰਡੀਗੜ੍ਹ ਅਤੇ ਸੈਕਟਰ 32 ਹਸਪਤਾਲ ਵਿੱਚ ਚੱਲ ਰਿਹਾ ਹੈ।

ਸੰਦੋਆ ਨੇ ਕਿਹਾ ਕਿ ਹਾਦਸੇ ਤੋਂ ਕਈ ਦਿਨ ਬੀਤ ਜਾਣ ਦੇ ਬਾਵਜੂਦ ਵੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ, ਜਿਸ ਕਾਰਨ ਪੀੜਤ ਪਰਿਵਾਰ ਨੇ 8 ਜੁਲਾਈ ਨੂੰ ਨੂਰਪੁਰ ਬੇਦੀ-ਰੂਪਨਗਰ ਸੜਕ 'ਤੇ ਧਰਨਾ ਦਿੱਤਾ, ਜਿਸ ਵਿੱਚ ਉਨ੍ਹਾਂ ਨੇ ਹਿੱਸਾ ਲਿਆ ਸੀ। 9 ਜੁਲਾਈ ਨੂੰ ਇਸੇ ਮੁੱਦੇ ਨੂੰ ਲੈ ਕੇ ਆਨੰਦਪੁਰ ਸਾਹਿਬ-ਚੰਡੀਗੜ੍ਹ ਸੜਕ 'ਤੇ ਧਰਨਾ ਵੀ ਦਿੱਤਾ ਗਿਆ ਸੀ, ਜਿਸ ਵਿੱਚ ਉਨ੍ਹਾਂ ਨੇ ਵੀ ਹਿੱਸਾ ਲਿਆ। ਧਰਨੇ ਦੌਰਾਨ ਉਨ੍ਹਾਂ ਨੇ ਦੋਸ਼ੀਆਂ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਉਠਾਈ ਅਤੇ ਇਹ ਵੀ ਕਿਹਾ ਕਿ ਦੋਸ਼ੀਆਂ ਨੂੰ ਬਚਾਉਣ ਵਾਲਿਆਂ ਦੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਆਮ ਆਦਮੀ ਪਾਰਟੀ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਬਹੁਤ ਉਮੀਦਾਂ ਹਨ, ਇਸ ਲਈ ਉਨ੍ਹਾਂ ਮੁੱਖ ਮੰਤਰੀ ਤੋਂ ਨਿਰਪੱਖ ਜਾਂਚ ਦੀ ਮੰਗ ਕੀਤੀ।

ਸੰਦੋਆ ਨੇ ਦੋਸ਼ ਲਗਾਇਆ ਕਿ ਇਹ ਕਾਰਵਾਈ ਇੱਕ ਵਿਅਕਤੀ ਵੱਲੋਂ ਪਾਰਟੀ ਹਾਈਕਮਾਂਡ ਨੂੰ ਗੁਮਰਾਹ ਕਰਕੇ ਇੱਕ ਸੋਚੀ ਸਮਝੀ ਸਾਜ਼ਿਸ਼ ਤਹਿਤ ਕੀਤੀ ਗਈ ਹੈ। ਉਨ੍ਹਾਂ ਨੂੰ ਇਸ ਸਬੰਧ ਵਿੱਚ ਕੋਈ ਕਾਰਨ ਦੱਸੋ ਨੋਟਿਸ ਨਹੀਂ ਦਿੱਤਾ ਗਿਆ ਅਤੇ ਨਾ ਹੀ ਉਨ੍ਹਾਂ ਦਾ ਪੱਖ ਜਾਣਨ ਦੀ ਕੋਈ ਕੋਸ਼ਿਸ਼ ਕੀਤੀ ਗਈ। ਸੰਦੋਆ ਨੇ ਕਿਹਾ ਕਿ ਇਹ ਹੱਕਾਂ ਅਤੇ ਸੱਚ ਦੀ ਆਵਾਜ਼ ਬੁਲੰਦ ਕਰਨ ਲਈ ਇੱਕ ਛੋਟੀ ਜਿਹੀ ਕੀਮਤ ਹੈ ਅਤੇ ਮੈਂ ਆਪਣੇ ਲੋਕਾਂ ਲਈ ਕੋਈ ਵੀ ਕੀਮਤ ਅਦਾ ਕਰਨ ਲਈ ਤਿਆਰ ਹਾਂ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੱਤਰ ਲਿਖ ਕੇ ਭ੍ਰਿਸ਼ਟਾਚਾਰ ਅਤੇ ਪਾਰਟੀ ਦੇ ਅਕਸ ਨੂੰ ਖਰਾਬ ਕਰਨ ਵਾਲਿਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ ਅਤੇ ਉਮੀਦ ਪ੍ਰਗਟ ਕੀਤੀ ਹੈ ਕਿ ਮੁੱਖ ਮੰਤਰੀ ਜਲਦੀ ਹੀ ਢੁਕਵੀਂ ਕਾਰਵਾਈ ਕਰਨਗੇ।

# ਪਿੰਡ ਠੱਠਾ ਦਲੇਰ ਸਿੰਘ ਵਿਚ ਪੁਲਿਸ ਨੂੰ ਇਤਲਾਹ ਦੇਣ 'ਤੇ ਨਸ਼ਾ ਸਮਗਲਰਾਂ ਨੇ ਸਰਪੰਚ ਦਾ ਹੱਥ ਵੱਢਿਆ, ਦਸ ਗੁੰਡਿਆਂ ਨੇ ਦਿੱਤਾ ਘਟਨਾ ਨੂੰ ਅੰਜਾਮ



ਮੱਲਾਂਵਾਲਾ (ਫਿਰੋਜ਼ਪੁਰ)-ਪਿੰਡ ਠੱਠਾ ਦਲੇਰ ਸਿੰਘ ਵਿੱਚ, ਨਸ਼ਾ ਤਸਕਰਾਂ ਨੇ ਸਰਪੰਚ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਸਦਾ ਇੱਕ ਹੱਥ ਵੱਢ ਦਿੱਤਾ ਅਤੇ ਪੁਲਿਸ ਨੂੰ ਨਸ਼ਾ ਤਸਕਰਾਂ ਬਾਰੇ ਸੂਚਨਾ ਦੇਣ 'ਤੇ ਹਵਾ ਵਿੱਚ ਗੋ ਵੀ ਚਲਾਈਆਂ। ਜ਼ਖਮੀ ਸਰਪੰਚ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਸਿਵਲ ਹਸਪਤਾਲ ਫਿਰੋਜ਼ਪੁਰ ਵਿੱਚ ਇਲਾਜ ਅਧੀਨ ਸਰਪੰਚ ਗੁਰਦੀਪ ਸਿੰਘ ਨੇ ਦੱਸਿਆ ਕਿ 30 ਜੂਨ ਨੂੰ ਦੁਪਹਿਰ 12 ਵਜੇ ਦੇ ਕਰੀਬ ਪਿੰਡ ਦੇ ਇੱਕ ਵਿਅਕਤੀ ਦੇ ਘਰ ਚੋਰੀ ਹੋਈ। ਇਸ ਦੌਰਾਨ ਉਕਤ ਪਰਿਵਾਰ ਨੇ ਕੁਝ ਸਥਾਨਕ ਲੋਕਾਂ ਨੂੰ ਚੋਰੀ ਕਰਦੇ ਦੇਖਿਆ। ਸਰਪੰਚ ਹੋਣ ਦੇ ਨਾਤੇ ਜਦੋਂ ਉਨ੍ਹਾਂ ਨੂੰ ਫੋਨ 'ਤੇ ਸੂਚਨਾ ਦਿੱਤੀ ਗਈ ਤਾਂ ਉਹ ਤੁਰੰਤ ਮੌਕੇ 'ਤੇ ਪਹੁੰਚੇ। ਉਕਤ ਘਰ ਦੇ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਨੇ ਚੋਰ ਨੂੰ ਫੜ ਲਿਆ ਹੈ ਅਤੇ ਉਸਨੇ ਖੇਤਾਂ ਵਿੱਚ ਸਾਮਾਨ ਲੁਕਾ ਦਿੱਤਾ ਹੈ। ਉਸਨੇ ਤੁਰੰਤ ਪੁਲਿਸ ਨੂੰ ਫੋਨ ਕਰਕੇ ਸੂਚਿਤ ਕੀਤਾ। ਪੁਲਿਸ ਮੌਕੇ 'ਤੇ ਪਹੁੰਚੀ ਅਤੇ ਖੇਤਾਂ ਵਿੱਚੋਂ ਚੋਰੀ ਕੀਤਾ ਸਾਮਾਨ ਬਰਾਮਦ ਕੀਤਾ। ਜਦੋਂ ਪੁਲਿਸ ਚੋਰਾਂ ਨੂੰ ਫੜ ਰਹੀ ਸੀ ਤਾਂ ਉਸਨੇ ਪੁਲਿਸ ਨੂੰ ਦੱਸਿਆ ਕਿ ਉਕਤ ਲੋਕ ਨਸ਼ੇ ਵੇਚਦੇ ਹਨ ਅਤੇ ਪਹਿਲਾਂ ਵੀ ਚੋਰੀ ਦੀਆਂ ਘਟਨਾਵਾਂ ਵਿੱਚ ਸ਼ਾਮਲ ਰਹੇ ਹਨ। ਪੀੜਤ ਨੇ ਦੱਸਿਆ ਕਿ ਇਸ ਤੋਂ ਬਾਅਦ 6 ਜੁਲਾਈ ਦੀ ਸ਼ਾਮ ਨੂੰ ਜਦੋਂ ਉਹ ਆਪਣੇ ਭਰਾ ਰੇਸ਼ਮ ਨਾਲ ਖੇਤਾਂ ਵਿੱਚ ਕੰਮ ਕਰ ਰਿਹਾ ਸੀ ਤਾਂ ਉਕਤ 10 ਮੁਲਜ਼ਮਾਂ ਨੇ ਦੋਵਾਂ ਭਰਾਵਾਂ 'ਤੇ ਹਮਲਾ ਕਰ ਦਿੱਤਾ ਅਤੇ ਤੇਜ਼ਧਾਰ ਹਥਿਆਰ ਨਾਲ ਉਸਦਾ ਇੱਕ ਹੱਥ ਵੱਢ ਦਿੱਤਾ। ਇਸ ਦੌਰਾਨ ਮੁਲਜ਼ਮ ਨੇ ਪਿਸਤੌਲ ਤੋਂ ਵੀ ਫਾਇਰਿੰਗ ਕੀਤੀ। ਉਸਦੇ ਰਿਸ਼ਤੇਦਾਰਾਂ ਨੇ ਉਸਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਵਿੱਚ ਦਾਖਲ ਕਰਵਾਇਆ। ਮੌਜੂਦਾ ਸਰਪੰਚ ਨੇ ਪੁਲਿਸ ਪ੍ਰਸ਼ਾਸਨ ਨੂੰ ਇਨਸਾਫ਼ ਦੀ ਗੁਹਾਰ ਲਗਾਈ ਹੈ ਅਤੇ ਉਕਤ ਹਮਲਾਵਰਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਜਦੋਂ ਇਸ ਸਬੰਧੀ ਥਾਣਾ ਮੱਲਾਂਵਾਲਾ ਦੇ ਐੱਸਐੱਚਓ ਹਰਿੰਦਰ ਸਿੰਘ ਚਮੇਲੀ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਹੈ ਅਤੇ ਇਸਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਦੂਜਾ ਵਿਆਹ ਕਰਵਾਉਣ ਲਈ ਕਲਯੁਗੀ ਪਿਉ ਨੇ ਤਿੱਗਣੀ ਉਮਰ ਦੇ ਬੰਦੇ ਨਾਲ ਤੋਰ'ਤੀ ਆਪਣੀ ਧੀ

## ✪ ਪਤੀ ਦੇ ਜ਼ੁਲਮਾਂ ਤੋਂ ਤੰਗ ਲੜਕੀ ਨੇ ਪੰਚਾਇਤ ਨੂੰ ਸੁਣਾਈ ਹੱਡਬੀਤੀ, ਕੇਸ ਦਰਜ

ਹੁਸ਼ਿਆਰਪੁਰ-ਕਲਯੁੱਗੀ ਪਿਉ ਨੇ ਪਤਨੀ ਦੀ ਮੌਤ ਤੋਂ ਬਾਅਦ ਦੂਜਾ ਵਿਆਹ ਕਰਵਾਉਣ ਲਈ ਆਪਣੀ ਨਾਬਾਲਿਗ ਧੀ ਨੂੰ ਬਿਨਾਂ ਵਿਆਹ ਦੇ ਧੀ ਤੋਂ ਤਿੱਗਣੀ ਉਮਰ ਦੇ ਵਿਅਕਤੀ ਨਾਲ ਤੋਰ ਦਿੱਤਾ। ਨਾਬਾਲਿਗਾ ਨੂੰ ਬਿਨਾਂ ਵਿਆਹ ਦੇ ਰੱਖਣ ਵਾਲੇ ਵਿਅਕਤੀ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਅਤੇ ਜਬਰ ਜਨਾਹ ਤੋਂ ਦੁਖੀ 16 ਸਾਲਾ ਮੁਟਿਆਰ ਦੁਖੀ ਹੋ ਕੇ ਉਸ ਵਿਅਕਤੀ ਦੇ ਚੁੰਗਲ ਵਿੱਚੋਂ ਛੁੱਟ ਆਪਣੇ ਪਿੰਡ ਆ ਗਈ ਅਤੇ ਉਸ ਨੇ ਆਪਣੇ ਨਾਲ ਬੀਤੀ ਸਾਰੀ ਕਹਾਣੀ ਪਿੰਡ ਦੀ ਪੰਚਾਇਤ ਨੂੰ ਸੁਣਾਈ ਜਿਨ੍ਹਾਂ ਪੁਲਿਸ ਕੋਲ ਸ਼ਿਕਾਇਤ ਕੀਤੀ।

ਚੱਬੇਵਾਲ ਪੁਲਿਸ ਨੇ ਧੀ ਦੀ ਪੱਤ ਆਪਣੇ ਹੱਥੀਂ ਰੋਲਣ ਵਾਲੇ ਪਿਤਾ ਸਮੇਤ ਪੰਜ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਥਾਣਾ ਚੱਬੇਵਾਲ ਅਧੀਨ ਪੈਂਦੇ ਇਕ ਪਿੰਡ ਦੀ ਨਾਬਾਲਿਗ ਲੜਕੀ ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਸ ਦੀ ਮਾਂ ਦੀ ਡੇਢ ਸਾਲ ਪਹਿਲਾਂ ਮੌਤ ਹੋ ਗਈ ਸੀ ਅਤੇ ਉਹ ਘਰ ਵਿਚ ਆਪਣੀ ਛੋਟੀ ਭੈਣ ਨਾਲ ਰਹਿ ਰਹੀ ਸੀ। ਉਸ ਨੇ ਦੱਸਿਆ ਕਿ ਉਸ ਦਾ ਪਿਤਾ ਦੂਜਾ ਵਿਆਹ ਕਰਵਾਉਣਾ ਚਾਹੁੰਦਾ ਸੀ ਅਤੇ ਉਸ ਨੂੰ ਇਸ ਕੰਮ ਵਿਚ ਅੜਚਨ ਸਮਝਦਾ ਸੀ। ਉਸ ਨੇ ਦੱਸਿਆ ਕਿ 20 ਜਨਵਰੀ 2025 ਨੂੰ ਉਸ ਦੇ ਪਿਤਾ, ਤਾਇਆ ਅਤੇ ਤਿੰਨ ਹੋਰ ਰਿਸ਼ਤੇਦਾਰਾਂ ਨੇ ਉਸ ਨੂੰ ਰਮਨਦੀਪ ਸਿੰਘ ਉਰਫ਼ ਰਵੀ ਵਾਸੀ ਬਘੌਰਾ ਨੇੜੇ ਮਾਹਿਲਪੁਰ ਨਾਲ ਬਿਨਾਂ ਕੋਈ ਧਾਰਮਿਕ ਰਸਮਾਂ ਦੇ ਵਿਆਹ ਕੀਤੇ, ਉਸ ਦੀ ਮਰਜ਼ੀ ਤੋਂ ਖ਼ਿਲਾਫ਼ ਤੋਰ ਦਿੱਤਾ। ਉਸ ਨੇ ਦੱਸਿਆ ਕਿ ਰਮਨਦੀਪ ਸਿੰਘ ਉਸ ਨੂੰ ਘਰ ਲਿਜਾ ਕੇ ਬੰਦ ਕਮਰੇ ਵਿਚ ਉਸ ਨਾਲ ਉਸ ਦੀ ਵਿਰੋਧਤਾ ਦੇ ਬਾਵਜੂਦ ਜਬਰ ਜਨਾਹ ਕਰਦਾ ਰਿਹਾ ਅਤੇ ਇਨਕਾਰ ਕਰਨ 'ਤੇ ਉਸ ਨਾਲ ਕੁੱਟਮਾਰ ਕਰਦਾ ਅਤੇ ਘਰੋਂ ਕੱਢ ਦਿੰਦਾ ਸੀ। ਉਸ ਨੇ ਦੱਸਿਆ ਕਿ ਉਸ ਨੇ ਕਈ ਵਾਰ ਆਪਣੇ ਪਿਤਾ, ਤਾਇਆ ਅਤੇ ਹੋਰ ਰਿਸ਼ਤੇਦਾਰਾਂ ਨੂੰ ਦੱਸਿਆ ਪ੍ਰੰਤੂ ਉਸ ਦੀ ਕਿਸੇ ਨੇ ਵੀ ਸੁਣਵਾਈ ਨਾ ਕੀਤੀ ਬਲਕਿ ਉਹ ਵੀ ਉਸ ਦੀ ਕੁੱਟਮਾਰ ਕਰਕੇ ਉਸ ਨੂੰ ਬਘੌਰਾ ਪਿੰਡ ਛੱਡ ਆਉਂਦੇ। ਉਸ ਨੇ ਦੱਸਿਆ ਕਿ 9 ਅਤੇ 10 ਜੁਲਾਈ ਦੀ ਦਰਮਿਆਨੀ ਰਾਤ ਨੂੰ ਵੀ ਰਮਨਦੀਪ ਸਿੰਘ ਨੇ ਉਸ ਨਾਲ ਜ਼ਬਰਦਸਤੀ ਸਰੀਰਕ ਸਬੰਧ ਬਣਾਏ ਅਤੇ ਉਸ ਨੂੰ ਘਰੋਂ ਕੱਢ ਦਿੱਤਾ। ਪਿੰਡ ਦੀ ਪੰਚਾਇਤ ਨੇ ਇਸ ਦੀ ਸੂਚਨਾ ਦਿੱਤੀ ਜਿਨ੍ਹਾਂ ਉਸ ਨੂੰ ਬਾਲ ਭਲਾਈ ਵਿਭਾਗ ਕੋਲ ਪਹੁੰਚਾਇਆ।

ਚੱਬੇਵਾਲ ਪੁਲਿਸ ਨੇ ਪੀੜਤ ਲੜਕੀ ਦਾ ਮੈਡੀਕਲ ਕਰਵਾ ਕੇ ਲਖਵੀਰ ਸਿੰਘ ਸੋਢੀ ਵਾਸੀ ਬਾਹੋਵਾਲ, ਗੁਰਬਖ਼ਸ਼ ਸਿੰਘ ਪੱਪੂ ਵਾਸੀ ਬਾਹੋਵਾਲ, ਮਨਜੀਤ ਕੌਰ ਵਾਸੀ ਰਾਵਲਪਿੰਡੀ ਥਾਣਾ ਗੜ੍ਹਸ਼ੰਕਰ, ਉਸ ਦੇ ਪਤੀ ਨਾਜਰ ਸਿੰਘ ਵਾਸੀ ਰਾਵਲਪਿੰਡੀ ਅਤੇ ਰਮਨਦੀਪ ਸਿੰਘ ਰਵੀ ਵਾਸੀ ਬਘੌਰਾ ਵਿਰੁੱਧ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਕੀ ਪੰਜਾਬ ਦੀ ਲੈਂਡ ਪੂਲਿੰਗ ਨੀਤੀ ਖੇਤੀਬਾੜੀ ਸੂਬੇ ਨੂੰ ਨੁਕਸਾਨ ਪਹੁੰਚਾਏਗੀ ?

ਵਿਸ਼ੇਸ਼ ਰਿਪੋਰਟ

## ਕਿਉਂ ਕਰ ਰਹੇ ਨੇ ਕਿਸਾਨ ਤੇ ਸਿਆਸੀ ਪਾਰਟੀਆਂ ਵਿਰੋਧ ?

ਪੰਜਾਬ ਸਰਕਾਰ ਵੱਲੋਂ 2025 ਵਿੱਚ ਲਿਆਂਦੀ ਗਈ ਨਵੀਂ ਲੈਂਡ ਪੂਲਿੰਗ ਨੀਤੀ ਨੇ ਸੂਬੇ ਦੇ ਸਿਆਸੀ ਅਤੇ ਸਮਾਜਿਕ ਮਾਹੌਲ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ। ਇਸ ਨੀਤੀ ਨੂੰ ਸਰਕਾਰ ਵੱਲੋਂ ਸ਼ਹਿਰੀਕਰਨ ਅਤੇ ਯੋਜਨਾਬੱਧ ਵਿਕਾਸ ਦੇ ਨਾਮ 'ਤੇ ਪੇਸ਼ ਕੀਤਾ ਜਾ ਰਿਹਾ ਹੈ, ਪਰ ਕਿਸਾਨ ਜਥੇਬੰਦੀਆਂ ਅਤੇ ਵਿਰੋਧੀ ਪਾਰਟੀਆਂ ਨੇ ਇਸ ਨੂੰ ਕਿਸਾਨਾਂ ਦੀ ਜ਼ਮੀਨ ਹਥਿਆਉਣ ਦੀ ਸਾਜ਼ਿਸ਼ ਦੱਸਿਆ ਹੈ। ਇਸ ਨੀਤੀ ਦੇ ਤਹਿਤ ਸਰਕਾਰ ਪੰਜਾਬ ਦੇ 27 ਸ਼ਹਿਰਾਂ ਅਤੇ ਕਸਬਿਆਂ ਦੇ ਨੇੜੇ-ਤੇੜੇ 40,000 ਏਕੜ ਖੇਤੀਬਾੜੀ ਜ਼ਮੀਨ ਨੂੰ ਸ਼ਹਿਰੀ ਵਿਕਾਸ ਲਈ ਵਰਤਣ ਦੀ ਯੋਜਨਾ ਬਣਾ ਰਹੀ ਹੈ, ਜਿਸ ਵਿੱਚੋਂ ਸਭ ਤੋਂ ਵੱਧ 24,000 ਏਕੜ ਜ਼ਮੀਨ ਇਕੱਲੇ ਲੁਧਿਆਣਾ ਜ਼ਿਲ੍ਹੇ ਵਿੱਚੋਂ ਐਕੁਆਇਰ ਕੀਤੀ ਜਾਣੀ ਹੈ। ਸਰਕਾਰ ਦਾ ਦਾਅਵਾ ਹੈ ਕਿ ਇਸ ਨੀਤੀ ਨਾਲ ਸ਼ਹਿਰੀ ਵਿਕਾਸ ਨੂੰ ਨਵਾਂ ਰੂਪ ਮਿਲੇਗਾ ਅਤੇ ਗ਼ੈਰ-ਕਾਨੂੰਨੀ ਕਾਲੋਨੀਆਂ ਦੀ ਸਮੱਸਿਆ ਤੋਂ ਛੁਟਕਾਰਾ ਮਿਲੇਗਾ। ਪਰ ਕਿਸਾਨ ਤੇ ਵਿਰੋਧੀ ਧਿਰ ਇਸ ਨੂੰ ਖੇਤੀਬਾੜੀ ਤੇ ਕਿਸਾਨਾਂ ਦੀ ਰੀੜ੍ਹ ਦੀ ਹੱਡੀ ਤੋੜਨ ਵਾਲਾ ਕਦਮ ਮੰਨ ਰਹੇ ਹਨ। ਇਸ ਨੀਤੀ ਦੇ ਵਿਰੋਧ ਵਿੱਚ ਕਿਸਾਨ ਜਥੇਬੰਦੀਆਂ ਨੇ ਸੰਘਰਸ਼ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਵਿਰੋਧੀ ਪਾਰਟੀਆਂ ਜਿਵੇਂ ਕਿ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੇ ਵੀ ਸਰਕਾਰ ਨੂੰ ਘੇਰਨ ਦੀ ਰਣਨੀਤੀ ਬਣਾਈ ਹੈ। ਉਨ੍ਹਾਂ ਦਾ ਤਰਕ ਹੈ ਕਿ ਇਹ ਨੀਤੀ ਕਿਸਾਨਾਂ ਦੀ ਜ਼ਮੀਨ ਨੂੰ ਨਿੱਜੀ ਡਿਵੈਲਪਰਾਂ ਤੇ ਵੱਡੀਆਂ ਕਾਰਪੋਰੇਟ ਕੰਪਨੀਆਂ ਦੇ ਹਵਾਲੇ ਕਰਨ ਲਈ ਬਣਾਈ ਗਈ ਹੈ।

ਲੈਂਡ ਪੂਲਿੰਗ ਨੀਤੀ ਬਾਰੇ ਸਰਕਾਰ ਦਾ ਦ੍ਰਿਸ਼ਟੀਕੋਣ-ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ 2025 ਦਾ ਮੁੱਖ ਉਦੇਸ਼ ਸ਼ਹਿਰੀ ਵਿਕਾਸ ਨੂੰ ਯੋਜਨਾਬੱਧ ਢੰਗ ਨਾਲ ਅੱਗੇ ਵਧਾਉਣਾ ਹੈ। ਸਰਕਾਰ ਦੇ ਅਧਿਕਾਰੀਆਂ ਮੁਤਾਬਕ, ਸੂਬੇ ਦੇ ਸ਼ਹਿਰਾਂ ਵਿੱਚ ਗ਼ੈਰ-ਕਾਨੂੰਨੀ ਅਤੇ ਅਣਅਧਿਕਾਰਤ ਕਾਲੋਨੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ, ਜੋ ਸੀਵਰੇਜ, ਪਾਣੀ, ਬਿਜਲੀ ਅਤੇ ਹੋਰ ਮੁੱਢਲੀਆਂ ਸਹੂਲਤਾਂ ਤੋਂ ਵਾਂਝੀਆਂ ਹਨ। ਇਸ ਸਮੱਸਿਆ ਨੂੰ ਹੱਲ ਕਰਨ ਲਈ ਸਰਕਾਰ ਨੇ ਲੈਂਡ ਪੂਲਿੰਗ ਨੀਤੀ ਲਿਆਂਦੀ ਹੈ, ਜਿਸ ਦੇ ਤਹਿਤ ਕਿਸਾਨਾਂ ਦੀ ਜ਼ਮੀਨ ਸਰਕਾਰ ਨੂੰ ਸੌਂਪਣ ਦੀ ਬਜਾਏ, ਉਸ ਦੇ ਬਦਲੇ ਵਿੱਚ ਵਿਕਸਤ ਸ਼ਹਿਰੀ ਜ਼ਮੀਨ ਦੇ ਪਲਾਟ ਦਿੱਤੇ ਜਾਣਗੇ। ਸਰਕਾਰ ਦੇ ਮੁਤਾਬਕ, ਇਕ ਏਕੜ ਜ਼ਮੀਨ ਦੇ ਬਦਲੇ ਕਿਸਾਨ ਨੂੰ 1000 ਵਰਗ ਗਜ਼ ਰਿਹਾਇਸ਼ੀ ਅਤੇ 200 ਵਰਗ ਗਜ਼ ਵਪਾਰਕ ਜ਼ਮੀਨ ਮਿਲੇਗੀ। ਕਿਸਾਨ ਇਹ ਪਲਾਟ ਰੱਖ ਸਕਦੇ ਹਨ ਜਾਂ ਵੇਚ ਸਕਦੇ ਹਨ।ਸਰਕਾਰ ਦਾ ਕਹਿਣਾ ਹੈ ਕਿ ਇਸ ਨੀਤੀ ਨਾਲ ਕਿਸਾਨਾਂ ਨੂੰ ਆਪਣੀ ਜ਼ਮੀਨ ਦੀ ਕੀਮਤ ਵਿੱਚ ਵਾਧਾ ਹੋਵੇਗਾ, ਕਿਉਂਕਿ ਵਿਕਸਤ ਸ਼ਹਿਰੀ ਜ਼ਮੀਨ ਦੀ ਕੀਮਤ ਖੇਤੀ ਜ਼ਮੀਨ ਨਾਲੋਂ ਕਈ ਗੁਣਾ ਵੱਧ ਹੁੰਦੀ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਅਨੁਸਾਰ, ਇਸ ਨੀਤੀ ਨਾਲ ਕਿਸਾਨ ਨੂੰ ਇਕ ਏਕੜ ਜ਼ਮੀਨ ਦੇ ਬਦਲੇ ਲਗਭਗ 4.2 ਕਰੋੜ ਰੁਪਏ ਦਾ ਲਾਭ ਹੋ ਸਕਦਾ ਹੈ, ਜਿਸ ਵਿੱਚ 1000 ਵਰਗ ਗਜ਼ ਰਿਹਾਇਸ਼ੀ ਜ਼ਮੀਨ (30,000 ਰੁਪਏ ਪ੍ਰਤੀ ਵਰਗ ਗਜ਼ ਦੇ ਹਿਸਾਬ ਨਾਲ 3 ਕਰੋੜ) ਅਤੇ 200 ਵਰਗ ਗਜ਼ ਵਪਾਰਕ ਜ਼ਮੀਨ (60,000 ਰੁਪਏ ਪ੍ਰਤੀ ਵਰਗ ਗਜ਼ ਦੇ ਹਿਸਾਬ ਨਾਲ 1.2 ਕਰੋੜ) ਸ਼ਾਮਲ ਹੈ। ਸਰਕਾਰ ਦਾ ਇਹ ਵੀ ਦਾਅਵਾ ਹੈ ਕਿ ਇਸ ਨੀਤੀ ਨਾਲ ਸ਼ਹਿਰੀ ਵਿਕਾਸ ਨੂੰ ਨਿਯਮਤ ਕੀਤਾ ਜਾਵੇਗਾ ਅਤੇ ਗ਼ੈਰ-ਕਾਨੂੰਨੀ ਕਾਲੋਨੀਆਂ ਦੀ ਸਮੱਸਿਆ ਖ਼ਤਮ ਹੋਵੇਗੀ। ਇਸ ਨੀਤੀ ਦੇ ਤਹਿਤ ਭੂ-ਸਵਾਮੀਆਂ ਨੂੰ ਆਪਣੀ ਇੱਛਾ ਅਨੁਸਾਰ ਰਿਹਾਇਸ਼ੀ ਪਲਾਟਾਂ ਦੇ ਅਕਾਰ (500, 400, 100, 300 ਜਾਂ 200 ਵਰਗ ਗਜ਼) ਚੁਣਨ ਦਾ ਵਿਕਲਪ ਵੀ ਦਿੱਤਾ ਗਿਆ ਹੈ। ਪਰ ਵਪਾਰਕ ਜ਼ਮੀਨ ਦੇ ਅਕਾਰ ਦੀ ਚੋਣ ਦਾ ਕੋਈ ਵਿਕਲਪ ਨਹੀਂ ਹੈ, ਅਤੇ ਇਹ ਲਾਟਰੀ ਰਾਹੀਂ ਅਲਾਟ ਕੀਤੀ ਜਾਵੇਗੀ।

ਕਿਸਾਨਾਂ ਦੇ ਵਿਰੋਧ ਦੇ ਕਾਰਨ-ਕਿਸਾਨਾਂ ਅਤੇ ਵਿਰੋਧੀ ਧਿਰਾਂ ਵੱਲੋਂ ਇਸ ਨੀਤੀ ਦਾ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ। ਇਸ ਦੇ ਮੁੱਖ ਕਾਰਨ ਹੇਠ ਲਿਖੇ ਹਨ:

ਪੰਜਾਬ ਦੀ ਅਰਥਵਿਵਸਥਾ ਦੀ ਨੀਂਹ ਖੇਤੀਬਾੜੀ 'ਤੇ ਟਿਕੀ ਹੋਈ ਹੈ। ਪੰਜਾਬ ਨੂੰ ਦੇਸ਼ ਦਾ "ਅੰਨ ਭੰਡਾਰ" ਕਿਹਾ ਜਾਂਦਾ ਹੈ, ਜਿਸ ਨੇ 1968-69 ਵਿੱਚ ਕੇਂਦਰੀ ਪੂਲ ਵਿੱਚ 78.5% ਕਣਕ ਦਾ ਯੋਗਦਾਨ ਪਾਇਆ ਸੀ ਅਤੇ ਅੱਜ ਵੀ 40% ਕਣਕ ਅਤੇ 20-25% ਝੋਨੇ ਦਾ ਯੋਗਦਾਨ ਪਾਉਂਦਾ ਹੈ। 40,000 ਏਕੜ ਉਪਜਾਊ ਜ਼ਮੀਨ ਨੂੰ ਸ਼ਹਿਰੀ ਵਿਕਾਸ ਲਈ ਵਰਤਣ ਨਾਲ ਖੇਤੀਬਾੜੀ ਉਤਪਾਦਨ 'ਤੇ ਬੁਰਾ ਅਸਰ ਪਵੇਗਾ, ਜੋ ਦੇਸ਼ ਦੀ ਭੋਜਨ ਸੁਰੱਖਿਆ ਲਈ ਖ਼ਤਰਾ ਬਣ ਸਕਦਾ ਹੈ। ਕਿਸਾਨਾਂ ਦਾ ਮੰਨਣਾ ਹੈ ਕਿ ਇਸ ਨਾਲ ਉਨ੍ਹਾਂ ਦੀ ਜੀਵਿਕਾ ਅਤੇ ਪੰਜਾਬ ਦੀ ਖੇਤੀ ਅਰਥਵਿਵਸਥਾ ਨੂੰ ਨੁਕਸਾਨ ਪਹੁੰਚੇਗਾ। ਵਿਰੋਧੀ ਧਿਰਾਂ ਅਤੇ ਕਿਸਾਨ ਜਥੇਬੰਦੀਆਂ ਦਾ ਦੋਸ਼ ਹੈ ਕਿ ਸਰਕਾਰ ਨੇ ਇਸ ਨੀਤੀ ਨੂੰ ਬਣਾਉਣ ਤੋਂ ਪਹਿਲਾਂ ਕਿਸਾਨਾਂ ਜਾਂ ਉਨ੍ਹਾਂ ਦੀਆਂ ਜਥੇਬੰਦੀਆਂ ਨਾਲ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ। ਇਸ ਨੀਤੀ ਨੂੰ ਕਿਸਾਨਾਂ 'ਤੇ ਥੋਪਿਆ ਜਾ ਰਿਹਾ ਹੈ, ਜਿਸ ਨਾਲ ਉਨ੍ਹਾਂ ਵਿੱਚ ਰੋਸ ਪੈਦਾ ਹੋਇਆ ਹੈ।

ਵਿਰੋਧੀ ਧਿਰਾਂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਪਹਿਲਾਂ ਵੀ ਪੁਡਾ ਅਤੇ ਗਮਾਡਾ ਵੱਲੋਂ ਅਧਿਗ੍ਰਹਿਤ ਕੀਤੀਆਂ ਜ਼ਮੀਨਾਂ 'ਤੇ ਵਿਕਾਸ ਕਾਰਜ ਅਧੂਰੇ ਪਏ ਹਨ। ਹਜ਼ਾਰਾਂ ਏਕੜ ਜ਼ਮੀਨ 'ਤੇ ਬਣੀਆਂ ਕਾਲੋਨੀਆਂ ਵਿੱਚ ਅੱਧੇ ਪਲਾਟ ਖਾਲੀ ਪਏ ਹਨ ਅਤੇ ਮੁੱਢਲੀਆਂ ਸਹੂਲਤਾਂ ਦੀ ਕਮੀ ਹੈ। ਅਜਿਹੇ ਵਿੱਚ ਨਵੀਂ ਨੀਤੀ ਦੀ ਸਫਲਤਾ 'ਤੇ ਸਵਾਲ ਉੱਠਦੇ ਹਨ।

ਕਿਸਾਨਾਂ ਅਤੇ ਵਿਰੋਧੀ ਧਿਰਾਂ ਦਾ ਦੋਸ਼ ਹੈ ਕਿ ਇਹ ਨੀਤੀ ਵੱਡੀਆਂ ਰੀਅਲ ਅਸਟੇਟ ਕੰਪਨੀਆਂ ਅਤੇ ਕਾਰਪੋਰੇਟਸ ਨੂੰ ਲਾਭ ਪਹੁੰਚਾਉਣ ਲਈ ਬਣਾਈ ਗਈ ਹੈ। ਕਿਸਾਨਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਜ਼ਮੀਨ ਸਸਤੇ ਮੁੱਲ 'ਤੇ ਲੈ ਕੇ ਵੱਡੇ ਡਿਵੈਲਪਰਾਂ ਨੂੰ ਵੇਚੀ ਜਾਵੇਗੀ, ਜਿਸ ਨਾਲ ਕਿਸਾਨਾਂ ਦਾ ਸ਼ੋਸ਼ਣ ਹੋਵੇਗਾ। ਪੰਜਾਬ ਵਿੱਚ ਜ਼ਿਆਦਾਤਰ ਕਿਸਾਨਾਂ ਕੋਲ ਛੋਟੀਆਂ ਜ਼ਮੀਨਾਂ ਹਨ। ਇਸ ਨੀਤੀ ਨਾਲ ਉਨ੍ਹਾਂ ਦੀ ਜੀਵਿਕਾ ਖਤਰੇ ਵਿੱਚ ਪੈ ਸਕਦੀ ਹੈ। ਜੇਕਰ ਉਨ੍ਹਾਂ ਦੀ ਜ਼ਮੀਨ ਸ਼ਹਿਰੀ ਵਿਕਾਸ ਲਈ ਲਈ ਜਾਂਦੀ ਹੈ, ਤਾਂ ਉਨ੍ਹਾਂ ਦੀ ਰੋਜ਼ੀ-ਰੋਟੀ ਅਤੇ ਪਰਿਵਾਰਾਂ ਦਾ ਭਵਿੱਖ ਅਸੁਰੱਖਿਅਤ ਹੋ ਜਾਵੇਗਾ।

ਪੰਜਾਬ ਦੀ ਅਰਥਵਿਵਸਥਾ 'ਤੇ ਪ੍ਰਭਾਵ-ਪੰਜਾਬ ਦੀ ਅਰਥਵਿਵਸਥਾ ਦਾ ਵੱਡਾ ਹਿੱਸਾ ਖੇਤੀਬਾੜੀ 'ਤੇ ਨਿਰਭਰ ਹੈ। ਸੂਬੇ ਦੀ 80% ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ ਅਤੇ ਖੇਤੀਬਾੜੀ ਨਾਲ ਜੁੜੀ ਹੋਈ ਹੈ। 40,000 ਏਕੜ ਉਪਜਾਊ ਜ਼ਮੀਨ ਨੂੰ ਸ਼ਹਿਰੀ ਵਿਕਾਸ ਲਈ ਵਰਤਣ ਨਾਲ ਸੂਬੇ ਦੀ ਖੇਤੀਬਾੜੀ ਅਰਥਵਿਵਸਥਾ 'ਤੇ ਡੂੰਘਾ ਅਸਰ ਪੈ ਸਕਦਾ ਹੈ। ਪੰਜਾਬ ਦੀ ਖੇਤੀ ਜ਼ਮੀਨ ਦੀ ਉਪਜਾਊ ਸਮਰੱਥਾ ਦੇਸ਼ ਦੀ ਭੋਜਨ ਸੁਰੱਖਿਆ ਲਈ ਮਹੱਤਵਪੂਰਨ ਹੈ। ਇਸ ਨੀਤੀ ਨਾਲ ਨਾ ਸਿਰਫ਼ ਖੇਤੀ ਉਤਪਾਦਨ ਘਟ ਸਕਦਾ ਹੈ, ਸਗੋਂ ਲਗਭਗ 10,000 ਕਿਸਾਨ ਪਰਿਵਾਰਾਂ ਦੀ ਜੀਵਿਕਾ 'ਤੇ ਵੀ ਸੰਕਟ ਆ ਸਕਦਾ ਹੈ। ਇਸ ਦੇ ਨਾਲ ਹੀ, ਪੰਜਾਬ ਦੀ ਅਰਥਵਿਵਸਥਾ ਵਿੱਚ ਸ਼ਹਿਰੀ ਵਿਕਾਸ ਦਾ ਯੋਗਦਾਨ ਵੀ ਮਹੱਤਵਪੂਰਨ ਹੈ, ਪਰ ਸਰਕਾਰ ਦੀਆਂ ਪਿਛਲੀਆਂ ਯੋਜਨਾਵਾਂ ਦੀ ਅਸਫਲਤਾ ਨੇ ਲੋਕਾਂ ਦਾ ਵਿਸ਼ਵਾਸ ਘਟਾਇਆ ਹੈ। ਪੁਡਾ ਅਤੇ ਗਮਾਡਾ ਵੱਲੋਂ ਅਧਿਗ੍ਰਹਿਤ ਜ਼ਮੀਨਾਂ 'ਤੇ ਵਿਕਾਸ ਕਾਰਜ ਅਧੂਰੇ ਰਹਿਣ ਕਾਰਨ ਲੋਕਾਂ ਨੂੰ ਸ਼ੱਕ ਹੈ ਕਿ ਇਸ ਨੀਤੀ ਦੇ ਨਤੀਜੇ ਵੀ ਉਸੇ ਤਰ੍ਹਾਂ ਹੋਣਗੇ। ਵਿਰੋਧੀ ਧਿਰਾਂ ਦਾ ਕਹਿਣਾ ਹੈ ਕਿ ਸਰਕਾਰ ਕੋਲ ਇਸ ਯੋਜਨਾ ਨੂੰ ਪੂਰਾ ਕਰਨ ਲਈ ਪੂਰੇ ਸਰੋਤ ਨਹੀਂ ਹਨ, ਅਤੇ ਅਜਿਹੇ ਵਿੱਚ ਨਿੱਜੀ ਡਿਵੈਲਪਰਾਂ ਨੂੰ ਸ਼ਾਮਲ ਕੀਤਾ ਜਾਵੇਗਾ, ਜੋ ਕਿਸਾਨਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਸ ਨੀਤੀ ਦਾ ਇਕ ਹੋਰ ਮਹੱਤਵਪੂਰਨ ਪ੍ਰਭਾਵ ਪੰਜਾਬ ਦੀ ਸਮਾਜਿਕ ਸੰਰਚਨਾ 'ਤੇ ਵੀ ਪੈ ਸਕਦਾ ਹੈ। ਪੰਜਾਬ ਦੇ ਪਿੰਡਾਂ ਵਿੱਚ ਖੇਤੀਬਾੜੀ ਨਾ ਸਿਰਫ਼ ਆਰਥਿਕ ਕਿਰਿਆ ਹੈ, ਸਗੋਂ ਸੱਭਿਆਚਾਰਕ ਅਤੇ ਸਮਾਜਿਕ ਪਛਾਣ ਦਾ ਹਿੱਸਾ ਵੀ ਹੈ। ਜੇਕਰ ਵੱਡੇ ਪੈਮਾਨੇ 'ਤੇ ਜ਼ਮੀਨਾਂ ਸ਼ਹਿਰੀ ਵਿਕਾਸ ਲਈ ਲਈਆਂ ਜਾਂਦੀਆਂ ਹਨ, ਤਾਂ ਪੰਜਾਬ ਦੇ ਪਿੰਡਾਂ ਦੀ ਸਮਾਜਿਕ ਸੰਰਚਨਾ 'ਤੇ ਵੀ ਅਸਰ ਪਵੇਗਾ, ਜਿਸ ਨਾਲ ਪੰਜਾਬੀਆਂ ਦਾ ਸੂਬਾ ਛੱਡਣ ਦਾ ਰੁਝਾਨ ਹੋਰ ਵਧ ਸਕਦਾ ਹੈ।

ਕਾਨੂੰਨੀ ਪਹਿਲੂ ਅਤੇ ਅਦਾਲਤੀ ਰਸਤਾ ਕਿਉਂ ਨਹੀਂ ?-ਲੈਂਡ ਪੂਲਿੰਗ ਦਾ ਮੁੱਦਾ ਭਾਰਤੀ ਸੰਵਿਧਾਨ ਦੀ ਸਮਵਰਤੀ ਸੂਚੀ ਵਿੱਚ ਆਉਂਦਾ ਹੈ, ਜਿਸ ਦੇ ਤਹਿਤ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਕਾਨੂੰਨ ਬਣਾਉਣ ਦਾ ਅਧਿਕਾਰ ਹੈ। 1894 ਦੇ ਲੈਂਡ ਪੂਲਿੰਗ ਅਧਿਨਿਯਮ ਤੇ 2013 ਦੇ ਲੈਂਡ ਪੂਲਿੰਗ, ਪੁਨਰਵਾਸ ਤੇ ਪੁਨਰਵਿਵਸਥਾਪਣ ਅਧਿਨਿਯਮ ਨੇ ਲੈਂਡ ਪੂਲਿੰਗ ਦੀ ਪ੍ਰਕਿਰਿਆ ਨੂੰ ਨਿਯਮਤ ਕੀਤਾ ਹੈ। ਇਨ੍ਹਾਂ ਕਾਨੂੰਨਾਂ ਅਨੁਸਾਰ ਸਰਕਾਰ ਨੂੰ ਜ਼ਮੀਨ ਮਾਲਕਾਂ ਨੂੰ ਉਚਿਤ ਮੁਆਵਜ਼ਾ ਅਤੇ ਪੁਨਰਵਾਸ ਦੀ ਸਹੂਲਤ ਦੇਣੀ ਜ਼ਰੂਰੀ ਹੈ। ਪਰ ਲੈਂਡ ਪੂਲਿੰਗ ਨੀਤੀ 2013 ਦੇ ਅਧਿਨਿਯਮ ਤੋਂ ਵੱਖਰੀ ਹੈ, ਕਿਉਂਕਿ ਇਹ ਸਵੈਇੱਛਕ ਭੂਮਿ ਸੰਗ੍ਰਹਿਣ 'ਤੇ ਅਧਾਰਿਤ ਹੈ, ਜਿਸ ਵਿੱਚ ਕਿਸਾਨਾਂ ਨੂੰ ਮੁਆਵਜ਼ੇ ਦੀ ਬਜਾਏ ਵਿਕਸਤ ਜ਼ਮੀਨ ਦੇ ਪਲਾਟ ਦਿੱਤੇ ਜਾਣਗੇ। ਕਿਸਾਨ ਜਥੇਬੰਦੀਆਂ ਅਤੇ ਵਿਰੋਧੀ ਪਾਰਟੀਆਂ ਨੇ ਅਜੇ ਤੱਕ ਇਸ ਨੀਤੀ ਨੂੰ ਅਦਾਲਤ ਵਿੱਚ ਚੁਣੌਤੀ ਨਹੀਂ ਦਿੱਤੀ, ਪਰ ਇਸ ਦੇ ਕਈ ਕਾਰਨ ਹੋ ਸਕਦੇ ਹਨ। ਪਹਿਲਾਂ, ਇਹ ਨੀਤੀ ਅਜੇ ਪੂਰੀ ਤਰ੍ਹਾਂ ਲਾਗੂ ਨਹੀਂ ਹੋਈ ਹੈ ਤੇ ਕਿਸਾਨ ਜਥੇਬੰਦੀਆਂ ਸੰਘਰਸ਼ ਅਤੇ ਜਨਤਕ ਦਬਾਅ ਦੇ ਜ਼ਰੀਏ ਸਰਕਾਰ ਨੂੰ ਪਿੱਛੇ ਹਟਣ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਦੂਜਾ, ਅਦਾਲਤੀ ਪ੍ਰਕਿਰਿਆ ਲੰਮੀ ਅਤੇ ਖਰਚੀਲੀ ਹੋ ਸਕਦੀ ਹੈ, ਅਤੇ ਕਿਸਾਨ ਜਥੇਬੰਦੀਆਂ ਸ਼ਾਇਦ ਪਹਿਲਾਂ ਜਨਤਕ ਅੰਦੋਲਨ ਨੂੰ ਤਰਜੀਹ ਦੇ ਰਹੀਆਂ ਹਨ। ਤੀਜਾ, ਲੈਂਡ ਪੂਲਿੰਗ ਨੀਤੀ ਸਵੈਇੱਛਕ ਹੈ, ਜਿਸ ਕਾਰਨ ਇਸ ਨੂੰ ਅਦਾਲਤ ਵਿੱਚ ਚੁਣੌਤੀ ਦੇਣਾ ਮੁਸ਼ਕਿਲ ਹੋ ਸਕਦਾ ਹੈ, ਕਿਉਂਕਿ ਸਰਕਾਰ ਦਾ ਦਾਅਵਾ ਹੈ ਕਿ ਇਹ ਕਿਸਾਨਾਂ ਦੀ ਸਹਿਮਤੀ ਨਾਲ ਲਾਗੂ ਕੀਤੀ ਜਾ ਰਹੀ ਹੈ। ਪਰ ਜੇਕਰ ਸਰਕਾਰ ਇਸ ਨੀਤੀ ਨੂੰ ਜ਼ਬਰਦਸਤੀ ਲਾਗੂ ਕਰਦੀ ਹੈ ਜਾਂ ਕਿਸਾਨਾਂ ਨੂੰ ਉਚਿਤ ਮੁਆਵਜ਼ਾ ਨਹੀਂ ਮਿਲਦਾ ਤਾਂ ਕਿਸਾਨ ਜਥੇਬੰਦੀਆਂ ਅਦਾਲਤ ਦਾ ਰੁਖ ਕਰ ਸਕਦੀਆਂ ਹਨ। 2013 ਦੇ ਅਧਿਨਿਯਮ ਦੀਆਂ ਸ਼ਰਤਾਂ ਦੀ ਉਲੰਘਣਾ ਜਾਂ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਦੇ ਅਧਾਰ 'ਤੇ ਅਦਾਲਤ ਵਿੱਚ ਕੇਸ ਦਾਇਰ ਕੀਤਾ ਜਾ ਸਕਦਾ ਹੈ। ਪੰਜਾਬ ਦੀ ਤਬਾਹੀ ਜਾਂ ਵਿਕਾਸ ਦਾ ਨਵਾਂ ਰਾਹ ?-ਪੰਜਾਬ ਦੀ ਲੈਂਡ ਪੂਲਿੰਗ ਨੀਤੀ 2025 ਨੇ ਸੂਬੇ ਵਿੱਚ ਇਕ ਵੱਡੀ ਸਿਆਸੀ ਅਤੇ ਸਮਾਜਿਕ ਚਰਚਾ ਛੇੜ ਦਿੱਤੀ ਹੈ। ਸਰਕਾਰ ਦਾ ਮੰਨਣਾ ਹੈ ਕਿ ਇਸ ਨੀਤੀ ਨਾਲ ਸ਼ਹਿਰੀ ਵਿਕਾਸ ਨੂੰ ਨਵੀਂ ਦਿਸ਼ਾ ਮਿਲੇਗੀ ਅਤੇ ਕਿਸਾਨਾਂ ਨੂੰ ਆਪਣੀ ਜ਼ਮੀਨ ਦੀ ਕੀਮਤ ਵਿੱਚ ਵਾਧਾ ਹੋਵੇਗਾ। 40,000 ਏਕੜ ਉਪਜਾਊ ਜ਼ਮੀਨ ਨੂੰ ਸ਼ਹਿਰੀ ਵਿਕਾਸ ਲਈ ਵਰਤਣ ਨਾਲ ਪੰਜਾਬ ਦੀ ਖੇਤੀ ਅਰਥਵਿਵਸਥਾ ਅਤੇ ਸਮਾਜਿਕ ਸੰਰਚਨਾ 'ਤੇ ਡੂੰਘਾ ਅਸਰ ਪੈ ਸਕਦਾ ਹੈ।

*ਪੰਜਾਬ ਟਾਈਮਜ ਅਨੁਸਾਰ ਖੇਤੀਬਾੜੀ ਅਤੇ ਭੋਜਨ ਸੁਰੱਖਿਆ 'ਤੇ ਪ੍ਰਭਾਵ ਨੂੰ ਲੈ ਕੇ ਵਾਤਾਵਰਣਕ ਅਤੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਦੇ ਅਧਾਰ 'ਤੇ ਕੇਸ ਦਾਇਰ ਕੀਤਾ ਜਾ ਸਕਦਾ ਹੈ। ਪੰਜਾਬ ਦੀ ਉਪਜਾਊ ਜ਼ਮੀਨ ਦੀ ਮਹੱਤਤਾ ਅਤੇ ਦੇਸ਼ ਦੀ ਭੋਜਨ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ, ਅਦਾਲਤ ਸਰਕਾਰ ਨੂੰ ਜ਼ਮੀਨ ਦੀ ਵਰਤੋਂ ਦੀ ਸਮੀਖਿਆ ਕਰਨ ਦਾ ਹੁਕਮ ਦੇ ਸਕਦੀ ਹੈ। ਇਸ ਨੀਤੀ ਦਾ ਵਿਰੋਧ 2027 ਦੀਆਂ ਵਿਧਾਨ ਸਭਾ ਚੋਣਾਂ ਤੱਕ ਇਕ ਵੱਡਾ ਸਿਆਸੀ ਮੁੱਦਾ ਬਣ ਸਕਦਾ ਹੈ। ਜੇਕਰ ਸਰਕਾਰ ਕਿਸਾਨਾਂ ਦੇ ਸ਼ੰਕਿਆਂ ਨੂੰ ਦੂਰ ਕਰਨ ਅਤੇ ਉਨ੍ਹਾਂ ਨੂੰ ਵਿਸ਼ਵਾਸ ਵਿੱਚ ਲੈਣ ਵਿੱਚ ਅਸਫਲ ਰਹਿੰਦੀ ਹੈ, ਤਾਂ ਇਹ ਨੀਤੀ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਲਈ ਵੱਡੀ ਸਿਆਸੀ ਚੁਣੌਤੀ ਬਣ ਸਕਦੀ ਹੈ। ਸਰਕਾਰ ਨੂੰ ਇਸ ਨੀਤੀ ਨੂੰ ਸਫਲਤਾਪੂਰਵਕ ਲਾਗੂ ਕਰਨ ਲਈ ਕਿਸਾਨਾਂ ਨਾਲ ਖੁੱਲ੍ਹ ਕੇ ਗੱਲਬਾਤ ਕਰਨ, ਉਨ੍ਹਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਅਤੇ ਪਾਰਦਰਸ਼ੀ ਢੰਗ ਨਾਲ ਅਮਲ ਕਰਨ ਦੀ ਲੋੜ ਹੈ। ਨਹੀਂ ਤਾਂ, ਇਹ ਨੀਤੀ ਪੰਜਾਬ ਦੀ ਅਰਥਵਿਵਸਥਾ ਅਤੇ ਸਮਾਜਿਕ ਸੰਰਚਨਾ ਲਈ ਇਕ ਵੱਡੀ ਚੁਣੌਤੀ ਬਣ ਸਕਦੀ ਹੈ।*

# ਇਜਰਾਈਲ ਦੇ ਹਵਾਈ ਹਮਲਿਆਂ ਕਾਰਨ ਗਾਜ਼ਾ ਵਿਚ 50,000 ਬੱਚਿਆਂ ਦੀ ਮੌਤ

ਖਾਸ ਖਬਰ

✪ ਦੀਰ ਅਲ-ਬਲਾਹ ਦੇ ਸਿਹਤ ਕਲੀਨਿਕ ’ਤੇ ਬੰਬਾਰੀ, 8 ਬੱਚਿਆਂ ਸਮੇਤ 15 ਨਿਰਦੋਸ਼ ਮਾਰੇ ਗਏ ✪ ਯੂਨੀਸੇਫ ਦੀ ਚਿਤਾਵਨੀ: ਗਾਜ਼ਾ ਬੱਚਿਆਂ ਲਈ ਸਭ ਤੋਂ ਖਤਰਨਾਕ ਜਗ੍ਹਾ, ਅੰਤਰਰਾਸ਼ਟਰੀ ਚੁੱਪ ਸਵਾਲਾਂ ਦੇ ਘੇਰੇ ਵਿਚ ✪ ਇਜਰਾਈਲੀ ਹਮਲਿਆਂ ਵਿਚ ਸਕੂਲ-ਹਸਪਤਾਲ ਤਬਾਹ, ਹਜ਼ਾਰਾਂ ਜ਼ਿੰਦਗੀਆਂ ਤਬਾਹ



ਗਾਜ਼ਾ ਪੱਟੀ, ਜੋ ਕਦੇ ਫਲਸਤੀਨੀਆਂ ਦੀ ਜ਼ਿੰਦਗੀ ਦਾ ਹਿੱਸਾ ਸੀ, ਅੱਜ ਇੱਕ ਅਜਿਹੀ ਜਗ੍ਹਾ ਬਣ ਚੁੱਕੀ ਹੈ ਜਿੱਥੇ ਹਰ ਪਲ ਮੌਤ ਦਾ ਡਰ ਮੰਡਰਾਉਂਦਾ ਹੈ। ਇਜਰਾਈਲ ਅਤੇ ਹਮਾਸ ਦਰਮਿਆਨ 2023 ਵਿੱਚ ਸ਼ੁਰੂ ਹੋਇਆ ਇਹ ਸੰਘਰਸ਼ 2024-2025 ਤੱਕ ਇੱਕ ਭਿਆਨਕ ਰੂਪ ਧਾਰਨ ਕਰ ਚੁੱਕਿਆ ਹੈ। ਇਸ ਜੰਗ ਨੇ ਨਾ ਸਿਰਫ਼ ਗਾਜ਼ਾ ਦੇ ਬੁਨਿਆਦੀ ਢਾਂਚੇ ਨੂੰ ਤਬਾਹ ਕਰ ਦਿੱਤਾ, ਸਗੋਂ ਲੱਖਾਂ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਵੀ ਬਰਬਾਦ ਕਰ ਦਿੱਤਾ। ਸਭ ਤੋਂ ਦਰਦਨਾਕ ਗੱਲ ਇਹ ਹੈ ਕਿ ਇਸ ਜੰਗ ਦੀ ਸਭ ਤੋਂ ਵੱਡੀ ਕੀਮਤ ਮਾਸੂਮ ਬੱਚੇ ਚੁੱਕ ਰਹੇ ਹਨ, ਜਿਹੜੇ ਨਾ ਤਾਂ ਇਸ ਜੰਗ ਨੂੰ ਸਮਝਦੇ ਹਨ ਅਤੇ ਨਾ ਹੀ ਇਸ ਦਾ ਹਿੱਸਾ ਹਨ।

ਮਨੁੱਖੀ ਅਧਿਕਾਰ ਸੰਗਠਨਾਂ ਅਤੇ ਅੰਤਰਰਾਸ਼ਟਰੀ ਮੀਡੀਆ ਦੀਆਂ ਰਿਪੋਰਟਾਂ ਅਨੁਸਾਰ, 7 ਅਕਤੂਬਰ 2023 ਨੂੰ ਹਮਾਸ ਦੇ ਇਜਰਾਈਲ ’ਤੇ ਹਮਲੇ ਤੋਂ ਬਾਅਦ ਸ਼ੁਰੂ ਹੋਈ ਇਸ ਜੰਗ ਵਿੱਚ ਹੁਣ ਤੱਕ 50,000 ਤੋਂ ਵੱਧ ਬੱਚੇ ਮਾਰੇ ਜਾ ਚੁੱਕੇ ਹਨ ਜਾਂ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਹਨ। ਸੰਯੁਕਤ ਰਾਸ਼ਟਰ ਦੀ ਬਾਲ ਏਜੰਸੀ, ਯੂਨੀਸੇਫ, ਨੇ ਮਈ 2025 ਵਿੱਚ ਇੱਕ ਰਿਪੋਰਟ ਜਾਰੀ ਕਰਕੇ ਦੱਸਿਆ ਕਿ 18 ਮਾਰਚ 2025 ਨੂੰ ਯੁੱਧਵਿਰਾਮ ਦੀ ਸਮਾਪਤੀ ਤੋਂ ਬਾਅਦ ਗਾਜ਼ਾ ਵਿੱਚ 1,309 ਬੱਚਿਆਂ ਦੀ ਮੌਤ ਹੋਈ ਅਤੇ 3,738 ਜ਼ਖਮੀ ਹੋਏ ਸਨ। ਇਸ ਤੋਂ ਪਹਿਲਾਂ, 2023 ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਹੀ 12,000 ਤੋਂ ਵੱਧ ਬੱਚਿਆਂ ਦੀ ਮੌਤ ਹੋ ਚੁੱਕੀ ਸੀ। ਗਾਜ਼ਾ ਦੇ ਸਕੂਲ, ਹਸਪਤਾਲ ਅਤੇ ਸ਼ਰਨਾਰਥੀ ਕੈਂਪ ਵੀ ਹੁਣ ਸੁਰੱਖਿਅਤ ਨਹੀਂ ਰਹੇ। 10 ਜੁਲਾਈ 2025 ਨੂੰ ਦੀਰ ਅਲ-ਬਲਾਹ ਵਿੱਚ ਹੋਏ ਇਜਰਾਈਲੀ ਹਵਾਈ ਹਮਲੇ ਵਿੱਚ 8 ਬੱਚਿਆਂ ਸਮੇਤ 15 ਨਿਰਦੋਸ਼ ਲੋਕ ਮਾਰੇ ਗਏ ਸਨ। ਇਹ ਲੋਕ ਇੱਕ ਅਮਰੀਕੀ ਸਹਾਇਤਾ ਸਮੂਹ ਦੇ ਸਿਹਤ ਕਲੀਨਿਕ ਦੇ ਬਾਹਰ ਭੋਜਨ ਲੈਣ ਲਈ ਲਾਈਨ ਵਿੱਚ ਖੜ੍ਹੇ ਸਨ।

## ਯੂਐਨ ਅਤੇ ਅਮਰੀਕਾ ਦੀ ਚੁੱਪ: ਇੱਕ ਸਵਾਲ

ਸੰਯੁਕਤ ਰਾਸ਼ਟਰ (ਯੂਐਨ) ਅਤੇ ਅਮਰੀਕਾ ਦੀ ਇਸ ਮਸਲੇ ’ਤੇ ਚੁੱਪ ਨੇ ਵਿਸ਼ਵ ਭਰ ਵਿੱਚ ਗੁੱਸੇ ਨੂੰ ਹੋਰ ਵਧਾ ਦਿੱਤਾ ਹੈ। ਯੂਨੀਸੇਫ ਵਰਗੀਆਂ ਸੰਸਥਾਵਾਂ ਨੇ ਬੱਚਿਆਂ ਦੀਆਂ ਮੌਤਾਂ ’ਤੇ ਚਿੰਤਾ ਜਤਾਈ ਹੈ ਅਤੇ ਗਾਜ਼ਾ ਨੂੰ “ਬੱਚਿਆਂ ਲਈ ਸਭ ਤੋਂ ਖਤਰਨਾਕ ਜਗ੍ਹਾ” ਦੱਸਿਆ ਹੈ, ਪਰ ਯੂਐਨ ਸੁਰੱਖਿਆ ਪਰਿਸ਼ਦ ਵਲੋਂ ਕੋਈ ਠੋਸ ਕਾਰਵਾਈ ਨਹੀਂ ਹੋਈ। ਅਮਰੀਕਾ, ਜੋ ਇਜਰਾਈਲ ਦਾ ਸਭ ਤੋਂ ਵੱਡਾ ਸਹਿਯੋਗੀ ਹੈ, ਨੇ ਵੀ ਇਹਨਾਂ ਹਮਲਿਆਂ ਦੀ ਸਖਤ ਨਿਖੇਧੀ ਕਰਨ ਦੀ ਬਜਾਏ ਅਕਸਰ ਇਜਰਾਈਲ ਦੇ “ਆਤਮ-ਰੱਖਿਆ” ਦੇ ਅਧਿਕਾਰ ਦੀ ਹਮਾਇਤ ਕੀਤੀ ਹੈ। 21 ਮਈ 2025 ਨੂੰ ਯੂਐਨ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ 48 ਘੰਟਿਆਂ ਵਿੱਚ ਗਾਜ਼ਾ ਦੇ ਯੁੱਧ-ਗ੍ਰਸਿਤ ਇਲਾਕਿਆਂ ਵਿੱਚ ਸਹਾਇਤਾ ਨਾ ਪਹੁੰਚੀ, ਤਾਂ 14,000 ਬੱਚੇ ਭੁੱਖ ਨਾਲ ਮਰ ਸਕਦੇ ਹਨ। ਪਰ ਇਸ ਚਿਤਾਵਨੀ ਦੇ ਬਾਵਜੂਦ, ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਨੇ ਇਜਰਾਈਲ ’ਤੇ ਦਬਾਅ ਪਾਉਣ ਦੀ ਬਜਾਏ ਚੁੱਪ ਸਾਧੀ ਰੱਖੀ ਹੈ।

### ਇਜਰਾਈਲ ਦੀਆਂ ਕਾਰਵਾਈਆਂ: ਨਿਸ਼ਾਨਾ ਜਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ?

ਇਜਰਾਈਲੀ ਫੌਜ ਨੇ ਇਹਨਾਂ ਹਮਲਿਆਂ ਦਾ ਬਚਾਅ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਨੇ ਹਮਾਸ ਦੇ ਇੱਕ ਲੜਾਕੂ ਨੂੰ ਨਿਸ਼ਾਨਾ ਬਣਾਇਆ ਸੀ, ਜਿਸ ਨੇ 7 ਅਕਤੂਬਰ 2023 ਦੇ ਹਮਲੇ ਵਿੱਚ ਹਿੱਸਾ ਲਿਆ ਸੀ। ਉਨ੍ਹਾਂ ਨੇ



ਇਹ ਵੀ ਕਿਹਾ ਕਿ ਉਹ ਦੀਰ ਅਲ-ਬਲਾਹ ਹਮਲੇ ਦੀ ਜਾਂਚ ਕਰ ਰਹੇ ਹਨ ਅਤੇ ਨਾਗਰਿਕਾਂ ਨੂੰ ਹੋਏ ਨੁਕਸਾਨ ਦਾ ਅਫਸੋਸ ਜਤਾਉਂਦੇ ਹਨ। ਪਰ ਸਵਾਲ ਇਹ ਹੈ ਕਿ ਜੇਕਰ ਨਿਸ਼ਾਨਾ ਸਿਰਫ਼ ਹਮਾਸ ਦਾ ਲੜਾਕੂ ਸੀ, ਤਾਂ ਇੱਕ ਸਿਹਤ ਕਲੀਨਿਕ ਦੇ ਬਾਹਰ ਭੋਜਨ ਲਈ ਖੜ੍ਹੇ ਮਾਸੂਮ ਬੱਚਿਆਂ ਅਤੇ ਔਰਤਾਂ ਨੂੰ ਕਿਉਂ ਮਾਰਿਆ ਗਿਆ?

ਮਨੁੱਖੀ ਅਧਿਕਾਰ ਸੰਗਠਨ, ਜਿਵੇਂ ਕਿ ਐਮਨੈਸਟੀ ਇੰਟਰਨੈਸ਼ਨਲ ਅਤੇ ਹਿਊਮਨ ਰਾਈਟਸ ਵਾਚ, ਨੇ ਇਜਰਾਈਲ ਦੀਆਂ ਕਾਰਵਾਈਆਂ ਨੂੰ “ਮਨੁੱਖੀ ਅਧਿਕਾਰਾਂ ਦੀ ਉਲੰਘਣਾ” ਦੱਸਿਆ ਹੈ। ਉਨ੍ਹਾਂ ਦੀਆਂ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਇਜਰਾਈਲੀ ਹਮਲਿਆਂ ਵਿੱਚ ਨਾਗਰਿਕ ਖੇਤਰਾਂ, ਜਿਵੇਂ ਸਕੂਲਾਂ, ਹਸਪਤਾਲਾਂ ਅਤੇ ਸ਼ਰਨਾਰਥੀ ਕੈਂਪਾਂ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜੋ ਕਿ ਅੰਤਰਰਾਸ਼ਟਰੀ ਮਨੁੱਖੀ ਕਾਨੂੰਨ ਦੀ ਸਪੱਸ਼ਟ ਉਲੰਘਣਾ ਹੈ।

ਹਮਾਸ ਦੁਆਰਾ ਸੰਚਾਲਿਤ ਗਾਜ਼ਾ ਦੇ ਸਿਹਤ ਮੰਤਰਾਲੇ ਦੇ ਅਨੁਸਾਰ, 7 ਅਕਤੂਬਰ 2023 ਤੋਂ ਲੈ ਕੇ ਜੁਲਾਈ 2025 ਤੱਕ ਗਾਜ਼ਾ ਵਿੱਚ 56,000 ਤੋਂ ਵੱਧ ਫਲਸਤੀਨੀ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ 4,506 ਬੱਚੇ, 3,027 ਔਰਤਾਂ ਅਤੇ 678 ਬਜ਼ੁਰਗ ਸ਼ਾਮਲ ਹਨ। ਇਸ ਤੋਂ ਇਲਾਵਾ, 21,048 ਲੋਕ ਜ਼ਖਮੀ ਹੋਏ ਹਨ ਤੇ 1,950 ਲੋਕ, ਜਿਨ੍ਹਾਂ ’ਚ 1,050 ਬੱਚੇ ਸ਼ਾਮਲ ਹਨ, ਲਾਪਤਾ ਹਨ। 29 ਜੂਨ 2025 ਨੂੰ ਇੱਕ ਹੋਰ ਭਿਆਨਕ ਹਮਲੇ ’ਚ 81 ਫਲਸਤੀਨੀ ਮਾਰੇ ਗਏ ਸਨ, ਜਿਨ੍ਹਾਂ ’ਚ ਵੱਡੀ ਗਿਣਤੀ ’ਚ ਔਰਤਾਂ ਤੇ ਬੱਚੇ ਸ਼ਾਮਲ ਸਨ।

## ਕੀ ਕਹਿੰਦੀਆਂ ਹਨ ਅੰਤਰਰਾਸ਼ਟਰੀ ਅਖਬਾਰਾਂ ਦੀਆਂ ਰਿਪੋਰਟਾਂ

ਅੰਤਰਰਾਸ਼ਟਰੀ ਮੀਡੀਆ ਨੇ ਗਾਜ਼ਾ ਦੀ ਸਥਿਤੀ ਨੂੰ ਲਗਾਤਾਰ ਕਵਰ ਕੀਤਾ ਹੈ। ਅਲ-ਜਜ਼ੀਰਾ ਨੇ 30 ਜੂਨ 2025 ਨੂੰ ਰਿਪੋਰਟ ਕੀਤੀ ਕਿ ਇਜਰਾਈਲੀ ਫੌਜ ਦੇ ਮੁਖੀ ਬੈਂਜਾਮਿਨ ਨੇਤਨਯਾਹੂ ਦੇ ਹੁਕਮਾਂ ’ਤੇ ਗਾਜ਼ਾ ’ਤੇ ਹਮਲਿਆਂ ਵਿੱਚ 81 ਫਲਸਤੀਨੀ ਮਾਰੇ ਗਏ, ਜਿਨ੍ਹਾਂ ਵਿੱਚ ਵੱਡੀ ਗਿਣਤੀ ਔਰਤਾਂ ਅਤੇ ਬੱਚਿਆਂ ਦੀ ਸੀ। ਬੀਬੀਸੀ ਨੇ ਆਪਣੀ ਇੱਕ ਰਿਪੋਰਟ ਵਿੱਚ ਦੱਸਿਆ ਕਿ ਗਾਜ਼ਾ ਦੇ ਹਸਪਤਾਲਾਂ ਵਿੱਚ ਬਿਜਲੀ, ਬਾਲਣ ਅਤੇ ਮੈਡੀਕਲ ਸਪਲਾਈ ਦੀ ਘਾਟ ਕਾਰਨ ਜ਼ਖਮੀ ਬੱਚਿਆਂ ਦਾ ਇਲਾਜ ਨਹੀਂ ਹੋ ਰਿਹਾ। ਦ ਗਾਰਡੀਅਨ ਨੇ ਆਪਣੀ ਇੱਕ ਰਿਪੋਰਟ ਵਿੱਚ ਕਿਹਾ ਕਿ ਗਾਜ਼ਾ ਵਿੱਚ “ਮਨੁੱਖੀ ਸੰਕਟ” ਅਜਿਹੇ ਪੱਧਰ ’ਤੇ ਪਹੁੰਚ ਚੁੱਕਾ ਹੈ ਕਿ ਹੁਣ ਲੋਕਾਂ ਨੂੰ ਭੋਜਨ, ਪਾਣੀ ਅਤੇ ਸੁਰੱਖਿਅਤ ਰਹਿਣ ਦੀ ਜਗ੍ਹਾ ਵੀ ਨਹੀਂ ਮਿਲ ਰਹੀ। ਅਖਬਾਰ ਨੇ ਇਹ ਵੀ ਜ਼ਿਕਰ ਕੀਤਾ ਕਿ ਇਜਰਾਈਲ ਦੀਆਂ ਹਵਾਈ ਕਾਰਵਾਈਆਂ ਨੇ ਗਾਜ਼ਾ ਦੇ ਸਕੂਲਾਂ ਨੂੰ ਤਬਾਹ ਕਰ ਦਿੱਤਾ, ਜਿਸ ਕਾਰਨ ਬੱਚਿਆਂ ਦੀ ਪੜ੍ਹਾਈ ਪੂਰੀ ਤਰ੍ਹਾਂ ਠੱਪ ਹੋ ਚੁੱਕੀ ਹੈ।

ਮਨੁੱਖੀ ਅਧਿਕਾਰ ਸੰਗਠਨਾਂ ਨੇ ਗਾਜ਼ਾ ਦੀ ਸਥਿਤੀ ਨੂੰ “ਮਨੁੱਖਤਾ ਵਿਰੁੱਧ ਅਪਰਾਧ” ਦੱਸਿਆ ਹੈ। ਰਾਈਟਸ ਗਰੁੱਪ ਡਿਫੈਂਸ ਫਾਰ ਚਿਲਡਰਨ ਇੰਟਰਨੈਸ਼ਨਲ-ਫਲਸਤੀਨ ਨੇ ਕਿਹਾ ਕਿ 2023 ਵਿੱਚ 1,873 ਬੱਚੇ ਮਾਰੇ ਗਏ, ਜਿਨ੍ਹਾਂ ਵਿੱਚ 40% ਮੌਤਾਂ ਬੱਚਿਆਂ ਦੀਆਂ ਸਨ। ਹਿਊਮਨ ਰਾਈਟਸ ਵਾਚ ਨੇ ਆਪਣੀ ਇੱਕ ਰਿਪੋਰਟ ਵਿੱਚ ਦੱਸਿਆ ਕਿ ਇਜਰਾਈਲੀ ਹਮਲਿਆਂ ਨੇ ਗਾਜ਼ਾ ਦੀ ਸਿਹਤ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ, ਜਿਸ ਕਾਰਨ ਜ਼ਖਮੀਆਂ ਨੂੰ ਸਹੀ ਸਮੇਂ ’ਤੇ ਇਲਾਜ ਨਹੀਂ ਮਿਲ ਰਿਹਾ ਯੂਨੀਸੇਫ ਨੇ ਚਿਤਾਵਨੀ ਦਿੱਤੀ ਕਿ ਗਾਜ਼ਾ ਵਿੱਚ ਹਰ ਰੋਜ਼, ਹਰ ਘੰਟੇ, ਕਿਤੇ ਨਾ ਕਿਤੇ ਇੱਕ ਬੱਚਾ ਮਾਰਿਆ ਜਾ ਰਿਹਾ ਹੈ ਜਾਂ ਜ਼ਖਮੀ ਹੋ ਰਿਹਾ ਹੈ। ਸਕੂਲ, ਹਸਪਤਾਲ ਅਤੇ ਸ਼ਰਨਾਰਥੀ ਕੈਂਪ ਵਰਗੀਆਂ ਜਗ੍ਹਾਵਾਂ, ਜੋ ਸੁਰੱਖਿਅਤ ਹੋਣੀਆਂ ਚਾਹੀਦੀਆਂ ਸਨ, ਹੁਣ ਮੌਤ ਦੇ ਮੈਦਾਨ ਬਣ ਚੁੱਕੀਆਂ ਹਨ।

### 63 ਸਫੇ ਦੀ ਬਾਕੀ

ਚੌਪਈ॥ ਸੰਬਤ ਸੱਤ੍ਰਹ ਸਹਸ ਭਣਿੱਜੈ॥
ਅਰਧ ਸਹਸ ਫੁਨਿ ਤੀਨਿ ਕਹਿੱਜੈ॥
ਭਾਦ੍ਰਵ ਸੁਦੀ ਅਸਟਮੀ ਰਵਿਵਾਰਾ॥
ਤੀਰ ਸਤੁੱਦ੍ਰਵ ਗ੍ਰੰਥ ਸੁਧਾਰਾ॥(405)

ਭਾਵ ਇਹ ਗ੍ਰੰਥ, ਐਤਵਾਰ ਭਾਦੋਂ ਸੁਦੀ 8 ਸੰਮਤ 1753 ਨੂੰ ਸਤਲੁਜ ਦੇ ਕੰਢੇ ਪੂਰਾ ਹੋਇਆ ਸੀ। ਚੰਦਰ-ਸੂਰਜੀ ਬਿਕ੍ਰਮੀ (ਸੂਰਜੀ ਸਿਧਾਂਤ) ਕੈਲੰਡਰ ਮੁਤਾਬਕ, ਸੰਮਤ 1753ਬਿਕ੍ਰਮੀ ਵਿੱਚ ਭਾਂਦੋ ਸੁਦੀ 8 (25 ਭਾਦੋਂ, 25 ਅਗਸਤ 1696 ਜੂਲੀਅਨ) ਨੂੰ ਦਿਨ ਐਤਵਾਰ ਨਹੀਂ ਮੰਗਲਵਾਰ ਸੀ। ਇਸ ਬਾਰੇ ਆਪ ਜੀ ਕੀ ਕਹਿਣਾ ਚਾਹੋਗੇ?

ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੱਲੋਂ 10 ਅਪ੍ਰੈਲ 2008 ਈ: ਦਿਨ ਵੀਰਵਾਰ ਨੂੰ ਜਾਰੀ ਕੀਤੇ ਗਏ ਹੁਕਮਨਾਮੇ ਵਿੱਚ ਇਹ ਦਰਜ ਹੈ, "ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬੀੜ 1755 ਬਿਕ੍ਰਮੀ ਨੂੰ ਲਿਖੀ, ਜਿਸ ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਸਖ਼ਤ ਹਨ ਜੋ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਵਿਰਾਜਮਾਨ ਹੈ"। ਇਸ ਦੇ ਨਾਲ ਹੀ 'ਸੋਧਕ ਕਮੇਟੀ ਦੀ ਰਿਪੋਰਟ' ਦਾ ਵੀ ਜਿਕਰ ਹੈ, ਜਿਸ ਨੇ 1897 ਈ: ਵਿੱਚ ਰੰਗ-ਬਰੰਗੀਆਂ 32 ਬੀੜਾਂ ਇਕੱਠੀਆਂ ਕਰਕੇ ਅੱਜ ਵਾਲੀ ਬੀੜ ਤਿਆਰ ਕੀਤੀ ਸੀ। ਇਸ ਹੁਕਮਨਾਮੇ ਉੱਪਰ ਗਿਆਨੀ ਇਕਬਾਲ ਸਿੰਘ ਸਮੇਤ 4 ਹੋਰ ਗ੍ਰੰਥੀ ਸਿੰਘਾਂ ਨੇ ਦਸਖ਼ਤ ਕੀਤੇ ਹੋਏ ਹਨ।

ਲਾਂਬਾ ਜੀ, ਇਹ ਦੋਵੇਂ ਆਪਾ ਵਿਰੋਧੀ ਗੱਲਾਂ, ਸੱਚ ਨਹੀਂ ਹੋ ਸਕਦੀਆਂ। ਤੁਹਾਡੀ ਖੋਜ ਮੁਤਾਬਕ ਕਿਹੜੀ ਗੱਲ ਝੂਠ ਹੈ? ਕੀ ਮੌਜੂਦਾ ਬੀੜ, ਸੰਮਤ 1755 ਬਿਕ੍ਰਮੀ ਵਾਲੀ ਹੈ, ਜਿਸ ਦਾ ਜਿਕਰ ਆਪ ਜੀ ਨੇ ਵੀ, ਕੇਸਰ ਸਿੰਘ ਛਿੱਬਰ ਦੇ ਹਵਾਲੇ ਨਾਲ ਕੀਤਾ ਹੈ, ਜਾਂ ਸੰਮਤ 1954 ਬਿਕਮੀ (1897 ਈ:) ਵਿੱਚ ਸੋਧਕ ਕਮੇਟੀ ਵੱਲੋਂ ਤਿਆਰ ਕੀਤੀ ਗਈ ਬੀੜ ਹੈ?

ਲਾਂਬਾ ਜੀ, ਤੁਸੀਂ ਆਪਣੀ ਕਿਤਾਬ 'ਸਾਖੀ ਰਹਿਤ ਮਰਯਾਦਾ ਜੀ ਕੀ' ਵਿੱਚ ਇਸ ਪੱਥਰ ਤੇ ਉਕਰੀਆਂ ਹੋਈਆਂ ਕੁਝ ਪੰਗਤੀਆਂ ਸਬੰਧੀ ਲਿਖਿਆ ਹੈ ਕਿ "ਇਹ ਸ਼ਬਦ ਕਲਗੀਧਰ ਪਿਤਾ ਵੱਲੋਂ ਰਹਿਤ ਵਿੱਚ ਆਚਰਣ ਦੀ ਉੱਚਤਾ ਦੀ ਤਾਕੀਦ ਹੈ। ਦਰਬਾਰ ਸਾਹਿਬ ਤੇ ਹਮਲੇ ਦੇ ਬਾਅਦ ਇਹ ਹੁਣ ਉੱਥੇ ਨਹੀਂ। ਇਹ ਸਾਡਾ ਅਨਮੋਲ ਵਿਰਸਾ ਹੈ। ਜ਼ਰੂਰਤ ਹੈ ਇਸ ਨੂੰ ਮੁੜ ਪ੍ਰਮੁੱਖਤਾ ਨਾਲ ਉੱਥੇ ਲਗਾਉਣ ਦੀ"। (ਪੰਨਾ 156)

ਇਸ ਸਬੰਧੀ ਬੇਨਤੀ ਹੈ ਕਿ ਇਹ ਸ਼ਬਦ, ਕਲਗੀਧਰ ਪਿਤਾ ਜੀ ਵੱਲੋਂ ਕਦੋਂ ਅਤੇ ਕਿਥੇ ਉਚਾਰਿਆ ਗਿਆ ਸੀ?

ਅਖੀਰ ਵਿੱਚ ਆਪ ਜੀ ਲਿਖਦੇ ਹੋ, "ਕੀ ਇਹ ਏਕ ਗ੍ਰੰਥ ਏਕ ਪੰਥ ਦੀ ਸ਼ਰਾਰਤ ਪੂਰਨ ਨਾਸਤਿਕਤਾ ਦੀ ਰਟ ਸਾਡੇ ਹਿੱਸੇ ਹੀ ਆਈ ਹੈ? ਸੁਚੇਤ ਹੋਣ ਦੀ ਲੋੜ ਹੈ"।

ਸ. ਗੁਰਚਰਨਜੀਤ ਸਿੰਘ ਲਾਂਬਾ ਜੀ, ਬੇਨਤੀ ਹੈ ਕਿ ਇਸ ਪੱਤਰ ਨੂੰ ਧਿਆਨ ਨਾਲ ਪੜ੍ਹ ਕੇ, ਮੰਗੀ ਗਈ ਸਾਰੀ ਜਾਣਕਾਰੀ, ਲਿਖਤੀ ਰੂਪ ਵਿੱਚ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ, ਤਾਂ ਜੋ ਪਾਠਕ ਖ਼ੁਦ ਫੈਸਲਾ ਕਰ ਸਕਣ ਕਿ 'ਅਸਲ ਸ਼ਾਜਿਸ' ਘਾੜੇ ਕੌਣ ਹਨ, ਅਤੇ ਪੰਥ ਨੂੰ ਕਿਨ੍ਹਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਧੰਨਵਾਦ

ਸਤਿਕਾਰ ਸਹਿਤ

ਸਰਵਜੀਤ ਸਿੰਘ ਸੈਕਰਾਮੈਂਟੋ
28 ਹਾੜ, ਸੰਮਤ 557 ਨਾਨਕਸ਼ਾਹੀ
(12 ਜੂਨ 2025)

# ਸੰਪਾਦਕ ਦੇ ਨਾਂ ਪੱਤਰ

ਮਾਨਯੋਗ ਸੰਪਾਦਕ ਜੀ 'ਪੰਜਾਬ ਟਾਈਮਜ਼' ਯੂ.ਕੇ
ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ॥
ਸਤਿਕਾਰਯੋਗ ਸਰਦਾਰ ਸਾਹਿਬ ਜੀ

ਆਪ ਜੀ ਦੀ ਸੁਯੋਗ ਸੰਪਾਦਨਾ ਹੇਠ ਛਪ ਰਹੀ 'ਪੰਜਾਬ ਟਾਈਮਜ਼' ਦੇ 17-7-25 ਵਾਲੇ ਅੰਕ ਵਿਚ ਪੰਥ ਦੇ ਖੋਜੀ ਵਿਦਵਾਨ ਗਿਆਨੀ ਗੁਰਦਿੱਤ ਸਿੰਘ ਜੀ ਦੇ ਛਪੇ ਲੇਖ ਤੋਂ ਪਤਾ ਲੱਗਾ ਕਿ ਆਪ ਜੀ ਉਨ੍ਹਾਂ ਦੀ ਲਿਖੀ ਅਮੋਲਕ ਕਿਤਾਬ 'ਇਤਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ' ਲੜੀ-ਵਾਰ ਛਾਪਣ ਜਾ ਰਹੇ ਹੋ! ਸਭ ਤੋਂ ਪਹਿਲਾਂ ਮੈਂ ਆਪ ਜੀ ਦੇ ਸੰਪਾਦਕੀ ਮੰਡਲ ਦਾ ਕੋਟਾਨਿ ਕੋਟ ਸ਼ੁਕਰਾਨਾ ਕਰਦਾ ਹਾਂ ਜਿਨ੍ਹਾਂ ਨੇ ਇਹ ਅਤਿ ਲੋੜੀਂਦਾ ਫੈਸਲਾ ਕਰਿਆ ਹੈ!

ਪਿਆਰੇ ਸਰਦਾਰ ਸਾਹਿਬ ਜਿਵੇਂ ਕਿ ਆਪਾਂ ਸਾਰੇ ਜਾਣਦੇ ਹਾਂ ਕਿ ਅਜੋਕੇ ਦੌਰ ਦੇ ਪੰਥਕ ਵਿਦਵਾਨਾਂ ਉੱਤੇ ਕਿਸੇ ਨਾ ਕਿਸੇ ਸੰਸਥਾ, ਧੜੇ ਜਾਂ ਵਿਚਾਰਧਾਰਾ ਦਾ 'ਲੇਬਲ' ਜਰੂਰ ਲੱਗਿਆ ਹੋਇਆ ਹੁੰਦਾ ਹੈ। ਪਰ ਗਿਆਨੀ ਗੁਰਦਿੱਤ ਸਿੰਘ ਜੀ ਅਸਲ ਅਰਥਾਂ ਵਿਚ ਖੋਜੀ ਬਿਰਤੀ ਵਾਲੇ ਨਿਰਵਿਵਾਦ ਵਿਦਵਾਨ ਸਨ। ਸਾਡੀ ਕੌਮ ਦੀ ਆਪਣੇ ਵਿਦਵਾਨਾਂ ਪ੍ਰਤੀ ਇਹ ਅਣਗਹਿਲੀ ਹੀ ਹੈ ਕਿ ਅਸੀਂ ਗੁਰਮਤਿ ਦੇ ਪ੍ਰਚਾਰਕ ਲਿਖਾਰੀਆਂ ਨੂੰ ਬਹੁਤ ਜਲਦੀ ਭੁੱਲ-ਭੁਲਾ ਜਾਂਦੇ ਹਾਂ। ਮਿਸਾਲ ਹੈ ਕਿ ਸਾਡੇ ਬਹੁਤੇ ਭੈਣ ਭਰਾ ਗਿਆਨੀ ਗੁਰਦਿੱਤ ਸਿੰਘ ਅਤੇ ਸਿੰਘ ਸਭਾ ਲਹਿਰ ਦੇ ਮੋਢੀਆਂ 'ਚੋਂ ਇਕ ਗਿਆਨੀ ਦਿੱਤ ਸਿੰਘ ਹੁਣਾ ਨੂੰ ਅਕਸਰ ਰਲ-ਗੱਡ ਕਰ ਦਿੰਦੇ ਹਨ। ਗਿਆਨੀ ਦਿੱਤ ਸਿੰਘ ਹੁਣਾ ਨੂੰ 'ਗੁਰਦਿੱਤ ਸਿੰਘ' ਕਹਿ ਦਿੰਦੇ ਹਨ ਅਤੇ ਕਿਤੇ ਗੁਰਦਿੱਤ ਸਿੰਘ ਹੁਣਾ ਦਾ ਜ਼ਿਕਰ ਕਰਨ ਲੱਗਿਆਂ 'ਦਿੱਤ ਸਿੰਘ' ਕਹਿ ਛੱਡਦੇ ਹਨ!

ਚਲੋ ਖੈਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਕਿਵੇਂ ਹੋਂਦ ਵਿਚ ਆਇਆ? ਇਹਦੇ ਬਾਰੇ ਗਿਆਨੀ ਗੁਰਦਿੱਤ ਸਿੰਘ ਹੁਣਾ ਦੇ ਗਿਆਨ ਤੋਂ ਸਾਨੂੰ ਵੀ ਜਾਣਕਾਰੀ ਮੁਹੱਈਆ ਕਰਵਾਉਣ ਲਈ ਤੁਹਾਡਾ ਦੁਬਾਰਾ ਧੰਨਵਾਦ ਕਰਦਾ ਹਾਂ!

'ਪੰਜਾਬ ਟਾਈਮਜ਼' ਦੇ ਅਗਲੇ ਅੰਕ ਵਿਚ ਮੈਂ ਇਹ ਵੀ ਤਾਂਘ ਨਾਲ ਦੇਖਾਂ ਗਾ ਕਿ ਉਪਰੋਕਤ ਲੇਖ ਦੇ ਅਰੰਭ ਵਿਚ ਸੰਪਾਦਕ ਸਾਹਿਬ ਨੇ ਜੋ ਪਾਠਕਾਂ ਨੂੰ ਹੁੰਗਾਰਾ ਭਰਨ ਦੀ ਅਪੀਲ ਕੀਤੀ ਹੈ, ਉਸਦੇ ਜਵਾਬ ਵਿਚ ਇੰਗਲੈਂਡ ਨਿਵਾਸੀ ਕਿੰਨੇ ਕੁ ਸਿੱਖ ਭਰਾ ਆਪਣੇ ਇਸ਼ਟ ਦੇ ਇਤਿਹਾਸ ਬਾਰੇ ਲੇਖ-ਲੜੀ ਦਾ ਸਵਾਗਤ ਕਰਨ ਗੇ! ਸੰਪਾਦਕੀ ਮੰਡਲ ਅਤੇ ਪੱਤ੍ਰਿਕਾ ਦੇ ਸਮੂੰਹ ਪਾਠਕ ਸਾਹਿਬਾਨ ਨੂੰ ਗੁਰ ਫਤਹਿ!



ਆਪ ਜੀਆਂ ਦਾ ਸ਼ੁਭਚਿੰਤਕ

ਤਰਲੋਚਨ ਸਿੰਘ ਦੁਪਾਲ ਪੁਰ,
ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ 001-408-915-1268

# ★ ਮਿੰਨੀ ਕਹਾਣੀਆਂ ★

## ਸੁੱਚਾ ਸੋਨਾ ਭਾਅ ਮਿੱਟੀ ਦਾ

ਪਹਿਲਾਂ ਉਹ ਮੇਰੇ ਪਾਸ ਆਉਂਦਾ ਸੀ ਤਾਂ ਕਹਿੰਦਾ ਸੀ ਕਿ ਉਸ ਦੇ ਮੁੰਡੇ ਜੁਝਾਰ ਦਾ ਮੈਂ ਖਿਆਲ ਰੱਖਾਂ। ਦੇਖਾਂ ਕਿ ਉਹ ਕਾਲਜ ਪਹੁੰਚਦਾ ਵੀ ਹੈ ਕਿ ਨਹੀਂ। ਜਮਾਤਾਂ ਲਗਾਉਂਦਾ ਵੀ ਹੈ ਜਾਂ ਨਹੀਂ। ਉਹ ਪੜ੍ਹ ਜਾਵੇਗਾ ਤਾਂ ਕੁਝ ਬਣ ਜਾਵੇਗਾ। ਨੌਕਰੀ ਮਿਲ ਜਾਵੇਗੀ। ਖੇਤੀ ਤੋਂ ਉਸ ਦਾ ਖਹਿੜਾ ਛੁੱਟ ਜਾਵੇਗਾ। ਜ਼ਮੀਨ ਥੋੜ੍ਹੀ ਹੈ। ਇੱਕ ਟੱਬਰ ਦਾ ਵੀ ਗੁਜ਼ਾਰਾ ਮੁਸ਼ਕਲ ਨਾਲ ਹੁੰਦਾ ਹੈ।

ਜੁਝਾਰ ਪੜ੍ਹ ਗਿਆ। ਵਧੀਆ ਅੰਕਾਂ ਵਿੱਚ ਉਸ ਨੇ ਬੀ.ਏ. ਪਾਸ ਕਰ ਲਈ। ਫਿਰ ਬੀ.ਐੱਡ. ਵੀ ਕਰ ਲਈ। ਹੁਣ ਉਹ ਮੇਰੇ ਪਾਸ ਆਉਂਦਾ ਸੀ ਆਪਣਾ ਦੁੱਖ ਫੋਲਦਾ ਸੀ, "ਜੁਝਾਰ ਸਾਰਾ ਦਿਨ ਘਰ ਹੀ ਪਿਆ ਰਹਿੰਦਾ ਹੈ। ਕਿਤੇ ਭੈੜੇ ਮੁੰਡਿਆਂ ਦੀ ਸੰਗਤ ਵਿੱਚ ਨਾ ਬੈਠਣ ਲੱਗ ਜਾਵੇ। ਕਿਤੇ ਨਸ਼ਿਆਂ ਦਾ ਐਬ ਹੀ ਨਾ ਲਾ ਲਵੇ। ਨੌਕਰੀ ਕੋਈ ਮਿਲਦੀ ਨਹੀਂ। ਤੁਸੀਂ ਉਸ ਦਾ ਜੁਗਾੜ ਬਣਾਵੋ।"

ਮੈਂ ਸੁੱਚਾ ਸਿੰਘ ਨੂੰ ਦੱਸਿਆ ਕਿ ਅਧਿਆਪਕ ਪਾਸ ਕੋਈ ਸ਼ਕਤੀ ਨਹੀਂ ਹੁੰਦੀ। ਸੁੱਚਾ ਸਿੰਘ ਅੱਜ ਫਿਰ ਆਇਆ ਸੀ। ਮੰਜੇ ਸਾਹਮਣੇ ਸੋਫੇ ਉੱਤੇ ਬੈਠ ਗਿਆ, ਉਦਾਸ।

ਅੱਜ ਅੱਠਵਾਂ ਦਿਨ ਸੀ। ਝੋਨਾ ਮੰਡੀ ਵਿੱਚ ਰੁਲ ਰਿਹਾ ਸੀ। ਕੋਈ ਖਰੀਦਦਾਰ ਨਹੀਂ ਸੀ। ਉੱਤੋਂ ਬੱਦਲਵਾਈ ਸੀ। ਮੀਂਹ ਦਾ ਡਰ ਸੀ। ਮੈਂ ਉਸ ਨੂੰ ਚਾਹ ਦਾ ਕੱਪ ਦਿੱਤਾ। ਉਹ ਚਾਹ ਪੀ ਰਿਹਾ ਸੀ- ਮੱਧਰਾ ਕੱਦ। ਗੰਜਾ ਸਿਰ। ਸਿਰ ਉੱਤੇ ਉੱਘੜ-ਦੁੱਘੜ ਪਰਨਾ ਬੱਧਾ ਸੀ। ਨਿੱਕੀ-ਨਿੱਕੀ ਲਾਪਰੀ ਦਾੜ੍ਹੀ। ਮੈਲਾ ਜਿਹਾ ਕਮੀਜ਼। ਪੌਂਚਿਆਂ ਤੋਂ ਗਿੱਲਾ ਹੋਇਆ ਪਜਾਮਾ, ਅੱਖਾਂ ਵਿੱਚ ਨਿਰਾਸ਼ਾ, "ਸਾਰਾ ਦਿਨ ਮਿੱਟੀ ਨਾਲ ਮਿੱਟੀ ਹੋਈਦਾ ਹੈ। ਰਾਤ ਦਿਨੇ ਮਿਹਨਤ ਕਰੀਦੀ ਹੈ ਪਰ ਫਿਰ ਵੀ ਪੂਰਾ ਨਹੀਂ ਪੈਂਦਾ। ਰੁੱਖੀ-ਸੁੱਕੀ ਹੀ ਮੁਸ਼ਕਲ ਨਾਲ ਤੁਰਦੀ ਹੈ। ਕੁਝ ਬਚਦਾ ਹੀ ਨਹੀਂ।"

ਸੁੱਚਾ ਸਿੰਘ ਟੇਬਲ ਉੱਤੇ ਪਈਆਂ ਕਿਤਾਬਾਂ ਫੋਲ ਰਿਹਾ ਸੀ, "ਇਸ ਕਿਤਾਬ ਦੇ ਪਿਛਲੇ ਵਰਕੇ ਉੱਤੇ ਤਾਂ ਤੁਹਾਡੀ ਫੋਟੋ ਹੈ।" "ਹਾਂ, ਮੇਰੀ ਹੀ ਤਸਵੀਰ ਹੈ। ਇਹ ਕਿਤਾਬ ਮੇਰੀ ਹੀ ਲਿਖੀ ਹੋਈ ਹੈ।" "ਤੁਸੀਂ ਕਵਿੱਤਾਂ ਜੋੜਦੇ ਹੋ? ਸਾਖੀਆਂ ਵੀ ਲਿਖਦੇ ਹੋ?

ਤੁਸੀਂ ਤਾਂ ਬੜੇ ਵੱਡੇ ਬੰਦੇ ਹੋਏ।" "ਵੱਡੇ ਬੰਦੇ ਕਾਹਦੇ ਭਰਾਵਾ! ਕਈ-ਕਈ ਹਫ਼ਤੇ, ਕਈ-ਕਈ ਮਹੀਨੇ ਮਿਹਨਤ ਕਰਨੀ ਪੈਂਦੀ ਹੈ। ਅਨੇਕਾਂ ਕਿਤਾਬਾਂ ਰਸਾਲੇ ਪੜ੍ਹਨੇ ਪੈਂਦੇ ਹਨ। ਲਿਖਣ ਬੈਠੀਏ ਤਾਂ ਗੱਲ ਬਣਦੀ ਨਹੀਂ, ਗੱਲ ਅੱਗੇ ਤੁਰਦੀ ਨਹੀਂ। ਕੱਟ ਕੇ ਫਿਰ ਲਿਖੀਦਾ ਹੈ।

ਦੂਜੀ ਤੀਜੀ ਵਾਰ ਲਿਖਣਾ ਪੈਂਦਾ ਹੈ ਤਾਂ ਜਾ ਕੇ ਕਿਤੇ ਕੋਈ ਕਹਾਣੀ ਬਣਦੀ ਹੈ। ਜਿਵੇਂ ਤੁਹਾਨੂੰ ਵੀ ਦੂਜੀ ਤੀਜੀ ਵਾਰ ਜ਼ਮੀਨ ਵਾਹੁਣੀ ਪੈਂਦੀ ਹੈ- ਫ਼ਸਲ ਗੋਡਣੀ ਪੈਂਦੀ ਹੈ ਤਾਂ ਕਿਤੇ ਬੋਹਲ ਲੱਗਦਾ ਹੈ। ਘਰ ਭਰਦਾ ਹੈ।"

ਉਸ ਨੇ ਕਿਹਾ, "ਬੋਹਲ ਕਿੱਥੇ ਲੱਗਦਾ ਹੈ? ਮੁੜ੍ਹਕੇ ਦਾ ਮੁੱਲ ਵੀ ਨਹੀਂ ਮਿਲਦਾ। ਤੁਹਾਨੂੰ ਤਾਂ ਵਾਹਵਾ ਕਮਾਈ ਹੋ ਜਾਂਦੀ ਹੋਵੇਗੀ ਇਨ੍ਹਾਂ ਕਿਤਾਬਾਂ ਤੋਂ?"

ਮੈਂ ਕਿਹਾ,"ਕਮਾਈ ਕਾਹਦੀ, ਪੱਲਿਓਂ ਪੈਸੇ ਖਰਚ ਕੇ ਕਿਤਾਬ ਛਪਵਾਉਣੀ ਪੈਂਦੀ ਹੈ। ਫਿਰ ਅਲੋਚਕਾਂ, ਮਿੱਤਰਾਂ ਨੂੰ ਮੁਫ਼ਤ ਵੰਡੀਦੀ ਹੈ।"

"ਅੱਛਾ! ਤੁਸੀਂ ਇੰਨੇ ਪੜ੍ਹ ਲਿਖ ਕੇ ਵੀ!"

ਸੁੱਚਾ ਸਿੰਘ ਕਿੰਨਾ ਚਿਰ ਨੀਵੀਂ ਪਾਈ ਸੋਚਦਾ ਰਿਹਾ। ਪੈਰ ਦੇ ਅੰਗੂਠੇ ਨਾਲ ਫਰਸ਼ ਉੱਤੇ ਟੁੱਟੀਆਂ ਰੇਖਾਵਾਂ ਖਿੱਚਦਾ ਰਿਹਾ। ਫਿਰ ਉਹ ਜਿਵੇਂ ਡੂੰਘੀ ਗੁਫਾ ਵਿੱਚੋਂ ਬੋਲਿਆ, "ਚੰਗਾ ਚੱਲਦਾ ਹਾਂ।"

-ਪ੍ਰੋ. ਹਮਦਰਦਵੀਰ ਨੌਸ਼ਹਿਰਵੀ

## ਮੰਗਾਂ

ਕਿਸੇ ਸ਼ਹੀਦੀ ਸਮਾਗਮ ਵਿੱਚ ਬੋਲਣ ਵਾਸਤੇ ਮੁੱਖ ਮੰਤਰੀ ਦੇ ਪ੍ਰੋਗਰਾਮ ਦੀ ਭਿਣਕ ਮਾਸਟਰਾਂ ਨੂੰ ਪੈ ਗਈ ਸੀ ਤਾਂ ਉਨ੍ਹਾਂ ਸਾਰੇ ਰਾਹ ਮੱਲ ਲਏ ਕਿ ਮੁੱਖ ਮੰਤਰੀ ਨੂੰ ਲੰਘਣ ਨਹੀਂ ਦੇਣਾ।

"ਜਨਾਬ ਆਪਾਂ ਇਨ੍ਹਾਂ ਦੀ ਗੱਲ ਤਾਂ ਸੁਣ ਲਈਏ ਤੇ ਵਾਅਦਾ ਕਰਕੇ ਲੰਘ ਚੱਲਾਂਗੇ" ਨਾਲ ਬੈਠੇ ਵੱਡੇ ਅਫਸਰ ਨੇ ਸੁਝਾਅ ਦਿੱਤਾ। "ਕੀ ਕਰੀਏ ਐਤਕੀਂ ਪੰਜ ਸਾਲਾਂ ਵਿੱਚ ਤਾਂ ਸੰਸਦੀ ਸਕੱਤਰਾਂ ਦੀਆਂ ਮੰਗਾਂ ਸੁਣ ਹੋਈਆਂ ਨੇ, ਅਗਲੇ ਪੰਜ ਸਾਲਾਂ ਨੂੰ ਮਾਸਟਰਾਂ ਦੀਆਂ ਸੁਣ ਲਵਾਂਗੇ।" ਮੁੱਖ ਮੰਤਰੀ ਨੇ ਗੱਲ ਮੁਕਾ ਦਿੱਤੀ।

- ਜਗਤਾਰ ਬੈਂਸ

## ਜ਼ਮੀਰ

ਇੱਕ ਘਰ ਵਿੱਚ ਚੋਰ ਪਿਛਲੇ ਦਰਵਾਜ਼ਿਓਂ ਅੰਦਰ ਦਾਖਲ ਹੋਏ। ਘਰ ਵਿੱਚ ਕੋਈ ਵੀ ਪਰਿਵਾਰਕ ਮੈਂਬਰ ਨਹੀਂ ਸੀ। ਚੋਰਾਂ ਨੇ ਘਰ ਦਾ ਕੋਨਾ-ਕੋਨਾ ਛਾਣ ਮਾਰਿਆ ਪਰ ਉਨ੍ਹਾਂ ਦੇ ਕੁਝ ਵੀ ਹੱਥ-ਪੱਲੇ ਨਾ ਲੱਗਿਆ। ਚੋਰ ਬੜੇ ਨਿਰਾਸ਼ ਹੋਏ। ਅਚਾਨਕ ਉਨ੍ਹਾਂ ਦੀ ਜ਼ਮੀਰ ਜਾਗ ਉੱਠੀ।

ਉਨ੍ਹਾਂ ਨੇ ਪਹਿਲਾਂ ਕਿਤੋਂ ਲੁੱਟੇ ਹੋਏ ਕੁਝ ਪੈਸੇ ਆਪਣੀ ਜੇਬ ਵਿੱਚੋਂ ਕੱਢੇ ਅਤੇ ਸੰਦੂਕ 'ਚ ਰੱਖ ਕੇ ਇੱਕ ਪਰਚੀ ਲਿਖ ਦਿੱਤੀ। ਜਿਸ 'ਤੇ ਲਿਖਿਆ ਸੀ, "ਇਨ੍ਹਾਂ ਪੈਸਿਆਂ ਨਾਲ ਤੁਸੀਂ ਰੱਜ ਕੇ ਤਰੱਕੀ ਕਰੋ, ਕਿਸੇ ਵੇਲੇ ਫੇਰ ਆਵਾਂਗੇ।"

- ਡਾ. ਗੁਰਸੇਵਕ ਸਿੰਘ ਪੜ੍ਹੀ

## ਤੈਨੂੰ ਕੀ?

ਬੱਚਾ ਰੋਟੀ ਨਾ ਮਿਲਣ ਕਰਕੇ ਉੱਚੀ-ਉੱਚੀ ਰੋ ਰਿਹਾ ਸੀ। ਬੱਚੇ ਦੀ ਮਾਂ ਨੇ ਕਿਹਾ, "ਹੁਣੇ ਲਿਆਈ, ਚੁੱਪ ਕਰ।" ਦਾਦੀ ਨੇ ਤਾੜਦਿਆਂ ਕਿਹਾ, "ਵੇਖ ਨੀ, ਕਿਵੇਂ ਸੰਘ ਪਾੜੀ ਜਾਂਦਾ ਏ। ਦੋ ਮਾਰੂੰਗੀ।"

ਬੱਚੇ ਨੇ ਤੁਰੰਤ ਕਿਹਾ, "ਦਾਦੀ, ਤੈਨੂੰ ਕੀ ਹੁੰਦਾ ਹੈ, ਮੈਂ ਤਾਂ ਆਪਣੇ ਮੂੰਹ ਨਾਲ ਰੋਂਦਾ ਹਾਂ। ਤੇਰਾ ਸੰਘ ਤਾਂ ਨਹੀਂ ਪਾੜ ਰਿਹਾ।" ਇਹ ਸੁਣ ਕੇ ਨੂੰਹ-ਸੱਸ ਅਵਾਕ ਰਹਿ ਗਈਆਂ।

-ਡਾ. ਗੁਰਚਰਨ ਸਿੰਘ ਔਲਖ

56 ਸਫ਼ੇ ਦੀ ਬਾਕੀ

**ਸਵਾਲ : ਜੈਵਿਕ ਖੇਤੀ ਕੀ ਹੁੰਦੀ ਹੈ?**

ਜਵਾਬ : ਜੈਵਿਕ ਖੇਤੀ ਮਾਹਰਾਂ ਦੁਆਰਾ ਸੁਝਾਇਆ ਗਿਆ ਖੇਤੀ ਕਰਨ ਦਾ ਢੰਗ ਹੈ ਜਿਹੜਾ ਕਿਸਾਨ ਦੀ ਆਰਥਿਕਤਾ ਮਜ਼ਬੂਤ ਕਰਨ, ਸਮਾਜ ਨੂੰ ਸਿਹਤਯਾਬ ਕਰਨ,ਸਾਡੇ ਕੁਦਰਤੀ ਸਾਧਨਾਂ ਨੂੰ ਬਚਾਉਣ ਲਈ ਬਹੁਤ ਲਾਹੇਵੰਦ ਹੈ। ਜੈਵਿਕ ਖੇਤੀ, ਕੁਦਰਤੀ ਸਿਸਟਮ ਅਨੁਸਾਰ ਖਾਦ ਤਿਆਰ ਕਰ ਕੇ ਜੀਵਨ ਦੇਣ ਵਾਲੀ ,ਜ਼ਹਿਰ ਮੁਕਤ ਖੇਤੀ ਉਤਪਾਦਨ ਕਰਨ ਦੀ ਵਿਧੀ ਹੈ। ਬਿਨਾਂ ਕਿਸੇ ਬਣਾਉਟੀ ਰਸਾਇਣ ਦੀ ਵਰਤੋਂ ਕੀਤਿਆਂ ਪੰਜ ਤੱਤਾਂ ਹਵਾ, ਪਾਣੀ, ਮਿੱਟੀ, ਅਗਨੀ, ਅਕਾਸ਼ ਦੀ ਸਹੀ ਢੰਗ ਨਾਲ ਵਰਤੋਂ ਕਰ ਕੇ ਪੈਦਾ ਕੀਤੀ ਜਾਣ ਵਾਲੀ ਉਪਜ ਨੂੰ ਜੈਵਿਕ ਖੇਤੀ ਕਹਿ ਸਕਦੇ ਹਾਂ।

**ਸਵਾਲ: ਕੀ ਜੈਵਿਕ ਖੇਤੀ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਅਪਨਾਏ ਗਏ ਖੇਤੀ ਮਾਡਲ ਦਾ ਹੀ ਆਧੁਨਿਕ ਨਾਂ ਕਿਹਾ ਜਾ ਸਕਦਾ ਹੈ?**

ਜਵਾਬ: ਜੀ ਬਿਲਕੁਲ, ਮੈਂ ਇਸ ਗੱਲ ਨਾਲ ਸਹਿਮਤ ਹਾਂ। ਸਾਡੀ ਸੰਸਥਾ ਵੱਲੋਂ ਦਿੱਤਾ ਗਿਆ ਨਾਅਰਾ "ਗੁਰਬਾਣੀ ਸੇਧਤ ਖੇਤੀ ਦੀ ਗੱਲ, ਕਰ ਦੇਵੇਗੀ ਸਾਰੇ ਮਸਲੇ ਹੱਲ" ਇਸ ਗੱਲ ਦੀ ਪੁਸ਼ਟੀ ਕਰਦਾ ਹੈ। ਗੁਰਬਾਣੀ ਜੀਵਨ ਦੇ ਹਰ ਪੱਖ ਦਾ, ਸਹੀ ਢੰਗ ਦੇ ਨਾਲ ਜਵਾਬ ਦੇਣ ਦੇ ਸਮਰੱਥ ਹੈ ਅਤੇ ਤੁਸੀਂ ਵੀ ਉਸ ਵਿੱਚੋਂ ਗੱਲ ਲੈ ਕੇ ਇੱਕ ਗੱਲ ਤੋਰੀ ਹੈ । ਖੇਤੀ ਦਾ ਗੁਰੂ ਨਾਨਕ ਮਾਡਲ ਅੱਜ ਦੇ ਸਮੇਂ ਦਾ ਵੱਡਾ ਸੱਚ ਹੈ। ਗੁਰੂ ਨਾਨਕ ਸਾਹਿਬ ਦੀ ਸੋਚ ਨੂੰ ਸ਼ਤ-ਸ਼ਤ ਨਮਨ ਹੈ। ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਸਿਧਾਂਤਾਂ ਉੱਪਰ ਚੱਲ ਕੇ ਅਸੀਂ ਆਪਣਾ ਜੀਵਨ ਸਫ਼ਲ ਕਰ ਸਕਦੇ ਹਾਂ। ਵਧੀਆ ਸਿਹਤਯਾਬ ਸਮਾਜ ਦਾ ਨਿਰਮਾਣ ਕਰ ਸਕਦੇ ਹਾਂ। ਗੁਰੂ ਨਾਨਕ ਸਾਹਿਬ ਨੇ ਆਪਣੇ ਜੀਵਨ ਦੇ ਆਖਰੀ ਸਾਢੇ ਸਤਾਰਾਂ ਸਾਲ ਇਸ ਖੇਤੀ ਦੇ ਕਿੱਤੇ ਵਿੱਚ ਗੁਜ਼ਾਰੇ। ਉਹਨਾਂ ਇਹ ਗੱਲ ਸਮਝਾਈ ਕਿ ਖੇਤੀ ਤੋਂ ਬਿਨਾਂ ਸਾਡਾ ਜੀਵਨ ਚੱਲ ਨਹੀਂ ਸਕਦਾ ਅਤੇ ਸਾਨੂੰ ਖੇਤੀ ਦੇ ਕਿੱਤੇ ਵਿੱਚ ਜ਼ਰੂਰ ਕਾਰਜਸ਼ੀਲ ਹੋਣਾ ਚਾਹੀਦਾ ਹੈ ਕਿਉਂਕਿ ਇਸ ਤੋਂ ਬਿਨਾਂ ਸਾਡਾ ਸਮਾਜ ਚੱਲ ਨਹੀਂ ਸਕਦਾ। ਜ਼ਰੂਰਤ ਹੈ ਕਿ ਅਸੀਂ ਗੁਰਬਾਣੀ ਤੋਂ ਸੇਧ ਲੈ ਕੇ ਕਾਸ਼ਤਕਾਰੀ ਨੂੰ ਗੁਰਬਾਣੀ ਦੇ ਸਿਧਾਂਤਾਂ ਅਨੁਸਾਰ ਢਾਲੀਏ।

**ਸਵਾਲ : ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀਂ ਕਿਰਤ ਕਰਨ ,ਖੇਤੀ ਕਰਨ ਦੀ ਗੱਲ ਕੀਤੀ, ਉਹਨਾਂ ਖ਼ੁਦ ਹੱਥੀਂ ਕੁਦਰਤੀ ਖੇਤੀ ਜਿਸਨੂੰ ਆਪ ਜੈਵਿਕ ਖੇਤੀ ਕਹਿ ਰਹੇ ਹੋ, ਅਪਣਾਈ, ਪਰ ਹੁਣ ਕਿਸਾਨ ਹੱਥੀਂ ਖੇਤੀ ਕਰਨ ਦੀ ਥਾਂ ਤੇ ਜ਼ਮੀਨ ਠੇਕੇ ਤੇ ਦੇਣ ਨੂੰ ਤਰਜੀਹ ਦੇ ਰਿਹਾ ਹੈ? ਆਪ ਅਨੁਸਾਰ ਖੇਤੀ ਲਾਹੇਵੰਦ ਧੰਦਾ ਨਾ ਰਹਿਣ ਪਿੱਛੇ ਕੀ ਇਹ ਕਾਰਨ ਜ਼ਿੰਮੇਵਾਰ ਹੋ ਸਕਦਾ ਹੈ?**

ਜਵਾਬ: ਗੁਰੂ ਨਾਨਕ ਸਾਹਿਬ ਵੱਲੋਂ "ਨਾਮ ਜਪੋ, ਕਿਰਤ ਕਰੋ, ਵੰਡ ਛਕੋ" ਦਾ ਬਹੁਤ ਹੀ ਕਲਿਆਣਕਾਰੀ ਸਿੱਖੀ ਸਿਧਾਂਤ ਦਿੱਤਾ ਗਿਆ ਹੈ। ਹਰ ਇੱਕ ਨੂੰ ਕਿਰਤ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ।ਠੇਕੇ 'ਤੇ ਜ਼ਮੀਨ ਦੇ ਦੇਣਾ, ਆਪ ਕਾਸ਼ਤਕਾਰੀ ਨਾ ਕਰਨਾ, ਠੇਕਾ ਲੈ ਲੈਣਾ ਇਹ ਵੀ "ਗਰੀਡ ਰੈਵੋਲਿਊਸ਼ਨ" ਦੀ ਹੀ ਦੇਣ ਹੈ, ਜਿਹੜੀ ਵੱਧ ਤੋਂ ਵੱਧ ਉਤਪਾਦਨ ਲੈਣ ਲਈ ਨੈਤਿਕ ਅਤੇ ਅਨੈਤਿਕ ਹਰ ਤਰ੍ਹਾਂ ਦੇ ਤਰੀਕੇ ਵਰਤਣ ਨੂੰ ਉਤਸ਼ਾਹਿਤ ਕਰਦੀ ਹੈ। ਨਤੀਜੇ ਵਜੋਂ ਸਾਡਾ ਸਾਰਾ ਇੱਕੋ ਸਿਸਟਮ ਖਰਾਬ ਹੋ ਰਿਹਾ ਹੈ ਅਤੇ ਵਾਤਾਵਰਣ ਪ੍ਰਦੂਸ਼ਿਤ ਹੋ ਗਿਆ ਹੈ। ਇਸ ਪ੍ਰਦੂਸ਼ਿਤ ਵਾਤਾਵਰਨ ਵਿੱਚੋਂ ਜਿਹੜੀ ਉਪਜ ਪੈਦਾ ਹੋ ਰਹੀ ਹੈ ,ਉਹ ਜ਼ਹਿਰ ਯੁਕਤ ਪੈਦਾ ਹੋ ਰਹੀ ਹੈ। ਜਦੋਂ ਅਸੀਂ ਕੁਦਰਤ ਦੇ ਅਸੂਲਾਂ ਤੋਂ ਹਟ ਕੇ ਜੀਵਨ ਚਲਾਉਣ ਦੀ ਕੋਸ਼ਿਸ਼ ਕਰਾਂਗੇ ਤਾਂ ਉਹਦੇ ਵਿੱਚ ਸਾਨੂੰ ਬਹੁਤ ਵੱਡੀਆਂ ਜਿਹੜੀਆਂ ਸਮੱਸਿਆਵਾਂ ਦਰਪੇਸ਼ ਆਉਣਗੀਆਂ ਅਤੇ ਆ ਵੀ ਰਹੀਆਂ ਹਨ।

**ਸਵਾਲ: ਰਸਾਇਣਿਕ ਖੇਤੀ ਅਤੇ ਜੈਵਿਕ ਖੇਤੀ ਦੀ ਸੰਖੇਪ ਵਿੱਚ ਆਪ ਤੁਲਨਾ ਕਿਵੇਂ ਕਰਦੇ ਹੋ?**

ਜਵਾਬ : ਦਰਅਸਲ ਹੁਣ ਵੱਡੇ ਕਾਰਪੋਰੇਟ ਘਰਾਣੇ, ਵਪਾਰੀ ਵਰਗ ਇਹ ਚਾਹੁੰਦਾ ਹੈ ਕਿ ਉਹ ਰਸਾਇਣਿਕ ਖੇਤੀ ਉਪਜਾਂ ਦਾ ਬਦਲ ਜੈਵਿਕ ਖੇਤੀ ਉਤਪਾਦਾਂ ਵਜੋਂ ਪੇਸ਼ ਕਰੇ। ਪ੍ਰੰਤੂ ਕਿਸਾਨਾਂ ਨੂੰ ਇਸ ਤੋਂ ਵੀ ਅੱਗੇ ਦੀ ਸੋਚ ਅਪਨਾਉਣ ਦੀ ਜ਼ਰੂਰਤ ਹੈ ,ਉਹ ਸੋਚ ਹੈ - ਖੇਤੀ ਦਾ ਕੁਦਰਤੀਕਰਨ। ਕੁਦਰਤ ਨੇ ਜਿਸ ਢੰਗ ਨਾਲ ਜੀਵਨ ਨੂੰ ਬਣਾਇਆ ਅਤੇ ਚਲਾਇਆ ਹੈ ਉਹਨਾਂ ਅਸੂਲਾਂ ਨੂੰ ਸਮਝ ਕੇ ਭਾਵ ਜੀਵਨਦਾਈ ਪੰਜ ਤੱਤਾਂ ਦਾ ਸਹੀ ਨਿਆਂਪੂਰਨ ਪ੍ਰਬੰਧਨ ਕਰ ਕੇ, ਕੁਦਰਤ ਦੇ ਵਿਕਸਤ ਕੀਤੇ ਸਿਸਟਮ ਨੂੰ ਸਮਝ ਕੇ, ਇਹਨਾਂ ਨੂੰ ਸਾਂਭਣ ਲਈ ਕਾਰਗਰ ਪ੍ਰਬੰਧ ਕਰਨ ਦੀ ਜ਼ਰੂਰਤ ਹੈ। ਇਸ ਤਰ੍ਹਾਂ ਕਰਨ ਨਾਲ਼ ਕਿਸਾਨਾਂ ਦਾ ਖੇਤੀ ਉੱਪਰ ਹੋਣ ਵਾਲਾ ਖਰਚਾ ਘਟੇਗਾ, ਖੇਤੀ ਲਾਹੇਵੰਦ ਧੰਦਾ ਬਣ ਜਾਵੇਗੀ, ਸਾਡਾ ਭੋਜਨ ਵੀ ਜ਼ਹਿਰ ਮੁਕਤ ਹੋਵੇਗਾ, ਸਾਡਾ ਸਮਾਜ ਖ਼ੁਸ਼ਹਾਲ ਅਤੇ ਤੰਦਰੁਸਤ ਹੋਵੇਗਾ। ਖੇਤੀ ਵਿੱਚ ਰਸਾਇਣਾਂ ਦੀ ਵਰਤੋਂ ਬੰਦ ਕਰ ਦੇਣ ਨਾਲ ਕੋਈ ਨੁਕ-ਸਾਨ ਨਹੀਂ ਹੋਵੇਗਾ। ਰਸਾਇਣਿਕ ਖੇਤੀ ਵਿੱਚੋਂ ਰਸਾਇਣ ਕੱਢਣ ਨਾਲ ਵੀ ਖੇਤੀ ਨੂੰ ਕੋਈ ਫ਼ਰਕ ਨਹੀਂ ਪੈਂਦਾ ਉਹ ਖੇਤੀ ਹੀ ਰਹਿੰਦੀ ਹੈ, ਜੰਗਲ ਇਸ ਦੀ ਸਪੱਸ਼ਟ ਉਦਾਹਰਨ ਹਨ। ਪਰ ਕੁਦਰਤੀ ਖੇਤੀ ਵਿੱਚੋਂ ਕੁਦਰਤ ਕੱਢ ਦੇਣ ਨਾਲ ਬਾਕੀ ਕੁਝ ਵੀ ਨਹੀਂ ਬਚਦਾ ਰਸਾਇਣਿਕ ਖੇਤੀ ਵਿੱਚੋਂ ਵੀ ਕੁਦਰਤ ਨੂੰ ਬਾਹਰ ਨਹੀਂ ਕੱਢਿਆ ਜਾ ਸਕਦਾ। ਖੇਤੀ ਆਪਣੇ ਆਪ ਵਿੱਚ ਹੀ ਕੁਦਰਤੀ ਹੈ ਇਸ ਨੂੰ ਕੁਦਰਤੀ ਖੇਤੀ ਕਹਿਣਾ ਵੀ ਗ਼ੈਰ ਜ਼ਰੂਰੀ ਹੀ ਹੈ। ਖੇਤੀ ਦਾ ਕੁਦਰਤੀਕਰਨ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਇਸ ਲੋੜ ਨੂੰ ਸਮਝ ਕੇ ਹੀ ਅਸੀਂ ਖੇਤੀ ਕਿੱਤੇ ਨੂੰ ਪਵਿੱਤਰ ,ਉੱਤਮ ਅਤੇ ਲਾਹੇਵੰਦ ਬਣਾ ਸਕਦੇ ਹਾਂ।

**ਮੁਲਾਕਾਤੀ :- ਗੁਰਮੀਤ ਸਿੰਘ ਪਲਾਹੀ, ਕਮਲੇਸ਼ ਸੰਧੂ, ਹਰਜਿੰਦਰ ਨਿਆਣਾ।**

* * * * * *

# ਭਾਰਤੀ ਭਾਈਚਾਰੇ ਵਲੋਂ ਰੋਮ ਦੂਤਾਵਾਸ ਦੇ ਉਪ ਰਾਜਦੂਤ ਦੇ ਇਟਲੀ 'ਚ ਕਾਰਜਕਾਲ ਸਮਾਪਤ ਹੋਣ ਮੌਕੇ ਦਿੱਤੀ ਵਿਦਾਇਗੀ ਪਾਰਟੀ

## * ਮੈ ਜਿੱਥੇ ਵੀ ਜਾਵਾਂਗਾ ਇਟਲੀ ਦੇ ਭਾਰਤੀ ਭਾਈਚਾਰੇ ਨੂੰ ਹਮੇਸ਼ਾ ਯਾਦ ਕਰਦਾ ਰਹਾਂਗਾ: ਅਮਰਾਰਾਮ ਗੁੱਜਰ (ਉਪ ਰਾਜਦੂਤ)





ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ) ਬੀਤੇ ਦਿਨੀ ਇੰਡੋ ਇਟਾਲੀਅਨ ਕਲਚਰਲ ਤੇ ਵੈਲਫੇਅਰ ਐਸੋਸੀਏਸ਼ਨ ਰੋਮ ਵੱਲੋਂ ਭਾਰਤੀ ਅੰਬੈਸੀ ਰੋਮ ਦੇ ਮੌਜੂਦਾ ਡੀ ਸੀ ਐਮ (ਡਿਪਟੀ ਰਾਜਦੂਤ) ਉਪ ਅੰਬੈਸਡਰ ਅਮਰਾਰਾਮ ਗੁੱਜਰ ਦੇ ਇਟਲੀ ਵਿੱਚ ਪੂਰੇ ਹੋ ਰਹੇ ਕਾਰਜਕਾਲ ਨੂੰ ਮੁੱਖ ਰੱਖਦਿਆਂ ਹੋਇਆਂ ਭਾਰਤੀ ਭਾਈਚਾਰੇ ਦੇ ਸਹਿਯੋਗ ਨਾਲ ਇੱਕ ਵਿਦਾਇਗੀ ਪਾਰਟੀ ਦੀ ਆਯੋਜਨ ਕੀਤਾ ਗਿਆ । ਇਸ ਵਿੱਚ ਇਟਲੀ ਦੇ ਸੂਬਾ ਲਾਸੀਓ ਦੇ ਇਲਾਕੇ ਦੇ ਭਾਰਤੀ ਭਾਈਚਾਰੇ ਦੇ ਲੋਕਾਂ ਵੱਲੋਂ ਸ਼ਮੂਲੀਅਤ ਕੀਤੀ ਗਈ । ਇਸ ਮੌਕੇ ਇੰਡੋ ਇਟਾਲੀਅਨ ਕਲਚਰਲ ਤੇ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਵਿਸ਼ਨੂੰ ਕੁਮਾਰ ਸੋਨੀ ਤੇ ਵਾਲਮੀਕਿ ਸਭਾ ਯੂਰਪ ਦੇ ਪ੍ਰਧਾਨ ਦਲਵੀਰ ਭੱਟੀ, ਭਾਰਤੀ ਭਾਈਚਾਰੇ ਦੇ ਲੋਕਾਂ ਵਲੋ ਤੇ ਡਿਪਟੀ ਰਾਜਦੂਤ ਅਮਰਾਰਾਮ ਗੁੱਜਰ ਨੇ ਅਪਣੇ ਕਰ ਕਮਲਾ ਨਾਲ "ਇੱਕ ਪੌਦਾ ਮਾਂ ਕੇ ਨਾਮ" ਇੱਕ ਇੱਕ ਪੌਦਾ ਅਪ੍ਰੀਲੀਆ ਸ਼ਹਿਰ 'ਚ ਲਗਾਇਆ । ਉਪਰੰਤ ਬਾਅਦ ਦੁਪਹਿਰ ਅਪ੍ਰੀਲੀਆ ਸ਼ਹਿਰ ਵਿੱਚ ਸਥਿਤ ਪ੍ਰਸਿੱਧ ਨਮਾਸਤੇ ਭਾਰਤ ਇੰਡੀਆ ਰੈਸਟੋਰੈਂਟ ਤੇ ਦੁਪਿਹਰ ਦੇ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ । ਇੱਥੇ ਇੱਕ ਸਮਾਗਮ ਵੀ ਆਯੋਜਿਤ ਕੀਤਾ ਗਿਆ ਜਿੱਥੇ ਉਨ੍ਹਾਂ ਨੇ ਅਪਣੀ ਧਰਮਪਤਨੀ ਸ਼੍ਰੀਮਤੀ ਕਮਲਾ ਨਾਲ ਪਹੁੰਚੇ ਤੇ ਭਾਰਤੀ ਭਾਈਚਾਰੇ ਦੇ ਲੋਕਾਂ ਵਲੋ ਫੁੱਲਾਂ ਦੇ ਗੁਲਦਸਤੇ ਦੇ ਕੇ ਜੀ ਆਇਆਂ ਆਖਿਆ ਗਿਆ ।ਇਸ ਮੌਕੇ ਵੱਖ ਵੱਖ-ਵੱਖ ਬੁਲਾਰਿਆਂ ਵੱਲੋਂ ਡਿਪਟੀ ਰਾਜਦੂਤ ਦਾ ਸਵਾਗਤ ਕੀਤਾ ਤੇ ਜੀ ਆਇਆਂ ਆਖਿਆ ਗਿਆ ਤੇ ਉਨ੍ਹਾਂ ਦਾ ਇਟਲੀ ਵਿੱਚ ਜੋ ਕਾਰਜਕਾਲ ਪੂਰਾ ਹੋ ਰਿਹਾ ਹੈ ਉਸ ਦੀ ਵਿਦਾਈ ਦਿੱਤੀ ਤੇ ਇਸ ਮੌਕੇ ਉਪ ਰਾਜਦੂਤ ਵਲੋ ਅਪਣੇ ਸੰਬੋਧਨ ਵਿੱਚ ਇਟਲੀ ਵਿੱਚ ਵੱਸਦੇ ਸਮੂਹ ਭਾਰਤੀ ਭਾਈਚਾਰੇ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਮੈਨੂੰ ਜਿੱਥੇ ਵੀ ਨਵੇਂ ਅਹੁਦੇ ਤੇ ਭੇਜੇਗੀ ਪਰ ਇਟਲੀ ਦੇ ਭਾਰਤੀ ਭਾਈਚਾਰੇ ਨੂੰ ਹਮੇਸ਼ਾ ਯਾਦ ਕਰਦਾ ਰਹਾਂਗਾ ਕਿਉਂਕਿ ਜੋ ਪਿਆਰ ਤੇ ਮਾਣ ਸਨਮਾਨ ਮੇਰੇ ਕਾਰਜਕਾਲ ਵਿੱਚ ਇਟਲੀ ਦੇ ਲੋਕਾਂ ਨੇ ਦਿੱਤਾ ਮੈਂ ਹਮੇਸ਼ਾ ਰਿਣੀ ਰਹਾਂਗਾ। ਉਨ੍ਹਾਂ ਨੇ ਭਾਰਤੀ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤੀ ਲੋਕ ਇਟਲੀ ਵਿੱਚ ਬਹੁਤ ਜ਼ਿਆਦਾ ਮਿਹਨਤ ਕਰਕੇ ਦਿਨ ਦੁਗਣੀ ਤਰੱਕੀ ਕਰ ਰਹੇ ਹਨ। ਮੇਰੀ ਸ਼ੁਭਕਾਮਨਾਵਾਂ ਹਨ ਸਮੂਹ ਭਾਰਤੀ ਭਾਈਚਾਰੇ ਨੂੰ, ਉਨ੍ਹਾਂ ਕਿਹਾ ਤੁਸੀਂ ਭਾਵੇ ਇਟਲੀ ਵਿੱਚ ਰਹਿ ਕੇ ਇਟਲੀ ਦੀ ਨਾਗਰਿਕਤਾ ਵੀ ਪ੍ਰਾਪਤ ਕਰ ਰਹੇ ਹੋ ਪਰ ਮੈਂ ਜਾਣਦਾ ਹਾਂ ਕਿ ਤੁਹਾਡੇ ਦਿਲ ਵਿੱਚ ਹਮੇਸ਼ਾ ਭਾਰਤ ਦੇਸ਼ ਪ੍ਰਤੀ ਪਿਆਰ ਇਸ ਕਦਰ ਹੀ ਰਹੇਗਾ । ਉਨ੍ਹਾਂ ਇਟਲੀ ਦੇ ਭਾਰਤੀ ਬੱਚਿਆਂ ਵਲੋ ਆਏ ਦਿਨ ਮਾਰੀਆਂ ਜਾ ਰਹੀਆਂ ਮੱਲਾਂ ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਭਾਰਤ ਤੋ ਆ ਕੇ ਜਾ ਇਸ ਦੇਸ਼ ਵਿੱਚ ਪੈਦਾ ਹੋਏ ਬੱਚੇ ਭਾਰਤ ਦੇਸ਼ ਤੇ ਅਪਣੇ ਮਾਪਿਆਂ ਦਾ ਨਾਮ ਰੌਸ਼ਨ ਕਰ ਰਹੇ ਹਨ । ਦੱਸਣਯੋਗ ਹੈ ਕਿ ਉੱਪ ਰਾਜਦੂਤ ਦੇ ਅਹੁਦੇ ਦਾ ਕਾਰਜਕਾਲ ਇਸੇ ਮਹੀਨੇ ਹੀ ਖਤਮ ਹੋ ਰਿਹਾ ਹੈ ਪਰ ਭਾਰਤ ਸਰਕਾਰ ਵਲੋ ਉਨ੍ਹਾਂ ਦੀਆਂ ਸੇਵਾਵਾਂ ਤੇ ਨਿੱਘੇ ਸੁਭਾਅ ਨੂੰ ਦੇਖਦਿਆਂ ਹੋਇਆਂ ਉਪ ਰਾਜਦੂਤ ਤੋ ਰਾਜਦੂਤ (ਅੰਬੈਸਡਰ) ਦਾ ਅਹੁਦਾ ਦੇ ਤਰੱਕੀ ਦਿੱਤੀ ਗਈ ਹੈ ਇਟਲੀ ਤੋਂ ਬਾਅਦ ਉਹ ਪਰਿਵਾਰ ਸਮੇਤ ਮਲਾਈ (ਪੂਰਬੀ ਅਫ਼ਰੀਕਾ) ਦੇਸ਼ ਵਿੱਚ ਭਾਰਤੀ ਅੰਬੈਸੀ ਦੇ ਰਾਜਦੂਤ (ਅੰਬੈਸਡਰ) ਵਜੋਂ ਸੇਵਾਵਾਂ ਨਿਭਾਉਣਗੇ ।


## ਜ਼ਰੂਰੀ ਸੂਚਨਾ

**ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ । ਇਸ ਲਈ ਸੰਪਾਦਕ ਅਤੇ ਅਦਾਰਾ ਜ਼ਿੰਮੇਵਾਰ ਨਹੀਂ ਹੈ ।**

**ਵੱਲੋਂ - ਸੰਪਾਦਕ ਪੰਜਾਬ ਟਾਈਮਜ਼ ਡਰਬੀ**

# ਇੰਟਰਨੈਟ ਦੀ ਤਾਕਤ... !

ਸੰਦੀਪ ਕੁਮਾਰ
7009807121



ਅੱਜ ਦੇ ਤਕਨੀਕੀ ਯੁਗ ਵਿੱਚ ਇੰਟਰਨੈਟ ਦੀ ਸਹੂਲਤ ਬੇਮਿਸਾਲ ਹੈ। ਇਸ ਨੇ ਮਨੁੱਖੀ ਜੀਵਨ ਨੂੰ ਇਸ ਤਰ੍ਹਾਂ ਬਦਲ ਦਿੱਤਾ ਹੈ ਕਿ ਅੱਜ ਦੁਨੀਆਂ ਦਾ ਕੋਈ ਵੀ ਕੋਨਾ ਇਸ ਦੀ ਪਹੁੰਚ ਤੋਂ ਬਾਹਰ ਨਹੀਂ ਹੈ। ਇੰਟਰਨੈਟ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ, ਜਿਨ੍ਹਾਂ ਲੋਕਾਂ ਨੇ ਇਸ ਦਾ ਸਹੀ ਉਪਯੋਗ ਕੀਤਾ, ਉਹ ਅੱਜ ਤਰੱਕੀ ਦੇ ਸਿਖਰ 'ਤੇ ਪਹੁੰਚ ਚੁੱਕੇ ਹਨ। ਦੂਜੇ ਪਾਸੇ, ਜਿਨ੍ਹਾਂ ਨੇ ਇਸ ਨੂੰ ਮਨੋਰੰਜਨ ਦੇ ਚੱਕਰ ਵਿੱਚ ਸਮੇਂ ਦੀ ਬਰਬਾਦੀ ਦਾ ਸਾਧਨ ਬਣਾਇਆ, ਉਹ ਸਮਾਜ ਵਿੱਚ ਪਛੜ ਗਏ। ਇੰਟਰਨੈਟ ਇੱਕ ਅਜਿਹੀ ਤਾਕਤ ਹੈ, ਜਿਸ ਨੇ ਨਾ ਸਿਰਫ਼ ਵਿਅਕਤੀਗਤ ਜੀਵਨ ਨੂੰ ਸੌਖਾ ਕੀਤਾ, ਸਗੋਂ ਵਪਾਰ, ਸਿੱਖਿਆ, ਸੰਚਾਰ ਅਤੇ ਮਨੋਰੰਜਨ ਦੇ ਖੇਤਰ ਵਿੱਚ ਵੀ ਕ੍ਰਾਂਤੀ ਲਿਆਂਦੀ। ਇਸ ਲੇਖ ਵਿੱਚ ਅਸੀਂ ਕੁਝ ਉਦਾਹਰਨਾਂ ਦੇ ਨਾਲ ਸਮਝਾਂਗੇ ਕਿ ਕਿਵੇਂ ਇੰਟਰਨੈਟ ਦੀ ਤਾਕਤ ਨੂੰ ਸਹੀ ਤਰੀਕੇ ਨਾਲ ਇਸਤੇਮਾਲ ਕਰਕੇ ਤਰੱਕੀ ਦੇ ਸਿਖਰ 'ਤੇ ਪਹੁੰਚਿਆ ਜਾ ਸਕਦਾ ਹੈ।

ਇੰਟਰਨੈਟ ਦੀ ਸ਼ੁਰੂਆਤ 1960 ਦੇ ਦਹਾਕੇ ਵਿੱਚ ਇੱਕ ਛੋਟੇ ਜਿਹੇ ਨੈੱਟਵਰਕ ਦੇ ਰੂਪ ਵਿੱਚ ਹੋਈ, ਜਿਸ ਦਾ ਮਕਸਦ ਸਰਕਾਰੀ ਅਤੇ ਸੈਨਿਕ ਉਦੇਸ਼ਾਂ ਲਈ ਜਾਣਕਾਰੀ ਦਾ ਆਦਾਨ-ਪ੍ਰਦਾਨ ਕਰਨਾ ਸੀ। ਸਮੇਂ ਦੇ ਨਾਲ, ਇਹ ਨੈੱਟਵਰਕ ਵਿਸ਼ਵ ਪੱਧਰ 'ਤੇ ਫੈਲ ਗਿਆ ਅਤੇ ਅੱਜ ਇੰਟਰਨੈਟ ਦੁਨੀਆਂ ਦਾ ਸਭ ਤੋਂ ਵੱਡਾ ਸੰਚਾਰ ਮਾਧਿਅਮ ਬਣ ਗਿਆ। ਇਸ ਦੀ ਤਾਕਤ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਸ ਨੇ ਦੂਰੀਆਂ ਨੂੰ ਖਤਮ ਕਰ ਦਿੱਤਾ, ਜਾਣਕਾਰੀ ਨੂੰ ਸੌਖਾ ਕਰ ਦਿੱਤਾ ਅਤੇ ਵਪਾਰ ਦੇ ਨਵੇਂ ਰਾਹ ਖੋਲ੍ਹ ਦਿੱਤੇ। ਜਿਨ੍ਹਾਂ ਨੇ ਇਸ ਤਾਕਤ ਨੂੰ ਸਮਝਿਆ ਅਤੇ ਸਹੀ ਦਿਸ਼ਾ ਵਿੱਚ ਇਸਤੇਮਾਲ ਕੀਤਾ, ਉਨ੍ਹਾਂ ਨੇ ਅਜਿਹੇ ਮੁਕਾਮ ਹਾਸਲ ਕੀਤੇ, ਜੋ ਪਹਿਲਾਂ ਅਸੰਭਵ ਜਾਪਦੇ ਸਨ।

ਆਓ, ਸਭ ਤੋਂ ਪਹਿਲਾਂ ਗੱਲ ਕਰੀਏ ਐਮਾਜ਼ੋਨ ਦੀ। ਐਮਾਜ਼ੋਨ, ਜਿਸ ਦਾ ਆਪਣਾ ਕੋਈ ਭੌਤਿਕ ਸਟੋਰ ਨਹੀਂ, ਨੇ ਇੰਟਰਨੈਟ ਦੀ ਤਾਕਤ ਨੂੰ ਸਮਝਦਿਆਂ ਆਨਲਾਈਨ ਵਪਾਰ ਦੀ ਦੁਨੀਆਂ ਵਿੱਚ ਇੱਕ ਅਜਿਹਾ ਮੁਕਾਮ ਹਾਸਲ ਕੀਤਾ, ਜਿਸ ਦਾ ਅੱਜ ਕੋਈ ਮੁਕਾਬਲਾ ਨਹੀਂ। ਇਸ ਨੇ ਲੋਕਾਂ ਨੂੰ ਘਰ ਬੈਠੇ ਹਰ ਤਰ੍ਹਾਂ ਦਾ ਸਾਮਾਨ ਖਰੀਦਣ ਦੀ ਸਹੂਲਤ ਦਿੱਤੀ ਅਤੇ ਇੰਟਰਨੈਟ ਦੇ ਜ਼ਰੀਏ ਵਿਸ਼ਵ ਪੱਧਰ 'ਤੇ ਆਪਣਾ ਜਾਲ ਫੈਲਾਇਆ। ਇਸ ਦੀ ਸਫਲਤਾ ਦਾ ਰਾਜ਼ ਇੰਟਰਨੈਟ ਦੀ ਤਾਕਤ ਨੂੰ ਸਮਝਣਾ ਅਤੇ ਇਸ ਨੂੰ ਗਾਹਕਾਂ ਦੀ ਸਹੂਲਤ ਲਈ ਇਸਤੇਮਾਲ ਕਰਨਾ ਸੀ। ਇਸੇ ਤਰ੍ਹਾਂ, ਓਲਾ ਨਾਂ ਦੀ ਟੈਕਸੀ ਕੰਪਨੀ ਨੇ ਵੀ ਇੰਟਰਨੈਟ ਦੀ ਵਰਤੋਂ ਨਾਲ ਇੱਕ ਨਵਾਂ ਇਤਿਹਾਸ ਰਚਿਆ। ਓਲਾ ਕੋਲ ਆਪਣੀ ਕੋਈ ਕਾਰ ਨਹੀਂ, ਪਰ ਇਸ ਨੇ ਇੰਟਰਨੈਟ ਅਤੇ ਮੋਬਾਈਲ ਐਪ ਦੀ ਮਦਦ ਨਾਲ ਟਰਾਂਸਪੋਰਟ ਦੇ ਖੇਤਰ ਵਿੱਚ ਇੱਕ ਅਜਿਹਾ ਮੁਕਾਮ ਹਾਸਲ ਕੀਤਾ, ਜੋ ਹੋਰ ਕੰਪਨੀਆਂ ਲਈ ਸੁਪਨਾ ਬਣਿਆ ਹੋਇਆ ਹੈ। ਇਸ ਨੇ ਲੋਕਾਂ ਨੂੰ ਸੌਖੀ ਅਤੇ ਕਿਫਾਇਤੀ ਸਫਰ ਦੀ ਸਹੂਲਤ ਦਿੱਤੀ, ਜੋ ਸਿਰਫ਼ ਇੰਟਰਨੈਟ ਦੀ ਤਾਕਤ ਨਾਲ ਹੀ ਸੰਭਵ ਹੋ ਸਕਿਆ।

ਇਸੇ ਤਰ੍ਹਾਂ, ਓਯੋ ਨੇ ਹੋਟਲ ਉਦਯੋਗ ਵਿੱਚ ਇੰਟਰਨੈਟ ਦੀ ਮਦਦ ਨਾਲ ਇੱਕ ਵੱਡੀ ਕ੍ਰਾਂਤੀ ਲਿਆਂਦੀ। ਇਸ ਕੰਪਨੀ ਕੋਲ ਆਪਣਾ ਕੋਈ ਹੋਟਲ ਨਹੀਂ, ਪਰ ਇੰਟਰਨੈਟ ਦੇ ਜ਼ਰੀਏ ਇਸ ਨੇ ਲੋਕਾਂ ਨੂੰ ਸਸਤੇ ਅਤੇ ਸੁਵਿਧਾਜਨਕ ਰਿਹਾਇਸ਼ ਦੇ ਵਿਕਲਪ ਦਿੱਤੇ। ਓਯੋ ਨੇ ਆਨਲਾਈਨ ਪਲੇਟਫਾਰਮ ਦੀ ਮਦਦ ਨਾਲ ਹੋਟਲ ਮਾਲਕਾਂ ਅਤੇ ਗਾਹਕਾਂ ਨੂੰ ਜੋੜਿਆ ਅਤੇ ਅੱਜ ਇਹ ਹੋਟਲ ਉਦਯੋਗ ਵਿੱਚ ਇੱਕ ਬੇਮਿਸਾਲ ਨਾਮ ਬਣ ਚੁੱਕਾ ਹੈ। ਇਸ ਤੋਂ ਬਾਅਦ, ਗੱਲ ਕਰੀਏ ਯੂਟਿਊਬ ਦੀ, ਜੋ ਦੁਨੀਆਂ ਦਾ ਸਭ ਤੋਂ ਮਸ਼ਹੂਰ ਸੋਸ਼ਲ ਮੀਡੀਆ ਪਲੇਟਫਾਰਮ ਹੈ। ਯੂਟਿਊਬ ਖੁਦ ਕੋਈ ਕੰਟੈਂਟ ਨਹੀਂ ਬਣਾਉਂਦਾ, ਪਰ ਇਸ ਨੇ ਇੰਟਰਨੈਟ ਦੀ ਤਾਕਤ ਨਾਲ ਲੋਕਾਂ ਨੂੰ ਆਪਣਾ ਕੰਟੈਂਟ ਸਾਂਝਾ ਕਰਨ ਦਾ ਮੌਕਾ ਦਿੱਤਾ। ਅੱਜ ਲੱਖਾਂ ਲੋਕ ਯੂਟਿਊਬ 'ਤੇ ਵੀਡੀਓ ਬਣਾ ਕੇ ਨਾ ਸਿਰਫ਼ ਮਸ਼ਹੂਰੀ ਹਾਸਲ ਕਰ ਰਹੇ ਹਨ, ਸਗੋਂ ਕਰੋੜਾਂ ਰੁਪਏ ਵੀ ਕਮਾ ਰਹੇ ਹਨ। ਇਸ ਨੇ ਸਾਬਤ ਕੀਤਾ ਕਿ ਇੰਟਰਨੈਟ ਦੀ ਸਹੀ ਵਰਤੋਂ ਕਿਸੇ ਵੀ ਖੇਤਰ ਵਿੱਚ ਸਫਲਤਾ ਦਿਵਾ ਸਕਦੀ ਹੈ।

ਮਨੋਰੰਜਨ ਜਗਤ ਵਿੱਚ ਨੈਟਫਲਿਕਸ ਇੱਕ ਹੋਰ ਅਜਿਹਾ ਨਾਮ ਹੈ, ਜਿਸ ਨੇ ਇੰਟਰਨੈਟ ਦੀ ਤਾਕਤ ਨੂੰ ਸਮਝਿਆ। ਨੈਟਫਲਿਕਸ ਕੋਲ ਆਪਣਾ ਕੋਈ ਟੀਵੀ ਚੈਨਲ ਨਹੀਂ, ਪਰ ਇਸ ਨੇ ਆਨਲਾਈਨ ਸਟ੍ਰੀਮਿੰਗ ਦੇ ਜ਼ਰੀਏ ਮਨੋਰੰਜਨ ਦੀ ਦੁਨੀਆਂ ਵਿੱਚ ਇੱਕ ਵੱਡਾ ਮੁਕਾਮ ਹਾਸਲ ਕੀਤਾ। ਇਸ ਨੇ ਲੋਕਾਂ ਨੂੰ ਘਰ ਬੈਠੇ ਫਿਲਮਾਂ, ਸੀਰੀਜ਼ ਅਤੇ ਹੋਰ ਮਨੋਰੰਜਨ ਦਾ ਸਾਮਾਨ ਮੁਹੱਈਆ ਕਰਵਾਇਆ, ਜੋ ਸਿਰਫ਼ ਇੰਟਰਨੈਟ ਦੀ ਮਦਦ ਨਾਲ ਹੀ ਸੰਭਵ ਹੋ ਸਕਿਆ ਹੈ। ਇਸੇ ਤਰ੍ਹਾਂ, ਜ਼ੋਮੈਟੋ ਨੇ ਭੋਜਨ ਪਦਾਰਥ ਉਦਯੋਗ ਵਿੱਚ ਇੰਟਰਨੈਟ ਦੀ ਤਾਕਤ ਨਾਲ ਹੀ ਆਪਣੀ ਬਾਦਸ਼ਾਹਤ ਕਾਇਮ ਕੀਤੀ। ਜ਼ੋਮੈਟੋ ਕੋਲ ਆਪਣਾ ਕੋਈ ਰੈਸਟੋਰੈਂਟ ਨਹੀਂ, ਪਰ ਇਸ ਨੇ ਆਨਲਾਈਨ ਪਲੇਟਫਾਰਮ ਦੇ ਜ਼ਰੀਏ ਰੈਸਟੋਰੈਂਟਾਂ ਅਤੇ ਗਾਹਕਾਂ ਨੂੰ ਜੋੜਿਆ ਅਤੇ ਘਰ-ਘਰ ਭੋਜਨ ਪਹੁੰਚਾਉਣ ਦੀ ਸਹੂਲਤ ਦਿੱਤੀ। ਇਸ ਦੀ ਸਫਲਤਾ ਇੰਟਰਨੈਟ ਦੀ ਬਦੌਲਤ ਹੀ ਸੰਭਵ ਹੋਈ ਹੈ ।

ਗੂਗਲ, ਜੋ ਦੁਨੀਆਂ ਦਾ ਸਭ ਤੋਂ ਮਸ਼ਹੂਰ ਸਰਚ ਇੰਜਨ ਹੈ, ਇੱਕ ਹੋਰ ਅਜਿਹੀ ਮਿਸਾਲ ਹੈ। ਗੂਗਲ ਖੁਦ ਕੋਈ ਆਰਟੀਕਲ ਜਾਂ ਜਾਣਕਾਰੀ ਪੋਸਟ ਨਹੀਂ ਕਰਦਾ, ਪਰ ਇਸ ਨੇ ਇੰਟਰਨੈਟ ਦੀ ਮਦਦ ਨਾਲ ਦੁਨੀਆਂ ਭਰ ਦੀ ਜਾਣਕਾਰੀ ਨੂੰ ਇੱਕ ਥਾਂ 'ਤੇ ਇਕੱਠਾ ਕੀਤਾ। ਲੋਕ ਆਪਣੀ ਜਾਣਕਾਰੀ ਗੂਗਲ 'ਤੇ ਸਾਂਝੀ ਕਰਦੇ ਹਨ ਅਤੇ ਇਸ ਦੇ ਜ਼ਰੀਏ ਦੁਨੀਆਂ ਭਰ ਦੇ ਲੋਕ ਇਸ ਤੱਕ ਪਹੁੰਚ ਕਰਦੇ ਹਨ। ਗੂਗਲ ਨੇ ਸਾਬਤ ਕੀਤਾ ਕਿ ਇੰਟਰਨੈਟ ਦੀ ਤਾਕਤ ਨਾਲ ਜਾਣਕਾਰੀ ਨੂੰ ਸੌਖਾ ਅਤੇ ਪਹੁੰਚਯੋਗ ਬਣਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ, ਅੱਜ ਦੇ ਸਮੇਂ ਵਿੱਚ ਡਿਜੀਟਲ ਕਰੰਸੀ ਬਿਟਕੋਇਨ ਨੇ ਵੀ ਇੰਟਰਨੈਟ ਦੀ ਬਦੌਲਤ ਇੱਕ ਵੱਡਾ ਮੁਕਾਮ ਹਾਸਲ ਕੀਤਾ। ਬਿਟਕੋਇਨ ਦਾ ਕੋਈ ਭੌਤਿਕ ਸਿੱਕਾ ਨਹੀਂ, ਪਰ ਇੰਟਰਨੈਟ ਅਤੇ ਬਲਾਕਚੇਨ ਤਕਨੀਕ ਦੀ ਮਦਦ ਨਾਲ ਇਹ ਦੁਨੀਆਂ ਦੀ ਸਭ ਤੋਂ ਮਹਿੰਗੀ ਡਿਜੀਟਲ ਕਰੰਸੀ ਬਣ ਗਈ। ਇਸ ਨੇ ਸਾਬਤ ਕੀਤਾ ਕਿ ਇੰਟਰਨੈਟ ਦੀ ਤਾਕਤ ਨਾਲ ਕਿਸੇ ਵੀ ਖੇਤਰ ਵਿੱਚ ਨਵੀਂ ਕ੍ਰਾਂਤੀ ਲਿਆਂਦੀ ਜਾ ਸਕਦੀ ਹੈ।

ਉਪਰੋਕਤ ਉਦਾਹਰਨਾਂ ਤੋਂ ਸਪੱਸ਼ਟ ਹੈ ਕਿ ਇੰਟਰਨੈਟ ਦੀ ਤਾਕਤ ਨੇ ਤਰੱਕੀ ਦੇ ਨਵੇਂ ਰਾਹ ਖੋਲ੍ਹ ਦਿੱਤੇ ਹਨ। ਐਮਾਜ਼ੋਨ, ਓਲਾ, ਓਯੋ, ਯੂਟਿਊਬ, ਨੈਟਫਲਿਕਸ, ਜ਼ੋਮੈਟੋ, ਗੂਗਲ ਅਤੇ ਬਿਟਕੋਇਨ ਵਰਗੀਆਂ ਕੰਪਨੀਆਂ ਅਤੇ ਸੰਸਥਾਵਾਂ ਨੇ ਇੰਟਰਨੈਟ ਦੀ ਸਹੀ ਵਰਤੋਂ ਕਰਕੇ ਦੁਨੀਆਂ ਵਿੱਚ ਆਪਣੇ ਝੰਡੇ ਗੱਡੇ। ਇਨ੍ਹਾਂ ਨੇ ਸਾਬਤ ਕੀਤਾ ਕਿ ਇੰਟਰਨੈਟ ਦੀ ਤਾਕਤ ਅਜਿਹੀ ਹੈ ਕਿ ਜੇ ਇਸ ਦਾ ਸਹੀ ਇਸਤੇਮਾਲ ਕੀਤਾ ਜਾਵੇ, ਤਾਂ ਕੋਈ ਵੀ ਵਿਅਕਤੀ ਜਾਂ ਸੰਸਥਾ ਤਰੱਕੀ ਦੇ ਸਿਖਰ 'ਤੇ ਪਹੁੰਚ ਸਕਦੀ ਹੈ। ਪਰ ਦੂਜੇ ਪਾਸੇ, ਜਿਨ੍ਹਾਂ ਲੋਕਾਂ ਨੇ ਇੰਟਰਨੈਟ ਨੂੰ ਸਿਰਫ਼ ਮਨੋਰੰਜਨ ਦਾ ਸਾਧਨ ਬਣਾਇਆ ਅਤੇ ਸਮੇਂ ਦੀ ਬਰਬਾਦੀ ਕੀਤੀ, ਉਹ ਅੱਜ ਸਮਾਜ ਵਿੱਚ ਪਛੜ ਗਏ। ਇੰਟਰਨੈਟ ਦੀ ਵਰਤੋਂ ਸਿੱਖਿਆ, ਕਾਰੋਬਾਰ, ਜਾਣਕਾਰੀ ਅਤੇ ਨਵੇਂ ਮੌਕਿਆਂ ਲਈ ਕੀਤੀ ਜਾ ਸਕਦੀ ਹੈ, ਪਰ ਇਸ ਦਾ ਦੁਰਉਪਯੋਗ ਸਮੇਂ ਅਤੇ ਸਰੋਤਾਂ ਦੀ ਬਰਬਾਦੀ ਦਾ ਕਾਰਨ ਬਣਦਾ ਹੈ।

ਇੰਟਰਨੈਟ ਦੀ ਤਾਕਤ ਨੂੰ ਸਮਝਣਾ ਅਤੇ ਇਸ ਦਾ ਸਹੀ ਉਪਯੋਗ ਕਰਨ ਦੀ ਜ਼ਿੰਮੇਵਾਰੀ ਹਰ ਇਨਸਾਨ ਦੀ ਖੁਦ ਦੀ ਹੈ। ਇਹ ਇੱਕ ਅਜਿਹਾ ਸਾਧਨ ਹੈ, ਜੋ ਸਹੀ ਹੱਥਾਂ ਵਿੱਚ ਤਰੱਕੀ ਦੀ ਚਾਬੀ ਬਣ ਸਕਦਾ ਹੈ ਅਤੇ ਗਲਤ ਵਰਤੋਂ ਨਾਲ ਬਰਬਾਦੀ ਦਾ ਕਾਰਨ ਵੀ। ਜਿੰਨੀ ਜਲਦੀ ਇਨਸਾਨ ਇਸ ਤਾਕਤ ਨੂੰ ਸਮਝ ਲਵੇ ਅਤੇ ਇਸ ਨੂੰ ਆਪਣੀ ਸਿੱਖਿਆ, ਕਾਰੋਬਾਰ, ਸਮਾਜਿਕ ਸੰਬੰਧਾਂ ਅਤੇ ਨਿੱਜੀ ਵਿਕਾਸ ਲਈ ਇਸਤੇਮਾਲ ਕਰੇ, ਉਨੀ ਹੀ ਜਲਦੀ ਉਹ ਤਰੱਕੀ ਦੇ ਰਾਹ 'ਤੇ ਅੱਗੇ ਵਧ ਸਕਦਾ ਹੈ। ਇੰਟਰਨੈਟ ਨੇ ਸਾਬਤ ਕੀਤਾ ਹੈ ਕਿ ਇਸ ਦੀ ਤਾਕਤ ਅਸੀਮਤ ਹੈ, ਬਸ਼ਰਤੇ ਇਸ ਨੂੰ ਸਹੀ ਦਿਸ਼ਾ ਵਿੱਚ ਲਗਾਇਆ ਜਾਵੇ। ਇਸ ਲਈ, ਹਰ ਇਨਸਾਨ ਨੂੰ ਇਸ ਤਕਨੀਕੀ ਯੁਗ ਵਿੱਚ ਇੰਟਰਨੈਟ ਦੀ ਤਾਕਤ ਨੂੰ ਪਛਾਨਣਾ ਚਾਹੀਦਾ ਹੈ ਅਤੇ ਇਸ ਨੂੰ ਆਪਣੀ ਤਰੱਕੀ, ਸਮਾਜ ਦੀ ਬਿਹਤਰੀ ਅਤੇ ਇੱਕ ਸਾਰਥਕ ਜੀਵਨ ਲਈ ਇਸਤੇਮਾਲ ਕਰਨਾ ਚਾਹੀਦਾ ਹੈ।

ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ
liberalthinker1621@gmail.com

## ਮਿੰਨੀ ਕਹਾਣੀ

# ਪਲਾਟ

ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋਣ ਪਿੱਛੋਂ ਮਾਸਟਰ ਹਰੀ ਰਾਮ ਨੇ ਮਾਹਿਲਪੁਰ ਇੱਕ ਪੰਦਰਾਂ ਮਰਲੇ ਦਾ ਪਲਾਟ ਖਰੀਦ ਲਿਆ ਤੇ ਉਸ ਵਿੱਚ ਘਰ ਬਣਵਾਉਣਾ ਸ਼ੁਰੂ ਕਰ ਦਿੱਤਾ। ਇੱਕ ਦਿਨ ਉਸ ਕੋਲ ਦੋ ਜਣੇ ਆ ਕੇ ਖੜ੍ਹ ਗਏ, ਜਿਨ੍ਹਾਂ ਚੋਂ ਇੱਕ ਲੜਕੀ ਸੀ। ਲੜਕੀ ਉਸ ਨੂੰ ਆਖਣ ਲੱਗੀ, "ਅੰਕਲ ਜੀ, ਕੀ ਤੁਸੀਂ ਰਵਨਜੀਤ ਦੇ ਫਾਦਰ ਇਨ ਲਾਅ ਹੋ ?"

ਮਾਸਟਰ ਹਰੀ ਰਾਮ ਨੇ "ਹਾਂ" ਵਿੱਚ ਉੱਤਰ ਦਿੱਤਾ।

ਫੇਰ ਉਹ ਆਖਣ ਲੱਗੀ, "ਮੈਂ ਰਵਨਜੀਤ ਦੀ ਸਹੇਲੀ ਆਂ। ਕੁੱਝ ਦਿਨ ਪਹਿਲਾਂ ਉਹ ਮੈਨੂੰ ਹੁਸ਼ਿਆਰਪੁਰ ਬੱਸ ਸਟੈਂਡ ਤੇ ਮਿਲੀ ਸੀ। ਉਸ ਨੇ ਮੈਨੂੰ ਦੱਸਿਆ ਸੀ ਕਿ ਤੁਸੀਂ ਮਾਹਿਲਪੁਰ ਪਲਾਟ ਲੈ ਕੇ ਨਵਾਂ ਘਰ ਬਣਵਾ ਰਹੇ ਹੋ ਤੇ ਤੁਹਾਡੇ ਪਲਾਟ ਦੇ ਸਾਮ੍ਹਣੇ ਕਈ ਪਲਾਟ ਵਿਕਾਊ ਪਏ ਆ। ਅਸੀਂ ਵੀ ਇੱਕ ਦਸ ਕੁ ਮਰਲੇ ਦਾ ਪਲਾਟ ਲੈਣਾ ਚਾਹੰਨੇ ਆਂ। ਪਿੰਡ ਵਾਲਾ ਘਰ ਰਹਿਣ ਲਈ ਬੜਾ ਛੋਟਾ ਆ। ਨਾਲੇ ਸ਼ਹਿਰ ਦਾ ਮਹੌਲ ਕੁੱਝ ਵੱਖਰਾ ਹੁੰਦਾ ਆ। ਪਲਾਟ ਤਾਂ ਹੋਰ ਵੀ ਆਲੇ, ਦੁਆਲੇ ਬਥੇਰੇ ਖਾਲੀ ਪਏ ਆ, ਪਰ ਮੈਂ ਚਾਹੰਨੀ ਆਂ ਕਿ ਕੋਈ ਜਾਣ, ਪਛਾਣ ਵਾਲਾ ਕੋਲ ਰਹਿੰਦਾ ਹੋਵੇ, ਤਾਂ ਚੰਗੀ ਗੱਲ ਆ।"

"ਠੀਕ ਆ ਬੇਟੀ, ਆਉ ਫੇਰ ਪਲਾਟ ਵੇਖ ਲਈਏ।" ਮਾਸਟਰ ਹਰੀ ਰਾਮ ਨੇ ਆਖਿਆ।


ਇੱਕ ਘੰਟਾ ਫਿਰ, ਤੁਰ ਕੇ ਪਲਾਟ ਵੇਖਣ ਪਿੱਛੋਂ ਉਨ੍ਹਾਂ ਨੂੰ ਇੱਕ ਦਸ ਮਰਲੇ ਦਾ ਪਲਾਟ ਪਸੰਦ ਆ ਗਿਆ, ਜਿਹੜਾ ਕਿ ਉਸ ਦੇ ਬਣ ਰਹੇ ਘਰ ਦੇ ਬਿਲਕੁਲ ਸਾਮ੍ਹਣੇ ਸੀ।

ਫੇਰ ਲੜਕੀ ਦੇ ਡੈਡੀ ਨੇ ਉਸ ਨੂੰ ਆਖਿਆ, "ਤੁਹਾਡੇ ਨਾਲ ਲੱਗਦੇ ਦੋ ਘਰ ਕਿਨ੍ਹਾਂ ਦੇ ਆ ?"

"ਇਹ ਦੋਵੇਂ ਘਰ ਕੰਮੀਆਂ ਦੇ ਆ।" ਮਾਸਟਰ ਹਰੀ ਰਾਮ ਨੇ ਸੱਚ ਆਖ ਦਿੱਤਾ।

ਉਸ ਦੇ ਏਨਾ ਕਹਿਣ ਦੀ ਦੇਰ ਸੀ ਕਿ ਉਹ ਬਗੈਰ ਕੁੱਝ ਬੋਲੇ ਆਪਣੀ ਧੀ ਨੂੰ ਲੈ ਕੇ ਤੁਰਦਾ ਬਣਿਆ।


ਮਹਿੰਦਰ ਸਿੰਘ ਮਾਨ
ਪਿੰਡ ਤੇ ਡਾਕ ਰੱਕੜਾਂ ਢਾਹਾ-144526
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ
ਫੋਨ -9915803554



# ਪ੍ਰੋ. (ਡਾ.) ਯੋਗੇਸ਼ ਚੰਦਰ ਸੂਦ ਦੀਆਂ ਤਿੰਨ ਹਿੰਦੀ ਮਿੰਨੀ ਕਹਾਣੀਆਂ

ਪੰਜਾਬੀ ਅਨੁਵਾਦ:
ਰਵਿੰਦਰ ਸਿੰਘ ਸੋਢੀ

## ਬਾਊ ਜੀ



ਬਾਊ ਜੀ ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋ ਚੁੱਕੇ ਇਕ ਵੱਡੇ ਅਫਸਰ ਸੀ। ਸਾਰਾ ਪਰਿਵਾਰ ਹੀ ਉਹਨਾਂ ਨੂੰ ਬਾਊ ਜੀ ਕਹਿੰਦਾ। ਆਪਣੇ ਆਂਡ-ਗਵਾਂਡ ਵਿਚ ਹੀ ਨਹੀਂ ਬਲਕਿ ਸਮਾਜ ਵਿਚ ਵੀ ਉਹਨਾਂ ਦਾ ਬਹੁਤ ਮਾਣ-ਸਨਮਾਨ ਸੀ। ਉਹਨਾਂ ਦਾ ਪੁੱਤਰ ਅਤੇ ਨੂੰਹ ਵਿਦੇਸ ਵਿਚ ਸੀ। ਬਾਊ ਜੀ ਆਪਣੀ ਪਤਨੀ ਨਾਲ ਪਿੰਡ ਹੀ ਰਹਿੰਦੇ। ਇਕ ਦਿਨ ਜਦੋਂ ਉਹ ਸੈਰ ਕਰਕੇ ਵਾਪਿਸ ਘਰ ਪਹੁੰਚੇ ਤਾਂ ਕਾਫੀ ਥੱਕੇ ਹੋਏ ਸੀ। ਸਾਰੇ ਸਰੀਰ ਵਿਚ ਹੀ ਥੋਹੜਾ-ਥੋਹੜਾ ਦਰਦ ਹੋ ਰਿਹਾ ਸੀ। ਸ਼ਾਇਦ ਬੁਖਾਰ ਵੀ। ਉਹ ਬਿਨਾਂ ਕੁਝ ਖਾਧੇ-ਪੀਤੇ ਮੰਜੇ ’ਤੇ ਪੈ ਗਏ। ਸ਼ਾਮ ਨੂੰ ਜਦੋਂ ਉਹਨਾਂ ਦੇ ਬੇਟੇ ਦਾ ਫੋਨ ਆਇਆ ਤਾਂ ਮਾਂ ਨੇ ਹੀ ਗੱਲ ਕੀਤੀ ਅਤੇ ਬਾਊ ਜੀ ਦੀ ਤਬੀਅਤ ਬਾਰੇ ਦੱਸਿਆ। ਪੁੱਤਰ ਨੇ ਬਾਊ ਜੀ ਨਾਲ ਵੀ ਗੱਲ ਕੀਤੀ, ਉਹਨਾਂ ਨੂੰ ਪੂਰਾ ਅਰਾਮ ਕਰਨ ਲਈ ਕਿਹਾ ਅਤੇ ਸ਼ਹਿਰ ਜਾ ਕੇ ਕਿਸੇ ਚੰਗੇ ਡਾਕਟਰ ਨੂੰ ਦਿਖਾਉਣ ਲਈ ਵੀ ਤਾਕੀਦ ਕੀਤੀ। ਇਹੋ ਨਹੀਂ, ਬੇਟੇ ਨੇ ਸਲਾਹ ਦਿੱਤੀ ਕਿ ਆਪਣੇ ਸਾਰੇ ਟੈਸਟ ਕਰਵਾਉ, ਪੈਸੇ ਦੀ ਫਿਕਰ ਨਾ ਕਰਨ, ਉਹ ਭੇਜ ਦਏਗਾ।

ਫੋਨ ਬੰਦ ਕਰਨ ਤੋਂ ਬਾਅਦ ਬਾਊ ਜੀ ਸੋਚ ਰਹੇ ਸੀ ਕਿ ਕੀ ਬੱਚਿਆਂ ਲਈ ਇਹੋ ਕਾਫੀ ਹੈ ਕਿ ਉਹ ਟੈਲੀਫੋਨ ਰਾਹੀਂ ਹੀ ਬੁੱਢੇ ਮਾਂ-ਪਿਉ ਦਾ ਹਾਲ-ਚਾਲ ਪੁੱਛ ਲੈਣ, ਪੈਸੇ ਭੇਜਣ ਦਾ ਦਿਲਾਸਾ ਦੇ ਦੇਣ ? ਉਹਨਾਂ ਦੇ ਦਿਮਾਗ ਵਿਚ ਇਕੋ ਗੱਲ ਚਕੱਰ ਲਾ ਰਹੀ ਸੀ ਕਿ ਬੱਚੇ ਇਹ ਕਦੋਂ ਸਮਝਣਗੇ ਕਿ ਇਕਲੇ ਰਹਿ ਰਹੇ ਮਾਂ-ਪਿਉ ਦੀ ਤੰਦਰੁਸਤੀ ਲਈ ਚੰਗੀ ਖੁਰਾਕ ਅਤੇ ਦਵਾਈਆਂ ਨਾਲੋਂ ਵੀ ਜਰੂਰੀ ਬੱਚਿਆਂ ਦਾ ਉਹਨਾਂ ਦੇ ਕੋਲ ਹੋਣਾ ਅਤੇ ਉਹਨਾਂ ਦਾ ਪਿਆਰ ? ਇਹ ਸੋਚਦੇ-ਸੋਚਦੇ ਉਹਨਾਂ ਦੀਆਂ ਅੱਖਾਂ ਸਿਲੀਆਂ ਹੋ ਗਈਆਂ। ਇਹਨਾਂ ਸੋਚਾਂ ਵਿਚ ਗਵਾਚੇ ਪਤਾ ਨਹੀਂ ਉਹਨਾਂ ਦੀ ਕਦੋਂ ਅੱਖ ਲੱਗ ਗਈ। ਸੁਪਨੇ ਵਿਚ ਉਹਨਾਂ ਦੇਖਿਆ ਕਿ ਉਹਨਾਂ ਦਾ ਪੁੱਤਰ ਅਤੇ ਪੋਤਾ ਉਹਨਾਂ ਦੇ ਕੋਲ ਬੈਠੇ ਹਨ।

## ਮੇਲੇ ਦੀ ਯਾਦ

ਜਦੋਂ ਪਿਤਾ ਜੀ ਨੇ ਘਰ ਦੀ ਬੈਠਕ ਦੀ ਕਾਰਨਸ ’ਤੇ ਪਈ ਖਿਡਾਉਣੇ ਵਰਗੀ ਇਕ ਟਿਊਬ ਲਾਈਟ ਜਗਦੀ ਦੇਖੀ ਤਾਂ ਉਹਨਾਂ ਨੂੰ ਤਕਰੀਬਨ 35 ਸਾਲ ਪਹਿਲਾਂ ਦਾ ਉਹ ਦਿਨ ਯਾਦ ਆ ਗਿਆ ਜਦੋਂ ਉਹਨਾਂ ਨੇ ਮੇਲੇ ਚੋਂ ਇਹ ਟਿਊਬ ਲਾਈਟ ਖਰੀਦੀ ਸੀ। ਅਸਲ ਵਿਚ ਇਹ ਉਹਨਾਂ ਨੇ ਨਹੀਂ ਸੀ ਖਰੀਦੀ ਬਲਕਿ ਉਹਨਾਂ ਦੇ ਬੇਟੇ ਨੇ ਇਹ ਲੈਣ ਲਈ ਜਿਦ ਕੀਤੀ ਸੀ। ਉਸ ਸਮੇਂ ਉਸਦੀ ਉਮਰ ਚਾਰ ਜਾਂ ਪੰਜ ਸਾਲ ਦੀ ਹੋਏਗੀ।

ਉਹਨਾਂ ਨੇ ਬੱਚੇ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਕਿ ਅਜਿਹੇ ਖਿਡਾਉਣੇ ਬਹੁਤੀ ਦੇਰ ਨਹੀਂ ਚੱਲਦੇ, ਜਲਦੀ ਹੀ ਖਰਾਬ ਹੋ ਜਾਂਦੇ ਹਨ, ਪਰ ਬੱਚੇ ਨੇ ਜਦੋਂ ਜਿਆਦਾ ਜ਼ਿਦ ਕੀਤੀ ਤਾਂ ਉਹਨਾਂ ਨੇ ਸੋਚਿਆ ਕਿ ਦਸ ਰੁਪਏ ਦੇ ਖਿਡਾਉਣੇ ਪਿੱਛੇ ਬੱਚੇ ਦਾ ਦਿਲ ਕਿਉਂ ਤੋੜਨਾ ਹੈ। ਉਹਨਾਂ ਨੇ ਉਹ ਟਿਊਬ ਲਾਈਟ ਖਰੀਦ ਲਈ। ਬੱਚਾ ਐਨੇ ਵਿਚ ਹੀ ਖੁਸ਼ ਹੋ ਗਿਆ। ਬੱਚੇ ਦੇ ਚਿਹਰੇ ਦੀ ਰੌਣਕ ਦੇਖ ਕੇ ਉਹ ਵੀ ਖੁਸ਼ ਹੋ ਗਏ। ਅੱਜ 35 ਸਾਲ ਬਾਅਦ ਉਹੀ ਟਿਊਬ ਲਾਈਟ ਜਗਦੀ ਦੇਖ ਉਹਨਾਂ ਨੂੰ ਆਪਣੇ ਪੁੱਤਰ ਰੌਸ਼ਨ ਦਾ 4-5 ਸਾਲ ਵਾਲਾ ਚਿਹਰਾ ਯਾਦ ਆ ਗਿਆ ਜੋ ਹੁਣ ਆਪ 40 ਸਾਲ ਦਾ ਸੀ ਅਤੇ ਹੁਣ ਆਪ 5 ਸਾਲ ਦੇ ਬੱਚੇ ਦਾ ਪਿਉ ਸੀ। ਉਹ ਕਈ ਬਾਰ ਆਪਣੇ ਬੱਚੇ ਨੂੰ ਉਹ ਟਿਊਬ ਲਾਈਟ ਦਿਖਾਉਂਦਾ, ਪਰ ਹੱਥ ਨਾ ਲਾਉਣ ਦਿੰਦਾ। ਪਿਤਾ ਜੀ ਹੁਣ ਵੀ ਜਦੋਂ ਉਹ ਮੇਲੇ ਵਾਲਾ ਦਿਨ ਯਾਦ ਆਉਂਦਾ ਤਾਂ ਉਹਨਾਂ ਦੇ ਬੁਲ੍ਹਾਂ ਤੇ ਹਾਸੀ ਅਤੇ ਅੱਖਾਂ ਵਿਚ ਪਾਣੀ ਹੁੰਦਾ।

## ਮਤਰੇਆ

ਪ੍ਰਕਾਸ਼ ਅਜੇ ਦਸ ਸਾਲ ਦਾ ਹੀ ਸੀ ਕਿ ਉਸਦੀ ਮਾਂ ਚਲ ਬਸੀ। ਥੋਹੜੀ ਦੇਰ ਬਾਅਦ ਹੀ ਉਹਨਾਂ ਦੇ ਪਿਤਾ ਜੀ ਨੇ ਹੋਰ ਵਿਆਹ ਕਰਵਾ ਲਿਆ। ਚਾਰ ਸਾਲਾਂ ਵਿਚ ਹੀ ਉਸਦੀ ਮਤਰੇਈ ਮਾਂ ਨੇ ਇਕ ਮੁੰਡੇ ਅਤੇ ਇਕ ਕੁੜੀ ਨੂੰ ਜਨਮ ਦਿੱਤਾ। ਪ੍ਰਕਾਸ਼ ਆਪਣੇ ਛੋਟੇ ਭੈਣ, ਭਰਾ ਨਾਲ ਖੇਡਣਾ ਚਾਹੁੰਦਾ, ਪਰ ਉਸਦੀ ਮਤਰੇਈ ਮਾਂ ਪ੍ਰਕਾਸ਼ ਨੂੰ ਬਹੁਤ ਨਫ਼ਰਤ ਕਰਦੀ ਅਤੇ ਆਪਣੇ ਬੱਚਿਆਂ ਨਾਲ ਖੇਡਣ ਤੋਂ ਰੋਕਦੀ ਰਹਿੰਦੀ. ਉਸਦਾ ਵਰਤਾਉ ਆਪਣੇ ਬੱਚਿਆਂ ਪਬੀ ਅਤੇ ਪ੍ਰਕਾਸ਼ ਪਬੀ ਬਹੁਤ ਵੱਖਰਾ ਸੀ। ਉਸ ਨੇ ਤਾਂ ਪ੍ਰਕਾਸ਼ ਨੂੰ ਅੱਠਵੀਂ ਜਮਾਤ ਤੋਂ ਅੱਗੇ ਵੀ ਨਾ ਪੜ੍ਹਨ ਦਿੱਤਾ, ਪਰ ਆਪਣੇ ਮੁੰਡੇ ਅਤੇ ਕੁੜੀ ਨੂੰ ਸ਼ਹਿਰ ਦੇ ਵਧੀਆ ਕਾਨਵੈਂਟ ਸਕੂਲ ਵਿਚ ਪੜ੍ਹਾਇਆ। ਪ੍ਰਕਾਸ਼ ਦੇ ਪਿਤਾ ਜਦੋਂ ਇਹ ਦੇਖਦੇ ਤਾਂ ਉਹਨਾਂ ਨੂੰ ਬਹੁਤ ਗੁੱਸਾ ਵੀ ਆਉਂਦਾ ਅਤੇ ਫਿਕਰ ਵੀ ਹੁੰਦਾ। ਉਹ ਅਕਸਰ ਸੋਚਦੇ ਕਿ ਜੇ ਕਿਤੇ ਉਹਨਾਂ ਨੂੰ ਕੁਝ ਹੋ ਗਿਆ ਤਾਂ ਪ੍ਰਕਾਸ਼ ਦੀ ਜ਼ਿੰਦਹਗੀ ਤਾਂ ਨਰਕ ਹੀ ਬਣ ਜਾਵੇਗੀ। ਇਹਨਾਂ ਸੋਚਾਂ ਵਿਚ ਹੀ ਉਹ ਬਿਮਾਰ ਰਹਿਣ ਲੱਗ ਪਏ ਅਤੇ ਜਲਦੀ ਹੀ ਸਵਰਗ ਸਿਧਾਰ ਗਏ।

ਪ੍ਰਕਾਸ਼ ਦੇ ਪਿਤਾ ਦੀ ਮੌਤ ਤੋਂ ਬਾਅਦ ਉਸ ਦੀ ਮਤਰੇਈ ਮਾਂ ਨੇ ਉਸ ਨੂੰ ਘਰੋਂ ਹੀ ਨਾ ਕੱਢਿਆ ਸਗੋਂ ਉਸਦੇ ਪਿਉ ਦੀ ਜਾਇਦਾਦ ਵਿਚੋਂ ਵੀ ਕੋਈ ਹਿੱਸਾ ਨਾ ਦਿਤਾ। ਪ੍ਰਕਾਸ਼ ਦੇ ਪਿਤਾ ਜੀ ਦੇ ਇਕ ਦੋਸਤ ਨੇ ਉਸ ਤੇ ਤਰਸ ਖਾ ਕੇ ਉਸ ਨੂੰ ਸਬਜੀ ਦੀ ਰੇਹੜੀ ਲਾਉਣ ਜੋਗੇ ਪੈਸੇ ਦੇ ਦਿੱਤੇ ਅਤੇ ਇਕ ਛੋਟਾ ਜਿਹਾ ਕਮਰਾ ਵੀ ਕਿਰਾਏ ਤੇ ਲੈ ਦਿੱਤਾ। ਜਲਦੀ ਹੀ ਪ੍ਰਕਾਸ਼ ਦੀ ਰੇਹੜੀ ਦਾ ਕੰਮ ਚੰਗਾ ਚੱਲ ਪਿਆ। ਉਸ ਨੇ ਇਕ ਦੁਕਾਨ ਕਿਰਾਏ ਤੇ ਲੈ ਕੇ ਸਬਜੀ ਦੀ ਦੁਕਾਨ ਖੋਲ੍ਹ ਲਈ ਅਤੇ ਰਹਿਣ ਲਈ ਵੱਡਾ ਕਮਰਾ ਵੀ ਕਿਰਾਏ ਤੇ ਲੈ ਲਿਆ, ਜਿਸਦੇ ਨਾਲ ਰਸੋਈ ਅਤੇ ਗੁਸਲਖਾਨਾ ਵੀ ਸੀ। ਉਸਦੀ ਇਮਾਨਦਾਰੀ, ਸਭ ਨਾਲ ਪਿਆਰ ਨਾਲ ਗੱਲ ਕਰਨ ਕਰਕੇ ਉਸਦਾ ਕੰਮ ਵਧੀਆ ਚੱਲ ਪਿਆ। ਪ੍ਰਕਾਸ਼ ਨੇ ਆਪਣੇ ਪਿਤਾ ਜੀ ਦੇ ਦੋਸਤ ਦੇ ਪੈਸੇ ਵੀ ਮੋੜ ਦਿੱਤੇ, ਜਿਸ ਕਰਕੇ ਉਹ ਪ੍ਰਕਾਸ਼ ਦਾ ਬਹੁਤ ਧਿਆਨ ਰੱਖਦੇ।

ਹੌਲੀ-ਹੌਲੀ ਪ੍ਰਕਾਸ਼ ਨੇ ਦੁਕਾਨ ਵੀ ਖਰੀਦ ਲਈ ਅਤੇ ਕੁਝ ਦੇਰ ਬਾਅਦ ਦੋ ਕਮਰਿਆ ਦਾ ਛੋਟਾ, ਪਰ ਸਾਫ-ਸੁਥਰਾ ਘਰ ਵੀ।

ਦੂਜੇ ਪਾਸੇ ਪ੍ਰਕਾਸ਼ ਦਾ ਮਤਰੇਆ ਭਰਾ ਭੈੜੀ ਸੰਗਤ ਵਿਚ ਪੈ ਗਿਆ ਅਤੇ ਉਸ ਨੇ ਆਪਣੀ ਸਕੀ ਮਾਂ ਅਤੇ ਭੈਣ ਨੂੰ ਘਰੋਂ ਕੱਢ ਦਿੱਤਾ। ਜਦੋਂ ਪ੍ਰਕਾਸ਼ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਹ ਧਰਮਸ਼ਾਲਾ ਵਿਚ ਦਿਨ ਕਟੀ ਕਰ ਰਹੀ ਆਪਣੀ ਮਤਰੇਈ ਮਾਂ ਅਤੇ ਭੈਣ ਨੂੰ ਆਪਣੇ ਘਰ ਲੈ ਆਇਆ। ਪ੍ਰਕਾਸ਼ ਦੀ ਮਤਰੇਈ ਮਾਂ ਉਸ ਨਾਲ ਆ ਤਾਂ ਗਈ ਪਰ ਉਸ ਨੂੰ ਬਹੁਤ ਪਛਤਾਵਾ ਹੋ ਰਿਹਾ ਸੀ ਅਤੇ ਸ਼ਰਮ ਵੀ ਆ ਰਹੀ ਸੀ ਕਿ ਉਸਦੇ ਭੈੜੇ ਸਲੂਕ ਦੇ ਬਾਵਜੂਦ ਵੀ ਪ੍ਰਕਾਸ਼ ਉਹਨਾਂ ਦਾ ਕਿੰਨਾ ਧਿਆਨ ਰੱਖ ਰਿਹਾ ਸੀ।



ਕੁਝ ਦੇਰ ਬਾਅਦ ਪ੍ਰਕਾਸ਼ ਨੇ ਇਕ ਚੰਗਾ ਜਿਹਾ ਮੁੰਡਾ ਲੱਭ ਕੇ ਆਪਣੀ ਮਤਰੇਈ ਭੈਣ ਦਾ ਵਿਆਹ ਵੀ ਕਰ ਦਿੱਤਾ। ਦੂਜੇ ਪਾਸੇ ਪ੍ਰਕਾਸ਼ ਦਾ ਮਤਰੇਆ ਭਰਾ ਨਸ਼ਿਆਂ ਵਿਚ ਪੈ ਗਿਆ ਅਤੇ ਜੂਏ ਦੀ ਆਦਤ ਕਰਕੇ ਆਪਣਾ ਘਰ ਵੀ ਵੇਚ ਬੈਠਾ। ਪ੍ਰਕਾਸ਼ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਿਆ ਤਾਂ ਉਸ ਨੇ ਆਪਣੀ ਮਤਰੇਈ ਮਾਂ ਨੂੰ ਪੁੱਛਿਆ ਕਿ ਚਮਨ ਨੂੰ ਘਰ ਲੈ ਆਏ, ਪਰ ਉਸਦੀ ਮਾਂ ਇਸਦੇ ਹੱਕ ਵਿਚ ਨਹੀਂ ਸੀ। ਉਹ ਨਹੀਂ ਸੀ ਚਾਹੁੰਦੀ ਕਿ ਚਮਨ ਕਰਕੇ ਪ੍ਰਕਾਸ਼ ਨੂੰ ਵੀ ਕੋਈ ਦਿਕਤ ਆਵੇ। ਪ੍ਰਕਾਸ਼ ਨੇ ਆਪਣੀ ਮਾਂ ਨੂੰ ਮਨਾ ਹੀ ਲਿਆ ਅਤੇ ਚਮਨ ਨੂੰ ਵੀ ਘਰ ਲੈ ਆਇਆ। ਅਸਲ ਵਿਚ ਉਹ ਸੋਚਦਾ ਸੀ ਕਿ ਉਹ ਵੀ ਜਦੋਂ ਮੁਸੀਬਤ ਵਿਚ ਸੀ ਤਾਂ ਕਿਸੇ ਦੀ ਸਹਾਇਤਾ ਕਰਕੇ ਹੀ, ਉਹ ਸੰਭਲਿਆ ਸੀ।

ਸਭ ਤੋਂ ਪਹਿਲਾਂ ਤਾਂ ਪ੍ਰਕਾਸ਼ ਨੇ ਚਮਨ ਦਾ ਇਲਾਜ ਕਰਵਾ ਕੇ ਉਸ ਨੂੰ ਨਸ਼ਿਆਂ ਤੋਂ ਦੂਰ ਕੀਤਾ ਅਕੇ ਫੇਰ ਆਪਣੇ ਕੋਲੋਂ ਪੈਸੇ ਖਰਚ ਕਰਕੇ ਉਸ ਨੂੰ ਵੀ ਆਪਣੀ ਦੁਕਾਨ ਦੇ ਨੇੜੇ ਹੀ ਫਲਾਂ ਦੀ ਦੁਕਾਨ ਸ਼ੁਰੂ ਕਰਵਾ ਦਿੱਤੀ। ਪ੍ਰਕਾਸ਼ ਦੀ ਹਰ ਕੋਈ ਪ੍ਰਸ਼ੰਸਾ ਕਰਦਾ ਕਿ ਉਸ ਨੇ ਆਪਣੀ ਮਤਰੇਈ ਮਾਂ, ਭੈਣ ਅਤੇ ਭਰਾ ਦੀ ਕਿੰਨੀ ਸਹਾਇਤਾ ਕੀਤੀ। ਪ੍ਰਕਾਸ਼ ਇਸ ਕਰਕੇ ਖੁਸ਼ ਸੀ ਆਖਿਰ ਇਸ ਦੁਨੀਆਂ ਵਿਚ ਉਸਦਾ ਆਪਣਾ ਤਾਂ ਕੋਈ ਹੈ।

ravindersodhi51 @gmail. com

# ਲੋਕਾਂ ਦੇ ਮਸਲਿਆਂ ਤੇ ਮਨੋਰੰਜਨ ਨਾਲ ਭਰੀਆਂ ਲਘੂ ਫਿਲਮਾਂ ਦੇ ਨਿਰਦੇਸ਼ਕ ਹਰਬੀਰ ਢੀਂਡਸਾ

ਫ਼ਿਲਮ ਮਨੋਰੰਜਨ ਦਾ ਜ਼ਰੀਆ ਪਰ ਜਦ ਮਨੋਰੰਜਨ ਦੇ ਨਾਲ ਹੀ ਸਮਾਜ ਦੇ ਹਲਾਤ, ਕਮੀਆਂ ਤੇ ਮੰਤਵ ਇਹਨਾਂ ਚੀਜ਼ਾਂ ਦਾ ਵਰਣਨ ਵੀ ਫ਼ਿਲਮ ਕਰੇ ਤਦ ਇਸ ਦਾ ਮੇਕਰ ਤਰੀਫ ਦਾ ਪਾਤਰ ਤੇ ਹਰਬੀਰ ਸਿੰਘ ਢੀਂਡਸਾ ਅਜਿਹੇ ਨਿਰਦੇਸ਼ਕ ਨੇ ਜਿਹਨਾਂ ਦਾ ਪੰਜਾਬੀ ਸ਼ੋਰਟ ਫ਼ਿਲਮਾਂ ਵਿੱਚ ਪੂਰਾ ਨਾਂ ਹੈ ਤੇ ਮਿਊਜ਼ਿਕ ਹੱਟ ਟੀਵੀ ਬੈਨਰ ਤੇ ਬਣਾਈਆਂ ਓਹਨਾਂ ਦੀਆਂ ਫ਼ਿਲਮਜ਼ ਹਰੇਕ ਵਰਗ ਪਸੰਦ ਕਰਦਾ ਹੈ। ਹਰਬੀਰ ਢੀਂਡਸਾ ਫ਼ਿਲਮ ਦੀ ਕਹਾਣੀ ਰਚਦੇ ਵੇਲੇ ਦਰਸ਼ਕ ਦੇ ਇੰਟਰਟੇਨਮੇਂਟ ਦਾ ਖਿਆਲ ਰੱਖਦੇ ਨੇ ਤੇ ਨਾਲ ਹੀ ਕੋਈ ਨਾ ਕੋਈ ਮੁੱਦਾ ਰੱਖ ਫ਼ਿਲਮ ਨੂੰ ਖੁਸ਼ੀ ਨਾਲ ਸਮਾਪਤ ਕਰਦੇ ਹਨ। ਹਰਬੀਰ ਢੀਂਡਸਾ ਨੇ ਭੈਣ ਭਰਾ ਦੇ ਪਿਆਰ ਤੇ ਫ਼ਿਲਮ ਕੀਤੀ ਓਹਨਾਂ ਨੇ ਪੰਜਾਬ ਤੇ ਵਧਦੇ ਨਸ਼ੇ ਤੇ ਫ਼ਿਲਮ ਕੀਤੀ। ਓਹਨਾਂ ਦੀ ਫ਼ਿਲਮ, “ਇੱਕ ਦੁੱਖ ਹੋਰ ਸਹੀ” ਅੱਤੀ ਉੱਤਮ ਫ਼ਿਲਮ ਹੈ। ਹਰਬੀਰ ਢੀਂਡਸਾ ਨੇ ਔਰਤ ਨੂੰ ਮਜਬੂਤ ਕਰਨ ਲਈ “ਅਣਖੀ ਔਰਤ” ਫ਼ਿਲਮ ਕੀਤੀ ਹੈ। ਯੂਟਿਊਬ ਤੇ ਹਰਬੀਰ ਢੀਂਡਸਾ ਦੀਆਂ ਫ਼ਿਲਮਜ਼ ਲਈ ਵਧੀਆ ਪ੍ਰਤੀਕਰਮ ਆਉਂਦੇ ਹਨ। ਉਹਨਾਂ ਕਹਾਣੀ ਅਨੁਸਾਰ ਕਲਾਕਾਰ ਲਏ ਨੇ ਪਰ ਕਈਆਂ ਨੂੰ



ਉਤਸ਼ਾਹਿਤ ਕੀਤਾ ਜਿਹੜੇ ਬੁਢਾਪੇ ਵਿੱਚ ਨੇ ਪਰ ਇਥੇ ਸਾਰੇ ਹਰਬੀਰ ਢੀਂਡਸਾ ਜਿਹੇ ਨਹੀਂ। ਹੁਣ ਓਹ ਤਕਰੀਬਨ ਫ਼ਿਲਮ ਦੇ ਹਿਸਾਬ ਨਾਲ ਕਲਾਕਾਰ ਲੈਂਦੇ ਹਨ। ਫ਼ਿਲਮਜ਼ ਦੇ ਨਾਲ ਓਹ ਸਮਾਜ ਸੇਵਕ ਵੀ ਹਨ, ਹਰਬੀਰ ਸਿੰਘ ਢੀਂਡਸਾ ਦੀਆਂ ਇਹ ਫ਼ਿਲਮਾਂ ਜਲਦੀ ਕੋਈ ਐਵਾਰਡ ਲੈਣਗੀਆਂ ਤੇ ਇੱਕ ਦਿਨ ਓਹਨਾਂ ਦੀਆਂ ਫ਼ਿਲਮਜ਼ ਨੈੱਟ ਫਲਿਕਸ ਐਮਾਜ਼ੋਨ ਤੇ ਵੀ ਆ ਸਕਦੀਆਂ ਹਨ। ਹਰਬੀਰ ਢੀਂਡਸਾ ਦੇ ਨਿਰਦੇਸ਼ਕ ਕੈਰੀਅਰ ਲਈ ਦੁਆਵਾਂ ਤੇ ਨਿਰਮਾਤਾ ਬਣ ਓਹਨਾਂ ਲਈ ਕਾਮਨਾ ਕਿ ਓਹਨਾਂ ਦੀਆਂ ਫ਼ਿਲਮਜ਼ ਮੁਨਾਫ਼ੇ ਵਿੱਚ ਜਾਣ ਤਾਂ ਕਿ ਭਵਿੱਖ ਵਿੱਚ ਓਹ ਵੱਡੀਆਂ ਪੰਜਾਬੀ ਫ਼ਿਲਮਾਂ ਵੀ ਨਿਰਦੇਸ਼ਤ ਕਰਨ ਤੇ ਮਿਊਜ਼ਿਕ ਹੱਟ ਟੀਵੀ ਵੱਡੀ ਫ਼ਿਲਮ ਬਣਾਏ। ਕਰੋਨਾ ਵੇਲੇ ਕਲਾਕਾਰਾਂ ਦੀ ਮਦਦ, ਵੀਡਿਓ ਗੀਤਾਂ ਦਾ ਨਿਰਦੇਸ਼ਕ ਬਣ ਕੰਮ ਤੇ ਸਾਹਿਤਕ ਰੁਚੀ ਵਾਲੇ ਹਰਬੀਰ ਢੀਂਡਸਾ ਦੀ ਮਹਿਬੂਬ ਜੀਵਨ ਸਾਥਣ ਪਰਮਜੀਤ ਕੌਰ ਓਹਨਾਂ ਦੀ ਊਰਜਾ ਹੈ, ਸ਼ਕਤੀ ਹੈ ਤੇ ਹਰਬੀਰ ਢੀਂਡਸਾ ਇੱਕ ਦਿਨ ਐਵਾਰਡ ਜੇਤੂ ਨਿਰਦੇਸ਼ਕ ਹੋਣਗੇ ਆਫ਼ਰੀਨ।

-ਅੰਮ੍ਰਿਤ ਪਵਾਰ

# ਬਚਨ ਬਿਲਾਸ



## ਵਿਅੰਗ

### ਸ਼ਿਵਚਰਨ ਜੱਗੀ ਕੁੱਸਾ



ਪਿੰਡ ਦੇ ਗੁਰਦੁਆਰੇ ਕੋਲ ਇਕ ਪੁਰਾਣਾ ਬੋਹੜ। ਬੋਹੜ ਦੇ ਦੁਆਲੇ ਬਣਿਆ ਇੱਟਾਂ ਅਤੇ ਸੀਮਿੰਟ ਦਾ ਮਜਬੂਤ ਚਬੂਤਰਾ। ਬੁੱਢੇ ਬੋਹੜ ਦੀ ਠੰਢੀ-ਠੰਢੀ ਛਾਂ ਹੁੰਦੀ, ਮਾਂ ਦੀ ਅਸੀਸ ਵਰਗੀ! ਇਸ ਕਰਮਾਂ ਵਾਲੀ ਛਾਂ ਹੇਠ, ਛੇ ਸਾਲ ਦੀ ਉਮਰ ਤੋਂ ਲੈ ਕੇ ਅੱਸੀ ਸਾਲ ਦੀ ਉਮਰ ਦੇ ਬਜ਼ੁਰਗਾਂ ਤੱਕ ਇਕੱਤਰ ਹੁੰਦੇ। ਇਸ ਛਾਂ ਵਿਚ ਇਤਨਾ ਜਾਦੂ ਸੀ ਕਿ ਸਾਰੇ ਜ਼ਾਤ-ਪਾਤ ਦੇ ਅਰਥ ਭੁੱਲ ਜਾਂਦੇ। ਬੱਸ! ਚੇਤੇ ਰਹਿ ਜਾਂਦਾ, ਹੱਸਣਾ-ਖੇਡਣਾ ਅਤੇ ਲੱਤੋ-ਲੱਤੀ ਹੋਣਾ।

-"ਓਏ ਆ ਬਈ ਬੀਘੜਾ ਕੀ ਹਾਲ ਐ...?" ਬਚਿੰਤਾ ਬੁੜ੍ਹਾ ਪੁੱਛਦਾ।

-"ਲੋਟ ਐ ਬਾਬਾ!"

-"ਬੀਘੜਾ, ਮੱਲਾ ਇੱਕ ਗੱਲ ਪੁੱਛਾਂ?"

-"ਬਾਬਾ ਕੋਈ ਪੁੱਠੀ ਗੱਲ ਨਾ ਕਰੀਂ।"

-"ਹੈ ਕਮਲਾ...! ਪੁੱਠੀ ਗੱਲ ਕਿਉਂ ਕਰੂੰ, ਮੈਂ ਕਮਲੈਂ...?"

-"ਪੁੱਛ ਬਾਬਾ ਫੇਰ!"

-"ਅੱਜ ਤੇਰੀ ਬੇਬੇ ਫ਼ੁਲਕਾਰੀ ਉਤੇ ਲੈ ਕੇ ਵੀਹੀਆਂ 'ਚ ਕਾਹਤੋਂ ਗੇੜੇ ਦਿੰਦੀ ਫਿਰਦੀ ਸੀ? ਦੇਖਿਓ ਮੱਲੋ ਕਿਤੇ ਥੋਡਾ ਚੁੱਲ੍ਹਾ ਨਾ ਠੰਢਾ ਕਰਜੇ?"

ਹਾਸੜ ਪੈ ਗਈ।

-"ਬਾਬਾ, ਮੈਨੂੰ ਪਹਿਲਾਂ ਈ ਪਤਾ ਸੀ ਬਈ ਤੀਂ ਕੋਈ ਲੁੱਚੀ ਗੱਲ ਈ ਕਰੇਂਗਾ।"

-"ਮੱਲਾ, ਪੁੱਛਣ 'ਚ ਕੋਈ ਹਰਜ ਤਾਂ ਨ੍ਹੀ?"

-"ਓਏ ਬਾਬਾ...! ਕਿਉਂ ਮਗਜ ਮਾਰੀਆਂ ਕਰਦਾ ਹੁੰਨੈਂ? ਮੇਰੀ ਬੇਬੇ ਦੇ ਤਾਂ ਛਪਾਕੀ ਲਿੱਕਲੀ ਵੀ ਸੀ, ਡਾਕਦਾਰ ਤੋਂ ਕੋਈ ਗੋਲੀ ਗੱਪਾ ਲੈਣ ਗਈ ਹੋਊ।"

-"ਪਰ੍ਹਭਾਂ ਦੀ ਖ਼ੈਰ ਹੋਵੇ...!" ਬਾਬੂ ਮੀਰ ਖੱਚਰ ਲੈ ਕੇ ਆ ਗਿਆ।

-"ਪਰ੍ਹਭਾ, ਖੱਚਰ ਦੇ ਦੋ ਪੈਰ ਦਿਖਾ!"

-"ਨਹੀਂ ਪਰ੍ਹਭਾ...! ਮੇਰਾ ਸੰਦ ਜਿਆ ਬਣਿਆ ਵਿਐ...। ਰਹਿਣ ਦਿਓ ਦੋ ਪੈਰ ਦੇਖਣ ਨੂੰ, ਖੱਚਰ ਮਾੜੀ ਐ, ਨਾ ਮੇਰੇ ਬੀਰ, ਡਿੱਗਪੂਗੀ।"

-"ਨਹੀਂ ਪਰ੍ਹਭਾ, ਇਹਦੇ ਦੋ ਪੈਰ ਜਰੂਰ ਦੇਖਣੇ ਐਂ, ਨਹੀਂ ਐਤਕੀਂ ਲਾਂਗਾ ਨ੍ਹੀ ਦੇਣਾ, ਫੇਰ ਹਾੜ੍ਹੇ ਨਾ ਕੱਢੀਂ, ਦੇਖ ਲੈ!"

ਬਾਬੂ ਮੀਰ ਨੇ ਖੱਚਰ ਦੇ ਅੱਡੀ ਮਾਰੀ। ਟੈਰ ਵਿਚਾਰੇ ਦੀ ਮਾੜੀ ਸੀ, ਮੋਸ਼ਨ ਫੜਨ ਦੀ ਵਜਾਏ, ਥਾਂ 'ਤੇ ਹੀ "ਦਾਅੜ" ਕਰਦੀ ਡਿੱਗ ਪਈ। ਬਾਬੂ ਮੀਰ ਦੁਹਾਈ ਦੇਣ ਲੱਗ ਪਿਆ, "ਲਓ ਖਸਮੋਂ..! ਚਾਰੇ ਪੈਰ ਈ ਦੇਖ ਲਓ..!" ਟੈਰ ਦੀਆਂ ਚਾਰੇ ਟੰਗਾਂ ਹੀ ਉਤਾਂਹ ਹੋ ਗਈਆਂ ਸਨ।

-"ਓਏ ਸੱਘਿਆ...! ਤੂੰ ਕਿਮੇਂ ਬੁੜ-ਬੁੜ ਕਰਦਾ ਆਉਨੈਂ?" ਕਿਸੇ ਨੇ ਅਮਲੀ ਨੂੰ ਪੁੱਛਿਆ।

-"ਕਾਹਦੀ ਗੱਲ ਐ ਯਾਰ? ਦਲੀਪ ਮਾੜੂ ਨੇ ਨਮੀਂ ਹੱਟੀ ਪਾਈ ਐ ਨਾ?"

-"ਆਹੋ!"

-"ਪਰਸੋਂ ਦਾ ਕੋਈ ਗਾਹਕ ਨ੍ਹੀ ਆਇਆ...। ਤੇ ਭਾਈ ਮੈਂ ਪੰਜ ਸੇਰ ਕਣਕ ਲੈ ਕੇ ਜਾ ਫ਼ਸਿਆ...। ਪੂਰੀ ਪੰਜ ਸੇਰ ਕਣਕ ਤੁਲਵਾ ਕੇ ਮੈਂ ਪੁੱਛਿਆ: ਕਿੰਨੇ ਦੀ ਐ? ਕਹਿੰਦਾ ਅਖੇ ਪੰਜ ਆਨੇ ਦੀ...। ਮੈਂ ਕਿਹਾ ਕੁੱਤੀਏ ਜਾਤੇ...! ਪਸੇਰੀ ਕਣਕ ਪੰਜ ਆਨੇ ਦੀ ਕਿਮੇਂ...? ਤੇ ਮੈਨੂੰ ਬਣਾ ਸਮਾਰ ਕੇ ਕਹਿੰਦਾ; ਅਖੇ ਮੈਂ ਵੀ ਪਰਸੋਂ ਦਾ ਵਿਹਲਾ ਬੈਠੈਂ, ਤੈਥੋਂ ਈ ਪੂਰੇ ਕਰਨੇ ਐਂ, ਤੇ ਚੱਕ ਮੇਰੇ ਭਾਈ! ਕੰਜਰ ਪਸੇਰੀ ਕਣਕ ਨੂੰ ਉੜਦੂ ਲਾ ਗਿਆ...। ...ਤੇ ਜਦੋਂ ਮੈਂ ਘਰੇ ਆਇਆ ਤਾਂ ਨਿੱਕੀ ਦੀ ਬੇਬੇ ਨੇ ਖੌਸੜਾ ਲਾਹ ਲਿਆ...!"

-"ਓਏ ਕਬੀਛਰਾ....!" ਨਹਿੰਗ ਸਿੰਘ ਨੇ ਉਭੜਵਾਹਿਆਂ ਵਾਂਗ ਛੋਟੇ ਬਹਿਵਤੀ ਨੂੰ ਕਿਹਾ। ਬਹਿਵਤੀ ਤੁਕਾਂ ਜੋੜਨ ਵਿੱਚ ਬੜਾ ਮਾਹਿਰ ਸੀ। ਜਿਸ ਕਰਕੇ ਸਾਰੇ ਪਿੰਡ ਵਾਲੇ ਉਸ ਨੂੰ 'ਕਵੀਸ਼ਰ' ਕਹਿੰਦੇ ਸਨ।

-"ਹਾਂ ਬਾਬਾ?"

-"ਗੱਜਣ ਤੇ ਬਾਰੂ 'ਕੱਠੇ ਤੁਰੇ ਆਉਂਦੇ ਐ, ਇਹਨਾਂ 'ਤੇ ਕਬੀਛਰੀ ਜੋੜ!"

-"ਨਾ ਬਈ, ਕੁੱਟਣਗੇ!"

ਅਸਲ ਵਿਚ ਗੱਜਣ ਦਾ ਦਾਹੜਾ ਬੜਾ ਭਰਵਾਂ ਸੀ। ਸਾਰੇ ਮੂੰਹ 'ਤੇ ਅੱਖਾਂ ਤੱਕ ਫ਼ੈਲਰਿਆ ਹੋਇਆ। ਪਰ ਇਸ ਦੇ ਬਿਲਕੁਲ ਉਲਟ ਬਾਰੂ ਸੱਠਾਂ ਸਾਲਾਂ ਦਾ ਹੋ ਗਿਆ ਸੀ, ਪਰ ਉਸ ਦੇ ਕੁਦਰਤੀਂ ਦਾਹੜੀ ਹੀ ਨਹੀਂ ਆਈ ਸੀ। ਲੰਕਾ ਦਾ ਚੋਰ ਲੱਗਦਾ ਸੀ।

-"ਅਸੀਂ ਬੈਠੇ ਐਂ...! ਜਮਾਂ ਨ੍ਹੀ ਕੁਛ ਆਖਣ ਦਿੰਦੇ, ਬਣ ਕੇਰਾਂ ਮੱਲ...!"

-"ਜਲਦੀ ਕਰ...! ਡਰਦਾ ਕਾਹਤੋਂ ਐਂ...?" ਕਹਿਣ 'ਤੇ ਬਹਿਵਤੀ ਨੇ ਹੇਕ ਚੁੱਕੀ, "ਗੱਜਣ ਦੀ ਦਾਹੜੀ ਉਤੇ ਬੜਾ ਭਾਗ ਜੀ.... ਬਾਰੂ ਸਿਉਂ ਨੂੰ ਦੇਤਾ ਚਿੱਟਾ ਈ ਜਵਾਬ ਜੀ...!"

ਹੱਸਦੀ ਮੁੰਡੀਹਰ ਦੀਆਂ ਵੱਖੀਆਂ ਟੁੱਟ ਗਈਆਂ।

-"ਖੜ੍ਹ ਤੇਰੀ ਮਾਂ ਦੀ...!" ਬਾਰੂ ਝਈ ਲੈ ਕੇ ਪਿਆ ਤਾਂ ਬਹਿਵਤੀ ਤਿੱਤਰ ਹੋ ਗਿਆ।

-"ਓਏ ਇਹਨੇ ਕਲਫ਼ ਲਾਉਣੀ ਕਦੋਂ ਕੁ ਤੋਂ ਛੱਡਤੀ...?" ਦੁੱਲੇ ਨੂੰ ਆਉਂਦਾ ਦੇਖ ਕੇ ਧਰਤ ਬੋਲਿਆ।

-"ਜਦੋਂ ਤੋਂ ਇਹਨਾਂ ਦੇ ਫ਼ੌਜੀ ਨੇ ਛੱਡਤੀ।"

-"ਕੀ ਮਤਬਲ...?"

-"ਗੁਰੂ ਭਲਾ ਕਰੇ...! ਜਦੋਂ ਫ਼ੌਜੀ ਨੇ ਕਲਫ਼ ਘੋਲ ਕੇ ਲਾਉਣ ਲੱਗਣਾ, ਤਾਂ ਇਹਨੇ ਕੋਲ ਜਾ ਵੜਨਾ...। ਫ਼ੌਜੀ ਨੇ ਤਾਂ ਬੁਰਸ਼-ਬਰਸ਼ ਨਾਲ ਲਾਉਣੀ, ਤੇ ਇਹਨੇ ਪਤੰਦਰ ਨੇ ਪਰਾਂਤ 'ਚ ਹੱਥ ਫੇਰਨ ਮਾਂਗੂੰ ਫ਼ੌਜੀ ਦੀ ਕਲਫ਼ ਆਲੀ ਪਲੇਟ 'ਚ ਹੱਥ ਜਿਆ ਫੇਰ ਕੇ ਦਾਹੜੀ 'ਤੇ ਉਂਈਂ ਮਲ ਲੈਣੀ, ਜਿਮੇਂ ਦੇਗ ਖਾ ਕੇ ਘਿਉ ਮਲੀਦੈ, ਤੇ ਅਖੀਰ ਅੱਕਿਆ ਵਿਆ ਫ਼ੌਜੀ ਕਲਫ਼ ਲਾਉਣੋਂ ਈ ਹੱਟ ਗਿਆ, ਤੇ ਇਹੇ ਆਪੇ ਈ ਹੱਟਣਾ ਸੀ...।"

-"ਲਓ ਜੀ...! ਆਉਂਦੇ ਐ ਦਿਹਾਤੀ ਪ੍ਰੋਗਰਾਮ ਦੇ ਠੰਢੂ ਰਾਮ ਹੋਰੀਂ, ਮਿਲੋ ਇਹਨਾਂ ਨੂੰ!" ਹਰੀ ਅਤੇ ਟਪੂ ਪੰਡਤ ਨੂੰ ਆਉਂਦਿਆਂ ਦੇਖ ਕੇ ਸਾਧੂ ਲੰਮਾਂ ਬੋਲਿਆ।

-"ਇਹ ਦੇਣਗੇ ਹੁਣ ਖ਼ਬਰਾਂ ਲਾਹੌਰ ਟੇਸ਼ਣ ਦੀਆਂ।"

-"ਇਹਦੀ ਨਵੀਂ ਗੱਲ ਸੁਣੀ ਐਂ?"

-"ਨਹੀਂ...!"

-"ਇਹ ਮੱਝ ਨਵੇਂ ਦੁੱਧ ਕਰਵਾਉਣ ਚਲਿਆ ਗਿਆ...। ਹੱਥ ਜੋੜ ਕੇ ਝੋਟੇ ਮੂਹਰੇ ਖੜ੍ਹ ਗਿਆ...। ਅਖੇ ਝੋਟਾ ਜੀ, ਥੋਡਾ ਮਿੰਟ ਦਾ ਕੰਮ ਐਂ, ਤੇ ਸਾਡੇ ਜੁਆਕਾਂ ਦੀ ਸਾਲ ਦੀ ਲੱਸੀ ਐ, ਕਿਰਪਾ ਕਰੋ, ਮਿੰਟ ਲਾਓ...!"

ਹੱਸਦੀ ਮੁਡੀਹਰ ਲਿਟਣ ਲੱਗ ਪਈ।

-"ਕਾਹਨੂੰ ਭਕਾਈ ਮਾਰਦੇ ਐਂ ਬਾਧੂ ਦੀ ਉਏ ਕੁੱਤਿਓ...?" ਘੋਗੜ ਨੇ ਦਬਕਿਆ।

-"ਰਾਮ ਰਾਮ ਜੀ!"

-"ਰੱਮ ਰੱਮ ਪੰਡਜੀ!"

-"ਪੰਡਜੀ, ਕੋਈ ਨਮੀਂ ਤਾਜੀ?"

ਟਪੂ ਪੰਡਤ ਹਕੀਮ ਸੀ। ਜਿਸ ਕਰ ਕੇ ਪਿੰਡ ਦੀ ਹਰ ਖ਼ਬਰ ਉਸ ਕੋਲ ਪਹਿਲਾਂ ਪਹੁੰਚਦੀ ਸੀ।

-"ਬੱਕਰੀਆਂ ਆਲੇ ਗੇਲੇ ਦੀ ਬਹੂ ਕੋਲੇ ਕਾਕੈ...!"

-"ਦੂਰ ਫਿੱਟੇ ਮੂੰਹ ਭੈਣ ਦਾ ਛੁਣਛਣਾ ਦੇਣੇ...!" ਅਮਲੀ ਇਉਂ ਟੱਪਿਆ ਜਿਵੇਂ ਉਸ ਦੇ ਪੈਰ ਹੇਠ ਸੱਪ ਆ ਗਿਆ ਸੀ।

-"ਕਿਉਂ ਅਮਲੀਆ...? ਤੈਨੂੰ ਬੜਾ ਦੁੱਖ ਲੱਗਿਆ...?"

-"ਕੁੜੀ ਸਾਲੇ ਦੀ ਬਿਆਹੁਣ ਆਲੀ ਹੋਈ ਪਈ ਐ, ਆਹ ਕੀ ਕੀਤਾ ਸਾਲੇ ਕਮਲ਼ੇ ਨੇ?"

-"ਇਹ ਤਾਂ ਰੱਬ ਦੀ ਦੇਣ ਐਂ, ਕਿਤੇ ਸਿੱਟੇ ਜਾਂਦੇ ਐ?"

-"ਹੱਟ ਕੁੱਤੀਏ ਸਾਲੇ ਆਪ ਨ੍ਹੀ ਕਹਿਣ ਦਿੰਦੇ, ਨਾਂ ਬੱਦੂ ਰੱਬ ਦਾ!"

-"ਹੋਰ ਪੰਡਜੀ?"

-"ਹੋਰ ਕੀ ਐ ਭਾਈ? ਕਲਜੁਗ ਆ ਗਿਆ! ਕਾਕੂ ਪਿੰਗਲੇ ਦੀ ਕੁੜੀ ਐ ਨਾ ਕੋਕੇ ਆਲੀ?"

-"ਆਹੋ- !"

-"ਉਹਨੂੰ ਸਾਧ ਲੈ ਗਿਆ।"

-"ਬਾਖਰੂ...! ਕਿਮੇਂ...?"

-"ਰਾਮ ਬਖ਼ਸ਼ੀ ਰੱਖੇ...। ਕਈ ਮਹੀਨਿਆਂ ਤੋਂ ਇਹਨਾਂ ਦੇ ਘਰੇ ਆਉਂਦਾ ਸੀ, ਅਖੇ ਥੋਡੇ ਘਰੇ ਕਿਸੇ ਨੇ ਤਬੀਤ ਨੱਪੇ ਵੇ ਐ...। ਤੇ ਅੱਜ ਭਾਈ ਉਹਨੂੰ ਟੈਗਸੀ 'ਚ ਲੈ ਕੇ ਆਏ, ਨਾਲ ਉਹਦੇ ਇੱਕ ਸਾਧਣੀ...। ਸਾਧ ਨੇ ਤਾਂ ਕੁਛ ਕਿਹਾ ਨਾ ਤੇ ਸਾਧਣੀ ਕਹਿੰਦੀ; ਅਖੇ ਆਹ ਕੁੜੀ ਨੂੰ ਤਾਂ ਅਸੀਂ ਦੋ-ਚਹੁੰ ਦਿਨਾਂ ਆਸਤੇ ਲੈ ਕੇ ਜਾਣੈਂ, ਸਾਡੀ ਸੇਵਾ ਕਰੂ ਤੇ ਸ਼ਾਂਤੀ ਪਾਊ!"

-"ਤੇ ਫੇਰ ਤੋਰਤੀ ਇਹਨਾਂ ਨੇ..?"

-"ਲੈ ਉਹ ਤਾਂ ਸਾਰਾ ਟੱਬਰ ਹੱਥ ਜੋੜੀ ਖੜ੍ਹਾ...। ਅਖੇ ਲੈਜੋ ਮਾਤਾ ਜੀ।"

-"ਕੁੜੀ ਤਾਂ ਨੀ ਕਿਸੇ ਪਾਸੇ ਜੋਗੀ ਰਹਿੰਦੀ ਹੁਣ।"

-"ਆਹੋ, ਕੀ ਪਤੈ ਬਈ ਇਹ ਸਾਲੇ ਕੀ ਸੁਆਹ ਖੇਹ ਖਾਂਦੇ ਐ?" ਅਮਲੀ ਕਾਫ਼ੀ ਚਿਰ ਬਾਅਦ ਬੋਲਿਆ ਸੀ।

-"ਹੁਣ ਤਾਂ ਕੋਕੇ ਜੜ ਕੇ ਈ ਮੋੜਨਗੇ।"

-"ਆਪਣੀ ਦੁਨੀਆਂ ਦੇ ਵੀ ਗੋਲੀ ਮਾਰੇ!"

-"ਮਹਾਤੜ ਪਾਣੀ ਪੀਣ ਜਾ ਵੜੇ, ਸਾਲੇ ਭੈੜ੍ਹੇ ਜੇ ਆਨੇ ਕੱਢਣਗੇ, ਤੇ ਆਹ ਦੇਖਲਾ...! ਹੈਅ ਥੋਡੀ ਬੇੜੀ ਬਹਿਜੇ..! ਗੜ੍ਹੌਂਪੇ ਅਰਗੀ ਕੁੜੀ ਸਾਹਣ ਨਾਲ ਤੋਰਤੀ।"

-"ਪੰਡਜੀ, ਕੜਬਚੱਬਾਂ ਦਾ ਕੀ ਬਣਿਆ?"

-"ਬਣਨਾ ਬਣਾਉਣਾ ਕੀ ਸੀ...? ਠਾਣੇਦਾਰ ਨੇ ਪੈਸੇ ਪੂਸੇ ਲੈ ਕੇ ਰੱਸੇ ਲਾਹਤੇ।"

-"ਦੇਖ ਲੈ, ਸਾਲੇ ਦੇ ਪਿਉ-ਦਾਦੇ ਮੁੱਲ ਦੀਆਂ ਲਿਆਉਂਦੇ ਰਹੇ ਐ...। ਹੁਣ ਇਹਨੂੰ ਧੋਪਲ ਜੇ ਨੂੰ ਮਾੜਾ ਜਿਆ ਪੜ੍ਹਿਆ ਲਿਖਿਆ ਕਰਕੇ ਰਿਸ਼ਤਾ ਹੋਇਆ ਸੀ, ਉਹ ਵੀ ਬਿਚਾਰੀ ਦਾਜ ਕਰ ਕੇ ਸਾੜਤੀ।"

-"ਕੁੜੀ ਦੇ ਮਾਪਿਆਂ ਨੇ ਕੁਛ ਨ੍ਹੀਂ ਕੀਤਾ...?"

-"ਹੈ ਕਮਲਾ...! ਪੁਲਸ ਪੈਸੇ ਆਲਿਆਂ ਦੀ ਮਿੱਤ ਐ...। ਉਹ ਬਿਚਾਰੇ ਗਰੀਬ ਐ...। ਐਮ ਐਲੇ ਕੋਲੇ ਵੀ ਬਥੇਰੇ ਗੇੜੇ ਕੱਢੇ ਐ, ਉਹ ਨਾਲ ਈ ਨ੍ਹੀ ਤੁਰਿਆ, ਕਹਿੰਦਾ ਅਖੇ ਥੋਡਾ ਘਰ ਦਾ ਮਸਲਾ ਐ ਆਪ ਨਬੇੜੋ...। ਪੁੱਛਣਾ ਹੋਵੇ ਬਈ ਜਦੋਂ ਅਗਲਿਆਂ ਦੀ ਪਾਲੀ ਪੋਸੀ ਵੀ ਮਾਰਤੀ, ਫੇਰ ਘਰ ਦਾ ਮਸਲਾ ਕਾਹਦਾ ਰਹਿ ਗਿਆ...? ਅਗਲੇ ਲਹੂ ਦੀ ਘੁੱਟ ਭਰ ਕੇ ਬਹਿ ਗਏ...। ਕੁੜੀ ਦੀ ਮਾਂ ਨੂੰ ਤਾਂ ਦੱਸਦੇ ਐ ਬਈ ਓਦਣ ਦੇ ਦੰਦਲਾਂ ਦੌਰੇ ਪੈਣੋਂ ਨ੍ਹੀ ਹੱਟਦੇ।"

-"ਕੀ ਦੋਸ਼ ਐ ਬਈ...? ਅਗਲੇ ਦੀ ਇੱਕੋ ਇੱਕ ਜੁਆਨ ਧੀ ਸੀ।"

-"ਅਸਲ 'ਚ ਰੌਲਾ ਕੀ ਸੀ...?"

-"ਰੌਲਾ ਕੀ ਸੀ..? ਇਹ ਮਾਊਂ ਜਿਆ ਆਬਦੀ ਮਾਂ ਦੀ ਚੁੱਕ 'ਤੇ ਕੁੜੀ ਨੂੰ ਕਹਿੰਦਾ ਅਖੇ ਜਿਹੜੀ ਤੇਰੇ ਪਿਉ ਕੋਲੇ ਦੋ-ਤਿੰਨ ਕਿੱਲੇ ਜਮੀਨ ਐਂ, ਉਹ ਮੇਰੇ ਨਾਂ ਲੁਆਵੇ...। ਦੱਸੋ ਬਈ ਜਿਉਂਦੇ ਜੀਅ ਅਗਲਾ ਕਦੋਂ ਹੱਥ ਵਢਾਉਂਦੈ?"

-"ਹੈ ਸਾਲਾ ਪੋਰ?"

-"ਹੁਣ ਆਪ ਤਾਂ ਕੁੜੀ ਦਾ ਪਿਉ ਮਰਿਆਂ ਅਰਗਾ ਈ ਐ, ਇਹਦੇ ਗੋਲੀ ਮਾਰੇ ਚੁਕਣੇ 'ਚ ਸਾਲੇ ਦੇ!"

-"ਓਏ ਗੋਲੀ ਮਾਰਨ ਜੋਕਰਾ ਉਹ ਕਾਹਨੂੰ ਐਂ ਬਿਚਾਰਾ...? ਉਹ ਤਾਂ ਪੈਰੀਂ ਪੱਗਾਂ ਧਰੀ ਗਿਆ, ਤੇ ਇਹ ਲਾਚੜਗੇ!"

ਬਾਕੀ ਹਿਸਾ ਸਫ਼ਾ 61 ਤੇ ਪੜ੍ਹੋ

60 ਸਫ਼ੇ ਦੀ ਬਾਕੀ

-"ਉਏ ਐਹੋ ਜੇ ਪੈਰੀਂ ਪੱਗਾਂ ਆਲੇ ਕਾਹਨੂੰ ਐਂ...? ਐਹੋ ਜਿਆਂ ਦੀ ਤਾਂ ਇੱਕੋ ਟੱਕ ਨਾਲ ਲੱਤ ਗਰਚ ਦੇਣੇ ਲਾਹ ਕੇ ਪਰ੍ਹਾਂ ਮਾਰੇ, ਫੇਰ ਲੋਟ ਆਉਂਦੇ ਐ।"

-"ਉਏ ਚਾਚਾ...! ਕੱਲ੍ਹ ਨੂੰ ਘੰਟਾ ਖੰਡ ਇੰਜਣ ਦੇਮੇਂਗਾ?" ਫੰਗਣ ਬੁੱਲ੍ਹੜ ਨੇ ਆ ਕੇ ਨਹਿੰਗ ਨੂੰ ਪੁੱਛਿਆ।

-"ਕੀ ਕਰਨੈਂ...?" ਨਹਿੰਗ ਦੀ ਥਾਂ ਪ੍ਰੀਤਮ ਫੱਲ੍ਹੀ ਬੋਲਿਆ।

-"ਨਰਮਾਂ ਸਿੰਜਣੈ।"

-"ਗੱਲ ਸੁਣ ਉਏ...? ਭੂੜ੍ਹ ਥੋਡੇ ਕੋਲੇ ਕਿੱਲਾ ਪੈਲੀ ਦਾ...। ਪੰਦਰਾਂ ਤੁਸੀਂ ਘਰ ਦੀ ਸਤੌਲ ਐਂ, ਤੁਸੀਂ ਤਾਂ ਛੱਪੜ 'ਚੋਂ ਬਾਲਟੀ-ਬਾਲਟੀ ਪਾਣੀ ਦੀ ਪਾਵੋਂ, ਤਾਂ ਨਰਮਾਂ ਤਰ ਹੋਜੂ, ਇੰਜਣ ਕੀ ਕਰਨੈਂ ਕੁੱਤੀਏ ਜਾਤੇ?"

-"ਲੈਜੀਂ-ਲੈਜੀਂ!" ਚਲਾਕੂ ਕਾਮਰੇਡ ਨੇ ਨਹਿੰਗ ਵੱਲੋਂ ਹਾਮੀਂ ਭਰੀ।

-"ਲੈ ਬਈ ਨਹਿੰਗਾ, ਇੱਕ ਗੱਲ ਦੱਸ?" ਕਾਮਰੇਡ ਨੇ ਉਸ ਵੱਲ ਮੂੰਹ ਕੀਤਾ।

-"ਬਈ ਤੁਸੀਂ ਸੋਟੇ ਨੂੰ ਮੁਲਾਹਜੇ-ਤੋੜ ਕਿਉਂ ਆਖਦੇ ਐਂ?"

-"ਦਸਵੇਂ ਪਾਤਸ਼ਾਹ ਨੇ ਇਹਦਾ ਨਾਂ ਰੱਖਿਆ ਸੀ ਕੁਤਕ।" ਨਹਿੰਗ ਨੇ ਕਹਿਣਾ ਸ਼ੁਰੂ ਕੀਤਾ।

-"ਹਲਾ!"

-"ਤੇ ਅਸੀਂ ਇਹਨੂੰ ਮੁਲਾਹਜੇ ਤੋੜ ਤਾਂ ਕਹਿੰਨੇ ਐਂ ਬਈ ਜੀਹਦੇ ਟੋਟਣ 'ਚ ਇੱਕ ਠੁਕ ਗਿਆ, ਉਹਦੇ ਨਾਲ ਮੁਲਾਹਜਾ ਰਹਿੰਦਾ ਈ ਨ੍ਹੀ, ਅਗਲਾ ਪਾਰ ਬੋਲ ਜਾਂਦੈ...। ਛੇਵੇਂ ਪਾਤਸ਼ਾਹ ਨੇ ਭਾਈ ਭੱਲਣ ਤੋਂ ਮੁਲਾਹਜੇ ਤੋੜ ਨਾਲ ਸ਼ੇਰ ਦਾ ਸ਼ਿਕਾਰ ਕਰਵਾਇਆ ਸੀ-।"

-"ਵਾਹ ਜੀ ਵਾਹ!"

-"ਪੰਡਜੀ, ਰੱਤੂ ਦਾ ਕੀ ਹਾਲ ਐ ਸੱਚ?" ਆਤਮੇਂ ਫ਼ੱਕਰ ਨੇ ਅਚਾਨਕ ਪੁੱਛਿਆ।

-"ਬੁਰਾ ਈ ਹਾਲ ਐ...। ਦਿਲ ਦਾ ਰੋਗ ਐ...। ਚੱਲੀ ਜਾਵੇ, ਚੱਲੀ ਜਾਵੇ, ਜਿੱਦੇਂ ਖੜ੍ਹ ਗਿਆ, ਬੱਸ...!"

-"ਮਾੜੀ 'ਲਾਦ ਵੀ ਨਾ ਜੰਮੇ ਕਿਸੇ ਦੇ...। ਕੱਲ੍ਹ ਦੀਆਂ ਗੱਲੈਂ, ਜਦੋਂ ਮੁਧਕਰ ਚੱਕਦਾ ਹੁੰਦਾ ਸੀ...। ਕਿਸੇ ਨੂੰ ਨੇੜੇ ਨ੍ਹੀ ਸੀ ਲੱਗਣ ਦਿੰਦਾ...। 'ਲਾਦ ਮਾੜੀ ਲਿੱਕਲਗੀ...। ਮੁੰਡਾ ਸਿਰੇ ਦਾ ਬੈਲੀ ਤੇ ਕੁੜੀ...? ਸਹੁਰੀ ਨੂੰ ਹਾਥ ਈ ਕੋਈ ਨ੍ਹੀ...। ਕੋਈ ਜੀਅ ਨ੍ਹੀ ਛੱਡਿਆ ਲੇਖੇ ਨਾਲ...। ਬੱਸ ਜਿੱਦਣ ਦੀ ਕੁੜੀ ਨੇ ਬੇਇੱਜ਼ਤੀ ਕੀਤੀ ਐ, ਓਦਣ ਦਾ ਮੰਜੇ ਤੋਂ ਈ ਨ੍ਹੀ ਉਠਿਆ ਸਹੁਰਾ।"

-"ਉਹਨੇ ਸਹੁਰੀ ਨੇ ਬੇਇਜ਼ਤੀ ਕਾਹਤੋਂ ਕੀਤੀ?"

-"ਕੀ ਦੱਸਾਂ ਸਹੁਰੀ ਦੇ ਕਾਰੇ...? ਹੁਣ ਤਾਂ ਬਾਹਰਲੇ ਪਿੰਡਾਂ ਦੇ ਮੁੰਡੇ ਸਿੱਧੇ ਈ ਘਰੇ ਆਉਣ ਲੱਗਪੇ ਸੀ...। ਇਹਨੇ ਕਿਤੇ ਰੋਕਿਆ ਰੁਕਿਆ ਹੋਊ, ਰੱਬ ਜਾਣੇ,...? ਬੱਸ, ਪਤਾ ਨ੍ਹੀ ਸਹੁਰੀ ਦੇ ਡਮਾਕ ਨੂੰ ਕੀ ਫਤੂਰ ਚੜ੍ਹਿਆ...? ਮੁੰਡਿਆਂ ਦੇ ਸਾਹਮਣੇ ਈ ਸ਼ੁਰੂ ਹੋਗੀ...। ਅਖੇ ਮੇਰੀ ਬੇਬੇ ਤਾਂ ਤੈਥੋਂ ਚੌਰਿਆ ਸਾਂਭੀ ਨਾ ਗਈ, ਮੈਨੂੰ ਕੀ ਸਾਂਭੇਂਗਾ...? ਤੇ ਚੱਲ ਮੇਰੇ ਭਾਈ...! ਉਹ ਦਿਨ ਗਿਆ ਤੇ ਆਹ ਆ ਗਿਆ...। ਬਿਚਾਰਾ ਮੰਜੇ 'ਤੇ ਪਿਆ ਈ ਚੂਕੀ ਜਾਂਦੈ...। ਕੋਈ ਪਾਣੀ ਧਾਣੀ ਵੀ ਨ੍ਹੀ ਪੁੱਛਦਾ...। ਹੁਣ ਤਾਂ ਓਸ ਗੱਲ ਦੇ ਆਖਣ ਮਾਂਗੂੰ, ਮਾਵਾਂ ਧੀਆਂ ਨਾਅਮੇਂ 'ਚ ਖੇਡਦੀਐਂ...। ਮੇਲਾ ਈ ਲੱਗਿਆ ਰਹਿੰਦੈ ਘਰੇ ਸੁੱਖ ਨਾਲ।"

-"ਹੈਅ ਥੋਡੀ ਗੰਦੇ ਟੱਬਰ ਦੀ!"

-"ਕੀ ਕਰਨੈਂ ਐਹੋ ਜਿਆ ਪੈਸਾ...? ਅੱਗ ਲਾਉਣੈਂ?"

-"ਕਨੇਡੇ ਆਲਿਆਂ ਦੇ ਘਰੇ ਅੱਜ ਝੰਡੀਆਂ ਜੀਆਂ ਟੰਗੀ ਜਾਂਦੇ ਸੀ, ਕਿਸੇ ਦਾ ਬਿਆਹ-ਬੂਹ ਐ?"

-"ਓਏ ਕਾਹਨੂੰ ਬਿਆਹ ਐ...! ਉਹ ਤਾਂ ਬੁੜ੍ਹੇ-ਬੁੜ੍ਹੀ ਦੀ ਪੰਜਾਹਵੀਂ ਸ਼ਾਦੀ ਗਿਰਾਹ ਮਨਾਉਣ ਦੀ ਤਿਆਰੀ ਕਰਦੇ ਐ।"

-"ਕੀ ਕਰਦੇ ਐ...?" ਗੱਲ ਅਮਲੀ ਦੇ ਸਿਰ ਦੇ ਉਪਰੋਂ ਲੰਘ ਗਈ।

-"ਉਏ ਅਮਲੀਆ...! ਉਹਨਾਂ ਦੇ ਬੁੜ੍ਹੇ ਬੁੜ੍ਹੀ ਦੇ ਵਿਆਹ ਨੂੰ ਪੰਜਾਹ ਸਾਲ ਹੋਣ ਆਲੇ ਐ...। ਉਹਨੂੰ ਮਨਾਉਣ ਦੀ ਤਿਆਰੀ ਕਰਦੇ ਐ।" ਕਿਸੇ ਨੇ ਜ਼ੋਰ ਦੇ ਕੇ ਕਿਹਾ।

-"ਫ਼ਿੱਟ ਭੈਣ ਦੇ ਮੁੰਡਿਆਂ ਈ ਯਾਵੇ...! ਦੇਸੀ ਟੱਟੂ ਤੇ ਕੁਰਾਸ਼ਾਨੀ ਦੁਲੱਤੇ...! ਕੀ ਲੱਛਣ ਕਰਦੇ ਐ ਸਾਲੇ, ਬਈ ਲਹੁਡੀ ਦੇਣਿਓਂ...! ਕਬਰਾਂ 'ਚ ਥੋਡੀਆਂ ਲੱਤੈਂ, ਤੁਸੀਂ ਕਿਸੇ ਪੁੱਤ ਦਾ ਮਨਾਓ, ਕਿਸੇ ਪੋਤੇ ਦਾ ਮਨਾਓ, ਪੰਜਾਹਵਾਂ ਸਾਲ ਮਨਾਏ ਬਿਨਾ ਸਰਦਾ ਨ੍ਹੀ ਇਹਨਾਂ ਦਾ?"

-"ਅਮਲੀਆ, ਅੰਨ੍ਹੀ ਕਮਾਈ ਘਰੇ ਆਉਂਦੀ ਐ...। ਕਿਤੇ ਖਪਤ ਵੀ ਕਰਨੀ ਐਂ।"

-"ਇਹ ਵੀ ਭਾਈ ਗੱਲ ਠੀਕ ਐ..। ਹੱਥ ਖੁੱਲ੍ਹੈ...। ਚੋਜ ਕਰਦੇ ਐ ਜੱਟ...। ਕਹਿੰਦੇ ਹੁੰਦੇ ਐ; ਚਮਚਿਆਂ ਨਾਲ ਪੀਣ ਸ਼ਰਾਬਾਂ, ਕਰਦੇ ਜੱਟ ਚੋਜ ਕੁੜ੍ਹੇ।"

-"ਮਾਇਆ ਹਜਮ ਕਰਨੀ ਕਿਹੜਾ ਸੌਖੀ ਐ?"

-"ਐਤਕੀਂ ਬੋਟਾਂ 'ਚ ਕੌਣ ਜਿੱਤੂ ਬਈ?"

-"ਬੋਟਾਂ 'ਚ ਜਿੱਤੂ ਅਮਲੀ!" ਕੋਈ ਹੱਸਿਆ।

-"ਨਹੀਂ ਹਾਸਾ ਨ੍ਹੀ, ਕੌਣ ਜਿੱਤੂ?"

-"ਬੋਟਾਂ 'ਚ ਜਿੱਤਣਗੇ 'ਕਾਲੀ!"

-"ਮੈਂ ਤਾਂ ਬੋਟ ਕਾਮਰੇਟ ਨੂੰ ਪਾਊਂ!"

-"ਨਾਗੋਕਿਆਂ ਆਲੇ ਨੂੰ?"

-"ਆਹੋ!"

-"ਬਹੁਤ ਵੱਡੀ ਗਲਤੀ ਐ।"

-"ਕਾਹਤੋਂ?"

-"ਦੇਖ ਲਈਂ, ਨਾਗੋਕਿਆਂ ਆਲਾ ਕਾਮਰੇਟ ਪੱਠੇ ਆਪਣਿਓਂ ਖਾਇਆ ਕਰੂ, ਤੇ ਲੇਡੇ ਜਾ ਕੇ ਨਾਗੋਕੀ ਕਰਿਆ ਕਰੂ।"

ਹਾਸੜ ਪੈ ਗਈ।

-"ਆਜੋ ਸਿੰਘੋ...! ਗੱਫ਼ਾ ਲੈ ਲਓ!" ਗੁਰਦੁਆਰਿਓਂ ਭਾਈ ਜੀ ਨੇ ਹੋਕਰਾ ਮਾਰਿਆ।

-"ਚਲੋ ਬਈ।" ਅਮਲੀ ਖ਼ੁਸ਼ੀ 'ਚ ਕੁੜਤੇ ਦੀਆਂ ਬਾਹਵਾਂ ਚਾਹੜਨ ਲੱਗ ਪਿਆ।

-"ਅਮਲੀਆ, ਬਾਂਹਾਂ ਤਾਂ ਇਉਂ ਚੜ੍ਹਾਉਣ ਲੱਗ ਪਿਆ, ਜਿਵੇਂ ਮੱਝ ਸੁਆਉਣੀ ਹੁੰਦੀ ਐ?"

-"ਉਏ ਇਹ ਵੀ ਗੁਰਦੁਆਰੇ ਦੀ ਦੇਗ 'ਤੇ ਈ ਬਚਿਆ ਵਿਐ, ਹੋਰ ਕਿਹੜਾ ਨ੍ਹਾਮੋਂ ਇਹਨੂੰ ਚੂਰੀ ਕੁੱਟ ਕੇ ਦਿੰਦੀ ਐ?" ਪਿੱਛੋਂ 'ਨ੍ਹੇਰੀ ਨੇ ਵਿਅੰਗ ਕਸਿਆ।

-"ਕਰ ਲਓ! ਕਰ ਲਓ ਬਈ ਟਿੱਚਰਾਂ, ਥੋਡੀ ਉਮਰ ਐ।" ਅਮਲੀ ਬੋਲਿਆ।

ਤੇ ਫਿਰ ਸਾਰੇ ਗੁਰਦੁਆਰੇ ਨੂੰ ਵਾਹੋਦਾਹੀ ਹੋ ਤੁਰੇ।

# ਮੇਰੀਆਂ ਦੋ ਅਭੁੱਲ ਯਾਦਾਂ!

ਗੁਰਦੀਪ ਸਿੰਘ ਮੁਕੱਦਮ
ਪਿੰਡ ਲਧਾਣਾ ਝਿੱਕਾ
98781-60133

ਫੁਰਸਤ ਦੇ ਪਲਾਂ ਵਿੱਚ ਅਕਸਰ ਮੈਂ ਆਪਣੇ ਅਤੀਤ ਵਿਚ ਗੁਆਚ ਜਾਂਦਾ ਹਾਂ। ਜ਼ਿੰਦਗੀ ਵਿਚ ਕੀਤੇ ਸੰਘਰਸ਼ ਦੀਆਂ ਅਨੇਕਾਂ ਯਾਦਾਂ ਫਿਲਮ ਵਾਂਗ ਮਸਤਿਕ ਵਿਚ ਚੱਲਨ ਲੱਗ ਪੈਂਦੀਆਂ ਹਨ!

ਸੰਨ 1978 ਵਿਚ ਬੀ.ਏ ਕਰਨ ਤੋਂ ਬਾਅਦ ਮੈ ਦੁਬੱਈ ਜਾਣ ਲਈ ਬੰਬੇ (ਮੁੰਬਈ) ਗਿਆ ਹੋਇਆ ਸੀ। ਉੱਥੇ ਦੁਬਈ ਜਾਣ ਵਾਲੇ ਅਸੀਂ 7-8 ਮੁੰਡੇ ਏਜੰਟ ਵਲੋਂ ਦਿੱਤੇ ਇਕੋ ਕਮਰੇ ਵਿਚ ਰਿਹਾ ਕਰਦੇ ਸੀ। ਅਕਸਰ ਸ਼ਾਮ ਨੂੰ ਅਸੀਂ ਹੋਰ ਲੋਕਾਂ ਦੇ ਨਾਲ ਬਾਹਰ ਸੜਕ ਕਿਨਾਰੇ ਬਣੀ 3 ਕੁ ਫੁੱਟ ਉੱਚੀ ਕੰਧ ਤੇ ਬੈਠ ਕੇ ਗੱਪ-ਸ਼ਪ ਮਾਰ ਲੈਂਦੇ ਸੀ।

ਇਕ ਦਿਨ ਅਸੀਂ ਦੋ ਦੋਸਤ ਕੰਧ ਤੇ ਬੈਠੇ ਸੀ ਕਿ ਮੇਰੇ ਨਾਲ ਵਾਲਾ ਸਾਥੀ ਸਾਹਮਣਲੀ ਦੁਕਾਨ ਤੋਂ ਸਿਗਰਟ ਲੈ ਆਇਆ। (ਉਸ ਨੂੰ ਅਸੀਂ ਕਦੇ ਕਿਸੇ ਨੇ ਵੀ ਸਿਗਰਟ ਪੀਂਦੇ ਨਹੀਂ ਦੇਖਿਆ ਸੀ!)ਮੈ ਹੈਰਾਨੀ ਨਾਲ ਉਸ ਨੂੰ ਪੁੱਛਿਆ ਕਿ ਤੂੰ ਸਿਗਰਟ ਪੀਦਾਂ? ਉਹ ਮੇਰੇ ਵੱਲ ਨੂੰ ਸਿਗਰਟ ਕਰਦਾ ਹੋਇਆ ਦੱਸਣ ਲੱਗਾ ਕਿ ਇਹ ਸਿਗਰਟ ਬਹੁਤ ਵਧੀਆ ਹੈ। ਇਹ ਐਸੀ ਹੈ ਵੈਸੀ ਹੈ।ਉਸ ਦੀਆਂ ਗੱਲਾਂ ਸੁਣ ਕੇ ਪਤਾ ਨਹੀਂ ਮੇਰੇ ਦਿਲ 'ਚ ਕੀ ਆਇਆ ਕਿ ਮੈ ਉਹਦੇ ਕੋਲੋਂ ਸਿਗਰਟ ਫੜਨ ਲਈ ਆਪਣਾ ਹੱਥ ਵਧਾ ਦਿੱਤਾ। ਪਰ ਇਸ ਤੋਂ ਪਹਿਲਾਂ ਕਿ ਮੈਂ ਸਿਗਰਟ ਫੜਦਾ ਅਚਾਨਕ ਮੇਰਾ ਦੋਸਤ ਦਲਜੀਤ ਸਿੰਘ (ਪਿੰਡ ਕਾਹਨਾਂ ਢੇਸੀਆਂ) ਪਤਾ ਨਹੀਂ ਉਹ ਐਨ੍ਹ ਉਸ ਵੇਲੇ ਕਿੱਧਰੋਂ ਆਇਆ, ਉਸ ਨੇ ਜੁੱਤੀ ਲਾਹ ਕੇ ਮੇਰੇ ਹੱਥ ਉੱਤੇ ਜੋਰ ਦੇ ਕੇ ਮਾਰੀ। ਕਹਿੰਦਾ ਪਾਉਨਾਂ ਤੇਰੇ ਘਰ ਨੂੰ ਚਿੱਠੀ ਕਿ ਤੂੰ...! ਮੈ ਉੱਥੋਂ ਉਠਿਆ ਤੇ ਆਪਣੇ ਕਮਰੇ ਵਿਚ ਆ ਗਿਆ। ਸਵੇਰੇ ਚਾਹ ਪੀਂਦੇ ਦਲਜੀਤ ਕਹਿਣ ਲੱਗਾ ਕਿ ਗੁੱਸਾ ਨਾ ਕਰੀਂ ਯਾਰ, ਮੈਨੂੰ ਜੁੱਤੀ ਨਹੀਂ ਸੀ ਮਾਰਨੀ ਚਾਹੀਦੀ ਤੇਰੇ! ਮੈ ਕਿਹਾ ਨਹੀਂ ਯਾਰ, ਸਗੋਂ ਤੈਨੂੰ ਦੋ-ਚਾਰ ਹੋਰ ਜੁੱਤੀਆਂ ਮਾਰਨੀਆਂ ਚਾਹੀਦੀਆਂ ਸਨ। ਮੈਂ ਅਹਿਸਾਨਮੰਦ ਹਾਂ ਤੇਰਾ, ਅੱਜ ਤੂੰ ਮੈਨੂੰ ਇਕ ਕਲੰਕ ਤੋਂ ਬਚਾ ਲਿਆ। ਮਹੀਨਾਂ ਕੁ ਬਾਅਦ ਮੈ ਦੁਬਈ ਚਲਾ ਗਿਆ। ਉਸ ਤੋਂ ਬਾਅਦ ਅਸੀਂ ਕਦੇ ਨਹੀਂ ਮਿਲੇ।ਪਰ ਦਲਜੀਤ ਸਿੰਘ ਅੱਜ ਵੀ ਮੇਰੀਆਂ ਯਾਦਾਂ ਚ ਵਸਿਆ ਹੋਇਆ ਹੈ।

ਇਸੇ ਤਰ੍ਹਾਂ ਦੁਬਈ ਵਿਚ ਮੈਂ ਖੱਲੀ-ਬੱਲੀ (ਆਪਣੀ ਵੀਜ਼ੇ ਵਾਲੀ ਕੰਪਨੀ ਛੱਡ ਕੇ ਦੂਸਰੀ ਕੰਪਨੀ ਵਿਚ ਕੰਮ ਕਰਨਾਂ) ਹੋ ਕੇ ਕੰਮ ਕਰਦਾ ਹੋਇਆ ਆਬੂ ਧਾਬੀ ਦੇ ਸ਼ਹਿਰ ਅਲੈਨ ਚ ਇਕ ਪਾਕਿਸਤਾਨੀ ਕੰਪਨੀ 'ਅਲ ਨਾਸਰ' ਵਿਚ ਚਲਾ ਗਿਆ। ਪਹਿਲੇ ਦਿਨ ਵਿਚ ਹੀ ਬਾਰ ਬੈਂਡਰ ਚਾਰਜਹੈਂਡ ਨਵਾਜ਼ ਖਾਨ ਮੇਰਾ ਦੋਸਤ ਬਣ ਗਿਆ। ਦੁਸਰੇ ਦਿਨ ਮੈਂ ਨਵਾਜ ਖਾਨ ਨੂੰ ਆਪਣੀ ਤਨਖਾਹ ਲਗਵਾਉਣ ਲਈ ਕਿਹਾ ਤਾਂ ਉਹ ਕਹਿੰਦਾ ਕਿ ਸੰਧੂ ਸਾਹਿਬ ਨੂੰ ਆਉਣ ਦੇ, ਉਹਦੇ ਨਾਲ ਗੱਲ ਕਰਾਂ ਗੇ। ਮੈ ਸੋਚਾਂ ਵਿਚ ਪੈ ਗਿਆ ਕਿ ਪਾਕਿਸਤਾਨੀ ਕੰਪਨੀ ਵਿਚ ਸਿੱਖ ਇੰਜੀਨੀਅਰ



ਕਿਵੇਂ? ਖੈਰ ਅਗਲੇ ਦਿਨ ਨੌਂ ਕੁ ਵਜੇ ਨਵਾਜ਼ ਖਾਨ ਕਹਿਣ ਲੱਗਾ ਕਿ ਸੰਧੂ ਸਾਹਿਬ ਆ ਗਏ, ਤੂੰ ਆਪਣੇ ਧਿਆਨ ਕੰਮ ਕਰਦਾ ਰਹਿ। ਮੈਂ ਗੱਲ ਕਰਦਾਂ ਤੇਰੀ ਤਨਖਾਹ ਬਾਰੇ। ਪੰਜ ਕੁ ਮਿੰਟ ਬਾਅਦ ਨਵਾਜ ਖਾਨ ਨੇ ਮੈਨੂੰ ਅਵਾਜ ਮਾਰੀ-'ਸਰਦਾਰ'। ਮੈ ਨਜ਼ਰ ਘੁਮਾ ਕੇ ਦੇਖਿਆ ਤਾਂ ਨਸਵਾਰੀ ਸਲਵਾਰ ਕਮੀਜ਼ 'ਚ ਛੇ ਫੁੱਟਾ ਜੁਆਨ 'ਸੰਧੂ' ਮੇਰੇ ਵੱਲ ਦੇਖ ਰਿਹਾ ਸੀ। ਉਸ ਸਮੇਂ ਤੱਕ ਮੈਨੂੰ ਨਹੀਂ ਸੀ ਪਤਾ ਕਿ ਸਾਡੀ ਜ਼ੁਬਾਨ ਹੀ ਨਹੀਂ ਸਾਡੇ ਕਈ ਗੋਤ ਵੀ ਲਹਿੰਦੇ ਪੰਜਾਬ ਨਾਲ ਸਾਂਝੇ ਹਨ।

ਮੇਰਾ ਟਾਈਮ-ਕਾਰਡ ਫੜੀ ਸੰਧੂ ਨੇ ਮੇਰੇ ਵਲ ਦੇਖਦਿਆਂ ਪੁਛਿਆ, "ਸਰਦਾਰ ਆਂ?"

"ਹਾਂ ਜੀ" ਮੈਂ ਜਵਾਬ ਦਿੱਤਾ।

"ਜੇ ਸਰਦਾਰ ਐਂ ਤਾਂ ਤੇਰੀ ਦਸਤਾਰ ਕਿੱਥੇ ਆ?"

ਮੈ ਚੁੱਪ ਰਿਹਾ।

ਮੇਰੇ ਟਾਈਮ-ਕਾਰਡ ਉੱਤੇ 40 ਦਰਾਮ ਪ੍ਰਤੀ ਦਿਨ ਤਨਖਾਹ ਲਿਖ ਕੇ ਕਹਿਣ ਲੱਗਾ ਕਿ ਮੈ ਦੂਰੋਂ ਤੇਰਾ ਕੰਮ ਦੇਖਿਆ, ਵਧੀਆ ਕਾਰੀਗਰ ਆਂ ਤੂੰ। ਜੇ ਤੇਰੇ ਸਿਰ ਤੇ ਦਸਤਾਰ ਹੁੰਦੀ ਸਰਦਾਰ ਤਾਂ ਮੈਂ ਤੈਨੂੰ 45 ਦਰਾਮ ਦੇਣੇ ਸੀ। ਵੈਸੇ ਇਸ ਕੰਪਨੀ ਚ 40 ਦਰਾਮ ਤੋਂ ਜਿਆਦਾ ਕਿਸੇ ਵਰਕਰ ਦੀ ਤਨਖਾਹ ਨਹੀਂ ਸੀ। ਇਸ ਕੰਪਨੀ ਵਿੱਚ ਮੈਂ 10-11 ਮਹੀਨੇ ਕੰਮ ਕੀਤਾ ਸੀ। ਉਸ ਤੋਂ ਬਾਅਦ ਮੈ ਕਦੇ ਓਸ ਸੰਧੂ ਸਾਹਿਬ ਨੂੰ ਨਹੀਂ ਮਿਲਿਆ। ਪਰ ਅੱਜ ਜਦੋਂ ਮੈ ਪੱਗ ਬੰਨਦਾ ਹਾਂ, ਮੈਨੂੰ ਲੱਗਦਾ ਹੈ ਕਿ ਨਸਵਾਰੀ ਸਲਵਾਰ-ਕਮੀਜ਼ ਵਿਚ ਸਜਿਆ ਉਹ ਛੇ ਫੁੱਟ ਲੰਬਾ ਪਾਕਿਸਤਾਨੀ ਗੱਭਰੂ ਸੰਧੂ ਮੇਰੇ ਆਸੇ ਪਾਸੇ ਹੀ ਖੜਾ ਹੈ ਕਿਤੇ!

# ਚਾਚਾ ਬੋਲਦਾ ਹੈ

ਰਣਵੀਰ ਸਿੰਘ ਰਾਣਾ
ranbirclair@gmail.com



ਜਿਹੜੀ ਗੱਲ ਦਾ ਚਾਚੇ ਨੂੰ ਡਰ ਸੀ, ਉਹੀ ਹੋਈ, ਜਦੋਂ ਚਾਚੀ ਤਿਆਰ ਹੋ ਕੇ ਤੁਰਨ ਲੱਗੀ, ਉਦੋਂ ਉਹਨੇ ਚਾਚੇ ਵੱਲ ਵੇਖਿਆ, ਚਾਚੀ ਆਖਣ ਲੱਗੀ, ''ਤੈਨੂੰ ਵੀਹ ਵਾਰੀ ਆਖਿਆ ਉਮਰ ਦੇ ਹਿਸਾਬ ਨਾਲ਼ ਕੱਪੜਿਆਂ ਦੇ ਰੰਗ ਫਿੱਕੇ ਕਰ ਲੈ, ਤੂੰ ਉੱਥੇ ਵਿਆਹ 'ਤੇ ਨੀ ਚੱਲਿਆ, ਪਾਠ 'ਤੇ ਚੱਲਿਆ ?'' ਚੱਲ ਉੱਠ ਕੇ ਫਿੱਕੇ ਰੰਗ ਦੇ ਕੱਪੜੇ ਪਾ ? ਚਾਚੇ ਨੇ ਹੱਥ ਜੋੜ ਕੇ ਬੜੇ ਪ੍ਰੇਮ ਨਾਲ ਆਖਿਆ,''ਭਾਗਵਾਨੇ ਬੰਦੇ ਕੱਪੜਿਆਂ ਤੋਂ ਨਹੀਂ, ਆਪਣੀਆਂ ਕਰਤੂਤਾਂ ਤੋਂ ਪਛਾਣਿਆਂ ਜਾਂਦਾ ?''

ਚਾਚੇ ਨੂੰ ਇਹ ਵੀ ਪਤਾ ਸੀ, 'ਕਮਾਨ ਵਿਚੋਂ ਤੀਰ ਨਿਕਲਿਆਂ ਤਾਂ ਵਾਪਸ ਆ ਸਕਦਾ, ਪਰ ਚਾਚੀ ਦੀ ਜ਼ੁਬਾਨ ਵਿਚੋਂ ਨਿਕਲੀ ਗੱਲ ਕਦੇ ਵਾਪਸ ਨੀ ਆ ਸਕਦੀ।'


'ਬਾਬੇ ਬਖਤੌਰੇ' ਨੇ ਨਵਾਂ ਘਰ ਲੈਣ ਦੀ ਖ਼ੁਸ਼ੀ ਵਿੱਚ ਘਰ ਪਾਠ ਰਖਵਾਇਆ ਸੀ। ਚਾਚੇ ਨੂੰ ਖ਼ਾਸ ਹਦਾਇਤ ਸੀ, ਚਾਚਾ ਤੈ ਸਾਰਿਆਂ ਤੋਂ ਪਹਿਲਾਂ ਆਉਣਾ, ਪਰ ਚਾਚੇ ਹੁਣੀ ਆਮ ਵਾਂਗੂੰ ਫੇਰ ਲੇਟ ਸੀ। ਚਾਚੇ ਨੇ ਗੱਡੀ ਵਿੱਚ ਬੈਠਦੇ ਨੇ ਇਹ ਪ੍ਰਣ ਕਰ ਲਿਆ ਸੀ , ਚਾਚੀ ਜੋ ਵੀ ਮਰਜ਼ੀ ਕਹੇ, ਤੈਂ ਆਪਣੀ ਜ਼ਬਾਨ ਬੰਦ ਹੀ ਰੱਖਣੀ ਆ। ਚਾਚੀ ਦੱਸਣ ਲੱਗੀ , 'ਮੈਂ ਡਾਕਟਰ ਤੋਂ ਚੈੱਕ ਕਰਾਇਆ ਸੀ, ਡਾਕਟਰ ਦੱਸਦਾ ਸੀ, ਤੈਨੂੰ ਸੂਗਰ ਹੋ ਗਈ ਆ, ਮਿੱਠਾ ਘੱਟ ਖਾਇਆ ਕਰ।' ਚਾਚਾ ਸੋਚਦਾ ਵੇਖਦੇ ਆ....। "ਸੂਗਰ ਦਾ ਅਸਰ ਇਹਦੀ ਜੀਭ 'ਤੇ ਕਿੰਨਾ ਕੁ ਹੁੰਦਾ।" ਚਾਚੀ ਨੇ ਚਾਚੇ ਵੱਲ ਵੇਖ ਕੇ ਕਹਿਆ, ਤੁਸੀਂ ਕੁਝ ਕਿਹਾ ?

....ਨਾ ਭਾਗਵਾਨੇ ਮੈਂ ਤਾਂ ਮੂੰਹ ਵਿੱਚ ਪਾਠ ਕਰ ਰਿਹਾ ਸੀ। ਚਾਚਾ ਸਾਫ ਮੁੱਕਰ ਗਿਆ।

ਪਰਸ਼ਾਦਾਂ ਛੁੱਕਣ ਤੋਂ ਬਾਅਦ ਬੰਦੇ ਇੱਕ ਕਮਰੇ ਵਿੱਚ ਬੈਠ ਗਏ, 'ਤੇ ਬੀਬੀਆਂ ਦੂਜੇ ਕਮਰੇ ਵਿੱਚ ਬੈਠ ਗਈਆਂ। 'ਬਾਬੇ ਬਖਤੌਰੇ 'ਨੇ ਚਾਚੇ ਦੀ ਆਏ ਹੋਏ 'ਜਥੇਦਾਰਾਂ' ਨਾਲ ਜਾਣ ਪਹਿਚਾਣ ਕਰਾਈ, ਚਾਚੇ ਨੂੰ ਇਹ ਚਿਹਰੇ ਕਿਤੇ ਦੇਖੇ ਹੋਏ ਲੱਗੇ। ਜਦੋਂ ਚਾਚੇ ਨੇ ਦਿਮਾਗ 'ਤੇ ਜ਼ੋਰ ਪਾਇਆ, ਤਦ ਚਾਚੇ ਨੂੰ ਯਾਦ ਆਇਆ, ਜਦੋਂ ਚਾਚਾ ਨਵਾਂ ਨਵਾਂ ਇੰਗਲੈਂਡ ਆਇਆ ਸੀ ਇਹ ਉਸ ਫੈਕਟਰੀ ਵਿੱਚ ਕੰਮ ਕਰਦੇ ਸੀ ਜਿੱਥੇ ਚਾਚਾ ਕੰਮ 'ਤੇ ਲੱਗਾ ਸੀ। ਕਈ ਵਾਰ ''ਵਾਰਨਿੰਗ ਲੈਟਰ'' ਦੇਣ 'ਤੋਂ ਬਾਅਦ ਇਹਨਾਂ ਨੂੰ ਕੰਮ ਤੋਂ ਕੱਢ ਦਿੱਤਾ ਸੀ। ਚਾਚਾ ਇਸ ਗੱਲ ਤੋਂ ਹੈਰਾਨ ਸੀ, ਇਹ ਜਥੇਦਾਰ ਕਿੱਦਾਂ ਬਣ ਗਏ। ਕਿਸ ਨੇ ਇਹਨਾਂ ਦੇ ਨਾਂ ਨਾਲ ਜੌੜ ਦਿੱਤਾ। ਇਹ ਚਾਚੇ ਦੀ ਸਮਝ 'ਤੋਂ ਬਾਹਰ ਦੀ ਗੱਲ ਸੀ। ਪਰ ਇੱਕ ਗੱਲ ਸੀ, ਇਹਨਾਂ ਦੀ ਬੋਲੀ ਵਿੱਚ ਬਹੁਤ ਨ੍ਰਿਮਤਾ ਸੀ, ਭਾਵੇਂ ਵਸਦੇ ਇਹ ਇਥੇ ਸੀ, ਪਰ ''ਡਰੈਸ'' ਇਹਨਾਂ ਦੀ ਪੰਜਾਬ ਵਾਲੀ ਸੀ , ਕੁੜਤਾ ਪਜਾਮਾ 'ਤੇ ਸਾਰਿਆਂ ਨੇ ਲੋਈ ਦੀ ਤਹਿ ਲਾ ਕੇ ਮੋਢੇ ਉੱਤੇ ਰੱਖੀ ਹੋਈ ਸੀ।

ਹੁਣ ਪਹਿਲੇ ਜਥੇਦਾਰ ਨੇ ਧਾਹ ਜਿਹੀ ਮਾਰ ਕੇ ਲੰਮਾ ਵੈਣ ਜਿਹਾ ਪਾਇਆ ।

...."ਹਾਏ ਪੰਜਾਬੀ ਬੋਲੀ।"



ਆਮ ਗੱਲਾਂ ਤੋਂ ਬਾਅਦ ਜਥੇਦਾਰ ਨੇ ਪੰਜਾਬ ਦੀ ਗੱਲ ਛੇੜ ਦਿੱਤੀ। ''ਦੇਖੋ ਜੀ ਉੱਥੇ ਪੰਜਾਬੀ ਬੋਲੀ ਦਾ ਬੜਾ ਮੰਦਾ ਹਾਲ ਆ, ਬੱਚੇ ਇੰਗਲਿਸ਼ ਸਕੂਲਾਂ ਵਿੱਚ ਪੜ੍ਹਦੇ ਨੇ, ਕੋਈ ਉੱਥੇ ਪੰਜਾਬੀ ਬੋਲ ਕੇ ਖੁਸ਼ ਨਹੀ, ਬੱਸ ਜੀ ਸਾਡੀ ਬੋਲੀ ਅੱਜ ਵੀ ਗਈ, ਕੱਲ ਵੀ ਗਈ।'' ਕਾਫੀ ਲੰਮਾ ਚੌੜਾ ਜਥੇਦਾਰ ਨੇ ਭਾਸ਼ਣ ਦਿੱਤਾ। ਚਾਚਾ ਅਖੀਰ ਅੱਕ ਕੇ ਬੋਲ ਪਿਆ ਜਦੋਂ ਜਥੇਦਾਰ ਨਾਂ ਹਟਿਆ।

....ਦੇਖੋ ਜਥੇਦਾਰ ਜੀ, ਤੁਸੀਂ ਰੋਜ਼ ਟੈਲੀ 'ਤੇ ਵੇਖ ਦੇ ਹੋ ਜਦੋਂ ਕੋਈ ਰਿਪੋਰਟ ਕਿਸੇ ਸਿੱਖ ਅ਼ਫਸਰ ਨੂੰ ਸਵਾਲ ਪੰਜਾਬੀ ਵਿੱਚ ਪੁੱਛਦਾ ਤਾਂ ਉਹ ਅੱਗੇ ਤੋਂ ਜਵਾਬ ਹਿੰਦੀ ਵਿੱਚ ਦਿੰਦਾ, ਹਿੰਦੀ ਵੀ ਇੱਦਾਂ ਬੋਲਦੇ ਨੇ, ਜਿਦਾਂ ਮੱਝ ਕੱਟੇ ਨੂੰ ਦੇਖ ਕੇ ਅੜਾਉਂਦੀ ਆ। ਹੁਣ ਤਾਂ ਤੁਹਾਡਾ ''ਵੱਡਾ ਜਥੇਦਾਰ'' ਨੂੰ ਵੀ ਜਦੋਂ ਕੋਈ ਰਿਪੋਰਟ ਸਵਾਲ ਪੰਜਾਬੀ ਵਿੱਚ ਪੁੱਛਦਾ ਉਹ ਮੂਹਰੇ 'ਤੋਂ ਰਿਪੋਰਟ ਨੂੰ ਪੁੱਛਦਾ। 'ਜਵਾਬ ਪੰਜਾਬੀ ਵਿੱਚ ਦੇਵਾਂ, ਜਾਂ ਹਿੰਦੀ ਵਿੱਚ ਦੇਵਾਂ। 'ਨਾਲੇ ਜਥੇਦਾਰ ਜੀ, ਜਿਹਨਾਂ ਨੂੰ ਬੋਲੀ ਦਾ ਦਰਦ ਹੁੰਦਾ, ਉਹ ਚੁੱਪ ਕਰਕੇ ਨਹੀਂ ਬਹਿੰਦੇ, ਉਹ ਇੱਕ ਕਰਨਾਟਕ ਸੂਬੇ 'ਤੋਂ ਉੱਠ ਕੇ ਗੱਭਰੂ ਉੱਠ ਕੇ ਜਿਹਦੀ ਕਦੇ ਇਹ ਬੋਲੀ ਵੀ ਨਹੀਂ ਸੀ ਇੱਕ ਦਿਨ ਪੰਜਾਬੀ ਬੋਲੀ ਨਾਲ ਐਸਾ ਪਿਆਰ ਪਿਆ, ਅੱਜ ਪੰਜਾਬੀ ਬੋਲੀ ਦਾ ਫੱਟਾਂ ਆਪਣੇ ਸਿਰ 'ਤੇ ਰੱਖ ਕੇ ਪਿੰਡ ਪਿੰਡ ਸ਼ਹਿਰ ਸ਼ਹਿਰ ਘੰਮ ਰਿਹਾ। "ਲੋਕਾਂ ਇਹ ਤੁਹਾਡੀ ਪੰਜਾਬੀ ਬੋਲੀ ਆ ਇਹਨੂੰ ਸਾਂਭੋ।" ਇੱਥੇ ਨਰਮ ਨਰਮ ਗੱਦਿਆਂ 'ਤੇ ਬੈਠ ਕੇ, ਹੱਥ ਵਿੱਚ ਕ੍ਰਿਪਾਨਾਂ, ਮੋਢਿਆਂ 'ਤੇ ਲੋਈਆਂ, ਲੈ ਕੇ ਸਟੇਜਾਂ 'ਤੇ ਭਾਸ਼ਣ ਕਰਨੇ ਬੜੇ ਸੌਖੇ ਨੇ, 'ਜਥੇਦਾਰ ਜੀ 'ਯਾਦ ਕਰੋ ਉਹਨਾਂ ਗਦਰੀਆਂ ਬਾਬਿਆਂ ਨੂੰ, ਜਦੋਂ ਲੌੜ ਪਈ ਸਾਡਾ ਸਭ ਕੁਝ ਖਤਰੇ ਵਿੱਚ ਪਾ, ਨਾ ਅੱਗੇ ਵੇਖਿਆ, ਨਾ ਪਿੱਛੇ ਵੇਖਿਆ, ਸਭ ਕੁਝ ਛੱਡ ਕੇ ਪੰਜਾਬ ਦੀ ਧਰਤੀ ਵੱਲ ਨੂੰ ਹੋ ਤੁਰੇ। ਐਨੀ ਕੁਰਬਾਨੀ ਕਰਨ ਦੇ ਬਾਵਜੂਦ ਵੀ ਉਨ੍ਹਾਂ ਆਪਣੇ ਆਪ ਨੂੰ 'ਨਿਮਾਣੇ ਸਿੱਖ' ਅਖਵਾਇਆ। ਉਹ ਅਸਲੀ ਜਥੇਦਾਰ ਸੀ। ਬਾਕੀ ਜਥੇਦਾਰ ਜੀ, ਤੁਹਾਡੇ ਗਿਆਤ ਲਈ ਦੱਸ ਦੇਵਾਂ, ਅੱਜ ਇੱਕ ਸੌ ਵੀਹ ਦੇਸ਼ਾਂ ਵਿੱਚ ਪੰਜਾਬੀ ਬੋਲੀ ਜਾਂਦੀ ਆ, ਬਹੁਤ ਸਾਰੀਆਂ ਸੰਸਥਾਵਾਂ ਨੇ ਜਿਹੜੀਆਂ ਦਿਨ ਰਾਤ ਪੰਜਾਬੀ ਲਈ ਕੰਮ ਕਰ ਰਹੀਆਂ ਨੇ, ਤੁਹਾਡੇ ਵਾਂਗ ਗੱਲਾਂ ਬਾਤਾਂ ਕਰਨ ਵਾਲੇ ਨਹੀਂ। ਨਾਲੇ ਜਥੇਦਾਰ ਜੀ ! ਇਹ ਗੁਰੂ ਪੀਰਾਂ ਦੀ ਬੋਲੀ ਇਹਨੂੰ ਕੋਈ ਨੀਂ ਖਤਮ ਕਰ ਸਕਦਾ, ਇਹ ਵੱਧਦੀ ਜਾਵੇਗੀ, ਇਹਦੀ ਰਾਖੀ ਕਰਨ ਵਾਲੇ ਬਹੁਤ ਨੇ, ਤੁਸੀਂ ਚਿੰਤਾ ਨਾ ਕਰੋ। ਚਾਚੇ ਨੇ ਇਸ ਜਥੇਦਾਰ ਦੀ ਇਹੋ ਜਿਹੀ ਹਾਲਤ ਕਰ ਦਿੱਤੀ, ਨਾ ਇਹ ਜਥੇਦਾਰ ਇਥੇ ਬੈਠ ਸਕਦਾ ਸੀ, ਨਾ ਜਾ ਸਕਦਾ ਸੀ।

ਹਾਲੇ ਚਾਚਾ ਸਿੱਧਾ ਜਿਹਾ ਹੋਇਆ ਸੀ, ਜਦੋਂ ਨੂੰ ਦੂਜੇ ਜਥੇਦਾਰ ਨੂੰ ਨੇ ਮੁੱਛਾਂ 'ਤੇ ਹੱਥ ਫੇਰ ਕੇ ਲੰਮੀ ਜਿਹੀ ਧਾਹ ਮਾਰੀ।

....ਹਾਏ ਨਸ਼ਾ....ਹਾਏ ਛੇਵਾਂ ਦਰਿਆ !

ਜਥੇਦਾਰ ਆਖਣ ਲੱਗਾ, ਦੇਖੋ ਜੀ ! ਸਮੇਂ ਦੀਆਂ ਸਰਕਾਰਾਂ ਨੇ ਪੰਜਾਬ ਦਾ ਕੁੱਝ ਨਹੀਂ ਛੱਡਿਆ, ਨਸ਼ੇ ਘਰ ਘਰ ਵਿੱਚ ਪਹੁੰਚ ਗਿਆ। ਨਸ਼ਾ ਨਸ਼ਾ ਕਰਦਾ ਇਹ ਨਸ਼ਈਆਂ ਵਾਂਗ ਝੂਮਣ ਲੱਗ ਪਿਆ। ਚਾਚਾ ਨੇ ਉੱਠ ਕੇ ਆਖਿਆ, 'ਜਥੇਦਾਰ ਜੀ, ਮੇਰਾ ਚਿੱਤ ਕਰਦਾ ਮੈਂ ਤੁਹਾਨੂੰ ਆਪਣੇ ਹੱਥਾਂ ਨਾਲ ਚਾਹ ਦਾ ਕੱਪ ਪਿਲਾਵਾਂ ? ਕੱਪ ਚੁੱਕ ਕੇ ਚਾਚਾ ਜਥੇਦਾਰ ਦੇ ਮੂੰਹ ਨੂੰ ਲਾਉਣ ਲੱਗਾ।

......'ਨਹੀਂ ਨਹੀਂ ਚਾਚਾ ਜੀ, ਮੈਂ ਇੱਦਾਂ ਕਿੱਦਾਂ ਪੀ ਸਕਦਾ।' ਮੈਨੂੰ ਲੱਗਦਾ ਜਥੇਦਾਰ ਜੀ, ਤੁਸਾਂ ਨੂੰ ਤੁਹਾਡੇ ਸਵਾਲ ਦਾ ਜਵਾਬ ਚਾਹ ਦਾ ਕੱਪ ਨੇ ਦੇ ਦਿੱਤਾ ਹੌਣਾ ? ਚਾਚੇ ਦੀ ਗੱਲ ਸੁਣ ਕੇ ਜਥੇਦਾਰ ਜੱਬ ਵਿੱਚ ਫਸ ਗਿਆ,...ਕਿੱਥੇ ਚਾਹ ਦਾ ਕੱਪ, ਕਿੱਥੇ ਨਸ਼ਾ ? ਜਥੇਦਾਰ ਨੂੰ ਹੱਥ ਪੈਰ ਮਾਰਦੇ ਨੂੰ ਵੇਖ ਕੇ ਚਾਚਾ ਕਹਿਣ ਲੱਗਾ, ''ਦੇਖੋ ਜਥੇਦਾਰ ਜੀ'' ਜਿੱਦਾ ਮੈਂ ਤੁਹਾਡੇ ਮੂੰਹ ਨੂੰ ਚਾਹ ਦਾ ਕੱਪ ਨਹੀਂ ਲਾ ਸਕਦਾ, ਇੱਦਾਂ ਕੋਈ ਨਸ਼ਾ ਵੀ ਨਹੀਂ ਤੁਹਾਡੇ ਮੂੰਹ ਵਿੱਚ ਨਹੀਂ ਪਾ ਸਕਦਾ। ਪੱਠਿਆਂ ਦੀ ਇੱਕ ਪੂਲੀ ਵਿੱਚ ਕਿਸੇ ਦਰੱਖਤ ਦੇ ਕੌੜੇ ਪੱਤੇ ਰੱਖ ਦੇਵੇ ਪਸ਼ੂ ਨੂੰ ਵੀ ਐਨੀ ਸਮਝ ਹੁੰਦੀ ਆ ਇਹ ਪੱਤੇ ਕੌੜੇ ਨੇ, ਕਦੇ ਮੂੰਹ ਨਹੀਂ ਲਾਉਂਦੇ। ਨਾਲੇ ਜਥੇਦਾਰ ਜੀ, ਲਾਲਿਆਂ ਦੇ ਮੁੰਡੇ ਵੀ ਪੰਜਾਬ ਵਿੱਚ ਰਹਿੰਦੇ ਨੇ, ਕਦੇ ਨੀ ਸੁਣਿਆ ਕੋਈ ਲਾਲਾ ਨਸ਼ਾ ਕਰਕੇ ਮਰਿਆ ਹੋਵੇ। ਕਈ ਲਾਲੇ ਮੇਰੇ ਮਿੱਤਰ ਨੇ, ਜਦੋਂ ਉਹਨਾਂ ਦੇ ਘਰ ਜਾਈਦਾ, ਤਾ ਉਹਨਾਂ ਦੇ ਬੱਚਿਆਂ ਨੂੰ ਮੈਂ ਪੁੱਛਦਾ ਆ, ਤੁਸੀ ਕਦੇ ਸੁਣਿਆ, ''ਚਿੱਟਾ'' ਡੁੱਭੂ -ਪਸੀਨਾ ''ਰੋਸਟ - ਕਿਰਲੀ'' ਪਟਰੌਲ - ਪੱਤਾ ''ਟਿੰਡ - ਪਾਲਸ ਮੋਮਜਾਮੇ- ਸੁੰਘ'' ਉਹ ਆਖਣ ਲੱਗੇ, ਚਾਚਾ ਜੀ, ਇਹ ਤਾਂ ਤੁਸੀਂ ਅਫਰੀਕਾ ਦੀ ਬੋਲੀ ਬੋਲ ਰਹੇ ਹੋ ? ਮੈਂ ਆਖਿਆ ਨਹੀਂ, ਇਹ ਸਾਡੇ ਪੰਜਾਬ ਦੇ ਪਿੰਡਾਂ ਦੀ ਬੋਲੀ ਆ, ਉਹਨਾਂ ਨੂੰ ਤਾ ਨਸਿਆਂ ਦੇ ਨਾਵਾਂ ਦਾ ਵੀ ਨਹੀਂ ਪਤਾ ਸੀ। ਦੂਜੇ 'ਤੇ ਇਲਜ਼ਾਮ ਲਾਉਣ ਤੋਂ ਪਹਿਲਾਂ ਆਪਣੀ ਪੀੜ੍ਹੀ ਥੱਲੇ ਸੋਟਾ ਫੇਰੋ। ਤੁਸੀਂ ਛੋਟੇ ਛੋਟੇ ਪਿੰਡਾਂ ਵਿੱਚ ਪੰਜ ਪੰਜ ਗੁਰਦੁਆਰੇ ਬਣਾ ਦਿੱਤੇ, ਕਾਸ਼ ਕਿਤੇ ਇੱਕ ਅੱਧ ਲਾਇਬਰੇਰੀ ਖੋਲ੍ਹ ਦਿੰਦੇ, ਇਹ ਜਥੇਦਾਰ ਵੀ ਚਾਚੇ ਨੇ ਬੋਲਣ ਜੋਗਾ ਨਹੀਂ ਛੱਡਿਆ।

ਹੌਲੀ ਹੌਲੀ ਤੀਜਾ ਜਥੇਦਾਰ ਵੀ ਹੌਕੇ ਲੈ ਕੇ ਆਖਣ ਲੱਗਾ।

.....ਹਾਏ ਸਾਡਾ ਸਭਿਆਚਾਰ....।

ਦੇਖੋ ਜੀ ! ਸਾਡੇ ਸਭਿਆਚਾਰ ਦਾ ਬੇੜਾ ਗ਼ਰਕ ਕਰ ਕੇ ਰੱਖ ਦਿੱਤਾ। ਕਿੰਨਾ ਅਮੀਰ ਸੀ ਸਾਡਾ ਸਭਿਆਚਾਰ, ਅੱਜ ਕਾਸੇ ਜੋਗਾ ਨਹੀਂ ਛੱਡਿਆ, ਇਹਦਾ ਭਾਸ਼ਣ ਲੰਮਾ ਨਾ ਹੋਵੇ, ਚਾਚੇ ਨੇ ਵਿੱਚੋਂ ਰੋਕ ਲਿਆ।

ਜਥੇਦਾਰ ਜੀ ! ਮੈਂ ਤਾਂ ਕਹਿੰਦਾ ਸਾਡਾ ਸਭਿਆਚਾਰ ਦਿਨੋ ਦਿਨੋ ਤਰੱਕੀਆਂ ਵੱਲ ਜਾ ਰਿਹਾ, ਦੋਖੋ ਨਾ ! ਜਿਹੜਾ ਕਲਾਕਾਰ ਸਾਡੀਆਂ ਧੀਆਂ ਭੈਣਾਂ ਨੂੰ ਨੰਗੀਆਂ ਕਰਕੇ ਨਚਾਉਂਦਾ, ਆਪਣੇ ਗੀਤਾਂ ਵਿੱਚ ਕਦੇ ਚੁੱਕ ਕੇ ਚਰੀ ਦੇ ਖੇਤਾਂ ਵਿੱਚ, ਕਦੇ ਕਮਾਦੀ ਦੇ ਖੇਤਾਂ ਵਿੱਚ ਲੈ ਜਾਂਦਾ, ਤੁਸੀਂ ਉਹਦਾ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕਰਦੇ ਹੋ, ਸੀਲਡਾ ਵੀ ਦਿੰਦੇ ਹੋ, ''ਸਭਿਆਚਾਰ ਦੇ ਰਾਖੇ'' ਹੋਰ ਪਤਾ ਨੀ ਕਿਹੜੇ ਖਿਤਾਬ ਨਾਲ ਉਹਨਾਂ ਦਾ ਮਾਣ ਬਖਸ਼ਿਆ ਜਾਂਦਾ। 'ਕੱਖਾਂ ਤੋਂ ਲੱਖਾਂ ਵਿੱਚ ਦਿਨਾਂ ਵਿੱਚ ਕਰ ਦਿੰਦੇ ਹੋ।' ਇੱਕ ਦੋ ਜਥੇਦਾਰ ਉੱਥੇ ਹੋਰ ਵੀ ਬੈਠੇ ਸੀ। ਚਾਚੇ ਵੱਲ ਵੇਖ ਉਹਨਾਂ ਚੁੱਪ ਸਾਧ ਲਈ।

ਚਾਚਾ ਆਖਣ ਲੱਗਾ, ਵੇਖੋ ਜਥੇਦਾਰ ਜੀ ! ਤੁਸੀਂ ਇਥੇ ਪੂਰੀ ਤਰ੍ਹਾਂ ਸੈੱਟ ਹੋ, ਸੋਹਣੀਆਂ ਤੁਹਾਨੂੰ ਪੈਨਸ਼ਨਾਂ ਮਿਲਦੀਆਂ, ਬੱਚੇ ਤੁਹਾਡੇ ਪੂਰੇ ਸੈੱਟ ਨੇ, ਕਿਉ ਨੀ ਤੁਸੀਂ ਪੰਜਾਬ ਜਾ ਕੇ ਉਹਨਾਂ ਲੋਕਾਂ ਵਿੱਚ ਵਿਚਰ ਦੇ, ਪਿੰਡਾਂ ਵਿੱਚ ਥਾਂ-ਥਾਂ ਕੈਂਪ ਲਗਾ ਕੇ ਲੋਕਾਂ ਨੂੰ ਜਾਗਰੂਕ ਕਰਦੇ, ਜਦੋਂ ਲੋਕ ਜਾਗਰੂਕ ਹੋ ਜਾਂਦੇ ਨੇ ਆਪਣੇ ਆਪ ਸੁਧਾਰ ਹੋ ਜਾਂਦਾ। ਕਿਤੇ ਉਹੀ ਤਾਂ ਤੁਸੀਂ ਨਹੀਂ ਕਰਦੇ। ''ਸੇਵਾ ਦੇਸ਼ ਕੌਮ ਦੀ ਕਰਨੀ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖਾਲੀਆਂ ਨੇਂ'' ਨਾਲੇ ਜਥੇਦਾਰ ਜੀ ! ਤੁਸੀਂ ਸਦਾ...ਹਾਏ ਪੰਜਾਬ.... ਹਾਏ ਪੰਜਾਬ, ਲਾਈ ਰੱਖਦੇ ਹੋ, ਕਦੇ ਤੁਸੀਂ ਇੱਥੇ ਰਹਿੰਦੇ ਲੋਕਾਂ ਵਾਰੇ ਸੋਚਿਆ, ਤੁਹਾਨੂੰ ਕੀ ਮੁਸ਼ਕਲਾਂ ਨੇ ? ਇਹ ਤੁਹਾਨੂੰ ਵੀ ਪਤਾ, ਮੈਨੂੰ ਵੀ ਪਤਾ ''ਇਹ ਵਿਦੇਸ਼ ਹੀ ਹੁਣ ਸਾਡੇ ਪੱਕੇ ਘਰ ਨੇ'' ਆਪਾਂ ਇਥੇ ਰਹਿਣਾ, ਇਥੇ ਜੀਣਾ, ਇੱਥੇ ਮਰਨਾ । ਪੰਜਾਬ ਦੇ ਨਾਲ ਇਥੋਂ ਦੇ ਵਾਰੇ ਵੀ ਥੌੜਾ ਬਹੁਤਾ ਲੋਕਾਂ ਵਿੱਚ ਵਿਚਰ ਕੇ ਵੇਖ ਲਿਆ ਕਰੋ। ਇਹਨਾਂ ਲੋਕਾਂ ਦੀ ਵੀ ਖਬਰ-ਸਾਰ ਲੈ ਲਿਆ ਕਰੋ। ਚਾਚਾ ਦੀਆਂ ਗੱਲਾਂ ਸੁਣ ਕੇ ਜਥੇਦਾਰਾਂ ਨੇ ਫ਼ਤਿਹ ਬੁਲਾ ਕੇ ਤੁਰਨ ਦੀ ਕੀਤੀ। ਚਾਚੇ ਨੇ ਤੁਰੇ ਜਾਂਦੇ ਜਥੇਦਾਰਾਂ ਨੂੰ ਫੇਰ ਉਹੋ ਗੱਲ ਯਾਦ ਕਰਾਈ। 'ਜਥੇਦਾਰ ਜੀ ! ਜ਼ਰਾ ਗੌਰ ਕਰਿਓ ? ਫੇਰ ਨਾ ਕਹਿਣਾ, ਚਾਚਾ ਬੋਲਦਾ ਆ।

# ਸੰਪਾਦਕ ਦੇ ਨਾਮ ਪੱਤਰ


ਸੰਪਾਦਕੀ
ਏਕ ਗ੍ਰੰਥ - ਏਕ ਪੰਥ- ਸੇਵਾ ਜਾਂ ਸਾਜ਼ਿਸ਼

ਸ. ਗੁਰਚਰਨਜੀਤ ਸਿੰਘ ਲਾਂਬਾ ਜੀ,

ਵਾਹਿਗੁਰੂ ਜੀ ਕਾ ਖਾਲਸਾ।

ਵਾਹਿਗੁਰੂ ਜੀ ਕੀ ਫਤਹਿ।



ਸ. ਗੁਰਚਰਨਜੀਤ ਸਿੰਘ ਜੀ, ਪਿਛਲੇ ਕਈ ਦਿਨਾਂ ਤੋਂ ਆਪ ਜੀ ਦੀ ਇਕ ਲਿਖਤ, 'ਏਕ ਗ੍ਰੰਥ-ਏਕ ਪੰਥ- ਸੇਵਾ ਜਾਂ ਸਾਜ਼ਿਸ਼', ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਹ ਲੇਖ ਕਿਸੇ ਅਖ਼ਬਾਰ ਦੀ ਸੰਪਾਦਕੀ ਹੈ, ਆਪ ਜੀ ਦੇ ਨਾਲ ਨਾਮ ਵੀ 'ਗੈਸਟ ਏਡੀਟਰ' ਲਿਖਿਆ ਹੋਇਆ ਹੈ। ਤੁਹਾਡੇ ਵੱਲੋਂ ਲਿਖੇ ਨਿਮਰਤਾ ਭਰੇ ਸ਼ਬਦ, "ਬੇਨਤੀ ਹੈ ਕਿ ਇਸ ਅਹਿਮ ਲੇਖ ਬਾਰੇ ਆਪਣੇ ਵਿਚਾਰ ਜ਼ਰੂਰ ਦੇਣ ਦੀ ਕਿਰਪਾ ਕਰਨੀ ਜੀ", ਤੋਂ ਪ੍ਰਭਾਵਤ ਹੋ ਕੇ, ਮੈਂ ਆਪ ਜੀ ਨੂੰ ਬੇਨਤੀ ਕੀਤੀ ਸੀ ਕਿ ਅਖ਼ਬਾਰ ਦਾ ਨਾਮ ਅਤੇ ਈ ਮੇਲ ਪਤਾ ਦੱਸਿਆ ਜਾਵੇ ਤਾਂ ਜੋ ਵਿਚਾਰ ਭੇਜੇ ਜਾ ਸਕਣ। ਪਰ ਆਪ ਜੀ ਨੇ ਕੋਈ ਹੁੰਗਾਰਾ ਨਹੀਂ ਭਰਿਆ। ਇਸੇ ਦੌਰਾਨ ਪਟਿਆਲਾ ਤੋਂ ਛਪਦੀ 'ਚੜ੍ਹਦੀ ਕਲਾ' ਨਾਮ ਦੀ ਅਖ਼ਬਾਰ ਵਿੱਚ ਵੀ ਤੁਹਾਡਾ ਇਹ ਲੇਖ ਛਪਣ ਦੀ ਜਾਣਕਾਰੀ ਮਿਲੀ ਤਾਂ ਮੈਂ ਆਪਣੇ ਵਿਚਾਰ ਉਨ੍ਹਾਂ ਨੂੰ ਭੇਜ ਦਿੱਤੇ। ਪਰ, ਇਕ 'ਖਾਸ ਰੰਗ ਦੀ ਪੱਤਰਕਾਰੀ' ਦਾ ਸਬੂਤ ਦਿੰਦਿਆਂ, ਉਨ੍ਹਾਂ ਨੇ ਮੇਰੇ ਵਿਚਾਰਾਂ ਨੂੰ ਥਾਂ ਨਹੀਂ ਦਿੱਤੀ। ਬੀਤੇ ਕੱਲ, ਤੁਹਾਡੇ ਵੱਲੋਂ ਅਸਿੱਧੇ ਤਰੀਕੇ ਨਾਲ ਸਾਂਝੀ ਕੀਤੀ ਗਈ ਜਾਣਕਾਰੀ ਮੁਤਾਬਕ ਜਦੋਂ ਪੈੜ ਕੱਢੀ ਤਾਂ ਜਾਣਕਾਰੀ ਮਿਲੀ ਕਿ 'ਰੋਜ਼ਾਨਾ ਪੰਜ ਆਬ' ਜਰਮਨ ਤੋਂ ਛਪਦੀ ਹੈ। ਆਪ ਜੀ ਨੂੰ ਨਵੀ ਅਖ਼ਬਾਰ ਦੀਆਂ ਬਹੁਤ-ਬਹੁਤ ਵਧਾਈਆਂ।

ਸ. ਗੁਰਚਰਨਜੀਤ ਸਿੰਘ ਜੀ, ਤੁਸੀਂ ਆਪਣੇ ਲੇਖ (ਸੰਪਾਦਕੀ) 'ਏਕ ਗ੍ਰੰਥ-ਏਕ ਪੰਥ-ਸੇਵਾ ਜਾਂ ਸਾਜ਼ਿਸ਼' ਵਿੱਚ ਕੇਸਰ ਸਿੰਘ ਛਿੱਬਰ ਦੇ ਹਵਾਲੇ ਨਾਲ, ਸੰਮਤ 1755 ਬਿ: ਦੀ ਘਟਨਾ ਦਾ ਜਿਕਰ ਕਰਦੇ ਹੋਏ ਲਿਖਿਆ ਹੈ, "ਉਥੇ ਦੋ ਗ੍ਰੰਥ ਸਨ ਅਤੇ ਸਿੱਖਾਂ ਨੇ ਸਤਿਗੁਰ ਜੀ ਨੂੰ ਬੇਨਤੀ ਕੀਤੀ ਕਿ ਇਨਹਾਂ ਦੋਨਾਂ ਨੂੰ ਰਲਾ ਦਿੱਤਾ ਜਾਵੇ। ਕਲਗੀਧਰ ਪਿਤਾ ਦਾ ਜਵਾਬ ਬਹੁਤ ਸਪੱਸ਼ਟ ਸੀ ਅਤੇ ਦੋਹਾਂ ਗ੍ਰੰਥਾਂ ਦੇ ਰੁਤਬੇ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰ ਦਿੰਦਾ ਹੈ"।

ਸੰਮਤ ਸਤਾਰਾਂ ਸੈ ਪਚਵੰਜੇ ਸਿਖਾਂ ਸਾਹਿਬ ਆਗੈ ਬਿਨਤੀ ਸੀ ਕੀਤੀ।

ਗ੍ਰੀਬ ਨਿਵਾਜ਼! ਜੇ ਬਚਨ ਹੋਵੇ ਤਾਂ ਦੁਹਾਂ ਗ੍ਰੰਥਾਂ ਦੀ ਜਿਲਦ ਚਾਹੀਐ ਇਕ ਕਰ ਲੀਤੀ।

ਸਾਹਿਬ ਬਚਨ ਕੀਤਾ, ਆਦਿ ਗੁਰੂ ਹੈ ਗ੍ਰੰਥ। ਇਹ ਅਸਾਡੀ ਹੈ ਖੇਡ, ਜੁਦਾ ਰਹੇ ਮਨ ਮੰਥ। ੩੯੯। (ਦਸਵਾਂ ਚਰਣ)

(ਨੋਟ:- ਇਸ ਛੰਦ ਦਾ ਨੰਬਰ ੩੯੯ ਨਹੀਂ ੩੮੯ ਹੈ, ਪੰਨਾ 161)

ਗੁਰਚਰਨਜੀਤ ਸਿੰਘ ਜੀ, ਹੁਣ ਜੇ 'ਸੰਮਤ ਸਤਾਰਾਂ ਸੈ ਪਚਵੰਜਾ' (1698 ਈ:) ਦੀ ਇਸ ਸਾਖੀ ਨੂੰ ਸੱਚ ਮੰਨ ਲਿਆ ਜਾਵੇ ਤਾਂ ਅਸੀਂ ਦਾਵੇ ਨਾਲ ਕਹਿ ਸਕਦੇ ਹਾਂ ਕਿ, ਕੇਸਰ ਸਿੰਘ ਛਿੱਬਰ ਇਸ ਘਟਨਾ ਦਾ ਚਸ਼ਮਦੀਦ ਗਵਾਹ ਨਹੀਂ ਹੈ। ਕੇਸਰ ਸਿੰਘ ਛਿੱਬਰ ਦਾ ਜਨਮ 1715 ਈ: ਵਿੱਚ ਹੋਇਆ ਸੀ ਅਤੇ 'ਬੰਸਾਵਲੀਨਾਮਾ' 1769 ਈ: ਵਿੱਚ ਲਿਖਿਆ ਗਿਆ ਸੀ। ਸਪੱਸ਼ਟ ਹੈ ਕਿ ਕੇਸਰ ਸਿੰਘ ਛਿੱਬਰ ਨੇ ਸੁਣੀ-ਸੁਣਾਈ ਵਾਰਤਾ ਹੀ ਲਿਖੀ ਹੈ।

ਅੱਗੇ ਆਪ ਜੀ ਲਿਖਦੇ ਹੋ, "ਸੰਮਤ ੧੭੫੫ (ਈ ਸੰਨ ੧੬੯੮) ਖਾਲਸੇ ਦੀ ਸਿਰਜਨਾ ਤੋਂ ਇਕ ਸਾਲ ਪਹਿਲਾ", ਇਸ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਖਾਲਸੇ ਦੀ ਸਿਰਜਨਾ ਸੰਮਤ 1755 ਬਿਕ੍ਰਮੀ ਤੋਂ ਇਕ ਸਾਲ ਪਿਛੋਂ ਭਾਵ, ਸੰਮਤ 1756 ਬਿ, (1699 ਈ:) ਵਿੱਚ ਹੋਈ ਸੀ। ਜੋ ਕਿ ਸਹੀ ਹੈ। ਪਰ ਕੇਸਰ ਸਿੰਘ ਛਿੱਬਰ ਲਿਖਦਾ ਹੈ,

"ਸੰਮਤ ਸਤਾਰਾ ਸੈ ਚਉਰੰਜਾ ਗਏ...ਬਚਨ ਕੀਤਾ ਕਟੋਰਾ ਸੁਚੇਤ ਕਰਕੇ ਜਲ ਲੈ ਆਉ"।

(ਪੰਨਾ 153) ਇਸ ਦਾ ਭਾਵ ਹੈ ਕਿ ਖਾਲਸੇ ਦੀ ਸਿਰਜਨਾ ਸੰਮਤ 1754 ਬਿਕ,ਮੀ (1697 ਈ:) ਵਿੱਚ ਕੀਤੀ ਗਈ ਸੀ। ਇਸ ਸਬੰਧੀ ਆਪ ਜੀ ਦਾ ਕੀ ਵਿਚਾਰ ਹੈ, ਕੀ ਆਪ ਜੀ ਇਸ ਨਾਲ ਸਹਿਮਤ ਹੋ?

ਹਾਂ! ਸੱਚ ਇਕ ਹੋਰ ਗੱਲ, ਸ. ਗੁਰਚਰਨਜੀਤ ਸਿੰਘ ਜੀ, ਕੇਸਰ ਸਿੰਘ ਛਿੱਬਰ ਵੱਲੋਂ ਖੰਡੇ ਦੀ ਪਹੁਲ ਤਿਆਰ ਕਰਨ ਵੇਲੇ, ਦੋ ਬਾਣੀਆਂ ਪੜ੍ਹਨ ਦਾ ਹੀ ਜਿਕਰ ਹੈ।

ਜਪੁ ਅਤੇ ਅਨੰਦ ਰਸਨੀਂ ਕਰਿ ਉਚਾਰੁ।

ਤਾਂ ਦਿਵਾਨ ਸਾਹਿਬ ਚਮਦ, ਹੱਥ ਜੋੜ ਖਲੋਤਾ ਵਿਚਿ ਦਰਬਾਰ ।

ਇਸ ਬਾਰੇ ਆਪ ਜੀ ਦੀ ਖੋਜ ਕੀ ਕਹਿੰਦੀ ਹੈ? ਉਸ ਵੇਲੇ ਦੋ ਬਾਣੀਆਂ ਪੜ੍ਹੀਆਂ ਗਈਆਂ ਤਾਂ ਵੱਧ-ਘੱਟ? ਕਿਹੜੀ-ਕਿਹੜੀ ਬਾਣੀ ਪੜ੍ਹੀ ਗਈ ਸੀ? ਇਹ ਜਾਣਕਾਰੀ ਸਾਂਝੀ ਕਰਨ ਦੀ ਖੇਚਲ ਵੀ ਝੱਲ ਲੈਣੀ ਜੀ।

ਗੁਰਚਰਨਜੀਤ ਸਿੰਘ ਲਾਂਬਾ ਦੇ ਬਚਨ, "ਸੋ ਏਕ ਗ੍ਰੰਥ-ਏਕ ਪੰਥ ਕਹਿਣਾ ਸਿੱਖੀ 'ਤੇ ਸਿੱਧਾ ਹਮਲਾ ਹੈ। ਇਹ ਹੁੱਜਤ ਸਭ ਤੋਂ ਪਹਿਲਾ ਬਾਬੂ ਤੇਜਾ ਸਿੰਘ ਭਸੌੜ ਨੇ ਸ਼ੁਰੂ ਕੀਤੀ ਅਤੇ ਪੰਥ ਵਿੱਚੋਂ ਦਰ-ਬਦਰ ਕੀਤਾ ਗਿਆ। ਉਪ੍ਰੰਤ ਪੰਥ'ਚੋ ਛੇਕੇ ਦਰਸ਼ਨ ਸਿੰਘ ਰਾਗੀ ਨੇ ਤਾਂ ਇਸ ਲਈ ਇਕ ਮੁਹਿੰਮ ਹੀ ਵਿੱਢ ਦਿੱਤੀ। ਹੁਣ ਗਾਹੇ ਬਗਾਹੇ ਉਸ ਦੇ ਪੈਰੋਕਾਰ ਸਿੱਧੇ-ਅਸਿੱਧੇ ਰੂਪ ਵਿੱਚ ਇਹ ਰਾਗ ਅਲਾਪਦੇ ਰਹਿੰਦੇ ਹਨ"।

ਲਾਂਬਾ ਜੀ, ਇਥੇ ਤੁਸੀ ਬਾਬੂ ਤੇਜਾ ਸਿੰਘ ਭਸੌੜ ਅਤੇ ਪ੍ਰੋ ਦਰਸ਼ਨ ਸਿੰਘ ਨੂੰ ਪੰਥ'ਚ ਛੇਕੇ ਜਾਣ ਦਾ ਹਵਾਲਾ ਦੇ ਕੇ, ( ਗਿਆਨੀ ਭਾਗ ਸਿੰਘ ਅੰਬਾਲਾ ਨੂੰ ਕਿਵੇਂ ਭੁੱਲ ਗਏ?) ਮੌਜੂਦਾ ਸਮੇਂ ਦੌਰਾਨ ਅਖੌਤੀ ਦਸਮ ਗ੍ਰੰਥ ਦਾ ਸੱਚ ਸੰਗਤਾਂ ਸਾਹਮਣੇ ਲਿਆਉਣ ਵਾਲਿਆਂ ਨੂੰ ਅਸਿੱਧੇ ਰੂਪ ਵਿੱਚ ਧਮਕੀ ਦਿੱਤੀ ਹੈ।

ਲਾਂਬਾ ਜੀ, ਕੀ ਇਹ ਸੱਚ ਨਹੀਂ ਕਿ ਤੁਸੀਂ ਇਕ ਘੰਟੇ ਤੋਂ ਵੱਧ ਦੀ ਰਿਕਾਰਡਿੰਗ'ਚ, ਕੁਝ ਸਕਿੰਟਾਂ ਦੀ ਵੀਡੀਓ ਵੱਖਰੀ ਕਰਕੇ, ਅਕਾਲ ਤਖਤ ਸਾਹਿਬ ਨੂੰ ਗੁਮਰਾਹ ਕੀਤਾ ਸੀ?

ਕੀ ਇਹ ਸੱਚ ਨਹੀਂ, ਕਿ ਪ੍ਰੋ: ਦਰਸ਼ਨ ਸਿੰਘ ਜੀ ਅਕਾਲ ਤਖਤ ਸਾਹਿਬ ਤੇ ਪੇਸ਼ ਹੋਏ ਸਨ?

ਕੀ ਇਹ ਸੱਚ ਨਹੀਂ ਕਿ ਗਿਆਨੀ ਗੁਰਬਚਨ ਸਿੰਘ ਜੀ, ਤੁਹਾਡੇ ਵਰਗੇ ਕਈ ਸਲਾਹਕਾਰ ਹੋਣ ਦੇ ਬਾਵਜੂਦ ਵੀ ਵਿਚਾਰ ਕਰਨ ਦਾ ਹੌਸਲਾ ਨਹੀਂ ਸੀ ਕਰ ਸਕੇ?

ਕੀ ਇਹ ਸੱਚ ਨਹੀਂ ਕਿ ਅੱਜ ਤੋਂ ਅੱਠ ਸਾਲ ਪਹਿਲਾ, ਵਿਦਵਾਨਾਂ ਦੀ ਤਿੰਨ ਮੈਂਬਰੀ ਟੀਮ ਜਰਮਨੀ ਵਿੱਚ, ਇਸੇ ਵਿਸ਼ੇ ਤੇ ਵਿਚਾਰ ਕਰਨ ਗਈ ਸੀ। ਪਰ ਵਿਚਾਰ ਚਰਚਾ ਵਿੱਚ ਸ਼ਾਮਿਲ ਹੋਏ ਬਿਨਾਂ ਹੀ, ਚਾਰ ਦਿਨ ਸੈਰ-ਸਪਾਟਾ ਕਰਕੇ, ਸੁੱਚੇ ਮੂੰਹ ਹੀ ਵਾਪਸ ਪਰਤ ਗਈ ਸੀ?

ਯਾਦ ਰਹੇ, ਦੋ ਵਿਦਵਾਨ ਕਿਸੇ ਕਾਰਨ ਜਾ ਨਹੀਂ ਸਕੇ ਸਨ, ਅਤੇ ਇਕ ਵਿਦਵਾਨ ਨੇ ਇਤਰਾਜ਼ ਕੀਤਾ ਸੀ ਕਿ ਮੇਰਾਂ ਨਾਮ ਟੀਮ ਦੇ ਮੁਖੀ ਨੇ ਕਟਵਾ ਦਿੱਤਾ ਸੀ।

ਤਸਵੀਰ ਦਾ ਦੂਜਾ ਪਾਸਾ;

ਸ. ਗੁਰਚਰਨਜੀਤ ਸਿੰਘ ਜੀ, ਕੀ ਇਹ ਸੱਚ ਨਹੀਂ, ਕਿ ਪਿਆਰਾ ਸਿੰਘ ਪਦਮ ਨੇ ਅਨੂਪ ਕੌਰ ਵਾਲੇ ਚਰਿਤ੍ਰ (21-22-23) ਸਮੇਤ, ਚਰਿਤ੍ਰ ਨੰ: 15 (ਕੀਰਤਪੁਰ ਵਾਲਾ) ਚਰਿਤ੍ਰ ਨੰ:16 (ਤੁਰਤ ਤਰਨਿ ਲਯਾਵਤ ਭਈ ਮਦ ਸਤ ਬਾਰ ਚੁਆਇ) ਅਤੇ ਚਰਿਤ੍ਰ ਨੰ 71 (ਬਚੀ ਸੁ ਬੇਚਿ ਤਰੁਤ ਤਹ ਲਈ) ਨੂੰ, ਗੁਰੂ ਜੀ ਦੀ ਆਪ ਬੀਤੀ ਲਿਖਿਆ ਹੈ? (ਦਸਮ ਗ੍ਰੰਥ ਦਰਸ਼ਨ, ਪੰਨਾ 125)

ਕੀ ਇਹ ਸੱਚ ਨਹੀਂ ਕਿ "ਗੁਰਮਤਿ ਪ੍ਰਕਾਸ਼' (ਫਰਵਰੀ 1959 ਈ:) ਵਿੱਚ ਪ੍ਰੋ: ਰਾਮ ਪ੍ਰਕਾਸ਼ ਦਾ ਲੇਖ 'ਚਾਨਣ ਮੁਨਾਰਾ" ਛਪਿਆ ਸੀ? ਕੀ ਇਹ ਸੱਚ ਨਹੀ ਕਿ ਡਾ ਹਰਭਜਨ ਸਿੰਘ ਨੇ ਆਪਣੀ ਕਿਤਾਬ, "ਸ੍ਰੀ ਦਸਮ ਗ੍ਰੰਥ ਸਾਹਿਬ-ਕਰਤਾ ਸਬੰਧੀ ਵਿਵਾਦ ਦੀ ਪੁਨਰ ਸਮੀਖਿਆ" ਵਿੱਚ, ਇਸੇ ਕਹਾਣੀ ਨੂੰ ਗੁਰੂ ਜੀ ਦੀ ਆਪ ਬੀਤੀ ਸਾਬਿਤ ਕਰਨ ਲਈ 13 ਪੰਨੇ ( 277-289) ਕਾਲੇ ਕੀਤੇ ਹੋਏ ਹਨ?

ਲਾਂਬਾ ਜੀ ਇਹ ਕਿਵੇਂ ਮੰਨ ਲਿਆ ਜਾਵੇ ਕਿ, ਤੁਸੀਂ ਆਪਣੇ ਸਹਿਯੋਗੀ ਵਿਦਵਾਨ ਡਾ ਜੋਧ ਸਿੰਘ ਵੱਲੋਂ ਹਿੰਦੀ ਵਿੱਚ ਕੀਤਾ ਗਿਆ ਟੀਕਾ ਨਹੀਂ ਪੜ੍ਹਿਆ ਹੋਵੇਗਾ? "ਚੋਰ ਕੀ ਬਾਤ ਸੁਨ ਕਰ ਰਾਜਾ ਡਰ ਕਰ ਉਠਾ ਔਰ ਜੁਤਾ ਭੀ ਭੂਲ ਕਰ ਭਾਗਨੇ ਲਗਾ। 1। ਚੋਰ ਕੀ ਪੁਕਾਰ ਸੁਨ ਕਰ ਸਭੀ ਜਗ ਗਏ ਔਰ ਲੋਗੋਂ ਨੇ ਰਾਜਾ ਕੋ ਭਾਗਨੇ ਨਹੀਂ ਦਿਆ ਤਥਾ ਪਾਚ-ਸਾਤ ਕਦਮ ਕੇ ਬਾਦ ਹੀ ਉਸੇ ਜਾ ਮਿਲੇ ।2। ਚੋਰ ਕੀ ਪੁਕਾਰ ਸੁਨ ਕਰ ਸਭੀ ਭਾਗੇ ਔਰ ਉਸ ਰਾਜਾ ਕੇ ਖਿਲਾਫ ਤਲਵਾਰੇ ਨਿਕਾਲ ਲੀ। ਵੇ ਲੋਕ ਚਿਲਾਨੇ ਲਗੇ ਕਿ ਜਾਨੇ ਨਹੀਂ ਦੇਂਗੇ ਔਰ ਹੇ ਤਸਕਰ! ਤੁਮੇਂ ਯਮਲੋਕ ਭੇਜੇਂਗੇ ।3। ਆਗੇ ਪੀਛੇ, ਦਾਏ ਬਾਏ ਸਭੀ ਦਿਸ਼ਾਓ ਸੇ ਉਸੇ ਘੇਰ ਲਿਆ। ਰਾਜਾ ਨੇ ਯਤਨ ਤੋਂ ਕੀਆ ਪਰ ਭਾਗਨੇ ਕੇ ਲੀਏ ਕੋਈ ਰਾਸਤਾ ਨਹੀਂ ਬਚਾ ॥4॥ ਲੋਗੋ ਨੇ ਹਾਥ ਪਕੜ ਕਰ ਉਸਕੀ ਦਾੜੀ ਪਕੜ ਲੀ ਔਰ ਉਸਕੀ ਪਗੜੀ ਉਤਾਰ ਲੀ। ਉਸੇ ਚੋਰ ਚੋਰ ਕਹ ਕਰ ਦੋ ਤੀਨ ਡੰਡੇ ਮਾਰ ਕਰ ਪਕੜ ਲੀਆ ॥5॥ ਡੰਡਾ ਲਗਨੇ ਸੇ ਰਾਜਾ ਧਰਤੀ ਪਰ ਗਿਰ ਪੜਾ ਔਰ ਮੂਰਸ਼ਤ ਹੋ ਗਿਆ। ਲੋਗੋ ਮੇਂ ਕੋਈ ਭੀ ਰਹਸਯ ਕੋ ਨ ਸਮਝਾ ਔਰ ਉਨੇ ਰਾਜਾ ਕੇ ਹਾਥ ਬਾਂਧ ਲੀਏ ॥6॥ (ਸੈਚੀ ਤੀਜੀ, ਪੰਨਾ 227)

ਕੀ ਇਹ ਸੱਚ ਨਹੀਂ, ਕਿ ਗਿਆਨੀ ਹਰਬੰਸ ਸਿੰਘ (ਸ੍ਰੀ ਦਸਮ ਗ੍ਰੰਥ ਦਰਪਣ), ਗਿਆਨੀ ਈਸ਼ਰ ਸਿੰਘ (ਜੀਵਨ ਸੁਮਾਰਗ) ਗਿਆਨੀ ਮਹਾਂ ਸਿੰਘ (ਦਸਮ ਗੁਰ ਗਿਰਾ ਸਰਵੇਖਣ) ਸਮੇਤ ਸ. ਰਣਧੀਰ ਸਿੰਘ ਰੀ: ਸਕਾਲਰ (ਸ਼ਬਦ-ਮੂਰਤਿ) ਅਨੂਪ ਕੌਰ ਵਾਲੇ ਚਰਿਤ੍ਰ (21-22-23) ਨੂੰ ਗੁਰੂ ਜੀ ਦੀ ਆਪ ਬੀਤੀ ਮੰਨਦੇ ਹਨ?

ਗੁਰਚਰਨਜੀਤ ਸਿੰਘ ਲਾਂਬਾ ਜੀ, ਜੇ ਇਹ ਸੱਚ ਹੈ ਤਾਂ, ਪ੍ਰੋ ਦਰਸ਼ਨ ਸਿੰਘ ਜੀ ਦੋਸ਼ੀ ਕਿਵੇਂ?

ਲਾਂਬਾ ਜੀ, ਜੇ ਇਜਾਜ਼ਤ ਹੋਵੇ ਤਾਂ ਇਕ ਹੋਰ ਬੇਨਤੀ ਕਰਾ;

ਨਿਤਨੇਮ ਅਤੇ ਖੰਡੇ ਦੀ ਪਹੁਲ ਤਿਆਰ ਕਰਨ ਵੇਲੇ ਪੜ੍ਹੀ ਜਾਣ ਵਾਲੀ 'ਚੌਪਈ ਸਾਹਿਬ', ਜੋ ਆਖਰੀ ਚਰਿਤ੍ਰ ਦੇ ਅਖੀਰ ਵਿੱਚ ਦਰਜ ਹੈ, ਸਬੰਧੀ ਇਹ ਮੰਨਿਆ ਜਾਂਦਾ ਹੈ ਕਿ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਦੁਆਰਾ ਬਿਭੌਰ ਸਾਹਿਬ (ਨੰਗਲ) ਦੇ ਪਾਵਨ ਅਸਥਾਨ ਉੱਤੇ ਇਸ ਦੀ ਰਚਨਾ ਕੀਤੀ ਸੀ।

ਸੰਤ ਸਮਾਜ ਦੀ ਰਹਿਤ ਮਰਯਾਦਾ ਮੁਤਾਬਕ, "ਕਬਯੋ ਬਾਚ ਬੇਨਤੀ॥ ਚੌਪਈ॥ 'ਹਮਰੀ ਕਰੋ ਹਾਥ ਦੈ ਰੱਛਾ' ਤੋਂ 'ਤੀਰ ਸਤੁੱਦ੍ਰਵ ਗ੍ਰੰਥ ਸੁਧਾਰਾ' ਤੀਕ ਪੜ੍ਹਨ ਦੀ ਹਦਾਇਤ ਹੈ।

"ਇਸ ਪ੍ਰਕਾਰ ਸਾਧ ਸੰਗਤ ਜੀ! ਜਿਹੜਾ ਰਹਿਰਾਸ ਬਾਣੀ ਪੜ੍ਹਨ ਦਾ, ਗੁਰਮਤਿ ਦਾ ਅਸੂਲ ਸੀ ਪਹਿਲੇ ਪੁਰਾਤਨ ਸਮੇਂ ਅਨੁਸਾਰ ਬਾਣੀ ਸ੍ਰੀ ਕੇਸਗੜ੍ਹ ਤਖ਼ਤ ਸਾਹਿਬ ਜੀ ਵੀ 'ਮਹਾਂ ਕਾਲ ਕੀ ਜੋ ਸਰਨ ਪਏ' ਤੋਂ ਚੌਪਈ ਪੜ੍ਹਿਆ ਕਰਦੇ ਸਨ। ਅਤੇ ਇਸੇ ਪ੍ਰਕਾਰ ਸ੍ਰੀ ਪਟਨੇ ਸਾਹਿਬ ਪੜ੍ਹਿਆ ਕਰਦੇ ਸਨ। ਜਿੰਨੀ ਹੁਣ ਸ੍ਰੀ ਹਜ਼ੂਰ ਸਾਹਿਬ ਸ਼ੁਰੂ ਹੈ। ਬਹੁਰਿ ਅਸਰੁ ਕਾ ਕਾਟਿਸ ਮਾਥਾ॥ ਸ੍ਰੀ ਅਸਿਧੁਜ ਜਗਤ ਕੇ ਨਾਥਾ॥" ('ਗੁਰਬਾਣੀ ਪਾਠ ਦਰਪਣ', ਪੰਨਾ 188)

ਇਸ ਸਬੰਧੀ ਤੁਹਾਡੀ ਕਿਤਾਬ ਵਿੱਚ, "ਬੇਨਤੀ ਚੌਪਈ ਪਾਤਸ਼ਾਹੀ 10, 'ਹਮਰੀ ਕਰੋ ਹਾਥ ਦੈ ਰੱਛਾ' ਤੋਂ 'ਦੁਸਟ ਦੋਖ ਤੇ ਲੇਹੁ ਬਚਾਈ' (ਪੰਨਾ 95) ਤੀਕ ਦਰਜ ਹੈ। ਪੰਥਕ ਮਰਯਾਦਾ ਵਿੱਚ ਵੀ ਇਹ ਹੀ ਦਰਜ ਹੈ।

ਇਸ ਸਬੰਧੀ ਬੇਨਤੀ ਹੈ ਕਿ ਅਸਲ ਲਿਖਤ (ਮੌਜੂਦਾ ਦਸਮ ਗ੍ਰੰਥ) ਵਿੱਚ ਤਾਂ 'ਪਾਤਸ਼ਾਹੀ 10' ਨਹੀਂ ਹੈ। ਕੀ ਆਪਣੇ ਤੌਰ ਤੇ ਇਹ ਲਿਖਣਾ ਅਤੇ ਅਸਲ ਲਿਖਤ ਵਿੱਚ ਦਿੱਤੇ ਨੰਬਰ (375 ਤੋਂ 405) ਬਦਲੇ ਕੇ 1-2 ਆਦਿ ਲਿਖਣਾ, ਕਿਵੇਂ ਜਾਇਜ਼ ਹੈ? ਆਪ ਜੀ ਦੀ ਖੋਜ ਮੁਤਾਬਕ, ਗੁਰੂ ਸਾਹਿਬ ਜੀ ਦੀ ਲਿਖਤ ਕਿੰਨੀ ਹੋ ਸਕਦੀ ਹੈ, ਭਾਵ ਜਿਥੋਂ ਤੀਕ ਪੰਥਕ ਰਹਿਤ ਮਰਯਾਦਾ (377 ਤੋਂ 401) ਵਿੱਚ ਦਰਜ ਹੈ, ਜਿਥੋਂ ਤੀਕ ਡੇਰੇਦਾਰ (375 ਤੋਂ 405) ਪੜ੍ਹਦੇ ਹਨ, ਜਿਥੋਂ ਤੀਕ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਪੜ੍ਹੀ ਜਾਂਦੀ ਹੈ (374 ਤੋਂ 405) ਜਾਂ ਜਿਥੋਂ ਤੀਕ ਸੀ ਪੁਰਾਤਨ ਸਮੇਂ 'ਮਹਾਂ ਕਾਲ ਕੀ ਜੋ ਸਰਨ ਪਏ' ਤੋਂ (366 ਤੋਂ 405) ਪੜ੍ਹਿਆ ਕਰਦੇ ਸਨ?

'ਚੌਪਈ ਸਾਹਿਬ' (ਚਰਿਤ੍ਰ 404) ਦੇ ਅਖੀਰ ਵਿੱਚ, ਇਸ ਦੇ ਸੰਪੂਰਨ ਹੋਣ ਦੀ ਤਾਰੀਖ ਦਰਜ ਹੈ;

**ਬਾਕੀ ਹਿਸਾ ਸਫਾ 64 ਤੇ ਪੜ੍ਹੋ**